ਗੁਰਬਾਣੀ ਦੀ ਲੋਅ ਵਿੱਚ

ਪ੍ਰਿ: ਹਰਿਭਜਨ ਸਿੰਘ

ਏਸੇ ਕਲਮ ਤੋਂ :

1. ਗੁਰਮਤਿ ਵਿਆਖਿਆਨ
2. ਦਸ ਗੁਰ ਰਤਨਾਵਲੀ
3. ਵਿਸ਼ੇਸ਼ ਗੁਰਮਤਿ ਲੇਖ
4. ਅੰਮ੍ਰਿਤ ਤੇ ਆਤਮਾ
5. ਗੁਰਬਾਣੀ ਸੰਪਾਦਨ ਨਿਰਣੈ
6. ਗੁਰਬਾਣੀ ਦੀ ਲੋਅ ਵਿੱਚ
7. ਸਾਚੀ ਪ੍ਰੀਤਿ (ਅਰਥ ਤੇ ਵਿਆਖਿਆ : ਗ਼ਜ਼ਲਾਂ ਭਾਈ ਨੰਦ ਲਾਲ 'ਗੋਯਾ')
8. ਜਵਾਬ-ਉਲ-ਜਵਾਬ (ਗੁਰਬਾਣੀ ਲਿਖਣ-ਵਿਧੀ ਤੇ ਸ਼ੁੱਧ ਉਚਾਰਣ ਬਾਰੇ)
9. 900 Gems of Thoughts from Guru Nanak
10. ਗੁਲਦਸਤਾ—"ਸੁਖ਼ਨਹਾਏ ਦਾਨਸ਼ਮੰਦਾਂ"
11. ਅਨਦੁ ਸੁਣਹੁ ਵਡਭਾਗੀਹੋ (ਅਰਥ ਤੇ ਵਿਆਖਿਆ)
12. "ਮਹਲਾ" ਪਦ ਦਾ ਸ਼ੁੱਧ ਉਚਾਰਣ
13. ਆਦਰਸ਼ਕ ਸਿੱਖ ਗੁਰਦੁਆਰਾ ਪ੍ਰਬੰਧ
14. ਗੁਰੂ ਨਾਨਕ ਨਿਰਮਲ ਪੰਥ ਨਾਲ ਧਰੋਹ ਤੇ ਧੱਕਾ
15. ਸਿੱਖ ਧਰਮ ਦੀਆਂ ਅਮਰ ਤੇ ਬੁਨਿਆਦੀ ਸਾਂਝਾਂ
16. ਸਿੱਖੀ ਤੇ ਸਮਾਜਵਾਦ
17. ਧਰਮ ਤੇ ਰਾਜਨੀਤੀ, ਆਦਿਕ ਆਦਿਕ ।

ਦੂਜੀ ਛਾਪ : 29-11-1993

ਮੁੱਲ : ਚਾਲੀ ਰੁਪਏ ਕੇਵਲ

ਪ੍ਰਕਾਸ਼ਕ : ਗੁਰੂ ਨਾਨਕ ਪ੍ਰਕਾਸ਼ਨ
1186, ਸੈਕਟਰ 18-ਸੀ
ਚੰਡੀਗੜ੍ਹ - 160 018

ਛਾਪਕ : (ਰਾਕੇਸ਼ ਦੀਪ)
ਸਾਹਿਬ ਦਇਆਲ ਪ੍ਰਿੰਟਰਜ਼
66 ਇੰਡਸਟ੍ਰੀਅਲ ਏਰੀਆ-I
ਚੰਡੀਗੜ੍ਹ - 160 002



ਸਿੰਘ ਸਾਹਿਬ ਗਿ. ਜਗਤਾਰ ਸਿੰਘ ਜਾਚਕ, ਲੇਖਕ ਨਾਲ ਵਿਚਾਰ ਵਟਾਂਦਰਾ ਕਰਦੇ ਹੋਏ

ਵਿਸ਼ਾ-ਸੂਚੀ

ਮੁਖ ਬੰਦ

ਪ੍ਰਿੰਸੀਪਲ ਹਰਿਭਜਨ ਸਿੰਘ ਸਿੱਖ ਜਗਤ ਦੇ ਜਾਣੇ ਪਛਾਣੇ ਵਿਦਵਾਨ ਹਨ। ਸਟੇਜ ਤੇ ਉਹ ਪ੍ਰਿੰਸੀਪਲ ਗੰਗਾ ਸਿੰਘ ਦੀ ਭਾਸ਼ਾ-ਪੱਧਤੀ ਦੇ ਪ੍ਰਤੀਨਿਧ ਹਨ ਅਤੇ ਲਿਖਤ ਵਿਚ ਉਹ ਪ੍ਰੋਫੈਸਰ ਸਾਹਿਬ ਸਿੰਘ ਵਾਲੇ ਯੁਗ ਨਾਲ ਸਬੰਧਤ ਹਨ। ਮੈਨੂੰ ਪ੍ਰਿੰਸੀਪਲ ਸਾਹਿਬ ਦਾ ਵਿਦਿਆਰਥੀ ਹੋਣ ਦਾ ਫਖ਼ਰ ਹਾਸਲ ਰਿਹਾ ਹੈ (1964-1966) ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ)। ਇਸ ਨਾਤੇ ਮੈਂ ਇਨ੍ਹਾਂ ਨੂੰ ਅਧਿਆਪਕ, ਵਕਤਾ ਅਤੇ ਲੇਖਕ ਦੇ ਰੂਪ ਵਿਚ ਵੇਖਦਾ, ਸੁਣਦਾ ਅਤੇ ਪੜ੍ਹਦਾ ਆ ਰਿਹਾ ਹਾਂ। ਇਨ੍ਹਾਂ ਦੀ ਸ਼ਖ਼ਸੀਅਤ ਬਾਰੇ ਜੇ ਮੈਨੂੰ ਇਕੋ ਹੀ ਵਾਕ ਕਹਿਣਾ ਪਵੇ ਤਾਂ ਮੈਂ ਗੁਰਬਾਣੀ ਦੀ ਇਸ ਤੁਕ ਰਾਹੀਂ ਆਪਣੇ ਭਾਵਾਂ ਦਾ ਪ੍ਰਗਟਾ ਕਰਾਂਗਾ :

ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ ॥
ਭਾਲਿ ਰਹੇ ਹਮ ਰਹਣੁ ਨ ਪਾਇਆ, ਜੀਵਤਿਆ ਮਰਿ ਰਹੀਐ ॥ (ਪੰ. 661)

ਸੰਬਾਦ, ਪ੍ਰਿੰਸੀਪਲ ਸਾਹਿਬ ਦੀ ਸ਼ਖ਼ਸੀਅਤ ਦਾ ਕੇਂਦਰੀ ਨੁਕਤਾ ਹੈ। ਗਿਆਨ-ਪ੍ਰਾਪਤੀ ਅਤੇ ਗਿਆਨ-ਸੰਚਾਰ ਦਾ ਸਭ ਤੋਂ ਬਲਵਾਨ ਮਾਧਿਅਮ ਸੰਬਾਦ, ਉਨ੍ਹਾਂ ਨੇ ਕਦੇ ਤਿਆਗਿਆ ਨਹੀਂ। ਉਨ੍ਹਾਂ ਦੀ ਲਿਖਤ ਸੰਬਾਦ ਹੀ ਹੈ। ਇਹ ਸੰਬਾਦ ਉਹ ਆਪਣੇ ਪਾਠਕਾਂ ਨਾਲ ਰਚਦੇ ਅਤੇ ਇਸ ਸੰਬਾਦ ਦਾ ਸੱਜਰਾ ਸਬੂਤ ਇਹ ਪੁਸਤਕ ਹੈ।

ਇਹ ਪੁਸਤਕ ਵੇਖਣ ਨੂੰ ਵੱਖ ਵੱਖ ਸਮੇਂ ਲਿਖੇ ਗਏ ਲੇਖਾਂ ਦਾ ਸੰਗ੍ਰਹਿ ਜਾਪਦੀ ਹੈ; ਪ੍ਰੰਤੂ, ਇਸਦਾ ਸਮੁੱਚਾ ਪ੍ਰਭਾਵ ਗੁਰਮਤਿ ਗੁਹਜ ਦਾ ਪ੍ਰਗਟਾ ਅਤੇ ਗੁਰਮਤਿ ਸਾਹਿਤ ਬਾਰੇ ਪ੍ਰਾਪਤ ਭ੍ਰਾਂਤੀਆਂ ਦਾ ਸਮਾਧਾਨ ਪ੍ਰਸਤੁਤ ਕਰਨਾ ਹੈ। ਪਹਿਲੇ ਲੇਖ 'ਬਾਣੀ ਬਿਰਲਉ ਬੀਚਾਰਸੀ' ਵਿਚ ਜਿਥੇ ਬਾਣੀ ਨਾਲ ਸਬੰਧਤ ਪਾਠਕਾਂ ਤੇ ਵਿਦਵਾਨਾਂ ਨਾਲ ਸੰਬਾਦ ਰਚਿਆ ਹੈ ਉਥੇ ਬਾਣੀ ਦੇ ਸ਼ੁਧ ਉਚਾਰਣ ਦੀ ਗੱਲ ਕਰਦਿਆਂ, ਗੁਰਮਤਿ ਦੇ ਲਿਖਾਰੀਆਂ ਦੀਆਂ ਭੁੱਲਾਂ ਤੋਂ ਸੁਚੇਤ ਰਹਿਣ ਵਲ ਵੀ ਸੰਕੇਤ ਕਰ ਦਿਤਾ ਹੈ (ਪੰ. 19)। ਦੂਜੇ ਲੇਖ 'ਗੁਰਬਾਣੀ ਇਕਸਾਰਤਾ ਸਰੂਪ' ਵਿਚ, ਇਸ ਭਰਮ ਦਾ ਨਿਵਾਰਣ ਕੀਤਾ ਹੈ ਜਿਹੜਾ ਓਪਰੀ ਦ੍ਰਿਸ਼ਟੀ ਵਾਲਿਆਂ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਪ੍ਰਸੰਗ ਵਿਚੋਂ ਕਢ ਕੇ ਪੈਦਾ ਕਰ ਦਿਤਾ ਹੈ। ਸਾਬਤ ਇਹ ਕੀਤਾ ਹੈ ਕਿ ਗੁਰਬਾਣੀ ਵਿਚ ਕੋਈ ਸ੍ਵੈ-ਵਿਰੋਧੀ ਧਾਰਨਾ ਨਹੀਂ ਹੈ। ਵਖਰੇ ਵਖਰੇ ਪ੍ਰਸੰਗ ਇਕੋ ਹੀ ਲਖਸ਼ ਦੀ ਪੂਰਤੀ ਵਲ ਸੇਧ ਬਖਸ਼ਦੇ ਹਨ (ਪੰ. 27)। ਤੀਜੇ ਲੇਖ 'ਮਹਲਾ ਪਦ ਦਾ ਸ਼ੁਧ ਉਚਾਰਣ' ਬਾਰੇ ਵਿਸਤ੍ਰਿਤ ਚਰਚਾ ਕੀਤੀ ਹੋਈ ਹੈ ਅਤੇ ਸਿੱਟਾ ਇਹ ਕਢਿਆ ਹੈ ਕਿ 'ਮਹਲਾ' ਸ਼ਬਦ ਦੇ ਉਚਾਰਣ ਨੂੰ ਨਿਰਧਾਰਿਤ ਕਰਨ ਲਈ ਗੁਰਬਾਣੀ ਦੀਆਂ ਅੰਦਰਲੀਆਂ ਗਵਾਹੀਆਂ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਹੈ।

ਚੌਥੇ ਲੇਖ 'ਗੁਰ ਮੂਰਤਿ ਗੁਰ ਸ਼ਬਦ ਹੈ' ਵਿਚ ਸ਼ਬਦ-ਗੁਰੂ ਦੇ ਸਹੀ ਸੰਦਰਭ ਨੂੰ ਸਾਹਮਣੇ ਲਿਆਂਦਾ ਹੈ। ਇਸ ਦੀ ਅੰਤਿਕਾ ਵਿਚ ਦੇਹਧਾਰੀ ਗੁਰੂ ਬਾਰੇ ਭਾਈ ਵੀਰ ਸਿੰਘ ਦੇ ਵਿਚਾਰ ਵੀ ਦੇ ਦਿਤੇ ਹਨ। ਇਸ ਤਰ੍ਹਾਂ ਇਹ ਲੇਖ ਇਸ ਸਮੱਸਿਆ ਤੇ ਭਰਪੂਰ ਅਧਿਐਨ ਹੋ ਨਿਬੜਿਆ ਹੈ। ਪ੍ਰਿੰਸੀਪਲ ਸਾਹਿਬ ਨੇ 'ਵਾਹਿਗੁਰੂ ਪਦ ਨਿਰਣਯ' ਬਾਰੇ ਵੀ ਲਿਖਿਆ ਹੈ। ਇਸ ਧਾਰਨਾ ਨੂੰ ਭਾਈ ਰਣਧੀਰ ਸਿੰਘ ਨੇ ਅਰੰਭਿਆ ਸੀ ਅਤੇ ਇਸ ਦਾ ਨਿਰਣਾ ਇਸ ਲੇਖ ਵਿਚ ਪੇਸ਼ ਹੋ ਗਿਆ ਹੈ। ਸਿਖ ਚਿੰਤਕ ਅਤੇ ਸਿਖ ਵਿਦਿਆਰਥੀ ਆਪਣੇ ਵਿਸ਼ਵਾਸ ਤੇ ਕਿੰਨਾ ਕੁ ਪਹਿਰਾ ਦੇ ਰਹੇ ਹਨ, ਇਸ ਦਾ ਨਿਰਣਾ ਲੇਖਕ ਨੇ 'ਹੈ ਤਉ ਸਹੀ, ਲਖੈ ਜਉ ਕੋਈ' ਵਿਚ ਪੇਸ਼ ਕਰ ਦਿਤਾ ਹੈ। 'ਗੁਰੂ ਗ੍ਰੰਥ ਤੇ ਗੁਰੂ ਪੰਥ' ਲੇਖ ਵਿਚ ਆਪ ਨੇ ਅਨੂਠੇ ਸਿੱਖੀ ਸਿਧਾਂਤ ਦੀ ਕਠਿਨ ਸਮੱਸਿਆ ਤੇ ਵਿਲੱਖਣ ਧਾਰਨਾ ਦਾ ਸਫਲਤਾ ਪੂਰਬਕ ਨਿਰਣਾ ਕਰਨ ਦਾ ਸਫਲ ਜਤਨ ਕੀਤਾ ਹੈ।

ਮੌਜੂਦਾ ਲਿਖਣ ਸ਼ੈਲੀ ਦੀਆਂ ਮਜਬੂਰੀਆਂ ਦੀ ਗੁਲਾਮੀ ਤੋਂ ਪ੍ਰਿੰਸੀਪਲ ਹਰਿਭਜਨ ਸਿੰਘ ਮੁਕਤ ਹਨ। ਫਿਰ ਵੀ, ਉਨ੍ਹਾਂ ਦੀ ਸ਼ੈਲੀ ਵਿਚ ਸੱਜਰਾਪਨ ਕਾਇਮ ਹੈ। ਜਿਹੜੀਆਂ ਸਮੱਸਿਆਵਾਂ ਉਨ੍ਹਾਂ ਨੇ ਇਸ ਪੁਸਤਕ ਵਿਚ ਲਈਆਂ ਹਨ, ਉਨ੍ਹਾਂ ਦਾ ਤੁਲਨਾਤਮਕ ਤੇ ਸੁਵਿਸਥਾਰ ਅਧਿਐਨ ਪ੍ਰਸਤੁਤ ਕੀਤਾ ਹੈ। ਖੋਜ-ਵਿਧੀ ਦੇ ਫੈਸ਼ਨ ਦਾ ਸ਼ਿਕਾਰ ਵਿਦਵਾਨਾਂ ਨੂੰ ਭਾਵੇਂ ਇਸ ਸ਼ੈਲੀ ਵਿਚ ਨੁਕਸ ਨਜ਼ਰ ਆਉਣਗੇ; ਪ੍ਰੰਤੂ, ਇਸ ਧਾਰਨਾ ਦਾ ਕੋਈ ਆਧਾਰ ਮੈਨੂੰ ਨਜ਼ਰ ਨਹੀਂ ਆਇਆ। ਪ੍ਰਿੰਸੀਪਲ ਸਾਹਿਬ ਨੇ ਵਿਰਸਾ, ਆਤਮਕ ਸ਼ਕਤੀ ਅਤੇ ਸਿਟਿਆਂ ਨੂੰ ਫਲਸਫੀ ਸੰਦਰਭ ਭੀ ਪ੍ਰਦਾਨ ਕੀਤਾ ਹੈ (ਪ. 140-42)। ਇਹ ਸ਼ੈਲੀ ਆਪਣੇ ਆਪ ਵਿਚ ਮੁਕੰਮਲ ਤੇ ਪ੍ਰਵਾਨਤ ਸ਼ੈਲੀ ਹੈ।

ਇਸ ਪੀੜ੍ਹੀ ਦੇ ਪਾਠਕਾਂ ਨੂੰ ਇਸ ਗੱਲ ਦੀ ਰੀਸ ਕਰਨ ਦੀ ਲੋੜ ਹੈ ਕਿ ਗੂਹਜ ਨੂੰ ਸਰਲ ਭਾਸ਼ਾ ਵਿਚ ਵੀ ਕਿਹਾ ਜਾ ਸਕਦਾ ਹੈ। ਵਿਦਵਾਨ ਲੇਖਕ ਨੇ ਥਾਂ ਥਾਂ ਤੇ ਫਾਰਸੀ ਰਚਨਾਵਾਂ ਨੂੰ ਪ੍ਰੌੜ੍ਹਤਾ ਲਈ ਵਰਤਿਆ ਹੈ; ਪ੍ਰੰਤੂ, ਇਨ੍ਹਾਂ ਰਚਨਾਵਾਂ ਨੂੰ ਕਿਤੇ ਵੀ ਸ਼ੈਲੀ ਤੇ ਹਾਵੀ ਨਹੀਂ ਹੋਣ ਦਿਤਾ। ਇਸ ਵੇਲੇ ਫਾਰਸੀ ਵਿਚ ਪ੍ਰਾਪਤ ਗੁਰਮਤਿ ਸਾਹਿਤ ਨੂੰ ਉਹ ਮਾਨਤਾ ਪ੍ਰਾਪਤ ਨਹੀਂ ਹੈ, ਜੋ ਹੋਣੀ ਚਾਹੀਦੀ ਹੈ। ਇਹ ਗਲ ਇਸ ਪੁਸਤਕ ਤੋਂ ਪ੍ਰਗਟ ਹੋ ਜਾਂਦੀ ਹੈ। ਕਿਉਂਕਿ ਫਾਰਸੀ ਰਚਨਾਵਾਂ ਦੇ ਹਵਾਲੇ ਆਮ ਤੌਰ ਤੇ ਦਿਤੇ ਹੀ ਨਹੀਂ ਜਾਂਦੇ, ਅਤੇ ਜੇ ਦਿਤੇ ਜਾਂਦੇ ਹਨ, ਤਾਂ ਉਨ੍ਹਾਂ ਨੂੰ ਸੰਦਰਭ ਸਿਰਜਣ ਦਾ ਭਾਗ ਨਹੀਂ ਬਣਾਇਆ ਜਾਂਦਾ।

ਮੈਨੂੰ ਖੁਸ਼ੀ ਹੈ ਕਿ ਪ੍ਰਿੰਸੀਪਲ ਸਾਹਿਬ ਨੇ ਆਪਣੀ ਲਿਖਤ ਨੂੰ ਬਾਵਜੂਦ ਅਨੇਕ ਮੁਸ਼ਕਲਾਂ ਦੇ, ਇਸ ਪੁਸਤਕ ਰਾਹੀਂ ਪਾਠਕਾਂ ਤਕ ਪਹੁੰਚਾਇਆ ਹੈ। ਲਿਖਤ ਨੂੰ ਪਾਠਕਾਂ ਤਕ ਲੈ ਜਾਣ ਵਿਚ ਜੋ ਮੁਸ਼ਕਲਾਂ ਪੇਸ਼ ਆਉਂਦੀਆਂ ਹਨ, ਮੈਂ ਉਨ੍ਹਾਂ ਪ੍ਰਤੀ ਚੇਤੰਨ ਹਾਂ। ਏਸੇ ਕਰਕੇ ਮੈਂ ਵਿਦਵਾਨ ਲੇਖਕ ਨੂੰ ਇਸ ਯਤਨ ਲਈ ਵਧਾਈ ਦੇਂਦਾ ਹਾਂ। ਮੈਂ ਇਸ ਬਾਰੇ ਵੀ ਚੇਤੰਨ ਹਾਂ ਕਿ ਲੇਖਕਾਂ ਨੂੰ ਛਪਾਈ ਦੇ ਬੰਧਨਾਂ ਤੋਂ ਬਚਾਣ ਦੀ ਬੜੀ ਲੋੜ ਹੈ। 'ਸਾਹਿਤ ਸਭਾਵਾਂ' ਤਾਂ ਬਣ ਸਕਦੀਆਂ ਹਨ; ਪ੍ਰੰਤੂ, 'ਗੁਰਮਤਿ ਸਭਾਵਾਂ' ਦੀ ਲੋੜ ਮਹਿਸੂਸ ਨਹੀਂ ਕੀਤੀ ਜਾ ਰਹੀ। ਵਾਰਸ ਹੀ ਵਿਰਾਸਤ ਤੋਂ ਕਿੰਨੇ ਅਵੇਸਲੇ ਹਨ। 'ਪਿਉ ਦਾਦੇ ਦੇ ਖਜ਼ਾਨੇ' ਦੀ ਪ੍ਰਵਾਹ ਨਹੀਂ ਹੈ। ਚਿੰਤਨ ਸਿਆਸਤ ਦਾ ਹਥ-ਠੋਕਾ ਬਣਦਾ ਜਾ ਰਿਹਾ ਹੈ। ਸਿਖ ਰਾਜਨੀਤੀ ਨੂੰ ਸਿਖ ਸਿਧਾਂਤ ਨਾਲ ਜੋੜਨ

ਦੀ ਬੜੀ ਲੋੜ ਹੈ। ਇਹ ਪੁਸਤਕ ਇਸ ਪਾਸੇ ਭਰਪੂਰ ਯਤਨ ਹੈ। ਇਸ ਪੁਸਤਕ ਦਾ ਮੂਲ ਇਸ ਨੂੰ ਪੜ੍ਹਨ, ਵੀਚਾਰਨ ਤੇ ਟਿਪਣੀ ਕਰਨ ਵਿਚ ਲੁਪਤ ਹੈ। ਸਿਖ ਚਿੰਤਨ ਦੇ ਵਿਦਿਆਰਥੀਆਂ ਤੇ ਵਿਦਵਾਨਾਂ ਨੂੰ ਇਹ ਮੂਲ ਤਾਰਨਾ ਪੈਣਾ ਹੈ, ਵਰਨਾ ਕੌਮ ਸਿਧਾਂਤ ਦੀ ਥਾਂ ਸ਼ਿਕਵਿਆਂ ਨਾਲ ਜੁੜ ਕੇ ਰਹਿ ਜਾਵੇਗੀ।

ਮੇਰੀ ਅਰਦਾਸ ਹੈ ਕਿ ਸਤਿਗੁਰੂ ਮਿਹਰ ਕਰਨ ਅਤੇ ਪ੍ਰਿੰਸੀਪਲ ਸਾਹਿਬ ਨੂੰ ਸਮਰਥਾ ਤੇ ਉਮਰ ਬਖਸ਼ਣ ਤਾਂ ਕਿ ਇਨ੍ਹਾਂ ਦੀ ਕਲਮ ਪੰਥਕ ਸੇਵਾ ਵਾਸਤੇ ਨਿਰੰਤਰ ਚਲਦੀ ਰਹੇ। ਇਸ ਪੁਸਤਕ ਦੀ ਛਪਾਈ ਨੂੰ ਮੁਕੰਮਲ ਕਰਨ ਵਿਚ ਸਹਾਇਤਾ ਕਰਨ ਵਾਲੇ ਸਭ ਵਧਾਈ ਦੇ ਪਾਤਰ ਹਨ। ਪੁਸਤਕ ਦਾ ਨਿੱਘਾ ਸੁਆਗਤ ਹੈ ਕਿਉਂਕਿ ਮੈਨੂੰ ਵਿਸ਼ਵਾਸ ਹੈ ਕਿ ਇਹ ਪੁਸਤਕ ਸਿਖ ਚਿੰਤਨ ਦਾ ਸੰਦਰਭ ਸਿਰਜਣ ਵਿਚ ਯੋਗਦਾਨ ਪਾਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਡਾ. ਬਲਕਾਰ ਸਿੰਘ
ਪੰਜਾਬੀ ਯੂਨੀਵਰਸਿਟੀ, ਪੀ.ਐਚ.ਡੀ
ਪਟਿਆਲਾ। (ਮੁਖੀ)
ਮਿਤੀ 20.6.85

29-11-93

ਦੂਜੀ ਐਡੀਸ਼ਨ

ਪਹਿਲੀ ਐਡੀਸ਼ਨ, ਕਾਫੀ ਸਮੇਂ ਤੋਂ ਸਮਾਪਤ ਹੋ ਜਾਣ ਦੇ ਬਾਵਜੂਦ, ਸਚ-ਰੂਪੀ ਧਰੂੰਵ ਦੀ ਦੁਆਲੇ ਘੁੰਮਦੇ, ਗੁਰਮਤਿ-ਸਿਧਾਂਤਾਂ-ਰੂਪੀ ਸਪਤ ਰਿਸ਼ੀਆਂ ਦਾ ਇਹ ਸੰਗ੍ਰਹਿ, ਕਈ ਕਾਰਨਾਂ ਵੱਸ, ਦੇਰੀ ਨਾਲ, ਸੁਹਿਰਦ ਤੇ ਕਦਰਦਾਨ ਪਾਠਕਾਂ ਦੀ ਸੇਵਾ ਵਿਚ ਕੁਝ ਕੁ ਸੋਧਾਂ ਤੇ ਵਾਧਿਆਂ ਸਹਿਤ, ਫਿਰ ਪੇਸ਼ ਹੈ। ਪਾਠਕ ਜੀ ਫੈਜ਼ਯਾਬ ਹੋਵਣ, ਇਹੀ ਮੇਰੀ ਅਰਦਾਸ ਤੇ ਕਠਿਨ ਪਰਿਸ਼੍ਰਮ ਦਾ ਸਫਲ ਸਿਲਾ ਤੇ ਧਰਵਾਸ ਹੈ।

ਹਰਿਭਜਨ ਸਿੰਘ
ਕੱਤਕ ਪੂਰਨਮਾਸ਼ੀ, 29-11-1993

ਜਿਵੇਂ ਸੁਣਿਆ ਤੇ ਪੇਖਿਆ

ਸ਼ਹੀਦ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ਨਿਰਸੰਦੇਹ, ਇਕ ਐਸੀ ਸਰੱਵ-ਸ੍ਰੇਸ਼ਟ ਪੰਥਕ ਸੰਸਥਾ ਹੈ, ਜਿਸ ਨੇ ਕੌਮ ਨੂੰ ਵੱਡੀ ਗਿਣਤੀ ਵਿਚ ਵਿਦਵਾਨ ਪ੍ਰਚਾਰਕ ਤੇ ਰੀਸ ਕਰਨ ਜੋਗ ਬੁਲਾਰੇ ਪ੍ਰਦਾਨ ਕੀਤੇ ਹਨ। ਸਾਨੂੰ ਮਾਣ ਹੈ ਕਿ ਅਸਾਂ ਨੇ ਵੀ ਹਥਲੀ ਪੁਸਤਕ ਦੇ ਲੇਖਕ (ਸ੍ਰੀਮਾਨ ਪ੍ਰਿੰਸੀਪਲ ਹਰਿਭਜਨ ਸਿੰਘ ਜੀ) ਦੀ ਪਿਆਰ-ਭਿੰਨੀ ਤੇ ਸੁਚੱਜੀ ਅਗਵਾਈ ਵਿਚ ਦੋ ਸਾਲ ਦਾ ਸੁਨਹਿਰੀ ਸਮਾਂ ਬਤੀਤ ਕੀਤਾ, ਜਿਸ ਦੀ ਅਭੁੱਲ ਯਾਦ ਸਾਨੂੰ ਅੱਜ ਵੀ ਕਿਸੇ ਅਕਹਿ ਸੁਹਜ, ਸੁਆਦ ਤੇ ਸਰੂਰ ਨਾਲ ਮਖਮੂਰ ਕਰਦੀ ਹੈ।

ਪ੍ਰਿੰਸੀਪਲ ਜੀ ਦੀ ਬਹੁਗੁਣੀ ਸ਼ਖਸੀਅਤ 'ਚੋਂ ਜਿਨ੍ਹਾਂ ਖੂਬੀਆਂ ਨੇ ਸਾਨੂੰ ਸਭ ਤੋਂ ਵਧ ਪ੍ਰਭਾਵਤ ਕੀਤਾ, ਉਹ ਸਨ ਉਨ੍ਹਾਂ ਦੀ ਸਾਦਗੀ, ਸਰਲਤਾ ਅਤੇ ਗੁਰੂ ਨਾਨਕ ਜੀ ਦੀ ੧ਓਅੰਕਾਰੀ, 'ਸਰਬ-ਸਾਂਝੀ ਗੱਲ' ਸੰਸਾਰ ਦੀਆਂ ਧਰਮ-ਭੁੱਖੀਆਂ ਰੂਹਾਂ ਤਕ ਪਹੁੰਚਾਉਣ ਲਈ ਬੇ-ਪਨਾਹ ਤੜਪ ਤੇ ਬੇਕਰਾਰੀ। ਉਨ੍ਹਾਂ ਦੇ, ਗੁਰਸਿਖਾਂ ਨੂੰ ਸੰਬੋਧਨ ਕਰਕੇ ਬਾਰ ਬਾਰ ਗੁਨਗੁਨਾਏ ਇਹ ਸ਼ੇਅਰ ਅੱਜ ਵੀ ਸਾਡੇ ਕੰਨਾਂ ਵਿਚ ਗੂੰਜਦੇ ਅਤੇ ਧਰਮ-ਪ੍ਰਚਾਰ ਖੇਤਰ ਵਿਚ ਕੁਝ ਕਰ ਗੁਜ਼ਰਨ ਲਈ ਸਾਹਸ ਬੰਨ੍ਹਾਉਂਦੇ ਹਨ—

ਵਕਤਿ ਫੁਰਸਤ ਹੈ ਕਹਾਂ, ਕਾਮ ਅਭੀ ਬਾਕੀ ਹੈ,
ਸਫਰ ਕਾ ਇਹਤਮਾਲ ਕਰ, ਸਫਰ ਅਭੀ ਬਾਕੀ ਹੈ।

ਤਥਾ—ਉਠੋ! ਵਗਰਨਾ ਮਹਸ਼ਰ ਨ ਹੋਗਾ ਫਿਰ ਕਭੀ,
ਦੌੜੋ, ਜ਼ਮਾਨਾ ਚਾਲ, ਕ੍ਰਿਆਮਤ ਕੀ ਚਲ ਗਿਆ।

ਉਹ, ਬਾਰ ਬਾਰ, ਕਿਸੇ ਵਿਸਮਾਦੀ ਵੈਰਾਗ ਵਿਚ, ਸਾਨੂੰ ਇਉਂ ਸੰਬੋਧਨ ਕਰਿਆ ਕਰਦੇ ਸਨ—'ਮੇਰੇ ਪੁੱਤਰਾਂ ਸਮਾਨ ਤੇ ਪ੍ਰਾਨਾਂ ਤੋਂ ਪਿਆਰੇ ਵਿਦਿਆਰਥੀਓ! ਜੇ, ਹੋ ਸਕੇ ਤਾਂ, ਮੈਨੂੰ ਸਭ ਤੋਂ ਵੱਡੀ ਸ਼ਰਧਾਂਜਲੀ ਇਹ ਹੋਵੇਗੀ ਕਿ ਜਗਤ-ਗੁਰੂ ਬਾਬੇ ਦੇ ਜਗਤ-ਧਰਮ ਦੀ ਲੋਅ ਸਮਸਤ ਸੰਸਾਰ ਦੇ ਮਨਾਂ ਦੀਆਂ ਅੰਧੇਰੀਆਂ ਕੋਠੜੀਆਂ ਤਕ ਪਹੁੰਚੇ ਤੇ ਗੁਰਮਤਿ ਦਾ ਪ੍ਰਚੰਡ ਪ੍ਰਕਾਸ਼ ਕਰਕੇ ਉਨ੍ਹਾਂ ਨੂੰ ਅਗਿਆਨ-ਠੋਕਰਾਂ ਤੋਂ ਬਚਾਵੇ!'

'ਇਉਂ ਕਰਕੇ ਤੁਸੀਂ ਉਨ੍ਹਾਂ ਨੂੰ ਅਸਮਾਨਤਾ, ਈਰਖਾ, ਦ੍ਵੈਖ, ਜਬਰ, ਤਅੱਦੀ, ਅਹੰਕਾਰ ਤੇ ਲੋਭ ਦੇ ਅੰਧਕਾਰ ਵਿਚ ਠੋਕਰਾਂ ਖਾਣ ਤੋਂ ਬਚਾ ਲਵੋ। ਇਸ ਤੋਂ ਵੱਡੀ ਨ ਕੋਈ ਗੁਰ-ਭਗਤੀ ਹੈ ਅਤੇ ਨਾ ਹੀ ਪੁੰਨ-ਕਰਮ।'

ਅਤੇ ਇਹੀ ਧੁਨ ਸੀ ਜੋ ਉਨ੍ਹਾਂ ਨੂੰ ਸ਼ਰੋਮਣੀ ਗੁ. ਪ੍ਰਬੰਧਕ ਕਮੇਟੀ ਵਿਚੋਂ ਐਡੀਸ਼ਨਲ ਸਕੱਤਰੀ ਦੀ ਬਹੁ-ਅਧਿਕਾਰੀ ਪਦਵੀ ਤੋਂ ਸ਼ਹੀਦ ਸਿਖ ਮਿਸ਼ਨਰੀ ਕਾਲਜ ਵਿਚ ਖਿੱਚ ਲਿਆਈ।

ਸ਼੍ਰੋਮਣੀ ਕਮੇਟੀ ਦੀ ਸਰਵਿਸ ਵਿਚਲੇ ਸੈਂਤੀ (37) ਸਾਲਾਂ ਵਿਚੋਂ, ਅੱਧ ਤੋਂ ਵਧ ਸਮਾਂ, ਉਨ੍ਹਾਂ ਨੇ ਬ-ਖੁਸ਼ੀ ਇਸ ਕਾਲਜ ਵਿਚ ਬਿਤਾਇਆ।

ਅੱਜ ਤੋਂ 40 ਕੁ ਸਾਲ ਪਹਿਲਾਂ ਬਤੌਰ ਸੰਪਾਦਕ ਗੁਰਦੁਆਰਾ ਗਜ਼ਟ ਤੇ 'ਗੁਰਮਤਿ ਪ੍ਰਕਾਸ਼', ਉਠਾਈ ਕਲਮ ਅੱਜ 85ਵੇਂ ਸਾਲ ਦੀ ਦੀਰਘ ਆਯੂ ਵਿਚ ਵੀ ਨਿਰੰਤਰ ਜਾਰੀ ਹੈ। ਹੁਣ ਤਕ ਆਪ ਜੀ ਦਰਜਨ ਤੋਂ ਵਧ ਬਹੁ-ਮੁੱਲੀਆਂ ਪੁਸਤਕਾਂ ਸੰਗਤਾਂ ਨੂੰ ਭੇਟ ਕਰ ਚੁੱਕੇ ਹਨ। ਹਥਲੀ ਪੁਸਤਕ 'ਗੁਰਬਾਣੀ ਦੀ ਲੋਅ ਵਿਚ', ਜਿਹਾ ਕਿ ਨਾਂ ਤੋਂ ਹੀ ਪ੍ਰਗਟ ਹੁੰਦਾ ਹੈ, ਸੱਤ ਐਸੇ ਲੇਖਾਂ ਦਾ ਗੁਲਦਸਤਾ ਹੈ, ਜਿਨ੍ਹਾਂ ਵਿਚ ਪ੍ਰਿੰਸੀਪਲ ਸਾਹਿਬ ਨੇ ਗੁਰਮਤਿ ਦੇ ਸੱਤਾਂ ਅਹਿਮ ਮਸਲਿਆਂ ਨੂੰ ਹਰ ਪਹਿਲੂ ਤੋਂ ਸਵਿਸਥਾਰ ਬਿਆਨਣ ਦਾ ਸਫਲ ਜਤਨ ਕੀਤਾ ਹੈ।

ਸ੍ਰੀ ਅਕਾਲ ਪੁਰਖ ਵਾਹਿਗੁਰੂ ਦੇ ਚਰਨਣ ਵਿਚ ਹਾਰਦਿਕ ਅਰਦਾਸ ਹੈ ਕਿ ਉਹ ਪ੍ਰਿੰਸੀਪਲ ਸਾਹਿਬ ਨੂੰ ਲੰਮੀ ਸੇਹਤ-ਮੰਦ ਆਯੂ ਪ੍ਰਦਾਨ ਕਰਨ, ਤਾਂ ਜੋ ਉਹ ਏਸੇ ਤਰ੍ਹਾਂ ਗੁਰ-ਇਤਿਹਾਸ ਤੇ ਗੁਰਮਤਿ ਨੂੰ ਵਧ ਤੋਂ ਵਧ ਨਿਖਾਰ ਕੇ ਸੰਗਤਾਂ ਦੀ ਸੇਵਾ ਵਿਚ ਪੇਸ਼ ਕਰਦੇ ਰਹਿਣ।

ਕੇਵਲ ਸਿੰਘ	ਜਗਤਾਰ ਸਿੰਘ 'ਜਾਚਕ'	(ਪ੍ਰਿੰ.) ਮਨਜੀਤ ਸਿੰਘ
ਹੈਡ ਗ੍ਰੰਥੀ :	ਹੈਡ ਗ੍ਰੰਥੀ :	ਪਟਿਆਲਾ।
ਗੁਰੂ ਨਾਨਕ ਮਿਸ਼ਨ ਹਸਪਤਾਲ,	ਗੁ. ਸ੍ਰੀ ਗੁਰੂ ਸਿੰਘ ਸਭਾ,	
ਜਲੰਧਰ।	ਸਬਜ਼ੀ ਮੰਡੀ, ਲੁਧਿਆਣਾ।	
ਹਾਲ—	ਹਾਲ—	ਹਾਲ—
ਸਫਲ ਚਕ੍ਰਵਰਤੀ ਸਿੱਖ ਮਿਸ਼ਨਰੀ,	ਹੈਡ ਗ੍ਰੰਥੀ :	ਜਥੇਦਾਰ, ਤਖਤ ਸ੍ਰੀ ਕੇਸਗੜ੍ਹ
472, ਜੇ.ਪੀ. ਨਗਰ,	ਗੁ. ਬੰਗਲਾ ਸਾਹਿਬ,	ਸ੍ਰੀ ਅਨੰਦਪੁਰ ਸਾਹਿਬ।
ਜਲੰਧਰ।	ਦਿੱਲੀ।	ਅਤੇ ਕਾਰਜਕਾਰੀ ਜਥੇਦਾਰ :
		ਸ੍ਰੀ ਅਕਾਲ ਤਖਤ ਸਾਹਿਬ
ਮਿਤੀ 15-8-85		ਮਿਤੀ 15-8-85
29-11-93		29-11-93

ਲੇਖਕ ਵੱਲੋਂ

ਭਗਤ ਕਬੀਰ ਜੀ ਦਾ ਬਹੁਮੁੱਲਾ ਕਥਨ ਹੈ :—

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ (ਪੰ. 324)

ਦਰੁਸਤ ਹੈ। ਸੁਗਿਆਨ, ਸੁਵੀਚਾਰ ਤੇ ਗੁਰਬਾਣੀ ਦੀ ਲੋਅ-ਬਿਹੀਨ ਪ੍ਰਾਣੀ, ਮਾਇਕ ਸੁਖਾਂ ਦੇ ਅਨੇਕ ਸਾਧਨ ਰਖਦਾ ਹੋਇਆ ਵੀ ਦੁਖੀ ਹੈ, ਪੀੜਤ ਹੈ, ਅਸ਼ਾਂਤ ਹੈ, ਮੁਰਛਤ ਹੈ। ਪਰਮਾਨੰਦ ਪ੍ਰਭੂ ਅਤੇ ਇਸ ਦੇ ਵਿਚਕਾਰ ਜੇ ਕੋਈ ਕੰਧ ਹੈ, ਪੜਦਾ ਹੈ, ਤਾਂ ਉਹ ਹੈ ਇਸਦੀ ਆਪਣੀ ਹਉਮੈਂ ਦੇ ਕਾਰਨ ਪੈਦਾ ਹੋਏ ਅੰਧਕਾਰ ਦਾ। ਹਉਮੈਂ ਦੀ ਕਰਾਰੀ ਭੀਤ (ਕੰਧ), ਵਿੱਚੋਂ ਹਟਣ ਦੀ ਦੇਰ ਹੈ ਕਿ ਜਨਮਾਂ ਜਨਮਾਂਤ੍ਰਾਂ ਦਾ ਪੁਰਾਣਾ ਹਨ੍ਹੇਰਾ ਤੱਤ ਛਿਨ ਅਲੋਪ ਹੋ ਜਾਂਦਾ ਹੈ। ਗੁਰਮੱਤ-ਗਿਆਨ ਅਨੁਸਾਰ ਪਤੀ ਪ੍ਰਮਾਤਮਾ ਅਤੇ ਜੀਵ-ਰੂਪੀ ਇਸਤ੍ਰੀ ਵਿਚਕਾਰ ਭੰਬੀਰੀ ਦੇ ਪਰ ਜਿੰਨਾ ਪਰਦਾ ਹੈ; ਪ੍ਰੰਤੂ, ਅਗਿਆਨਤਾ ਦੇ ਕਾਰਨ ਇਹ, ਇਸ ਨੂੰ, ਵੱਡੀ ਦੂਰੀ ਕਰਕੇ ਪੰਨ ਬੈਠੀ ਹੈ। ਦੂਰੀ ਵਿੱਚ ਦੁੱਖ ਹੈ, ਜਦ ਕਿ ਹਜ਼ੂਰੀ ਵਿਚ ਪਰਮ ਅਨੰਦ। ਚੌਥੇ ਗੁਰਦੇਵ ਇਸ ਸਚਾਈ ਨੂੰ, ਇਉਂ ਰੂਪਮਾਨ ਕਰਦੇ ਹਨ –

'ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ ॥
ਗੁਰਿ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੇ ਬਨਵਾਰੀ ॥ (ਪੰ. 1263)

ਜਦ ਅਵਿੱਦਿਆ, ਅਗਿਆਨਤਾ ਅਥਵਾ ਸੁਵੀਚਾਰ-ਹੀਨਤਾ ਦੇ ਕਾਰਨ ਮਨੁਖ ਦਾ ਗਿਆਨ-ਦੀਪ ਮਲੀਨ ਹੋ ਜਾਂਦਾ ਹੈ, ਤਾਂ ਭਗਤ ਰਵਿਦਾਸ ਜੀ ਦੇ ਕਥਨ ਅਨੁਸਾਰ ਇਸ ਨੂੰ ਕਾਮ, ਕ੍ਰੋਧ, ਲੋਭ ਆਦਿ ਅਸਾਧ ਰੋਗ ਆ ਗ੍ਰਸਦੇ ਅਤੇ ਡਾਢਾ ਕਲਪਾਉਂਦੇ ਤੇ ਨਚਾਉਂਦੇ ਹਨ। ਆਪ ਜੀ ਦਾ ਅੰਮ੍ਰਿਤ ਕਥਨ ਹੈ :—

"ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ, ਏਕ ਦੋਖ ਬਿਨਾਸ ॥
ਪੰਚ ਦੋਖ ਅਸਾਧ ਜਾ ਮਹਿ, ਤਾ ਕੀ ਕੇਤਕ ਆਸ ? (ਪੰ. 486)

ਮਾਧੋ ! ਅਬਿਦਿਆ ਹਿਤ ਕੀਨ ॥ **ਬਿਬੇਕ ਦੀਪ ਮਲੀਨ** ॥੧॥ ਰਹਾਉ ॥

ਸੋ, ਮਨੁੱਖ ਦੇ ਸਾਰੇ ਕਸ਼ਟਾਂ, ਦੁੱਖਾਂ, ਕਲੇਸ਼ਾਂ ਦਾ ਮੂਲ ਕਾਰਨ ਹੈ : ਇਸ ਦੇ ਗਿਆਨ-ਦੀਪ, ਦੀ ਮਲੀਨਤਾ, ਬਿਬੇਕ ਬੁੱਧ ਦੀ ਹੀਨਤਾ। ਇਹੀ ਕਾਰਨ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਭੂ-ਪ੍ਰਾਪਤੀ ਦੇ ਹੋਰ ਸਮੂਹ ਸਾਧਨਾਂ ਦਾ ਤਿਆਗ ਕਰਦੇ ਹੋਏ ਕੇਵਲ ਸਤਿ ਤੇ ਅਸਤਿ ਦਾ ਨਿਰਣਾ ਕਰਨ-ਜੋਗ "ਬਿਬੇਕ ਬੁਧਿ" ਲਈ ਜਾਚਨਾ ਕਰਦੇ ਹਨ। ਸੋਰਠਿ ਰਾਗ ਵਿੱਚ ਪੰਨਾ 641 ਉਤੇ ਅੰਕਿਤ ਇਸ ਭਾਵ-ਪੂਰਤ ਅਸ਼ਟਪਦੀ ਦੀਆਂ ਰਹਾਉ ਦੀਆਂ **ਤੁਕਾਂ** ਹਨ :

''ਪਿਆਰੇ, ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ ॥
ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ ॥੧॥ ਰਹਾਉ॥

''ਗੁਰਬਾਣੀ ਇਸੁ ਜਗ ਮਹਿ ਚਾਨਣੁ ..।'' ਦੇ ਪਰਮ ਸੱਚ ਤੇ ਰਹੱਸ ਨੂੰ ਸਮਝਣ ਤੇ ਮਾਨਣ ਵਾਲੇ ਪ੍ਰਬੀਨ ਪੁਰਸ਼, ਜੋ ਸਤਿਗੁਰਾਂ ਪਾਸੋਂ, ਬਸ ਇਕ ਬਿਬੇਕ ਬੁੱਧੀ ਦੀ ਦਾਤ ਹੀ ਮੰਗਦੇ ਹਨ, ਉਹ ਵਾਸਤਵ ਵਿੱਚ ਸਤੀ ਸਾਵਿੱਤ੍ਰੀ ਦੇ ਯਮ ਪਾਸੋਂ ਪਤੀ ਦੀ ਜਾਨ ਮੰਗਣ ਦੀ ਥਾਂ, ਸੌ ਪੁੱਤਰਾਂ ਦੀ ਮਾਂ ਹੋਣ ਦਾ ਵਰ ਮੰਗਣ ਸਮਾਨ, ਨਾਮ ਦਾਨ ਤੇ ਧਨ ਧਾਮ, ਸਭ ਕੁਝ ਮੰਗ ਲੈਂਦੇ ਹਨ।

''ਗੁਰਬਾਣੀ ਦੀ ਲੋਅ ਵਿੱਚ'' ਨਾਮੀ ਇਸ ਲੇਖ ਸੰਗ੍ਰਹਿ ਵਿੱਚ ਕੇਵਲ ਸੱਤ ਲੇਖ ਹਨ। ਵੀਚਾਰ-ਪ੍ਰਧਾਨ ਲੇਖਾਂ ਦਾ ਆਮ ਕਿੱਸਿਆਂ ਕਹਾਣੀਆਂ ਨਾਲੋਂ ਬਿਖਮ ਤੇ ਬੋਝਲ ਹੋਣਾ ਕੁਦਰਤੀ ਹੈ। ਪ੍ਰੰਤੂ, ਬਿਆਨ-ਢੰਗ ਇਤਨਾ ਸਹਜ, ਸਰਲ ਤੇ ਰੌਸ-ਮਈ ਬਣਾਨ ਦਾ ਜਤਨ ਕੀਤਾ ਗਿਆ ਹੈ ਕਿ ਪਾਠਕ ਜੀ ਜਿਉਂ ਜਿਉਂ, ਇੱਕ ਚਿੱਤ ਹੋ ਲੇਖਕ ਨਾਲ, ਹਮ-ਕਦਮ ਹੋ ਤੁਰਨਗੇ, ਤਿਉਂ ਤਿਉਂ ਆਵੱਸ਼ ਫੈਜ਼ਯਾਬ ਤੇ ਅਨੰਦਤ ਹੋਣਗੇ। ਇਹ ਸੱਤੇ ਲੇਖ, ਇਕ ਤਰ੍ਹਾਂ ਨਾਲ, ਗੁਰਮੱਤ-ਵਿਚਾਰ-ਧਾਰਾ ਦੀਆਂ ਸੱਤ ਚੋਟੀਆਂ (ਸਪਤ ਸ੍ਰਿੰਗ) ਸਮਾਨ ਹਨ, ਜਿਨ੍ਹਾਂ ਦੀਆਂ ਉਚਿਆਈਆਂ ਤੋਂ ਗੁਰਮੱਤ ਦੀਆਂ ਹੋਰ ਸਿੱਖਰਾਂ ਛੁਹਣ ਦਾ ਅਵਸਰ ਪ੍ਰਾਪਤ ਹੋਵੇਗਾ। ਕਹਾਵਤ ਹੈ : ''ਸਿੱਖਾਂ ਦਾ ਪੰਥ ਨਿਰਾਲਾ''। ਹਾਂ, ਇਹ ਨਿਰਮਲ ਹੋਣ ਦੇ ਨਾਤੇ ਆਵੱਸ਼ ਨਿਰਾਲਾ ਹੈ। ਇਸ ਦਾ ਇਹ ਨਿਰਾਲਾ-ਪਨ ਹੈ : ਇਸ ਦੇ ਕਰਣੀ-ਪ੍ਰਧਾਨ, ਅਗਾਂਹ-ਵਧੂ ਸਾਂਝੀਵਾਲ ਅਤੇ ਵੀਚਾਰ-ਸ਼ੀਲ ਮੱਤ ਹੋਣ ਦੇ ਨਾਤੇ। ਜੇ ਇਸ ਨੇ, ਮਾਨਵਤਾ-ਮਾਰੂ ਜਾਤਾਂ ਪਾਤਾਂ, ਵਹਿਮਾਂ ਭਰਮਾਂ ਤੇ ਵੰਡਾਂ ਦੀਆਂ ਮਕਰੂਹ ਤੇ ਜਾਨ-ਲੇਵਾ ਬੇੜੀਆਂ ਪਾਈ ਹੀ, ਜੀਵਨ-ਜੌਹਰ ਨੂੰ ਭੰਗ ਦੇ ਭਾੜੇ ਲੁਟਾਈ ਜਾਣਾ ਹੈ, ਤਾਂ ਇਸ ਵਿੱਚ ਤੇ ਚੌਰਾਸੀ ਦੇ ਕਰਮਕਾਂਡੀ ਤੇ ਸੰਕੀਰਣ ਸੋਚ ਵਾਲੇ ਮੱਤਾਂ ਵਿਚ ਕੀ ਅੰਤਰ?

ਹਾਂ, ਗੁਰੂ ਸਾਹਿਬਾਨ ਨੇ ਜਿਥੇ, ਸਿਖ ਨੂੰ, ਪ੍ਰਭੂ-ਪਿਆਰ, ਪੂਰਨ ਪ੍ਰਤੀਤ, ਅਹਿੱਲ ਵਿਸ਼ਵਾਸ ਤੇ ਅਟੁੱਟ ਸ਼ਰਧਾ ਆਦਿ ਗੁਣਾਂ ਦਾ ਗਾਹਕ ਹੋਣ ਲਈ ਭਰਪੂਰ ਪ੍ਰੇਰਣਾ ਕੀਤੀ ਹੈ, ਉਥੇ, ਨਾਲ ਹੀ, ਇਸ ਗੱਲੋਂ ਵੀ ਘੱਟ ਚੇਤੰਨ ਨਹੀਂ ਕੀਤਾ ਕਿ ਜੀਵਨ ਦੇ ਸੌਦੇ ਸਰਬ-ਸਰੇਸ਼ਟ ਅਕਲ (ਬਿਬੇਕ ਬੁਧਿ) ਦੁਆਰਾ ਕੀਤੀ ਪਰਖ ਪੜਚੋਲ ਉਪ੍ਰੰਤ ਹੀ ਕੀਤੇ ਜਾਣ। ਇਸ ਤੱਥ ਦੀ ਪੁਸ਼ਟੀ ਲਈ ਵੰਨਗੀ ਵੱਜੋਂ, ਇਹ ਦੋ ਪ੍ਰਮਾਣ ਹਾਜ਼ਰ ਹਨ :—

(ੳ) ਸੁਣਿ ਮੁੰਧੇ ਹਰਣਾਖੀਏ, ਗੂੜਾ ਵੈਣੁ ਅਪਾਰੁ ॥
ਪਹਿਲਾ, ਵਸਤੁ ਸਿਞਾਣਿ ਕੈ, ਤਾਂ ਕੀਚੈ ਵਾਪਾਰੁ ॥ (ਪੰ. 1410)

(ਅ) ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿ ਕੈ ਬੁਝੀਐ, ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਏਹੁ, ਹੋਰਿ ਗਲਾਂ ਸੈਤਾਨੁ ॥ (ਪੰ. 1245)

—ਹਰਿਭਜਨ ਸਿੰਘ

ਬਾਣੀ ਬਿਰਲਉ ਬੀਚਾਰਸੀ....

ਗੁਰਸਿੱਖੀ ਇਕ ਕਰਣੀ ਪ੍ਰਧਾਨ ਮੱਤ ਹੈ । ਇਸ ਵਿੱਚ ਸਾਰਾ ਬਲ ਗੁਰੂ ਉਪਦੇਸ਼ ਨੂੰ ਬੁੱਝਣ ਉਪ੍ਰੰਤ, ਕਮਾਉਣ ਅਥਵਾ ਅਮਲ ਵਿੱਚ ਲਿਆਉਣ ਉੱਤੇ ਦਿੱਤਾ ਗਿਆ ਹੈ । ਜਿਵੇਂ —

(ੳ) ਜੈਸੇ ਅਹਿਨਿਸਿ ਮਦ ਰਹਤਿ ਭਾਂਜਨ ਬਿਖੈ, ਜਾਨਤਿ ਨ ਮਰਮੁ ਕਿਸਉ ਕਵਨ ਪ੍ਰਕਾਰੀ ਹੈ।
ਜੈਸੇ ਬੇਲੀ ਭਰਿ ਭਰਿ ਬਾਂਟਿ ਦੀਜੀਅਤਿ ਸਭਾ, ਪਾਵਨ ਨ ਭੇਦੁ ਕਛੁ ਬਿਧਿ ਨ ਬੀਚਾਰੀ ਹੈ ।
ਜੈਸੇ ਦਿਨ ਪ੍ਰਤਿ ਮਦੁ ਬੇਚਤ ਕਲਾਲ ਬੈਠੋ, ਮਹਿਮਾ ਨ ਜਾਨਈ, ਦਰਬਿ ਹਿਤਕਾਰੀ ਹੈ ।
ਤੈਸੇ ਗੁਰ ਸਬਦ ਕੇ ਲਿਖਿ ਪੜਿ ਗਾਵਤ ਹੈ, ਬਿਰਲੋ ਅੰਮ੍ਰਿਤ ਰਸੁ ਪਦੁ ਅਧਿਕਾਰੀ ਹੈ ।

(ਅ) ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ,
ਹੰਸ ਮਰਜੀਵਾ ਨਿਹਚੈ ਪ੍ਰਸਾਦੁ ਪਾਵਈ ।
ਜੈਸੇ ਪਰਬਤਿ ਹੀਰਾ ਮਾਨਿਕ ਪਾਰਸਿ ਸਿਧ,
ਖਨਵਾਰਾ ਖਨਿ, ਜਗ ਵਿਖੇ ਪ੍ਰਗਟਾਵਈ ।
ਜੈਸੇ ਬਨ ਬਿਖੈ ਮਲਿਆਗਰ ਸੌਧਾ ਕਪੂਰ,
ਸੌਧ ਕੈ ਸੁਬਾਸੀ, ਸੁਬਾਸ ਬਿਹਸਾਵਈ ।
ਤੈਸੇ ਗੁਰਬਾਣੀ ਬਿਖੈ, ਸਕਲ ਪਦਾਰਥ ਹੈਂ;
ਜੋਈ ਜੋਈ ਖੋਜੈ, ਸੋਈ ਸੋਈ ਨਿਪਜਾਵਈ ।' (546)

ਤਥਾ ਪੂਛਤ ਪਥਿਕ ਤਿਹ ਮਾਰਗਿ ਨਾ ਧਾਰੈ ਪਗਿ,
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਐ ॥
ਪੂਛਤ ਹੈ ਬੈਦੁ ਖਾਤ ਅਉਖਧਿ ਨ ਸੰਜਮ ਸੈ,
ਕੈਸੇ ਮਿਟੈ ਰੋਗ, ਸੁਖ ਸਹਜਿ ਸਮਾਈਐ ।
ਪੂਛਤ ਹੈ ਸੁਹਾਗਨਿ ਕਰਮਿ ਹੈ ਦੁਹਾਗਨਿ ਕੈ,
ਰਿਦੈ ਬਿਬਚਾਰ, ਕਤਸਿਹਜਾ ਬੁਲਾਈਐ ।
ਗਾਏ ਸੁਨੇ ਆਂਖੇ ਮੀਚੇ ਪਾਈਐ ਨ ਪਰਮ ਪਦ,
ਗੁਰ ਉਪਦੇਸ਼ ਗਹਿ, ਜਉ ਲਉ ਨ ਕਮਾਈਐ । (439)

ਸਤਿਗੁਰਾਂ ਵਲੋਂ ਬਖਸ਼ੀ ਠੀਕ ਸੇਧ ਵਲ ਤੁਰਨ, ਉਸਨੂੰ ਅਮਲਾਉਣ ਤੇ ਕਮਾਉਣ ਲਈ ਜ਼ਰੂਰੀ ਹੈ ਕਿ ਗੁਰੂ ਉਪਦੇਸ਼, ਸਿਧਾਂਤ ਅਥਵਾ ਸੇਧ ਦਾ ਸਹੀ ਗਿਆਨ ਹੋਵੇ । ਕੇਵਲ ਅਮਲ ਤਾਂ ਗਲਤ ਦਿਸ਼ਾ ਵਲ ਵੀ ਹੋ ਸਕਦਾ ਹੈ । ਜਦ ਸਿਮਤ ਦਾ ਠੀਕ ਪਤਾ ਨ ਹੋਵੇ ਤਾਂ ਪਾਂਧੀ ਪੂਰਬ ਦੀ ਥਾਂ ਪੱਛਮ ਵਲ ਵੀ ਜਾ ਸਕਦਾ ਹੈ । ਮੰਜਲ ਵਲ ਵਧਣ ਦੀ ਥਾਂ ਹੋਰ ਦੂਰੀ ਵਾਪਰ ਸਕਦੀ ਹੈ ।

ਸੋ, ਸੁਵੱਛ ਕਰਨੀ ਅਥਵਾ ਨੇਕ ਅਮਲ ਲਈ, ਸੁਵੀਚਾਰ, ਸੁਗਿਆਨ ਪ੍ਰਿਥਮ ਲੋੜ ਹੈ। ਇਹੀ ਕਾਰਨ ਹੈ ਕਿ ਗੁਰੂ ਸਾਹਿਬਾਨ ਵਲੋਂ ਗੁਰਬਾਣੀ ਵਿੱਚ ਬਾਰ ਬਾਰ ਭਰਪੂਰ ਪ੍ਰੇਰਨਾ ਤੇ ਜ਼ੋਰਦਾਰ ਤਾਕੀਦ ਕੀਤੀ ਗਈ ਹੈ ਕਿ ਅਕਾਲ ਪੁਰਖ ਵਾਹਿਗੁਰੂ ਵਲੋਂ, ਉਹਨਾਂ ਦੇ ਪਾਰਦਰਸ਼ਕ ਹਿਰਿਦਿਆਂ ਉਤੇ, ਧੁਰੋਂ ਉੱਤਰੀ ਬਾਣੀ ਵਿਚ ਅੰਕਿਤ ਸੱਚ ਤੇ ਸੁਗਿਆਨ ਨੂੰ, ਵਿਵੇਕ ਬੁੱਧ ਦੁਆਰਾ ਵੀਚਾਰਿਆ, ਸਮਝਿਆ ਤੇ ਨਿੱਤ ਦੇ ਜੀਵਨ ਵਿਚ ਕਮਾਇਆ ਜਾਵੇ। ਗੁਰਬਾਣੀ ਨੂੰ ਮੰਤ੍ਰ-ਰੂਪ ਕਰਕੇ ਜਾਨਣਾ ਭੁੱਲ ਹੈ, ਅਵੱਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਜਦ ਆਪ ਜੀ ਠਾਕੁਰ ਦੇ 'ਅੰਮ੍ਰਿਤ, ਨਾਮੁ' ਨਾਲ ਭਿਉਂ ਤੇ ਸਮੋ ਕੇ ਪਾਈਆਂ ਗਈਆਂ ਤਿੰਨਾਂ ਅਮੋਲਕ ਵਸਤਾਂ ਦਾ ਜ਼ਿਕਰ ਕਰਦੇ ਹਨ ਤਾਂ ਉਹਨਾਂ ਵਿੱਚ ਇੱਕ ਅਸਥਾਨ ਬਜਾਏ ਤੌਰ ਉਤੇ "ਵਿਚਾਰ" ਨੂੰ ਵੀ ਦਿੱਤਾ ਜਾਂਦਾ ਹੈ। ਹਜ਼ੂਰ ਦਾ ਅੰਮ੍ਰਿਤ ਫੁਰਮਾਨ ਹੈ

'ਥਾਲ ਵਿਚਿ ਤਿੰਨਿ ਵਸਤੂ ਪਈਓ, ਸਤੁ, ਸੰਤੋਖੁ, ਵੀਚਾਰੋ ॥' (ਮ. 5)

ਜਦ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 641 ਪੰਨੇ ਉਤੇ "ਪਾਠ ਪੜਿਓ ਅਰੁ ਬੇਦੁ ਬੀਚਾਰਿਓ ......" ਵਾਲੀ ਅਸ਼ਟਪਦੀ ਵਿੱਚ ਵੱਖ ਵੱਖ ਮੱਤਾਂ ਵੱਲੋਂ, ਮੋਖਸ਼ ਪ੍ਰਾਪਤੀ ਲਈ ਕੀਤੇ ਜਾਣ ਵਾਲੇ ਪੁੰਨ ਕਰਮਾਂ ਤੇ ਜੋਗ-ਸਾਧਨਾਂ ਆਦਿ ਦਾ ਖੰਡਨ ਕਰਦੇ ਹਨ, ਤਾਂ ਪਹਿਲੀ ਰਹਾਉ ਦੀਆਂ ਤੁਕਾਂ ਵਿੱਚ, ਪਿਆਰੇ ਪ੍ਰਭੂ ਪਾਸ ਬਿਬੇਕ ਅਥਵਾ ਵੀਚਾਰਸ਼ੀਲ ਬੁੱਧੀ ਬਖਸ਼ੇ ਜਾਣ ਲਈ ਇਉਂ ਜੋਦੜੀ ਕਰਦੇ ਹਨ :—

"ਪਿਆਰੇ ! ਇਨ ਬਿਧਿ ਮਿਲਣੁ ਨ ਜਾਈ, ਮੈ ਕੀਏ ਕਰਮ ਅਨੇਕਾ" ॥

ਹਾਰਿ ਪਰਿਓ ਸੁਆਮੀ ਕੈ ਦੁਆਰੈ, ਦੀਜੈ ਬੁਧਿ ਬਿਬੇਕਾ।"

ਜਿਵੇਂ ਸਤੀ ਸਾਵਿੱਤ੍ਰੀ ਨੇ, ਤੀਜੇ ਵਰ ਵਿਚ, ਜਮਦੂਤ ਕੋਲੋਂ ਆਪਣੇ ਪਤੀ, ਸਤਿਆਵਾਨ ਦੀ ਜਾਨ ਮੰਗਣ ਦੀ ਥਾਂ, ਸੌ ਪੁੱਤਰਾਂ ਦੀ ਮਾਂ ਹੋਣ ਦਾ ਵਰ ਮੰਗ ਕੇ ਵਿੱਚੇ ਉਸ ਦੀ ਜਾਨ ਵੀ ਮੰਗ ਲਈ ਸੀ, ਕੁੱਝ ਇਵੇਂ ਹੀ ਜਿਸ ਨੂੰ ਸਤਿ ਤੇ ਅਸਤਿ ਦਾ ਨਿਰਣਾ ਕਰ ਸਕਣ ਵਾਲੀ ਨਿਰਣਾਇਕ ਬਿਬੇਕ ਅਥਵਾ ਸੁਵੀਚਾਰ ਬੁੱਧ ਪ੍ਰਾਪਤ ਹੈ, ਉਹ ਸਦਾ ਸੱਚ ਦੇ ਰਾਹ ਤੁਰੇਗਾ। ਮਾਇਆ ਦੇ ਹਰੇਕ ਰੂਪ ਅਥਵਾ ਛਲ ਨੂੰ ਉਹ ਪਹਿਚਾਣ ਸਕੇਗਾ। ਮਾਇਆ ਆਪਣਾ ਪ੍ਰਪੰਚ ਰਚ ਕੇ ਉਸ ਨੂੰ ਹੀ ਕੁਰਾਹੇ ਪਾ ਸਕਦੀ ਹੈ, ਜਿਸ ਪਾਸ ਸੱਚ ਤੇ ਝੂਠ ਦਾ ਨਿਖੇੜਾ ਤੇ ਨਿਤਾਰਾ ਕਰਨ ਵਾਲੀ ਰੋਸ਼ਨ ਵੀਚਾਰ ਨਾ ਹੋਵੇ। ਇੱਕ ਮਹਾਂ ਪੁਰਖ ਦਾ ਅਮੁਲ ਕਥਨ ਹੈ ਕਿ ਗਿਆਨ ਅਥਵਾ ਬਿਬੇਕ-ਬੁਧਹੀਨ, ਮੂਰਖ ਇਨਸਾਨ ਨੂੰ ਮਾਇਆ ਆਉਂਦੀ ਵੀ ਦੁਖ ਦੇਂਦੀ ਹੈ ਤੇ ਜਾਂਦੀ ਵੀ :—

ਬਿਨ ਬੀਚਾਰ, ਦੁਖਕਾਰ, ਸਾਰ ਸੰਤਨ ਫੁਰਮਾਇਆ :
ਮੂਰਖ ਕੋ ਦੁਖ ਦੇਤ, ਆਵਤੀ ਜਾਤੀ ਮਾਇਆ ॥

ਇਹੀ ਕਾਰਨ ਹੈ ਕਿ ਸਤਿਗੁਰਾਂ ਵਲੋਂ ਗੁਰਬਾਣੀ ਨੂੰ ਪੜ੍ਹਨ, ਵੀਚਾਰਨ, ਮੰਨਣ ਤੇ ਕਮਾਉਣ ਦੀ ਵੱਡੀ ਪ੍ਰੇਰਨਾ ਹੈ। ਇਸ ਸੰਬੰਧ ਵਿੱਚ ਜਗਿਆਸੂ ਨੂੰ ਵੰਨਗੀ ਦੇ ਤੌਰ ਉਤੇ ਅੰਕਿਤ, ਇਹ ਪ੍ਰਮਾਣ ਵਾਚਣੇ ਵੀਚਾਰਨੇ ਯੋਗ ਹਨ :—

(ੳ) ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ ॥ (ਮ. 1. ਪੰ. 935)

(ਅ) ਗੁਰੁ ਬਾਣੀ ਕਹੈ, ਸੇਵਕੁ ਜਨੁ ਮਾਨੈ, ਪਰਤਖਿ ਗੁਰੂ ਨਿਸਤਾਰੇ ॥ (ਪੰ. 982)

(ੲ) ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੇ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰੁ ॥ (ਪੰ. 594)

(ਸ) ਹਉ ਵਾਰੀ ਜੀਉ ਵਾਰੀ, ਪੜਿ, ਬੁਝਿ, ਮਨਿ ਵਸਾਵਣਿਆ ॥ (ਪੰ. 127)

ਭਾਈ ਗੁਰਦਾਸ ਜੀ ਦਾ ਸਾਰ ਬਚਨ ਹੈ :—

ਗੁਰਮੁਖਿ ਜਨਮੁ ਸਕਾਰਥਾ, ਗੁਰਬਾਣੀ ਪੜਿ ਸਮਝਿ ਸੁਣੇਹੀ ॥ (ਵਾਰ ੧/੩)

ਗੁਰੂ ਸਾਹਿਬਾਨ ਨੇ ਸ਼ਬਦ, ਗੁਰਬਾਣੀ ਦੀ ਵੀਚਾਰ ਉਤੇ ਇਤਨਾ ਜ਼ੋਰ ਦਿਤਾ ਹੈ ਕਿ ਜੇ ਨਿਰੰਕਾਰੀ ਬਣਨਾ ਹੈ ਤਾਂ ਸ਼ਬਦ-ਵੀਚਾਰ ਨਾਲ ਹੀ ਬਣਿਆ ਜਾ ਸਕਦਾ ਹੈ, ਜੇ ਸਤਿਗੁਰੂ ਦੇ ਸਫਲ ਸੇਵਕ ਬਣਨਾ ਹੈ, ਤਾਂ ਸ਼ਬਦ ਦੀ ਵੀਚਾਰ ਲਾਜ਼ਮੀ ਹੈ । ਜੇ ਸ਼ਬਦ ਅੰਦਰ ਨਾ ਵਸੇ ਤਾਂ ਸੇਵਾ ਵੀ ਔਝੜ ਪਾ ਸਕਦੀ ਹੈ । ਜੇ ਕੇਵਲ ਇਕ ਅਕਾਲ ਉਤੇ ਟੇਕ ਟਿਕਾਉਣੀ ਤੇ ਹਰ ਥਾਂ ਉਸਦਾ ਹੀ ਜ਼ਹੂਰ ਵਰਤਦਾ ਵੇਖਣ ਦੇ ਜੋਗ ਹੋਣਾ ਹੈ, ਤਾਂ ਵੀ ਸ਼ਬਦ ਨੂੰ ਹੀ ਵੀਚਾਰਨ ਦਾ ਤਾਕੀਦ ਹੈ । ਗੁਰਮੁਖਾਂ ਲਈ ਗੁਰ-ਸ਼ਬਦ ਵੀਚਾਰ ਹੀ ਨਾਦ ਵੇਦ ਹੈ । ਏਥੋਂ ਤੱਕ ਕਿ ਜੇ ਗੁਰੂ ਜੀ ਨੂੰ ਪਿਆਰਾ ਲਗਣਾ ਹੈ, ਉਸ ਦੇ ਦਰ ਕਬੂਲ ਪੈਣਾ ਹੈ, ਤਾਂ ਇਹ ਵੀ ਗੁਰ-ਸ਼ਬਦ ਤੇ ਗੁਰਬਾਣੀ ਦੀ ਪੂਰਨ ਵੀਚਾਰ ਦੁਆਰਾ ਹੀ ਸੰਭਵ ਹੋ ਸਕਦਾ ਹੈ । ਗਲ ਕੀ, ਜੇ ਸ਼ਬਦ ਦੀ ਪ੍ਰੇਮ-ਪੂਰਬਕ ਡੂੰਘੀ ਵੀਚਾਰ ਨਹੀਂ, ਗੁਰਬਾਣੀ ਵਿੱਚ ਰੱਖੇ ਡੂੰਘੇ ਤੇ ਗੁਰ ਭਾਵਾਂ ਦਾ ਹਰ ਪੱਖੋਂ ਅਧਿਐਨ ਨਹੀਂ, ਤਾਂ ਗੁਰਬਾਣੀ ਦੇ ਕੇਵਲ ਰਟਨ ਮਾਤ੍ਰ ਨਾਲ ਉਪ੍ਰੋਕਤ ਬਿਆਨੀਆਂ ਪਦਵੀਆਂ ਦੇ ਵਾਰਿਸ ਹੋਣਾ ਅਸੰਭਵ ਹੈ । ਪਿਉ ਦਾਦੇ ਦੇ ਸ਼ਬਦ ਰੂਪੀ ਅਮੋਲ ਰਤਨਾਂ ਤੇ ਲਾਲਾਂ ਨੂੰ ਖਾਣਾ ਤੇ ਖਰਚਣਾ ਸੰਭਵ ਨਹੀਂ । ਵਾਚੋ, ਉਪ੍ਰੋਕਤ ਵੀਚਾਰਾਂ ਦੀ ਪੁਸ਼ਟੀ ਵਿੱਚ, ਗੁਰਬਾਣੀ ਵਿੱਚ ਬਖਸ਼ੀਆਂ ਗਈਆਂ ਸੇਧਾਂ :

(1) ਸ਼ਬਦ **ਬੀਚਾਰਿ**, ਭਏ ਨਿਰੰਕਾਰੀ ॥ ਗੁਰਮਤਿ ਜਾਗੇ, ਦੁਰਮਤਿ ਪਰਹਾਰੀ ॥ (ਪੰ. 904)

(2) ਗੁਰ ਕੀ ਸੇਵਾ ? ਸਬਦੁ ਵੀਚਾਰੁ ॥ ਹਉਮੈ ਮਾਰੇ, ਕਰਣੀ ਸਾਰ ॥ (ਮ. 1, ਪੰ. 223)

(3) ਕਰਤਾ ਸਭੁ ਕੋ ਤੇਰੈ ਜੋਰ ॥ ਏਕ ਸਬਦ ਬੀਚਾਰੀਐ;
ਜਾ ਤੂ, ਤਾ ਕਿਆ ਹੋਰਿ ॥ (ਮ. 1, ਪੰ. 10)

(4) ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥
ਰਤਨ ਲਾਲ, ਜਾ ਕਾ ਕਛੂ ਨਾ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥
ਖਾਵਹਿ ਖਰਚਹਿ ਰਲਿ ਮਿਲਿ ਭਾਈ ॥ ਤੋਟਿ ਨ ਆਵੈ, ਵਧਦੋ ਜਾਈ ॥
ਕਹੁ ਨਾਨਕ, ਜਿਸ ਮਸਤਕਿ ਲੇਖੁ ਲਿਖਾਇ । ਸੁ ਏਤੁ ਖਜਾਨੈ ਲਇਆ ਰਲਾਇ ॥
(ਮ. 5, ਪੰ. 156)

ਸਪਸ਼ਟ ਹੋਇਆ ਕਿ ਪਿਉ ਦਾਦੇ (ਸਤਿਗੁਰੂਆਂ) ਦਾ ਇਹ ਸ਼ਬਦ-ਰੂਪੀ ਖਜ਼ਾਨਾ ਕੇਵਲ ਵੀਚਾਰ, ਸੁਗਿਆਨ ਅਥਵਾ ਬਿਬੇਕ ਬੁੱਧ ਦੀ ਕੁੰਜੀ ਨਾਲ ਖੁਲ੍ਹਦਾ ਹੈ :—

(ੳ) ਗੁਰਮੁਖ ਨਾਦ ਬੇਦ: **ਬੀਚਾਰੁ** ॥ (ਮ. 1, ਪੰ. 932)

(ਅ) ਗੁਰਮੁਖਿ ਪਰਚੈ, ਬੇਦ ਬੀਚਾਰੀ ॥ (ਬੇਦ ਤੋਂ ਭਾਵ 'ਗਿਆਨ' ਹੈ) (ਮ. 1, ਪੰ. 141)

(ਦ) ਵਿਦਿਆ **ਵੀਚਾਰੀ**, ਤ ਪਰਉਪਕਾਰੀ ॥ (ਮ. 1, ਪੰ. 356)

(ਵਿਦਿਆ ਦੀ ਸਹੀ ਵੀਚਾਰ ਤੋਂ ਬਿਨਾਂ, ਇਨਸਾਨ ਸਾਰੇ ਸਾਧਨ ਰਖਦਾ ਹੋਇਆ ਵੀ, ਸਹੀ ਅਰਥਾਂ ਵਿੱਚ, ਸਫਲ ਉਪਕਾਰੀ ਨਹੀਂ ਬਣ ਸਕਦਾ।)

(ਸ) ਮਾਧੋ, ਅਬਿਦਿਆ ਹਿਤ ਕੀਨ ॥ ਬਿਬੇਕ ਦੀਪ ਮਲੀਨ ॥ (ਭਗਤ ਰਵਿ—486)

(ਹ) ਬਿਬੇਕ ਬੁਧੀ ਸੁਖਿ ਰੈਣਿ ਵਿਹਾਣੀ, ਗੁਰਮਤਿ ਨਾਮਿ ਪ੍ਰਗਾਸਾ ॥ (ਮ. 3, ਪੰ. 772)

(ਕ) ਬਿਬੇਕ ਬੁਧਿ ਸਤਿਗੁਰ ਤੇ ਪਾਈ, ਗੁਰ ਗਿਆਨ ਗੁਰੂ ਪ੍ਰਭ ਕੇਰਾ ॥ (ਪੰ. 711)

(ਖ) ਬਿਬੇਕ ਬੁਧਿ ਸਭ ਜਗ ਮਹਿ ਨਿਰਮਲ, ਬਿਚਰਿ ਬਿਚਰਿ ਰਸੁ ਪੀਜੈ ॥ (ਪੰ. 1325)

(ਬਿਚਰਿ ਬਿਚਰਿ ਵੀਚਾਰ ਵੀਚਾਰ ਕੇ)

(ਗ) ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ, ਖਿਨੁ ਖਿਨੁ ਹਰਿ ਨਿਤ ਚਵੈ ॥ (1114)

(ਭਾਵ ਗੁਰਮੁਖ **ਵੀਚਾਰ ਵਾਲੀ ਬੁਧੀ**) ਦੁਆਰਾ ਵੀਚਾਰ ਕੇ ਗੁਰ-ਸ਼ਬਦ ਰਾਹੀਂ ਖਿਨ ਖਿਨ (ਹਰ ਵਕਤ) ਹਰੀ ਨੂੰ ਉਚਰਦੇ (ਸਿਮਰਦੇ) ਹਨ।)

(ਘ) ਕਬੁਧਿ ਮਿਟੈ, ਗੁਰ ਸਬਦੁ ਬੀਚਾਰਿ ॥ ਸਤਿਗੁਰੁ ਭੇਟੈ, ਮੋਖ ਦੁਆਰ ॥ (ਪੰ. 144)

(ਙ) ਸਿਖੀ ਸਿਖਿਆ ਗੁਰ ਵੀਚਾਰਿ ॥ (ਪੰ. 465)

(ਭਾਵ—ਸਿੱਖਾਂ ਨੇ ਗੁਰੂ ਵੀਚਾਰ ਦੁਆਰਾ, ਇਹ ਸਿਖਿਆ ਸਿੱਖੀ ਹੈ ਕਿ......)

"ਸੂਰਜ ਪ੍ਰਕਾਸ਼" ਵਿਚ, ਜਾਪਾ, ਮੱਜਾ, ਕਨੈਯੋਂ ਆਦਿ ਸਿੱਖਾਂ ਪ੍ਰਤੀ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਦੇ ਅਰਥਾਂ ਨੂੰ ਵੀਚਾਰਨ ਉੱਤੇ ਇਉਂ ਬਲ ਦਿੰਦੇ ਹਨ :—

"ਧਰਯੋ ਅਰਥ ਜੋ ਸ਼ਬਦ ਮਝਾਰਾ ॥ ਬਾਰ ਬਾਰ ਉਹ ਕਰਹੁ ਬਿਚਾਰਾ ॥
ਕਿਆ ਗੁਰ ਕਹੈਂ, ਕਰੇ ਹਮ ਕਹਾਂ ॥ ਸਨੇ ਸਨੇ ਮੋੜੇ, ਮਨ ਮਹਾਂ ॥ (ਰਾਸ-3, ਅਧਿ. 41)

ਐਸੇ ਤਰ੍ਹਾਂ ਸ੍ਰੀ ਗੁਰੂ ਹਰਗੋਬਿੰਦ ਜੀ, ਨਿਵਲਾ ਤੇ ਨਿਹਾਲੂ ਗੁਰਸਿੱਖਾਂ ਵਲੋਂ ਆਤਮ ਗਿਆਨ ਹਿਤ ਪੁੱਛੇ ਪ੍ਰਸ਼ਨ ਦਾ ਇਉਂ ਉੱਤਰ ਦਿੰਦੇ ਹਨ :—

"ਸੁਨ ਕਰਿ, ਸ੍ਰੀ ਹਰਿ ਗੋਬਿੰਦ ਕਹੈਂ ॥ ਸਭ ਕਾਸਟ ਮੇ, ਅਗਨੀ ਰਹੈਂ ॥
ਬਿਨ ਮਥੈ, ਨਹਿ ਨਿਕਸ ਪ੍ਰਕਾਸੈ। ਕਾਰਜ ਕਰਹਿ, ਨ ਸੀਤ ਬਿਨਾਸੈ ॥
ਯਥਾ ਦੁਗਧ ਮਹਿ, ਘ੍ਰਿਤ ਮਿਲਿ ਰਹਿਯੋ। ਮਥਨ ਕਰੈ ਬਿਨ, ਕਿਨਹੁ ਨ ਲਹਯੋ ॥
ਤਿਮਿ ਸਤਿਗੁਰ ਕੇ ਸਬਦ ਮਝਾਰਾ। ਆਤਮ ਗਿਆਨ ਬਸਹਿ ਸੁਖ ਸਾਰਾ ॥
ਪਾਠ ਕਰੇ, ਹੋਵਿ ਪੁੰਨ ਮਹਾਨਾ ॥ (ਪਰ) ਨਾਹਿਨ ਪ੍ਰਾਪਤ ਆਤਮ ਗਿਆਨਾ ॥
ਜਬ ਬੀਚਾਰ ਕਰਿ ਹਿਰਦੇ ਬਸਾਵੈ। ਸਭ ਬਿਵਹਾਰਨ ਵਿਖੈ ਕਮਾਵੈ ॥
(ਤਬ) ਗਿਆਨ ਪ੍ਰਕਾਸ਼ੇ ਆਨੰਦ ਪਾਵੈ ॥ ਜਨਮ ਮਰਨ ਕੋ ਕਸ਼ਟ ਮਿਟਾਵੈ ॥

(ਸੂ. ਪ੍ਰ. ਰਾਸਿ 5, ਅਧਿ. 41)

ਇਕ ਗੁੱਜਰ ਸਿੱਖ ਨੂੰ ਦੂਜੀ ਪਾਤਸ਼ਾਹੀ ਦਾ ਉਪਦੇਸ਼ :—

"ਜਪੁਜੀ ਅਰਥ ਵਿਚਾਰਨ ਕਰੋ। ਸ੍ਵਾਸਸ੍ਵਾਸ ਅੰਤਰਿ ਨਿਤ ਧਰੋ।

ਪ੍ਰੰਤੂ, ਅਸੀਂ ਸਵੇਰੇ ਸ਼ਾਮ, ਹਰ ਅਰਦਾਸ ਉਪ੍ਰੰਤ, ਸਤਿਗੁਰੂ ਜੀ ਦੇ ਚਰਨਾਂ ਵਿਚ ਇਹ ਜੋਦੜੀ

ਜਾਂ ਕਰਦੇ ਹਾਂ ਕਿ ਉਹ ਸਾਨੂੰ, ਅੱਗੇ ਲਈ, ਸ਼ੁੱਧ ਗੁਰਬਾਣੀ-ਪਾਠ ਦਾ ਬੱਲ ਬਖਸ਼ਣ, ਪ੍ਰੰਤੂ ਸ਼ੁੱਧਤਾ ਦੀ ਗਲ ਸਮਝਣ, ਗੁਰਬਾਣੀ ਲਿਖਣ-ਵਿੱਧੀ ਤੇ ਵਿਆਕਰਣਕ ਨੇਮਾਂ ਨੂੰ ਵੀਚਾਰਨ ਤੇ ਘੋਖਣ ਲਈ ਰੱਤਾ ਭਰ ਤਰੱਦਦ ਨਹੀਂ ਕਰਦੇ । ਇਹ ਤਾਂ ਰੋਜ਼ ਤੋਬਾ ਕਰਕੇ, ਰੋਜ਼ ਤੋੜਨ ਵਾਲੀ ਗਲ ਹੋਈ। ਸ਼ਾਇਰ ਦਾ ਇਹ ਸ਼ੇਅਰ ਸਾਡੇ ਉੱਤੇ ਐਨ ਢੁੱਕਦਾ ਹੈ :—

ਲਾਖ ਬਾਰ ਤੌਬਾ ਕੀ, ਪਰ ਨ ਨਿਬਾਹੀ ਤੌਬਾ,
ਮੈਂ ਵੁਹ ਹੂੰ ਤੌਬਾ ਸ਼ਿੱਕਨ, ਕਿ ਅਲਾਹੀ, ਤੌਬਾ !

ਜੇ ਸਾਡੇ ਅੰਦਰ ਸਤਿਗੁਰੂਆਂ ਅਥਵਾ ਗੁਰਸ਼ਬਦ ਦਾ ਨਿਰਮਲ ਭਉ, ਅਦਬ, ਸਤਿਕਾਰ ਤੇ ਗੁਰਬਾਣੀ ਵਿੱਚ ਦਰਸਾਏ ਗਏ ਗੂਹੜ ਭਾਵਾਂ, ਰਹੱਸ ਤੇ ਸਫਲ ਮਾਰਗ ਨੂੰ ਜਾਨਣ ਤੇ ਦ੍ਰਿੜ ਕਰਨ ਦੀ ਰੀਝ ਹੈ, ਤਾਂ ਸਾਨੂੰ ਗੁਰਬਾਣੀ-ਗੁਰਸਾਗਰ ਵਿਚ ਵੀਚਾਰ ਦੀਆਂ ਡੂੰਘੀਆਂ ਚੁੱਭੀਆਂ ਲਾਉਣੀਆਂ ਹੀ ਪੈਣਗੀਆਂ । ਗੁਰਬਾਣੀ ਦਾ ਪਾਠ ਤਾਂ ਗੁਰ-ਸਾਗਰ ਦੀ ਉਪਰਲੀ ਸਤਹ ਤੇ ਤੈਰਨ ਵਤ ਹੈ, ਪਰ ਵੀਚਾਰ ਗਹਿਰੀ ਚੁੱਭੀ ਹੈ ਜਿਸ ਸਦਕਾ, ਨਾਮ-ਰੂਪੀ ਰਤਨ ਪਦਾਰਥ, ਹਥ ਲਗਦੇ ਹਨ, ਗੁਰਵਾਕ ਹੈ :—

'ਗੁਰਸਾਗਰੁ ਰਤਨੀ ਭਰਪੂਰੇ' ॥ ਅੰਮ੍ਰਿਤੁ ਸੰਤ ਚੁਗਹਿ, ਨਹ ਦੂਰੇ ॥ (ਪ. 685)

ਅਤੇ ਅਧਿਆਤਮਕ ਚੁੱਭੀਆਂ ਲਗ ਸਕਦੀਆਂ ਹਨ, ਗੁਰਬਾਣੀ-ਅਰਥਾਂ ਤੇ ਡੂੰਘੇ ਭਾਵਾਂ ਤੱਕ ਪਹੁੰਚ ਕੇ। ਡੂੰਘੇ ਭਾਵਾਂ ਤਕ ਪਹੁੰਚਣ ਲਈ ਸ਼ੁੱਧ ਉਚਾਰਣ (ਸਹੀ ਤਲੱਫ਼ਜ਼) ਦੀ ਲੋੜ ਹੈ, ਜੋ ਕੇਵਲ ਤੇ ਕੇਵਲ ਗੁਰਬਾਣੀ ਦੀ ਲਿਖਣ-ਸ਼ੈਲੀ ਅਥਵਾ ਵਿਧੀ ਅਤੇ ਇਸਦੇ ਵਿਆਕਰਣਕ ਨੇਮਾਂ ਤੋਂ ਚੰਗੀ ਤਰ੍ਹਾਂ ਜਾਣੂ ਹੋਇਆਂ ਹੀ ਸੰਭਵ ਹੋ ਸਕਦਾ ਹੈ । ਇਹ ਨੁਕਤਾ ਸਮਝਣ ਲਈ, ਹੇਠਾਂ, ਗੁਰਬਾਣੀ ਵਿਚੋਂ ਕੁਝ ਕੁ ਉਦਾਹਰਣਾਂ ਪੇਸ਼ਿ ਖ਼ਿਦਮਤ ਹਨ :—

(1) "ਇਕ, ਇਕੁ ਤੇ ਇਕਿ" ਦੇ ਤਿੰਨਾਂ ਰੂਪਾਂ ਦਾ **ਉਚਾਰਣ ਤੇ ਮਾਤ੍ਰਾਂ ਸਮਾਨ ਹਨ;** ਪ੍ਰੰਤੂ ਇਸ ਦੀ ਵਰਤੋਂ ਤੇ ਅਰਥਾਂ ਵਿੱਚ ਫਰਕ ਹੈ; ਜਿਵੇਂ :—

ਇਕ : (ਇਕ ਵਚਨ, ਇਸਤ੍ਰੀ ਲਿੰਗ) :—

(ੳ) ਸਹਸ ਸਿਆਣਪਾਂ ਲਖ ਹੋਹਿ, ਤ **ਇਕ ਨ ਚਲੈ** ਨਾਲਿ । (ਜਪੁ)

(ਅ) **ਇਕ ਅਰਦਾਸਿ** ਭਾਟ ਕੀਰਤਿ ਕੀ ......

ਇਕੁ : (ਇਕ ਵਚਨ ਪੁਲਿੰਗ) ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ । (ਉਹੀ)

ਇਕਿ : (ਬਹੁਵਚਨ)—

(ੳ) ਇਕਨਾ ਹੁਕਮੀ ਬਖਸੀਸ, **ਇਕਿ** ਹੁਕਮੀ ਸਦਾ ਭਵਾਈਅਹਿ ॥ (ਜਪੁਜੀ)

(ਅ) ਇਕਿ ਸੰਗਿ ਹਰਿ ਕੈ, ਕਰਹਿ ਰਲੀਆਂ......... ।

(2) ਕਾਮਣਿ (ਇਸਤ੍ਰੀ) ਕਾਮਣ (ਟੂਣੇ)

ਕਾਮਣਿ ਤਉ ਸੀਗਾਰ ਕਰਿ, ਜਾਂ ਪਹਿਲਾਂ ਕੰਤ ਮਨਾਇ ॥ (ਮ. ੩, ਪੰ. 788)

ਕਾਮਣ ਟੂਣਾ ਆਉ ਸਖੀ, ਗੁਣ **ਕਾਮਣ ਕਰਹੀਹਾਂ ਜੀਉ** ॥ (ਮ: ੩)

(ਹੇ ਸਖੀ, ਆਵੋ, ਕੰਤ ਨੂੰ ਰੀਝਾਉਣ ਲਈ ਗੁਣਾਂ ਦਾ ਟੂਣਾ ਕਰੀਏ—ਆਪਣੇ ਅੰਦਰ ਗੁਣ ਵਸਾਈਏ) ਪਹਿਲਾਂ, (ਕਾਲ ਵਾਚਕ) ਕ੍ਰਿਆ ਵਿਸ਼ੇਸ਼ਣ ਹੈ ।

ਨੋਟ—ਵੇਖੋ ਪਦ ਪਹਿਲਾਂ ਤੇ ਪਹਿਲਾ ਦੇ ਜੋਤ ਵਿਚਲੇ ਫਰਕ ਨੂੰ ਸਮਝਣਾ ਜ਼ਰੂਰੀ ਹੈ। ਪਹਿਲਾਂ ਕਾਲਵਾਚਕ ਕਿਰਿਆ ਵਿਸ਼ੇਸ਼ਣ ਹੈ; ਜਦ ਕਿ "ਪਹਿਲਾ" ਕ੍ਰਮਵਾਚਕ ਵਿਸ਼ੇਸ਼ਣ ਹੈ। ਸੰਬੰਧਤ ਤੁਕ ਵਿਚ ਗੁਰੂ ਜੀ ਨੇ ਇਸ ਅੰਤਰ ਨੂੰ ਸਾਹਮਣੇ ਰਖਦਿਆਂ ਖ਼ੁਦ ਬਾਣੀ ਵਿਚ "ਪਹਿਲਾਂ" ਹੀ ਅੰਕਿਤ ਕੀਤਾ ਹੈ। ਜੇ ਹੋਰਥੇ ਵੀ ਏਸੇ ਭਾਵ ਦੇ ਪਾਠ ਹੋਵਣ ਤਾਂ ਓਥੇ ਵੀ ਗੁਰੂ ਜੀ ਵਲੋਂ ਦਿਤੇ ਗਏ ਸੰਕੇਤ ਅਨੁਸਾਰ ਉਚਾਰਣ ਬਿੰਦੀ ਲਾ ਕੇ ਜਾਂ ਬਿੰਦੀ-ਰਹਿਤ (ਲੋੜ ਅਨੁਸਾਰ) ਸ਼ੁੱਧ ਪਾਠ ਕਰਨਾ ਹੈ।

ਪਹਿਲਾਂ ਕੰਤ ਮਨਾਉਣ ਦੇ ਅਰਥ-ਭਾਵ ਵਲ ਪੰਜਵੇਂ ਗੁਰੂ ਜੀ ਹੋਰਥੇ, ਇਉਂ ਸੰਕੇਤ ਕਰਦੇ ਹਨ:

"ਸਖੀ ਕਾਜਲ ਹਾਰ ਤੰਬੋਲ, ਸਭੈ ਕਿਛੁ ਸਾਜਿਆ ॥
ਸੋਲਹ ਕੀਏ ਸੀਗਾਰ ਕਿ ਅੰਜਨੁ ਪਾਜਿਆ ॥ (ਪੰ. 1361)
ਜੇ ਘਰਿ ਆਵੈ ਕੰਤੁ, ਤ ਸਭੁ ਕਿਛੁ ਪਾਈਐ ॥
ਹਰਿਹਾਂ, ਕੰਤੈ ਬਾਝੁ ਸੀਗਾਰੁ ਸਭੁ ਬਿਰਥਾ ਜਾਈਐ ॥

(3) (ੳ) ਮੇਰਾ ਸੁੰਦਰੁ, ਕਹਹੁ, ਮਿਲੈ ਕਿਤੁ **ਗਲੀ**। (ਪੰ. 527)
(ਅ) **ਗਲੀ** (ਗਲੀਂ) ਜਿਨ੍ਹਾਂ ਜਪਮਾਲੀਆਂ, ਲੋਟੇ ਹਥਿ ਨਿਬਗ ॥ (ਪੰ. 476)
(ੲ) **ਗਲੀ** (ਗੱਲੀਂ) ਭਿਸਤਿ ਨ ਜਾਈਐ, ਛੁਟੈ-ਸਚੁ ਕਮਾਇ ॥ (ਪੰ. 141)
(ਸ) **ਗੱਲੀਂ** ਸੁ ਸਜਣ ਵੀਹ, ਇਕੁ ਢੂੰਢੇਂਦੀ ਨਾ ਲਹਾਂ ॥ (ਪੰ. 1382)
(ਹ) ਗੱਲੀਂ ਅਸੀਂ ਚੰਗੀਆਂ ਆਚਾਰੀਂ ਬੁਰੀਆਂ ॥ (ਪੰ. 85)
(ਕ) ਮੈਂ ਗੁਣ ਗਲਾ (ਗੱਲਾਂ) ਕੇ ਸਿਰਿ ਭਾਰੁ ॥
ਗਲੀ ਗਲਾ (ਗੱਲੀਂ ਗੱਲਾਂ) ਸਿਰਜਣਹਾਰ ॥ (ਮ. 1, ਪੰ. 351)
(ਖ) ਗਲਾ (ਗੱਲ੍ਹਾਂ) ਪਿਟੰਨਿ ਸਿਰੁ ਖੋਹੰਨਿ ॥ (ਮ. 1, ਪੰ. 1410)

ਟਿੱਪਣੀ :

ਵੇਖੋ, ਏਥੇ "ਗਲੀ" ਪਦ ਸੱਤ ਵੇਰਾਂ ਆਇਆ ਹੈ : ਪ੍ਰੰਤੂ ਅਰਥ ਤੇ ਭਾਵ ਨੂੰ ਮੁਖ ਰਖ ਕੇ ਇਸ ਦਾ ਸ਼ੁੱਧ ਉਚਾਰਨ ਤੇ ਅਰਥ ਇਉਂ ਹੋਵੇਗਾ : ਅੰਕ (ੳ) ਵਿਚ "ਗਲੀ" (ਘਰ ਦੇ ਨੇੜੇ ਦਾ ਤੰਗ ਰਸਤਾ), ਅੰਕ (ਅ) ਵਿੱਚ "ਗਲੀਂ" (ਗਲਾਂ ਵਿੱਚ, ਗਰਦਨ ਉਦਾਲੇ) ਅਤੇ ਅੰਕ "ੲ, ਸ, ਤੇ ਹ" ਵਿਚ "ਗੱਲੀਂ" (ਕੇਵਲ ਗੱਲਾਂ ਨਾਲ)। ਏਸੇ ਤਰ੍ਹਾਂ ਅੰਕ (ਕ) ਵਿੱਚ ਆਏ ਪਦ "ਗਲਾ" ਨੂੰ "ਗੱਲਾਂ" ਕਰਕੇ ਉਚਾਰਣ ਕਰਨਾ ਹੈ ਤੇ ਅੰਕ (ਖ) ਵਿੱਚ ਗੱਲ੍ਹਾਂ ਕਰਕੇ।

ਏਥੇ ਵਿਸ਼ੇਸ਼ ਕਰਕੇ ਨੋਟ ਕਰਨ ਵਾਲੀ ਗਲ ਇਹ ਹੈ ਕਿ ਅੰਕ (ਸ) ਤੇ (ਹ) ਵਿੱਚ ਗੱਲੀਂ (ਕੇਵਲ ਗੱਲਾਂ ਨਾਲ) ਪਦ ਦੇ ਲ ਨੂੰ ਗੁਰਬਾਣੀ ਵਿੱਚ **ਪਹਿਲਾਂ ਹੀ ਬਿੰਦੀ** ਲਾ ਕੇ ਸੰਕੇਤ ਦੇ ਦਿੱਤਾ ਹੈ ਕਿ ਇਸ ਲਫਜ਼ ਨੂੰ ਜਦੋਂ ਵੀ ਇਹ ਗੱਲਾਂ ਦੇ ਅਰਥਾਂ ਵਿਚ ਆਵੇ ਤਾਂ ਹਰ ਥਾਂ ਬਿੰਦੀ ਲਾ ਕੇ ਸ਼ੁੱਧ ਉਚਾਰਣ ਕਰਨਾ ਹੈ। ਅੱਧਕ ਦੀ ਵਰਤੋਂ ਪ੍ਰਗਟ ਸਰੂਪ ਵਿਚ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਥਾਂ ਵੀ ਨਹੀਂ; ਪ੍ਰੰਤੂ ਇਸ ਦੀ ਵਰਤੋਂ ਕੀਤੇ ਬਿਨਾਂ ਗੁਜ਼ਾਰਾ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਅੰਕਿਤ ਬਾਣੀਆਂ ਦੀਆਂ, ਘੱਟੋ ਘੱਟ ਅੱਧੀਆਂ ਤੁਕਾਂ ਐਸੀਆਂ ਹਨ, ਜਿਨ੍ਹਾਂ ਦੇ

ਜਿਸੇ ਨ ਕਿਸੇ ਲਫਜ਼ ਨੂੰ ਅੱਧਕ ਜਾਂ ਬਿੰਦੀ ਲਾਏ ਤੋਂ ਬਿਨਾਂ ਸ਼ੁੱਧ ਪਾਠ ਕਰ ਸਕਣਾ ਸੰਭਵ ਨਹੀਂ। ਦਿਲਚਸਪ ਗਲ ਇਹ ਹੈ ਕਿ ਬਿੰਦੀ ਨਾ ਲਾਕੇ ਉਚਾਰਨ ਕਰਨ ਵਾਲੇ ਸਾਰੇ ਲੋਕ ਹੀ, ਅੱਧਕ ਦੀ ਵਰਤੋਂ, ਕੋਲੋਂ ਲਾ ਕੇ ਕਰਦੇ ਤੇ ਸ਼ੁੱਧ ਪਾਠ ਕਰਦੇ ਹਨ। ਉਦਾਹਰਣ ਵੱਜੋਂ, ਭਲਾ ਦੱਸੋ ਕਿ ਐਸੇ ਸੱਜਣ ਇਹਨਾਂ ਪਦਾਂ ਦਾ ਕਿਵੇਂ ਭਾਵਪੂਰਤ ਉਚਾਰਣ ਕਰਨਗੇ :—ਡਡਾ (ਡੱਡਾ), ਕਕਾ (ਕੱਕਾ), ਚਚਾ (ਚੱਚਾ), ਪੁਤ੍ਰ (ਪੁੱਤ੍ਰ), ਸੁਤ (ਸੁੱਤ), ਛੁੱਤੇ), ਮੁਸਲਾ (ਮੁਸੱਲਾ), ਮੁਹਬਤ (ਮੁਹੱਬਤ) ਸਚ (ਸੱਚ), ਚੁਪੈ ਚੁਪ (ਚੁੱਪੈ ਚੁੱਪ), ਲਖ (ਲੱਖ), ਵਿਦਿਆ (ਵਿੱਦਿਆ), ਇਕ (ਇੱਕ), ਅਖਰੀ (ਅੱਖਰੀਂ) ਸੁਣਿ ਗਲਾਂ (ਸੁਣਿ ਗੱਲਾਂ), ਉਤਮੁ (ਉੱਤੱਮੁ), ਉਜਲੇ (ਉੱਜਲੇ), ਅਫਲ (ਅੱਫਲ), ਅਟਲ (ਅਟੱਲ), ਭਉ ਵਟੀ (ਵੱਟੀ), ਰਤਾ (ਰੱਤਾ), ਉਦਮੁ (ਉੱਦਮ), ਖਿਸੈ (ਖਿੱਸੈ) ਆਦਿ ਆਦਿ।

(4) ਜੋ ਤੁਧੁ ਭਾਵੈ ਸਾਈ (ਉਹੋ ਹੀ) ਭਲੀਕਾਰ ॥ (ਜਪੁਜੀ)
ਸਾਈ (ਸਾਂਈਂ=ਮਾਲਕ, ਵਾਹਿਗੁਰੂ) ਨਾਮ ਅਮੋਲ, ਕੀਮ ਨਾ ਕੋਈ ਜਾਣਦੋ॥ਪੰ. 81

(5) (ੳ) ਡੱਡਾ ਡਰੁ ਉਪਜੈ ਡਰੁ ਜਾਈ ॥ (ਪ. 341)
(ਅ) ਹੰਸਾ ਹੀਰਾ ਮੋਤੀ ਚੁਗਣਾ, ਬਗੁ ਡੱਡਾ ਭਾਲਣ ਜਾਵੈ ॥ (ਪੰ. 960)
ਅੰਕ (ੳ) ਵਿੱਚ ਪਦ ਡੱਡਾ ਕਰਕੇ ਪੜ੍ਹਨਾ ਹੈ; ਅਰਥ ਹਨ ਗੁਰਮੁਖੀ ਵਰਣ-ਮਾਲਾ ਦਾ ਇੱਕ ਅੱਖਰ; ਪਰ ਅੰਕ (ਅ) ਵਿਚ ਡਡਾ ਨੂੰ ਡੱਡਾਂ ਕਰਕੇ। ਇਸ ਦੇ ਅਰਥ ਹਨ ਡੱਡੀਆਂ।

(6) ਗੁਨ ਕੀਰਤਿ ਨਿਧਿ ਮੋਰੀ। (ਮੋਰੀ=ਮੇਰੀ) (ਪੰ. 213)
ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣੁ ਆਇਆ। (ਪੰ. 557)
ਮੋਰੀ=ਮੋਰੀਂ, ਮੋਰਾਂ ਨੇ। (ਦਿਸਦਾ ਰੂਪ ਦੋਹੀਂ ਥਾਂਈਂ ਸਮਾਨ ਹੈ ਪਰ ਉਚਾਰਣ ਤੇ ਅਰਥਾਂ ਵਿੱਚ ਵੱਡਾ ਅੰਤਰਿ।)

(7) (ੳ) ਕੂੜਾ ਸਉਦਾ ਕਰਿ ਗਏ, **ਗੋਰੀ** (ਗੋਰੀਂ=ਕਬਰਾਂ ਵਿੱਚ) ਆਇ ਪਏ।
(ਪੰ. 1380)
(ਅ) ਪਾਨੀ ਮੈਲਾ, ਮਾਟੀ **ਗੋਰੀ**। (ਗੋਰੀ=ਸੁਰਖ, ਲਾਲ)
(ੲ) **ਗੋਰੀ** ਸੇਤੀ ਤੁਟੈ ਭਤਾਰੁ। (ਗੋਰੀ=ਸੁੰਦਰ ਨਾਰੀ)

(8) ਸੋ ਬੋਲਹਿ, ਜੋ ਪੇਖਹਿ ਆਖੀ ॥ (ਆਖੀ=ਆਖੀਂ—ਅੱਖਾਂ ਨਾਲ)। (ਪੰ. 894)

(9) ਦਾਤੀ ਸਾਹਿਬ ਸੰਦੀਆਂ, ਕਿਆ ਚਲੈ ਤਿਸ ਨਾਲਿ। ਦਾਤੀ=ਦਾਤੀਂ-ਦਾਤਾਂ।

(10) ਦੇਦਾ ਦੇ ਲੈਦੇ ਥਕਿ ਪਾਹਿ। (ਜਪੁਜੀ)
ਸ਼ੁੱਧ ਤੇ ਸਾਰਥਕ ਉਚਾਰਣ ਹੋਵੇਗਾ :—ਦੇਂਦਾ ਦੇ, ਲੈਂਦੇ ਥਕਿ ਪਾਹਿਂ ॥
ਅਰਥ ਹਨ :—ਵਾਹਿਗੁਰੂ ਜੀਵਾਂ ਨੂੰ ਇਨੀਆਂ ਦਾਤਾਂ ਬਖਸ਼ਦਾ ਹੈ ਕਿ ਜੀਵ ਲੈਂਦੇ ਲੈਂਦੇ ਥੱਕ ਜਾਂਦੇ ਹਨ।

(12) (ੳ) ਗਾਛਹੁ ਪੁਤ੍ਰੀ ਰਾਜ ਕੁਆਰਿ ॥ ਪੁਤ੍ਰੀ=ਪੁੱਤ੍ਰੀ=ਬੇਟੀ। (ਪੰ. 1187)
(ਅ) ਪੁਤ੍ਰੀ ਕਉਲੁ ਨ ਪਾਲਿਓ, ਕਰਿ ਪੀਰਹੁ ਕੰਨ ਮੁਰਟੀਐ ॥ (ਪੰ. 967)

(ਪੁਤ੍ਰੀ=ਪੁੱਤ੍ਰੀਂ –ਪੁੱਤਰਾਂ ਨੇ। ਪੀਰਹੁੰ=ਪੀਰ ਤੋਂ, ਸ੍ਰੀ ਗੁਰੂ ਦੇਵ ਜੀ ਤੋਂ।
ਮੁਰਟੀਐ— ਮੁਰੱਟੀਐਂ, ਮੌੜ ਗਏ।

ਸਾਰੀ ਤੁਕ ਦਾ ਅਰਥ-ਭਾਵ ਹੋਇਆ : ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੋਹਾਂ ਪੁੱਤਰਾਂ ਨੇ ਨਵੇਂ ਬਾਪੰ ਪੀਰ (ਸ੍ਰੀ ਗੁਰੂ ਅੰਗਦ ਦੇਵ ਜੀ) ਵੱਲੋਂ ਪਾਸਾ ਮੋੜ ਲਿਆ, ਤੇ ਇਸ ਤਰ੍ਹਾਂ ਕਰਕੇ ਪਿਤਾ ਗੁਰੂ ਦੀ ਆਗਿਆ ਨ ਮੰਨੀ।

ਗੁਰਬਾਣੀ ਦੀ ਲਿਖਤ-ਵਿਧੀ ਵਿੱਚ ਨੋਟ ਕਰਨ ਵਾਲੀ ਗਲ ਇਹ ਵੀ ਹੈ ਕਿ ਏਥੇ ਇੱਕੋ ਸ਼ਬਦ ਨੂੰ ਕਦੀ ਬਿੰਦੀ-ਸਹਿਤ ਲਿਖਿਆ ਤੇ ਕਦੀ ਬਿੰਦੀ-ਰਹਿਤ; ਪ੍ਰੰਤੂ ਅਰਥ ਭਾਵ ਸੌ ਫੀਸਦੀ ਇੱਕੋ ਹੈ। ਇਹ ਇੱਕ ਤਰ੍ਹਾਂ ਨਾਲ ਦੂਜੀ ਥਾਂ ਵੀ **ਬਿੰਦੀ ਲਾ ਕੇ ਉਚਾਰਣ ਦਾ ਸੰਕੇਤ ਹੈ।** ਵੰਨਗੀ ਵਜੋਂ ਕੁਛ ਉਦਾਹਰਣ ਹਾਜ਼ਰ ਹਨ :—

(1) ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸ **ਮਾਹਿ** ॥ (ਵਾਰ ਆਸਾ)
(2) ਨਾਨਕ ਗੁਰਮੁਖਿ ਐਸਾ ਜਾਣੈ ਪੂਰੇ **ਮਾਂਹਿ ਸਮਾਂਹੀ** ॥ (1412)

ਅ. (1) ਆਖਾਂ **ਜੀਵਾ**, ਵਿਸਰੈ ਮਰਿ ਜਾਉ ॥ (ਮ. 1, ਰਹਿਰਾਸਿ)
(2) ਨਾਨਕ, ਨਾਮ **ਮਿਲੈ ਤਾਂ ਜੀਵਾਂ** ਤਨੁ ਮਨੁ ਥੀਵੈ ਹਰਿਆ। (ਪੰ. 1229)
(3) ਧਰਤੀ **ਤਾ** ਹੀਰੇ ਲਾਲ ਜੜਤੀ ..... (ਮ. 1-14)

ੲ. (1) **ਦੇਦਾ** ਦੇਹ ਲੈਦੇ ਥਕਿ ਪਾਹਿ ॥ (ਤ/ਜਪੁਜੀ)
(2) ਦੇਂਦਾ ਨਰਕਿ ਸੁਰਗ ਲੈਦੇ ਦੇਖਹੁ ਇਹ ਧਿਙਾਣਾ ॥ (ਮ. 1-1290)
(3) ਦੇਂਦੇ ਥਾਵਹੁ ਦਿਤਾ ਚੰਗਾ ...... ॥ (138)

ਸ. (1) ਨਦਰਿ ਉਪੱਠੀ ਜੇ ਕਰੇ **ਸੁਲਤਾਨਾ** ਘਾਹੁ ਕਰਾਇੰਦਾ। (ਪੰ. 16, ਵਾਰ ਆਸਾ)
(2) ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ **ਸੁਲਤਾਨਾਂ** ॥ (ਮ. 1-1290)

ਹ. (1) ਸੁਣ **ਪਾਡੇ** ਕਿਆ ਲਿਖਹੁ ਜੰਜਾਲਾ ॥ (ਮ. 1-930)
(2) **ਪਾਂਡੇ** ਤੂ ਜਾਣੈ ਹੀ ਨਾਹੀ ਕਿਥਹੁ ਮਾਸ ਉਪੰਨਾ ॥ (ਮ. 1-1290)

ਬਿੰਦੀਆਂ ਬਾਰੇ, ਭਾਈ ਸੰਤੋਖ ਸਿੰਘ ਜੀ : ਪੁੱਛਣ ਉਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਿੱਤਾ ਉੱਤਰ, "ਗਰਬ ਗੰਜਨੀ" (ਟੀਕਾ ਜਪੁਜੀ) ਵਿਚ, ਐਉਂ ਅੰਕਿਤ ਕਰਦੇ ਹਨ— "ਇਸ ਸਰੂਪ ਵਿੱਚ ਹੁਣ ਕੋਈ ਅਦਲਾ ਬਦਲੀ ਨਹੀਂ ਹੋ ਸਕਦੀ। ਜੋ ਸਿਖ **ਵਿਚਾਰ ਕੇ ਧਿਆਨ ਨਾਲ ਪੜ੍ਹਨਗੇ, ਉਹ ਬਿੰਦੇ ਸਹਿਤ ਸ਼ੁੱਧ ਪਾਠ ਕਰਨਗੇ।"** (ਸਟੀਕ, ਪੰ. 136)

ਕ. (1) **ਨਾਉ** ਤੇਰਾ ਨਿਰੰਕਾਰ ਹੈ ......। (ਪੰ. 465)
(2) ਸਚਿ ਪਉੜੀ ਸਾਚਉ ਮੁਖਿ **ਨਾਂਉ** ॥ (ਪੰ. 352)
(ਨੰ. 2 ਵਾਲੇ ਨਾਉਂ ਦੁਆਰਾ ਬਿੰਦੀ ਲਾਉਣ ਦਾ ਸੰਕੇਤ ਹੈ।)

ਜੇਹੜੇ ਲੋਕ ਬਿਨਾਂ ਵੀਚਾਰੇ, ਇਹ ਹੱਠ ਕਰਦੇ ਹਨ ਕਿ ਗੁਰਬਾਣੀ ਜਿਵੇਂ ਲਿਖੀ ਦਿਸਦੀ ਹੈ, ਉਸ ਨੂੰ ਓਵੇਂ ਹੀ ਪੜ੍ਹਨਾ ਯੋਗ ਹੈ, ਅਤੇ ਇਸ ਵਿੱਚ ਭਾਵ-ਅਰਥ ਨੂੰ ਸਮਝਕੇ ਅੱਧਕ ਜਾਂ ਬਿੰਦੀ

ਲਾਕੇ ਪਾਠ ਕਰਨਾ ਵਿਵਰਜੱਤ ਹੈ, ਉਹਨਾਂ ਪਾਸ ਇਹਨਾਂ ਗੱਲਾਂ (ਸਮੱਸਿਆਵਾਂ ਔਕੜਾਂ, ਪੇਚੀਦਗੀਆਂ) ਦਾ ਕੋਈ ਉੱਤਰ ਨਹੀਂ; ਭਲਾ ਦੱਸੋ :—

(ੳ) **ਸੁੋਹਾਗਿਣ ਜੁੋਅਨੀ, ਸੁੋਹੇਲਾ, ਗੁੋਬਿੰਦ, ਲੁੋਭਾਨ** ਆਦਿ ਪਦਾਂ ਵਿਚ ਇੱਕੋ ਇੱਕੋ ਅੱਖਰ ਨੂੰ ਲੱਗੇ ਔਂਕੜ ਤੇ ਹੋੜੇ ਦਾ ਉਚਾਰਨ, ਇੱਕੋ ਸਮੇਂ ਕਰਨਾ ਕਿਵੇਂ ਸੰਭਵ ਹੈ ? ਛੰਦ ਦੀ ਚਾਲ ਤੇ ਮਾਤਰਾਂ ਦੀ ਗਿਣਤੀ ਨੂੰ ਕਾਇਮ ਰੱਖਣ ਲਈ ਬਾਣੀ ਵਿਚ ਵਰਤੇ ਗਏ ਕਿਸੇ ਨੇਮ ਦਾ ਸਹਾਰਾ ਲੈਣਾ ਹੀ ਪਵੇਗਾ।

(ਅ) ਹੈਰਾਨੀ ਵਾਲੀ ਗਲ ਹੈ ਕਿ ਐਸੀ ਵੀਚਾਰ ਵਾਲੇ ਸੱਜਣ ਗੁਰੂ ਵਿਅਕਤੀਆਂ ਨਾਲ ਆਏ ਮਹਲਾ ਦਾ ਉਚਾਰਣ ਤਾਂ "ਮਹੱਲਾ" ਕਰਦੇ ਤੇ ਨਿੱਜ ਮੱਤ ਵਰਤਦੇ ਹਨ : ਪ੍ਰੰਤੂ ਜਦ ਇਹੀ "ਮਹਲਾ" ਪਦ ਸੈਂਕੜੇ ਵਾਰ ਗੁਰਬਾਣੀ ਵਿਚ ਆਉਂਦਾ ਹੈ ਤਾਂ ਇਸ ਨੂੰ ਅੱਧਕ ਲਾ ਕੇ ਉਚਾਰਣੋਂ ਸੰਕੋਚ ਕਰਦੇ ਹਨ। ਹੋਰ, ਜਦ "ਮਹਲੁ" ਪਦ ਗੁਰੂ ਵਿਅਕਤੀਆਂ ਨਾਲ ਵੀ ਆਉਂਦਾ ਹੈ; ਜਿਵੇਂ—ਸ੍ਰੀ ਰਾਗੁ ਮਹਲੁ ੧ (ਪੰਨਾ 16), ਸ੍ਰੀ ਰਾਗੁ ਮਹਲੁ ੧ (ਪੰਨਾ 18) ਤਾਂ ਇਸ ਨੂੰ ਅੱਧਕ ਲਾਏ ਬਿਗੈਰ ਉਚਾਰਣ ਕੀਤਾ ਜਾਂਦਾ ਹੈ, ਦਰਸ਼ਨ ਦੇ ਰਹੇ ਸਰੂਪ ਵਿੱਚ ਹੀ।

(ੲ) "ਮਹਲਾ" ਪਦ ਨਾਲ ਆਏ ਅੰਕਾਂ ਨੂੰ ਦਿਸਦੇ ਰੂਪ ਵਿਚ 1,2,3,4,5,9 ਉਚਾਰਣ ਦੀ ਥਾਂ, ਦਰੁਸਤ ਤੌਰ ਉੱਤੇ, ਪਹਿਲਾ, ਦੂਜਾ, ਤੀਜਾ, ਚੌਥਾ, ਪੰਜਵਾਂ ਤੇ ਨੌਂਵਾਂ ਉਚਾਰਿਆ ਜਾਂਦਾ ਹੈ। ਐਸਾ ਕਿਉਂ ? ਉੱਤਰ ਮਿਲੇਗਾ ਕਿ ਇਹਨਾਂ ਦੇ ਸ਼ੁੱਧ ਉਚਾਰਣ ਦਾ ਸੰਕੇਤ ਗੁਰਬਾਣੀ ਵਿੱਚ ਇਉਂ ਪ੍ਰਾਪਤ ਹੈ :—

1. ਰਾਗੁ ਸਿਰੀ ਰਾਗ ਮਹਲਾ ੧ **ਪਹਿਲਾ** (ਪੰ. 14)
2. ਗੂਜਰੀ ਮਹਲਾ ੩ **ਤੀਜਾ** (ਪੰ. 492)
3. ਸੋਰਠਿ ਮਹਲਾ ੩ **ਤੀਜਾ** (ਪੰ. 604)
4. ਵਡਹੰਸ ਮਹਲਾ ੩ **ਮਹਲਾ ਤੀਜਾ** (ਪੰ. 542)
5. ਸਿਰੀਰਾਗੁ ਮਹਲਾ ੧, ਪਹਿਲਾ, ਘਰੁ, ੨, **ਦੂਜਾ** (ਪੰ. 23)

ਆਖ਼ਰ, ਬਾਣੀ ਦੇ ਸ਼ੁੱਧ ਉਚਾਰਣ ਤੇ ਸਹੀ ਅਰਥ-ਭਾਵ ਦੀ ਗਲ ਗੁਰਬਾਣੀ ਦੀ ਲਿਖਤ-ਵਿਧੀ ਦੇ ਨੇਮਾਂ, ਸੰਕੇਤਾਂ ਤੇ ਵਿਆਕਰਣਕ ਨੇਮਾਂ ਆਦਿ ਉੱਤੇ ਹੀ ਆ ਕੇ ਨਿਬੜਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲਿਖਤ ਸੰਬੰਧੀ ਜੇ ਕੇਵਲ ਇਸ ਇੱਕ ਨੁਕਤੇ ਬਾਰੇ ਸਰਬਸੰਮਤੀ ਨਾਲ ਨਿਰਣਾ, ਫ਼ੈਸਲਾ ਹੋ ਜਾਵੇ ਕਿ ਗੁਰਬਾਣੀ ਦੀ ਇਕ ਖ਼ਾਸ ਲਿਖਣ ਵਿਧੀ ਅਥਵਾ ਸ਼ੈਲੀ ਹੈ, ਸਭ ਸਿਦਕ-ਦਿਲੀ ਨਾਲ ਮੰਨ ਜਾਣ ਕਿ ਅਰਥ-ਭਾਵਾਂ ਦੀ ਸਪਸ਼ਟਤਾ ਲਈ ਇਸ ਦੀ ਲਿਖਤ-ਵਿਧੀ ਵਿੱਚ ਕੁਝ ਨੇਮਾਂ (ਚਾਹੇ ਉਹਨਾਂ ਨੂੰ ਵਿਆਕਰਣਕ ਨੇਮਾਂ ਦਾ ਨਾਮ ਦਿਓ ਜਾਂ ਕੁਝ ਹੋਰ) ਦੀ ਵਰਤੋਂ ਹੈ, ਤਾਂ ਇਸ ਨੂੰ ਪੜ੍ਹਨ, ਸਮਝਣ, ਵੀਚਾਰਨ ਤੇ ਅਮਲਾਉਣ ਵਿਚ ਸੁਖਾਲ ਤੇ ਇਕਸਾਰਤਾ ਹੋ ਸਕਦੀ ਹੈ। "ਇਕਾ ਬਾਣੀ ਇਕੁ ਗੁਰੁ, ਇਕੋ ਸ਼ਬਦੁ ਵੀਚਾਰਿ ਦਾ ਗੁਰੂ-ਆਸ਼ਾ ਜਿਸ ਵਿਚ ਖਾਲਸੇ ਦੀ ਚੜ੍ਹਦੀ ਦਾ ਭੇਦ ਬੰਦ ਹੈ, ਮੂਰਤੀਮਾਨ ਹੋ ਸਕਦਾ ਹੈ। ਕੀ ਇਹ ਅਤਿ ਸ਼ੋਕ, ਹਿਰਖ, ਅਭਾਗ ਤੇ ਦੁੱਖ ਦੀ ਗੱਲ ਨਹੀਂ, ਕਿ ਸਮੂਹ ਸਿਖ ਜਗਤ ਦੀ ਇਸ, ਸ਼ਾਹ ਰੱਗ ਥੀਂ ਵਧੀਕ ਜ਼ਰੂਰੀ

ਮਾਮਲੇ ਬਾਰੇ ਵੀ ਸਰਬ ਸੰਮਤੀ ਨ ਹੋਵੇ ? ਜੇ ਹਰ ਸਿੱਖ ਸੰਪ੍ਰਦਾਇ ਤੇ ਪੰਥ-ਹਿਤੂ ਸਿਖ ਟਕਸਾਲਾਂ ਆਪਣੇ ਆਪਣੇ ਦ੍ਰਿਸ਼ਟੀਕੋਣ ਤੇ ਮਨੌਤ ਅਨੁਸਾਰ ਗੁਰਬਾਣੀ ਦੇ ਅਰਥ ਤੇ ਭਾਵ ਕੱਢੇ, ਅਤੇ ਵੱਖ ਵੱਖ ਰਹੁਰੀਤ ਅਪਣਾਵੇ ਤਾਂ ਪੰਥਕ ਯਕਜਹਿਤੀ ਦਾ ਦੈਵੀ ਆਸ਼ਾ ਕਿਵੇਂ ਪੂਰਾ ਹੋਵੇਗਾ ? ਸਤਿਗੁਰੂਆਂ ਵੱਲੋਂ, ਕੁਲ ਮਾਨਵ-ਕਲਿਆਣ ਹਿੱਤ, ਮਿਥੀ ਮੰਜ਼ਲ ਕਿਵੇਂ ਨੇੜੇ ਆਵੇਗੀ ? ਅਸੀਂ ਸਤਿਗੁਰੂਆਂ ਦੇ ਸਪੁੱਤਰ, ਆਮਲ ਮੁਰੀਦ ਤੇ ਖਾਸ ਰੂਪ ਖਾਲਸਾ ਕਿਵੇਂ ਕਹਾ ਸੱਕਣ ਦਾ ਹੱਕ ਰੱਖਾਂਗੇ ? ਹੱਠ ਤੋਂ ਉੱਪਰ ਹੋ ਕੇ ਈਮਾਨਦਾਰੀ ਨਾਲ ਗੁਰਬਾਣੀ ਦੇ ਲਿਖਣ ਢੰਗ ਦਾ ਮੁਤਾਲਿਆ ਕਰੀਏ ਤਾਂ ਸੂਰਜਵੱਤ ਸਪਸ਼ਟ ਹੋ ਜਾਂਦਾ ਹੈ ਕਿ ਗੁਰਬਾਣੀ ਨੂੰ ਖਾਸ ਨੇਮਾਂ ਅਧੀਨ ਲਿਖਿਆ ਗਿਆ ਹੈ। ਵੇਖੋ : "ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ, ਗੁਰਦੇਵ"; ਤੁੱਕ ਵਿੱਚ ਤਾਂ "ਪ੍ਰਸਾਦੁ" ਦੇ ਦੱਦੇ ਹੇਠ ਔਂਕੜ ਹੈ; ਪਰ ਹੋਠਾਂ ਅਸਟਪਦੀ ਵਿੱਚ ਇਸ ਪਦ ਨੂੰ 37 ਵੇਰ ਸਿਹਾਰੀ ਲਾਕੇ "**ਪ੍ਰਸਾਦਿ**" ਕਰਕੇ ਲਿਖਿਆ ਗਿਆ ਹੈ। "**ਤਿਸ ਦੈ ਚਾਨਣਿ ਸਭਿ ਮਹਿ ਚਾਨਣੁ ਹੋਇ**" ਵਿੱਚ "ਚਾਨਣ" ਦੇ ਪਹਿਲੇ 'ਣ' ਦੀ ਸਿਹਾਰੀ ਤੇ ਦੂਜੇ ਦੇ ਔਂਕੜ ਨੂੰ ਧਿਆਨ ਨਾਲ ਵੇਖੋ। ਮੂਲ ਮੰਤ੍ਰ ਵਿੱਚ ਗੁਰਬਾਣੀ ਲਿਖਤ ਨੇਮਾਂ ਅਧੀਨ "ਨਾਮੁ, ਪੁਰਖੁ, ਨਿਰਵੈਰੁ" ਦੇ ਅੰਤਲੇ ਅੱਖਰ ਨੂੰ ਔਂਕੜ ਹਨ, ਪਰ 'ਅਕਾਲ ਤੇ ਗੁਰ' ਦੇ ਅੰਤਲੇ ਅੱਖਰਾਂ ਨੂੰ ਔਂਕੜ ਨਹੀਂ। ਇਹ ਸਭ ਕੁਝ ਸਪਸ਼ਟ ਤੇ ਸੁੰਦਰ ਨੇਮਾਂ ਅਧੀਨ ਹੈ। ਸੋ, ਵੀਚਾਰ-ਅਧੀਨ ਇਸ ਅਸੂਲ ਨੂੰ ਪ੍ਰਵਾਨ ਕਰ ਲੈਣ ਨਾਲ ਗੁਰਬਾਣੀ ਤੇ ਗੁਰਮਤਿ ਸਿਧਾਂਤਾਂ ਬਾਰੇ ਵੱਖ ਵੱਖ ਦ੍ਰਿਸ਼ਟੀਕੋਣ ਖਤਮ ਹੋ ਸਕਦੇ ਹਨ। (ਇਸ ਅਹਿਮ ਨੁਕਤੇ ਨੂੰ ਸਵਿਸਥਾਰ ਘੋਖਣ ਲਈ ਵੇਖੋ ਦਾਸ ਦੀ ਲਿਖੀ ਪੁਸਤਕ "ਵਿਸ਼ੇਸ਼ ਗੁਰਮਤਿ ਲੇਖ" ਦਾ ਪਹਿਲਾ ਲੇਖ –"ਵਿਆਖਿਆ ਮੂਲ ਮੰਤ੍ਰ ਅਥਵਾ ਮੰਗਲਾਚਰਣ।") ਐਸਾ ਹੋ ਜਾਣ ਉਪ੍ਰੰਤ ਆਪਾ ਧਾਪੀ ਸਮਾਪਤ ਹੋ ਜਾਵੇਗੀ। ਇਸ ਸੰਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨ ਕੇਵਲ ਸਹੀ ਸੇਧ ਹੀ ਦੇ ਸਕੇਗੀ, ਸਗੋਂ, ਨਿਜਮੱਤ ਅਧੀਨ ਲਾਂਭੇ ਜਾਣ ਤੇ ਪੰਥ ਪ੍ਰਵਾਣਤ ਰਹਿਤ ਮਰਯਾਦਾ ਦੀ ਵਿਰੋਧਤਾ ਕਰਨ ਵਾਲੇ ਵੀਰਾਂ ਨੂੰ ਪੁਰਅਸਰ ਢੰਗ ਨਾਲ ਹੋੜਿਆ ਵੀ ਜਾ ਸਕੇਗਾ। ਸ਼ਰੋਮਣੀ ਕਮੇਟੀ ਦੀ ਸਫਲਤਾ ਵੀ ਇਸ ਗਲ ਉੱਤੇ ਨਿਰਭਰ ਹੈ ਕਿ ਉਹ ਕੇਵਲ ਸਿਧਾਂਤ ਤੇ ਸੱਚ ਨੂੰ ਸਾਹਮਣੇ ਰਖਕੇ ਫੈਸਲੇ ਕਰੇ, ਮਸਲਹਤਨ ਨਹੀਂ। ਦੇਸ ਅਤੇ ਖਾਸ ਤੌਰ ਉਤੇ ਪਰਦੇਸਾਂ ਵਿੱਚ ਪੰਥਕ-ਰਹਿਣੀ ਤੇ ਗੁਰਮਰਯਾਦਾ ਬਾਰੇ **ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੁਰੰਤ ਸਰਵੇਖਣ ਕਰਾਉਣ ਦੀ** ਲੋੜ ਹੈ। ਪਾਣੀ ਸਿਰਾਂ ਤੋਂ ਲੰਘਦਾ ਜਾ ਰਿਹਾ ਹੈ। ਲੇਖਕ ਨੇ ਆਪਣੇ ਵਰਤਮਾਨ ਪ੍ਰਚਾਰ-ਦੌਰੇ ਵਿੱਚ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਤੇ ਰਹਿਤ-ਮਰਯਾਦਾ ਦੀ ਜੋ ਹਾਨੀ ਤੇ ਨਿਰਾਦਰੀ, ਇਹਨਾਂ 'ਅਖੌਤੀ' ਡੇਰੇਦਾਰ ਸੰਤਾਂ ਮਹੰਤਾਂ, ਜੰਤਰਾਂ-ਮੰਤਰਾਂ ਦੇ ਕਸਬੀਆਂ ਤੇ ਰੱਬੀ-ਦਰਸ਼ਨ ਕਰਾਉਣ ਦੇ ਵਕੀਲਾਂ ਤੇ ਦਾਅਵੇਦਾਰਾਂ ਨੂੰ ਕਰਦੇ ਵੇਖਿਆ ਹੈ, ਉਸ ਬਾਰੇ ਫਿਲਹਾਲ ਮੈਂ ਇਤਨਾ ਕੁ ਕਹਿਣ ਉੱਤੇ ਹੀ ਇਕਤਫਾ ਕਰਦਾ ਹਾਂ—

"ਅੱਖ ਜੋ ਕੁੱਝ ਵੇਖਿਆ, ਉਹ ਸ਼ਬਦ ਕਹਿ ਸਕਦੇ ਨਹੀਂ
ਹੈਰਾਨ ਹਾਂ, ਸਿਖ ਰੂਪ ਰੇਖਾ, ਕੀ ਤੋਂ ਕੀ ਹੋ ਜਾਊਗੀ ॥

(ਸ) ਜੇਹੜੇ ਸੱਜਣ ਅਣਭੋਲ ਹੀ ਇਹ ਦਾਅਵਾ ਕਰਦੇ ਹਨ ਕਿ ਗੁਰਬਾਣੀ ਦੇ ਅੱਖਰਾਂ ਨੂੰ ਲੱਗੀਆਂ ਸਮੂਹ ਲਗਾਂ ਮਾਤ੍ਰਾ ਨੂੰ ਉਚਾਰਣ ਕਰਨਾ ਜ਼ਰੂਰੀ ਹੈ, ਗੁਰੂ-ਆਸ਼ਾ

ਹੈ, ਪੁੰਨ ਹੈ; ਉਹ ਨਹੀਂ ਜਾਣਦੇ ਕਿ ਗੁਰਬਾਣੀ ਦੀ ਚਾਲ, ਸਰਲਤਾ ਤੇ ਮਾਤ੍ਰਾਂ ਆਦਿ ਨੂੰ ਕਵਿਤਾ ਪੱਖੋਂ ਪੂਰੇ ਤੌਰ ਉੱਤੇ ਕਾਇਮ ਰਖਦਿਆਂ ਹੋਇਆਂ, ਕਿਸੇ ਵਿਅਕਤੀ ਦਾ ਵੀ ਅਜੇਹਾ ਕਰ ਸਕਣਾ **ਅਸੰਭਵ ਹੈ, ਸੌ ਫੀਸਦੀ ਨਾ-ਮੁਮਕਨ ਹੈ।**

ਗੁਰਬਾਣੀ ਨੂੰ ਜਿਵੇਂ ਲਿਖਿਆ ਦਿਸਦਾ ਹੈ, ਐਨ ਤਿਵੇਂ ਪੜ੍ਹਨ ਦੇ ਹਾਮੀ, ਆਪਣੇ ਪੱਖ ਦੀ ਪੁਸ਼ਟੀ ਲਈ, ਇਹ ਸ਼ਬਦ ਪੇਸ਼ ਕਰਦੇ ਹਨ :

ਬਸੰਤ ਮਹਲਾ ੧ ਹਿੰਡੋਲ

ਸਾਹੁਰੜੀ ਵਥੁ, ਸਭੁ ਕਿਛੁ ਸਾਂਝੀ, ਪੇਵਕੜੈ ਧਨ ਵਖੇ ॥
ਆਪਿ ਕੁਚਜੀ ਦੋਸੁ ਨ ਦੇਊਂ, ਜਾਣਾ ਨਾਹੀ ਰਖੇ ॥੧॥
ਮੇਰੇ ਸਾਹਿਬ, ਹਉ ਆਪੇ ਭਰਮਿ ਭੁਲਾਣੀ ॥
ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥੧॥ ਰਹਾਉ ॥ ..

ਇਸ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ, ਜਿਨ੍ਹਾਂ ਦਾ ਆਸਰਾ ਇਹ ਵਿਪੱਖੀ ਲੋਕ ਲੈਂਦੇ ਹਨ, ਦਾ ਅਰਥ-ਭਾਵ, ਮੰਨੇ ਪ੍ਰਮੰਨੇ ਵਿਦਵਾਨ-ਟੀਕਾਕਾਰਾਂ ਅਨੁਸਾਰ ਇਉਂ ਹੈ :—

ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਨ (**ਪ੍ਰਿੰਸੀਪਲ ਸਾਹਿਬ ਸਿੰਘ**) **ਅਨੁਸਾਰ :**

ਪਦ-ਅਰਥ : ਅੱਖਰ—ਪਿਛਲੇ ਕੀਤੇ ਕਰਮਾਂ ਦੇ ਸੰਸਕਾਰ ਰੂਪ ਲੇਖ। ਸੇਈ ਗਾਵਾ (ਸੇਈ ਗਾਵਾਂ)—ਉਹੀ ਅੱਖਰ ਮੈਂ ਗਾਂਦੀ ਹਾਂ, ਉਹਨਾਂ ਹੀ ਸੰਸਕਾਰਾਂ ਵਾਲੇ ਕੰਮ ਮੈਂ ਮੁੜ ਮੁੜ ਕਰਦੀ ਹਾਂ। ਬਾਣੀ— ਬਣਤਰ, ਬਨਾਵਟ ਘਾੜਤ।

ਅਰਥ : 'ਹੇ ਮੇਰੇ ਮਾਲਕ ਪ੍ਰਭੂ! ਮੈਂ ਆਪ ਹੀ (ਮਾਇਆ-ਮੋਹ) ਦੀ ਭਟਕਣ ਵਿਚ ਪੈ ਕੇ ਜੀਵਨ ਦੇ ਸਹੀ ਰਸਤੇ ਤੋਂ ਖੁੰਝ ਗਈ ਹਾਂ। ਮਾਇਆ ਦੇ ਮੋਹ ਵਿਚ ਫੱਸ ਕੇ ਜਿਤਨੇ ਭੀ ਕਰਮ ਮੈਂ ਜਨਮ ਜਨਮਾਂਤ੍ਰਾਂ ਤੋਂ ਕਰਦੀ ਆਈ ਹਾਂ, ਉਹਨਾਂ ਦੇ ਜੋ ਸੰਸਕਾਰ ਮੇਰੇ ਮਨ ਵਿੱਚ ਉਕਰੇ ਪਏ ਹਨ, ਮੈਂ ਉਹਨਾਂ ਨੂੰ ਗਾਂਦੀ ਚਲੀ ਜਾ ਰਹੀ ਹਾਂ (ਉਹਨਾਂ ਦੀ ਹੀ ਪ੍ਰੇਰਨਾ ਹੇਠ ਮੁੜ ਮੁੜ ਉਹ ਜਿਹੇ ਕਰਮ ਕਰਦੀ ਚਲੀ ਜਾਂ ਰਹੀ ਹਾਂ) ਮੈਂ (ਮਨ ਦੀ) ਹੋਰ ਘਾੜਤ ਘੜਨੀ ਨਹੀਂ ਜਾਣਦੀ ਹਾਂ। (ਮੈਂ ਕੋਈ ਐਸੇ ਕੰਮ ਕਰਨੇ ਨਹੀਂ ਜਾਣਦੀ ਜਿਨ੍ਹਾਂ ਨਾਲ ਮੇਰੇ ਅੰਦਰੋਂ ਮਾਇਆ ਦੇ ਮੋਹ ਦੇ ਸੰਸਕਾਰ ਮੁੱਕ ਜਾਣ।)

(2) **ਗੁਰੂ ਸੇਵਕ ਸਭਾ** (ਪ੍ਰਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਨਾਰਾਇਣ ਸਿੰਘ, ਹੈਡਮਾਸਟਰ ਮਹਿਤਾਬ ਸਿੰਘ, ਪ੍ਰਿੰਸੀਪਲ ਨਿਰੰਜਨ ਸਿੰਘ ਤੇ ਬਾਵਾ ਸਰੂਪ ਸਿੰਘ) ਵੱਲੋਂ ਛਾਪੇ "ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਰਥ" ਵਿੱਚ ਇਹ ਅਰਥ ਇਸ ਪ੍ਰਕਾਰ ਹਨ :

"ਜੋ ਮੇਰੇ ਸਿਰ ਉੱਤੇ ਤੇਰੇ ਵੱਲੋਂ ਹੁਕਮ ਦੀ ਲਿਖਤ ਲਿਖੀ ਹੈ ਉਸ ਅਨੁਸਾਰ ਕਰਦੀ ਹਾਂ। ਹੋਰ ਕੋਈ ਆਪਣੇ ਵੱਲੋਂ ਬਨਾਵਟ ਨਹੀਂ ਬਣਾ ਸਕਦੀ।"

(3) **ਫਰੀਦ ਕੋਟੀ ਟੀਕੇ ਅਨੁਸਾਰ ਅਰਥ ਹਨ :**

"ਹੇ ਮੇਰੇ ਸਵਾਮੀ ਪੰਡਤ ਜੀ, ਹੰਤਾ ਕਰਕੇ ਮੈਂ ਭਰਮ ਮੇਂ ਭੁੱਲੀ ਹੋਈ ਰਾਮ ਨਾਮ ਰੂਪੀ

ਅੱਖਰ ਜੋ ਬੇਦ ਸ਼ਾਸ਼ਤ੍ਰ ਮੇ ਮੁਖੀ ਲਿਖੇ ਹੈਂ, ਸੋਈ ਗਾਵਤੀ ਹੂੰ। ਔਰ ਬਾਣੀ ਮੈਂ ਨਹੀਂ ਜਾਣਤੀ ਹੂੰ।

ਹੁਣ ਵੀਚਾਰਵਾਨ ਸੱਜਣ ਆਪ ਹੀ ਨਿਰਣਾ ਕਰ ਲੈਣ ਕਿ ਇਹਨਾਂ ਤੁਕਾਂ ਦੇ ਉਹ ਅਰਥ ਕਿਵੇਂ ਹੋਏ, ਜਿਨ੍ਹਾਂ ਦੇ ਆਧਾਰ ਉਤੇ ਪੱਜਵਾ, ਗਾਵਾ, ਚੰਗਾਈਆ, ਧਰੀਆ, ਕੇਤੀਆ, ਦੇਦਾ, ਨਾਵਾ ਆਦਿ ਹਜ਼ਾਰਾਂ ਸ਼ਬਦਾਂ ਦਾ ਮੁਹਮਲ ਉਚਾਰਣ ਅਥਵਾ ਪਾਠ ਕੀਤਾ ਜਾ ਰਿਹਾ ਹੈ, ਅਤੇ ਨਾਲ ਨਾਲ ਗੁਰਬਾਣੀ ਦਾ, ਗੁਰੂ ਆਸ਼ੇ ਅਨੁਸਾਰ ਸ਼ੁੱਧ ਪਾਠ ਕਰਨ ਦਾ ਫੋਕਾ ਦਾਅਵਾ ਤੇ ਗਰਬ ਗੁਮਾਨ ਵੀ।

ਐਸੀ ਹਾਲਤ ਵਿਚ ਦਾਤਾਰ ਪਾਤਸ਼ਾਹ ਸਤਿਗੁਰੂ ਜੀ ਤੁੱਠ ਕੇ ਆਪ ਹੀ ਸਾਡੀ ਬਹੁੜੀ ਕਰਨ ਤੇ ਸਭ ਨੂੰ 'ਸੁਮੱਤ' ਤੇ ਬਿਬੇਕ ਬੁੱਧ ਬਖਸ਼ਣ। ਗੁਰੂ ਸਾਹਿਬਾਨ ਕਵਿਤਾ ਤੇ ਰਾਗ ਦੇ ਪੱਖੋਂ ਬਾਣੀ ਬਾਰੇ ਇਤਨੇ ਮੁਹਤਾਤ ਹਨ ਕਿ ਆਪ ਜੀ ਨੇ ਗੋਪਾਲ ਸ਼ਬਦ ਦਾ ਅਸਲੀ ਰੂਪ ਕਾਇਮ ਰਖਦਿਆਂ ਹੋਇਆਂ ਇਸ ਦੇ "ਗੱਗੇ" ਹੇਠਾਂ ਔਂਕੜ (ਗੁੋਪਾਲ) ਪਾ ਕੇ ਸੰਕੇਤ ਦਿੱਤਾ ਹੈ ਕਿ ਏਥੇ ਇਸ ਨੂੰ "ਗੋਪਾਲ" ਨਹੀਂ, ਸਗੋਂ "ਗੁਪਾਲ" ਪੜ੍ਹਨਾ ਹੈ। ਇਸ ਤਰ੍ਹਾਂ ਇਸ ਦੀ ਇਕ ਮਾਤ੍ਰਾ ਘਟ ਜਾਵੇਗੀ ਤੇ ਛੰਦ ਦੀ ਚਾਲ ਹਵਾ ਭਰ ਵੀ ਬੋਝਲ ਨਹੀਂ ਹੋਵੇਗੀ, ਸਕਤਾ ਨਹੀਂ ਪਵੇਗਾ।

ਜ਼ਰਾ ਵਾਚੋ ਗੁਰਬਾਣੀ ਦੀ ਇਹ ਤੁਕ –

ਮਨ ਮੌਹਿ ਮਾਣਕੁ ਲਾਲੁ ਨਾਮੁ, ਰਤਨੁ ਪਦਾਰਥੁ ਹੀਰੁ ॥

ਇਸ ਇੱਕ ਤੁਕ ਵਿੱਚ ਛਿਆਂ ਪਦਾਂ ਦੇ ਅੰਤਲੇ ਅੱਖਰਾਂ ਨੂੰ ਔਂਕੜ ਹੈ। ਇਹ ਗੁਰਬਾਣੀ ਵਿਆਕਰਣ ਦੇ ਇਸ ਨੇਮ ਅਧੀਨ ਲਾਇਆ ਗਿਆ ਹੈ ਕਿ ਜਦ ਨਾਂਵ, ਇਕ ਵਚਨ, ਪੁਲਿੰਗ ਹੋਵੇ ਤਾਂ ਇਸ ਦੇ ਅੰਤਲੇ ਅੱਖਰ ਨਾਲ ਔਂਕੜ ਦੀ ਵਰਤੋਂ ਕੀਤੀ ਜਾਂਦੀ ਹੈ। ਕਵਿਤਾ **ਪਖੋਂ ਔਂਕੜ ਦੀ ਕੋਈ ਮਾਤ੍ਰਾ ਨਹੀਂ ਹੁੰਦੀ;** ਪ੍ਰੰਤੂ ਜੇ ਏਥੇ ਛੇਈਂ ਥਾਂਈਂ, ਔਂਕੜ ਨੂੰ ਵਿਸ਼ੇਸ਼ ਤੌਰ ਉਤੇ ਉਚਾਰਿਆ ਜਾਵੇ, ਤਾਂ, ਜੇ 6 ਨਹੀਂ, ਤਾਂ ਘੱਟ ਤੋਂ ਘੱਟ ਤਿੰਨ ਮਾਤ੍ਰਾਂ ਇਸ ਤੁੱਕ ਵਿੱਚ ਵੱਧ ਜਾਣਗੀਆਂ ਅਤੇ ਨਾਲ ਇਹਨਾਂ ਛਿਆਂ ਪਦਾਂ ਦਾ ਉਚਾਰਣ ਵੀ ਵਿਗੜ ਜਾਵੇਗਾ। ਫੇਰ ਨਾ ਇਹ 'ਕਵਿਤਾ ਰਹੇਗੀ ਨ ਵਾਰਤਕ, ਅਤੇ ਨ ਹੀ ਰਾਗ ਵਿਚ ਗਾਈ ਜਾ ਸਕੇਗੀ।' ਪਦ ਲਾਲ ਹੈ ਲਾਲੋ ਨਹੀਂ; ਨਾਮੁ ਹੈ ਨਾਮੋ ਨਹੀਂ, ਰਤਨ ਹੈ ਰਤਨੋ ਨਹੀਂ, ਇਤਿਆਦਿ। ਏਥੇ ਔਂਕੜ ਕਤਅਨ ਉਚਾਰਣ ਲਈ ਨਹੀਂ। ਵੀਚਾਰਵਾਨ ਸੱਜਣ ਦੋਵੇਂ ਤਰ੍ਹਾਂ ਪਾਠ ਕਰਕੇ ਆਪ ਹੀ ਨਿਰਣਾ ਕਰ ਸਕਦੇ ਹਨ।

ਮਨੁਖ ਨੂੰ ਬਾਕੀ ਜੀਵ-ਸ਼੍ਰੇਣੀਆਂ ਨਾਲੋਂ ਇਸ ਲਈ ਬਰਤਰੀ ਹਾਸਿਲ ਹੈ ਕਿ ਇਹ ਵੀਚਾਰ-ਸ਼ੀਲ ਹੈ। ਪ੍ਰੰਤੂ, ਨਾਲ ਹੀ ਇਸ ਵਿੱਚ ਇਹ ਔਗਣ ਵੀ ਹੈ ਕਿ ਇਹ ਵੀਚਾਰ ਦੁਆਰਾ ਜੀਵਨ ਹਕੀਕਤਾਂ ਤੱਕ ਪਹੁੰਚਣ ਤੇ ਉਹਨਾਂ ਨੂੰ ਅਸਲੀ ਰੂਪ ਵਿਚ ਵੇਖਣੋਂ ਘਬਰਾਉਂਦਾ ਹੈ, ਕੰਨੀ ਕਤਰਾਉਂਦਾ ਹੈ। ਮਾਇਆ ਦੇ ਪ੍ਰਭਾਵ ਕਾਰਨ ਇਹ ਸਤਿ ਨੂੰ ਅਸਤਿ ਅਤੇ ਅਸਤਿ ਨੂੰ ਸਤਿ ਕਰਕੇ ਮੰਨਣ ਦੀ ਭੁਲ ਕਰਦਾ ਹੈ। ਮਰਨਾ ਸੱਚ ਹੈ ਤੇ ਜਿਊਣਾ ਝੂਠ; ਪਰ, ਇਹ ਸਮਝੀ ਬੈਠਾ ਹੈ, ਜਿਵੇਂ ਕਿ ਇਸ ਨੇ ਕਦੀ ਮਰਨਾ ਹੀ ਨਹੀਂ। ਇਹ ਸੁਖ ਦੀ ਲਾਲਸਾ ਵਿੱਚ ਦੁਖ ਵਿਹਾਝਦਾ ਹੈ, ਪ੍ਰੰਤੂ "ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ...।" ਦੇ ਭੇਤ ਨੂੰ ਨਹੀਂ ਸਮਝਦਾ। ਡੂੰਘੀ ਸੁਵਿਚਾਰ ਤੇ ਬਿਬੇਕ

ਸ਼ੁੱਧ ਦੁਆਰਾ ਜਦ ਇਹ ਆਪਣੇ ਅੰਦਰ ਝਾਤ ਮਾਰ ਕੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ ਦਵੈਖ, ਜਬਰ ਤੇ ਤਅੱਦੀ ਅਧੀਨ ਕੀਤੇ ਅਨੁਚਿਤ ਕਰਮਾਂ ਨਾਲ ਕਰੂਪ ਹੋਈ ਆਪਣੀ ਅਸਲੀ ਤਸਵੀਰ ਵੇਖਦਾ ਹੈ ਤਾਂ ਕੰਬ ਉਠਦਾ ਹੈ, ਅਤੇ ਅੱਗੇ ਲਈ ਇਬਰਤ ਹਾਸਿਲ ਕਰਕੇ ਸੱਚੇ ਮਾਰਗ ਚਲਣ ਦੀ ਥਾਂ, ਵੀਚਾਰ, ਜੋ ਇਸ ਨੂੰ ਇਸ ਦੀ ਅਸਲੀ ਤਸਵੀਰ ਵਿਖਾਉਂਦੀ ਹੈ, ਦਾ ਹੀ ਤਰਕ ਕਰ ਦਿੰਦਾ ਹੈ । "ਇਹ ਜੱਗ ਮਿੱਠਾ ਤੇ ਅਗਲਾ ਕਿਨ ਡਿੱਠਾ" ਇਸ ਦਾ ਸ਼ੇਵਾ ਬਣ ਜਾਂਦਾ ਹੈ ।

ਗੁਰਬਾਣੀ ਵੀਚਾਰ ਵਲੋਂ ਅਰੁਚੀ ਦਾ ਕਾਰਣ ਵੀ ਵਧੇਰੇ ਕਰਕੇ ਇਹ ਹੀ ਪ੍ਰਤੀਤ ਹੁੰਦਾ ਹੈ । ਸਾਜ਼ਾਂ ਦੀ ਰੱਸ-ਮਈ ਤੇ ਮਧੁਰ ਗੁੰਜ਼ਾਰ ਵਿੱਚ ਗਾਈ ਗਈ ਬਾਣੀ ਨੂੰ, ਘੰਟਿਆਂ ਬੱਧੀ, ਟਿਕ ਕੇ ਸੁਣਿਆ ਜਾ ਸਕਦਾ ਹੈ, ਪ੍ਰੰਤੂ, ਦਿਲ ਦਿਮਾਗ ਉੱਤੇ ਵੀਚਾਰ ਦੇ ਪਏ ਦਬਾਅ ਨੂੰ ਕੁੱਝ ਮਿੰਟਾਂ ਲਈ ਵੀ ਸਹਾਰਨਾ ਤੇ ਟਿਕਾਅ ਵਿਚ ਰਹਿਣਾ ਕਠਿਨ ਹੋ ਜਾਂਦਾ ਹੈ । ਇਹੀ ਕਾਰਨ ਹੈ ਕਿ ਗੁਰਦੇਵ "ਬਾਣੀ ਬਿਰਲਉ ਬੀਚਾਰਸੀ" ਦੀ ਚੇਤਾਵਨੀ ਦੇਂਦੇ ਹੋਏ ਸਿੱਖ ਨੂੰ ਖ਼ਬਰਦਾਰ ਕਰਦੇ ਹਨ ਕਿ ਉਹ ਗੁਰਬਾਣੀ-ਵੀਚਾਰ ਵਿੱਚ ਵੱਡੀ ਦ੍ਰਿੜਤਾ ਤੇ ਸਾਵਧਾਨੀ ਨਾਲ ਜੁੱਟੇ, ਉਚੇਰੀਆਂ ਮੰਜ਼ਲਾਂ ਵਲ ਵਧੇ ਤੇ ਪਰਮ-ਪਦ ਦਾ ਅਨੰਦ ਮਾਣੇ । ਯਾਦ ਰੱਖੋ : ਸਹੀ ਅਰਥਾਂ ਵਿਚ ਗੁਰਮੁੱਖ ਹੋਏ ਤੋਂ ਬਿਨਾ, ਗੁਰਬਾਣੀ ਦੀ ਸਹੀ, ਸ਼ੁੱਧ ਤੇ ਦੀਰਘ ਵੀਚਾਰ ਕਰਨੀ ਤੇ ਜੀਵਨ ਵਿਚ ਸ਼ੁੱਧਤਾ ਨਾਲ ਧਾਰਨੀ ਸੰਭਵ ਨਹੀਂ । ਬਣੇ ਸੰਸਕਾਰ ਰਾਹ ਰੋਕ ਖਲੋਂਦੇ ਹਨ ।

ਲੇਖਕ ਨੇ ਕੀਰਤਨ (ਗੁਰਬਾਣੀ+ਰਾਗ) ਦੀ ਵੱਡੀ ਮਹਿਮਾ ਤੇ ਉੱਚ ਪਦ ਪਦਵੀ ਬਾਰੇ ਬਹੁਤ ਕੁੱਝ ਲਿਖਿਆ ਹੈ ਅਤੇ ਇਸ ਨੂੰ ਪ੍ਰਭੂ-ਭਗਤੀ, ਸੁਰਤ ਨੂੰ ਸ਼ਬਦ ਵਿਚ ਟਿਕਾਉਣ ਅਥਵਾ ਮਨ ਦੀ ਇਕਾਗਰਤਾ ਦਾ ਅਤਿ ਅਹਿਮ ਸਾਧਨ ਮੰਨਿਆ ਤੇ ਬਿਆਨ ਕੀਤਾ ਹੈ । ਪ੍ਰੰਤੂ, ਇਸ ਦੇ ਨਾਲ ਨਾਲ ਹੀ, ਇਹ ਹਕੀਕਤ ਵੀ ਨਹੀਂ ਭੁੱਲੀ ਕਿ ਕੀਰਤਨ ਤੇ ਕਥਾ (ਸ਼ਬਦ-ਵੀਚਾਰ) ਦਾ ਸੰਤੁਲਿਤ ਮੇਲ ਹੀ ਜਗਿਆਸੂ ਨੂੰ ਪਰਮ ਪਦ ਦੀ ਮੰਜ਼ਲ ਉਤੇ ਪਹੁੰਚਾਉਣ ਦਾ ਜ਼ਾਮਨ ਹੋ ਸਕਦਾ ਹੈ । ਗੁਰਬਾਣੀ ਵਿਚ ਜਿਥੇ ਕੀਰਤਨ ਨੂੰ 'ਨਿਰਮੋਲਕ ਹੀਰਾ' ਤੇ 'ਕਲਜੁਗ ਮਹਿ ਕੀਰਤਨੁ ਪਰਧਾਨਾ' ਕਰਕੇ ਵਡਿਆਇਆ ਗਿਆ ਹੈ, ਓਥੇ ਗੁਰਬਾਣੀ ਦੀ ਕਥਾ (ਸ਼ਬਦ-ਵੀਚਾਰ) ਨੂੰ ਵੀ ਘੱਟ ਦਰਜਾ ਨਹੀਂ ਦਿੱਤਾ । ਇਸ ਸੰਬੰਧ ਵਿੱਚ, ਵੰਨਗੀ ਵਜੋਂ, ਵਾਚੋ ਗੁਰਬਾਣੀ ਦੇ ਇਹ ਪ੍ਰਮਾਣ :

(ੳ) ਗੁਨ ਗਾਵਤ ਮਨੁ ਹਰਿਆ ਹੋਵੈ ॥ ਕਥਾ ਸੁਨਤ ਮਲੁ ਸਗਲੀ ਖੋਵੈ ॥ (ਮ. 5, ਪੰ. 104)

(ਅ) ਜੋ ਹਰਿ ਕੀ ਹਰਿ ਕਥਾ ਸੁਣਾਵੈ ॥ ਸੋ ਜਨੁ ਹਮਰੈ ਚਿਤਿ ਭਾਵੈ ॥ (ਮ. 5, ਪੰ. 164)

(ੲ) ਸਭ ਤੇ ਊਤਮ ਹਰਿ ਕੀ ਕਥਾ ॥ ਨਾਮੁ ਸੁਨਤ ਦਰਦ ਦੁਖ ਲਥਾ ॥ (ਸੁਖਮਨੀ 265)

(ਸ) ਕਥੀਐ ਸੰਤ ਸੰਗਿ ਪ੍ਰਭ ਗਿਆਨੁ ॥ (ਮ. ੫, ਪੰ. 1300)

(ਹ) ਸਤਿ ਸੰਤੋਖ ਦਾ ਧਰਹੁ ਧਿਆਨ ॥ ਕਥਨੀ ਕਥੀਐ ਬ੍ਰਹਮ ਗਿਆਨੁ ॥ (ਕਬੀਰ ਪੰ. 344

(ਕ) ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥
ਕਥਾ ਕੀਰਤਨ ਆਨੰਦ ਮੰਗਲ ਧੁਨ, ਪੂਰ ਰਹੀ ਦਿਨਸੁ ਅਰੁ ਰਾਤਿ ॥ (ਪੰ. 820)

(ਖ) ਧੰਨੁ ਸੁਥਾਨੁ, ਬਸੰਤ ਧੰਨੁ, ਜਹ ਜਪੀਐ ਨਾਮੁ ॥
ਕਥਾ ਕੀਰਤਨੁ ਹਰਿ ਅਤਿ ਘਨਾ, ਸੁਖ ਸਹਜ ਬਿਸਰਾਮ ॥ (ਮ. 5, ਪੰ. 816)

(ਗ) ਕਥਾ ਕੀਰਤਨੁ ਰਾਗ ਨਾਦ ਧੁਨਿ, ਇਹ ਬਨਿਓ ਸੁਆਉ । (ਮ. 5, ਪੰ. 818)

[1]ਭਾਈ ਮਨੀ ਸਿੰਘ ਜੀ ਵਲੋਂ, ਭਗਤ ਰਤਨਾਵਲੀ, ਟੀਕਾ ਪਉੜੀ ਪੰਦਰਵੀਂ ਵਿਚ, ਕਥਾ ਕੀਰਤਨ ਦਾ ਸਬੰਧ ਤੇ ਮਹਿਮਾ ਇਉਂ ਬਿਆਨ ਕੀਤੇ ਗਏ ਹਨ :

''ਭਾਈ ਮਕੰਦ ਤੇ ਕਿਦਾਰਾ ਗੁਰੂ ਅਰਜਨ ਜੀ ਹਜ਼ੂਰ ਆਏ'', ''ਗਰੀਬ ਨਿਵਾਜ ! ਅਸਾਡਾ ਉਧਾਰ ਕਿਉਂਕਰ ਹੋਵੇ ? ਤਾਂ ਬਚਨ ਹੋਇਆ, ਤੁਸਾਂ ਨੂੰ ਰਾਗਾਂ ਦੀ ਸਮਝ ਹੈ ਤੇ ਕਲਯੁਗ ਵਿੱਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ । ਇਹ ਸਾਂਤਕੀ ਸਾਧਨ ਹੈ ਤੁਸੀਂ ਕੀਰਤਨ ਕੀਤਾ ਕਰੋ । ਤਾਂ ਉਹਨਾਂ ਅਰਦਾਸ ਕੀਤੀ, ''ਜੀ, ਬਾਣੀ ਦੇ ਪਾਠ ਦਾ, ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ ।''

ਬਚਨ ਹੋਇਆ, ''ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹੇ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾ ਲਈ ਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਈਦਾ ਹੈ, ਜੇ ਦੂਜੇ ਖੂਹ ਦੀ ਪੈਲੀ ਨਜ਼ੀਕ ਹੋਵੇ ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਪੈਲੀਆਂ ਨੂੰ ਨਹੀਂ ਪਹੁੰਚਦਾ, ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫਲ ਇਹ ਹੈ ਜੋ ਮੇਘ ਠਹਿਰਿਆ ਹੋਇਆ ਨਿਰਵਾਤ (ਹਵਾ ਤੋਂ ਬਿਨਾਂ) ਝਿਮ ਝਿਮ ਬਰਖਾ ਕਰਦਾ ਹੈ, ਅੱਗੇ ਪੈਲੀਆਂ ਗਾਹੀਆਂ ਸੁਧਾਰੀਆਂ ਹੋਵਨ । ਜੋ ਜੋ ਬੂੰਦ ਪਵੇ, ਵਿੱਚ ਧਰਤੀ ਦੇ ਸਮਾਂਵਦੀ ਜਾਵੇ, ਤੈਸਾ ਜੋ ਸਮਝਵਾਨ ਸਿੱਖ ਹੁੰਦੇ ਹੈਨ, ਜੋ ਜੋ ਕਥਾ ਕਰਦੇ ਹਨ ਤੇ ਵਾਰਤਾ ਸੁਣਦੇ ਹੈਨ, ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹਨ, ਉਨਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ, ਕਥਾ ਤੇ ਕੀਰਤਨ ਦੋਵੇਂ ਮਿਲੇ ਹੋਏ ਸੋਭਾ ਪਾਵਦੇ ਹਨ । ਕਥਾ ਕੀਰਤਨ ਦੇ ਮਹਾਤਮ ਨੂੰ ਲਖਾਂਵਦੀ ਹੈ ਤੇ ਕੀਰਤਨ ਮਨ ਵਿੱਚ ਰਾਗ ਹਰਖ ਉਤਪੰਨ ਕਰਦਾ ਹੈ । ਜੈਸੇ ਮਾਤਾ ਪੁਤ੍ਰਾਂ ਕਰਕੇ ਸੋਭਦੀ ਹੈ, ਕਥਾ ਮਾਤਾ ਹੈ ਤੇ ਕੀਰਤਨ ਪੁਤ੍ਰ ਹੈ ।''

ਸਿੱਖਾਂ ਅਰਦਾਸ ਕੀਤੀ ਇਸ ਦਾ ਪਿਤਾ ਕੌਣ ਹੈ ? ਬਚਨ ਹੋਇਆ, ''ਪਰੇਮ ਕਥਾ ਦਾ ਭਰਤਾ ਹੈ, ਪਰੇਮ ਕਰਕੇ ਦੋਵੇਂ ਸ਼ੋਭਾ ਪਾਂਵਦੇ ਹਨ ।''

ਕਥਾ, ਕੀਰਤਨ ਨਾਲ, ਕਿਤਨੀ ਸੰਬੰਧਤ ਹੈ, ਇਸ ਗਲ ਦਾ ਪਤਾ ਭਾਈ ਮਨੀ ਸਿੰਘ ਜੀ ਗਿਆਨ ਰਤਨਾਵਲੀ ਵਿੱਚ ਇਉਂ ਦਿੰਦੇ ਹਨ—**''ਕਰਤਾਰਪੁਰ ਵਿਚ ਪਿਛਲੀ ਰਾਤ ਜਪੁ ਪੜੀਏ, ਅਰ ''ਆਸਾ ਦੀ ਵਾਰ'' ਗਾਵੀਏ, ਸਵਾ ਪਹਿਰ ਦਿਨ ਚੜ੍ਹਿਆਂ ਤੀਕਰ ਬਾਣੀ ਚਰਚਾ ਹੋਵੇ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜੀਏ, ਫੇਰ ਪਹਿਰ ਰਾਤ ਗਈ ਸੋਹਲਾ ਪੜੀਏ ।''** **(ਗੁਰਮਤਿ ਮਾਰਤੰਡ, ਪੰ. 302)**

ਗੁਰਬਾਣੀ-ਵੀਚਾਰ ਦੀ ਪ੍ਰਭਤਾ ਇਸ ਗਲ ਤੋਂ ਵੀ ਸਿੱਧ ਹੁੰਦੀ ਹੈ ਕਿ ਕੀਰਤਨ ਕਰਨ ਵਾਲੇ ਰਾਗੀ ਸਿੰਘ, ਜਿੰਨਾ ਚਿਰ ਕੀਰਤਨ ਵਿਚ ਸ਼ਬਦ ਦੀ ਵਿਆਖਿਆ ਨਾ ਕਰਨ, ਉਤਨਾ ਚਿਰ ਉਹ ਸਮਝਦੇ ਹਨ ਕਿ ਸੰਗਤਾਂ ਉੱਤੇ ਉਹਨਾਂ ਦਾ ਪੂਰਾ ਪ੍ਰਭਾਵ ਨਹੀਂ ਪਿਆ । ਇਹੀ ਕਾਰਨ ਹੈ ਕਿ ਆਮ ਰਾਗੀ ਜਥੇ ਕੀਰਤਨ ਵਿਚ ਵਿਆਖਿਆ ਦੀ ਸ਼ਮੂਲੀਅਤ ਪਰਵਾਨ ਤਾਂ ਕਰਦੇ ਹਨ, ਪ੍ਰੰਤੂ,

1. ਦੇਖੋ : ''ਗੁਰਮਤਿ ਮਾਰਤੰਡ'' । ਪ੍ਰਕਾਸ਼ਕ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, ਭਾਗ ਪਹਿਲਾ (1962) ਪੰਨਾ 300

ਕਥਾ ਦੀ ਉੱਤਮ ਮਹਿਮਾ ਨੂੰ ਪਰਵਾਨ ਕਰਨੋਂ ਸੰਕੋਚ ਕਰਦੇ ਹਨ।

ਇੰਜੀਲ ਦਾ ਤਰਜਮਾ ਸੰਸਾਰ ਦੀਆਂ 1473 ਬੋਲੀਆਂ ਵਿਚ ਹੋਇਆ ਵੇਖਕੇ ਬੇਮੁਹਾਰਾ ਇਹ ਸ਼ੇਅਰ ਮੂੰਹ ਥੀਂ ਨਿਕਲ ਜਾਂਦਾ ਹੈ :

ਯਾਰਾਨਿ ਤੇਜ਼ਗਾਮ ਨੇ ਮਹਮਲ ਕੋ ਜਾ ਲੀਆ
ਹਮ ਯੂੰਹੀ ਮਹਵ ਨਾਲਾਇ ਜਰਸਿ ਕਾਰਵਾਂ ਰਹੇ। (ਅੱਲਾਮਾ ਇਕਬਾਲ)

(ਭਾਵ ਅਰਥ-ਤੇਜ਼ ਤੋਰ-ਮਿੱਤਰਾਂ ਨੇ ਲੈਲਾ ਦੇ ਕਚਾਵੇ ਨੂੰ ਜਾ ਹੱਥ ਪਾਇਆ; ਭਾਵ ਮਿਥੀ ਮੰਜ਼ਲ ਉੱਤੇ ਪਹੁੰਚ ਗਏ, ਪ੍ਰੰਤੂ ਅਸੀਂ ਅੱਗੇ ਵੱਧਣ ਦੀ ਥਾਂ ਕਾਫਲੇ ਦੀਆਂ ਘੰਟੀਆਂ ਦੀਆਂ ਅਵਾਜ਼ਾਂ ਵਿਚ ਹੀ ਮਸਤ ਬੈਠੇ ਊਂਘਦੇ ਰਹੇ।)

ਈਸਾਈ ਧਰਮ ਹਜ਼ਰਤ ਈਸਾ ਦੇ ਤਿਨ ਸਾਲ ਦੇ ਪ੍ਰਚਾਰ ਦੀ ਉਪਜ ਹੈ ਅਤੇ ਅਸੀਂ (ਸਿੱਖ) ਸਤਿਗੁਰੂਆਂ ਦੀਆਂ 239 ਸਾਲ ਦੀਆਂ ਅਮਰ ਤੇ ਅਦੁੱਤੀ ਸਿਖਿਆਵਾਂ, ਤੱਪ ਸਾਧਨਾਵਾਂ ਤੇ ਸ਼ਹਾਦਤਾਂ ਦੀ ਪੈਦਾਵਾਰ। ਉਹਨਾਂ ਦੀ ਗਿਣਤੀ ਇਸ ਵੇਲੇ ਇਕ ਅਰਬ ਹੈ, ਜਦ ਕਿ ਸਾਡੀ ਕੇਵਲ ਡੇਢ ਕਰੋੜ ਹੈ; ਪਰ, ਦਾਅਵਾ ਇਹ ਹੈ ਕਿ ਝਾੜੀ ਝਾੜੀ ਅਕਾਲ ਗੂੰਜੇਗਾ, ਤਬਲੀਗੀ ਮੱਤਾਂ ਵਾਂਗ ਸਿੱਖ ਵੀ ਇਕ ਮਹਾਨ ਮਿਸ਼ਨਰੀ ਧਰਮ ਹੈ; ਪ੍ਰੰਤੂ, ਇਸ ਦੇ ਵੱਧਣ ਫੁਲਣ ਵਿਚ ਅਸੀਂ ਆਪ ਹੀ ਰੁਕਾਵਟ ਬਣੇ ਬੈਠੇ ਹਾਂ। "ਇਕਾ ਬਾਣੀ ਇਕੁ ਗੁਰੁ, ਇਕੋ ਸਬਦੁ ਵੀਚਾਰਿ" ਦਾ ਸੁਨਹਿਰੀ ਸਿਧਾਂਤ ਅਲੋਪ ਹੁੰਦਾ ਜਾ ਰਿਹਾ ਹੈ। ਹੋਰਨਾਂ ਨੂੰ ਅਨੰਦਮਈ ਗੁਰੂ ਨਾਨਕ-ਮੰਡਲ ਵਿਚ ਸਾਂਝੀਵਾਲ ਬਣਾਉਣ ਦੀ ਥਾਂ, ਸਾਨੂੰ, ਆਪਣਿਆਂ ਨੂੰ ਹੀ ਖਾਲਸਈ ਘੇਰੇ ਵਿੱਚ ਰੱਖਣ ਦਾ ਗੰਮ ਖਾਈ ਜਾ ਰਿਹਾ ਹੈ। ਜਾਤ ਬਰਾਦਰੀ, ਫੁੱਟ ਤੇ ਇਲਾਕਾਈ ਤੁਅੱਸਬ ਨੇ ਸਾਨੂੰ ਲੀਰੋਲੀਰ ਕਰ ਛਡਿਆ ਹੈ। ਪ੍ਰਦੇਸਾਂ ਵਿਚ ਬੈਠੇ ਗੁਰਸਿੱਖਾਂ ਦੀਆਂ ਆਉਂਦੀਆਂ ਪੀੜ੍ਹੀਆਂ ਨੂੰ ਸਾਂਭਣਾ ਵੀ ਇੱਕ ਅਤਿ ਬਿਖਮ ਤੇ ਨਾਜ਼ਕ ਸਮੱਸਿਆ ਹੈ, ਜਿਸ ਦੀਆਂ ਅੱਖੀਆਂ ਵਿਚ ਅੱਖੀਆਂ ਪਾਕੇ ਤਕਣੋਂ ਅਸੀਂ ਸੰਕੋਚ ਕਰਨ ਦੇ ਮੁਜਰਮ ਬਣ ਰਹੇ ਹਾਂ। ਯਾਦ ਰਹੇ, ਇਸ ਤਰ੍ਹਾਂ ਨਜ਼ਰ ਬਚਾਇਆਂ ਕਦੀ ਕੋਈ ਸਮੱਸਿਆ ਹਲ ਹੋਈ ਜਾਂ ਟਲੀ ਨਹੀਂ; ਸਗੋਂ ਹੋਰ ਬਿਖਮ ਹੋਈ ਹੈ।

ਕੀ ਸਿੱਖੀ ਨਾਲ ਵੱਧ ਚੜ੍ਹ ਕੇ ਪ੍ਰੇਮ ਤੇ ਜੋਸ਼ ਰੱਖਣ ਦੇ ਦਾਅਵੇਦਾਰਾਂ ਨੇ, ਕਦੀ ਬੈਠ ਕੇ, ਇਹ ਸੋਚਣ ਦੀ ਖੇਚਲ ਕੀਤੀ ਹੈ ਕਿ ਗੁਰਬਾਣੀ ਦੀ ਲਿਖਣ ਸ਼ੈਲੀ ਦੇ ਨੇਮਾਂ ਨੂੰ ਜਾਣੇ ਤੇ ਅਪਣਾਏ ਬਗੈਰ, ਇਹ ਸੰਸਾਰ ਦੀਆਂ ਹੋਰ ਬੋਲੀਆਂ ਵਿਚ ਕਿਵੇਂ ਛਪੂ? ਸਾਡੇ ਪਾਸੋਂ ਤਾਂ ਹਿੰਦੀ ਵਿੱਚ ਵੀ, ਸਹੀ ਤੌਰ ਉੱਤੇ ਛਪਾਈ ਕਰਨ ਕਰਾਉਣ ਦਾ ਮਸਲਾ ਹੱਲ ਨਹੀਂ ਹੋਇਆ, ਸੰਸਾਰ ਦੀਆਂ ਹੋਰ ਬਿਖਮ ਬੋਲੀਆਂ ਦੀ ਤਾਂ ਗੱਲ ਹੀ ਛੱਡੋ।

ਚੇਤੇ ਰਹੇ : ਗੁਰਬਾਣੀ ਦਾ ਭੇਉ ਗੁੱਝਾ ਭਾਵ – ਸਮਝਣ ਅਤੇ ਨਾ ਸਮਝਣ ਵਾਲਿਆਂ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਹ ਫਤਵਾ, ਨਿੱਤ ਉਠ ਵਾਚਣ ਤੇ ਸ੍ਵੈ-ਪੜਚੋਲ ਦੇ ਰਾਹ ਪਾਉਣ ਵਾਲਾ ਹੈ :

ਮਨਹੁ ਜਿ ਅੰਧੇ ਘੂਪ, ਕਹਿਆ ਬਿਰਦੁ ਨ ਜਾਣਨੀ ॥
ਮਨ ਅੰਧੇ ਊਂਧੈ ਕਵਲ, ਦਿਸਨਿ ਖਰੇ ਕਰੂਪ ॥

ਇਕਿ ਕਹਿ ਜਾਣਨਿ, ਕਹਿਆ ਬੁਝਨਿ, ਤੇ ਨਰ ਸੁਘੜ ਸਰੂਪ ।
ਇਕਨਾ ਨਾਦੁ, ਨ ਬੇਦੁ, ਨ ਗੀਅ ਰਸੁ, ਰਸੁ ਕਸੁ ਨ ਜਾਣੰਤਿ ॥
ਨਾਨਕ, ਤੇ ਨਰ ਅਸਲਿ ਖਰ, ਜਿ ਬਿਨੁ ਗੁਣ ਗਰਬੁ ਕਰੰਤ ॥ (ਮ. ੧, 1411)

ਭਾਈ ਸਾਹਿਬ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਦੀ ਰੁਤ ੩, ਅਧਿਆਇ ੩੪ ਵਿਚ ਲਿਖਦੇ ਹਨ :

''ਸਿੱਖੋ, ਸੁਨਹੁ ਸੀਖ ਇਹ ਮੇਰੀ । ਬਾਣੀ ਪਢੋ ਸੁੱਧ ਗੁਰ ਕੇਰੀ ।
ਪਢੇ ਮਹਾਤਮ ਲਹੈ ਬਸਾਲ । ਹਲਤ ਪਲਤ ਮਹਿ ਹੋਇ ਨਿਹਾਲ ।
ਜੋ ਅਸ਼ੁੱਧ ਹੈ ਪਢੀਐ ਸੁਧ ਕਰ । ਬਿਗਰੀ ਵਸਤ ਸੁਧਾ ਰਹਿ ਜਿਮ ਘਰ ॥

ਉਪ੍ਰੋਕਤ ਲਿਖਤ ਉਤੇ ਟਿਪਣੀ ਕਰਦੇ ਹੋਏ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ ''ਗੁਰਮਤਿ ਮਾਰਤੰਡ'' (ਭਾਗ ਪਹਿਲਾ) ਦੇ ਪੰਨਾ 392 ਉੱਤੇ ਲਿਖਦੇ ਹਨ :

(ੳ) ''ਬਾਣੀ ਸੁਧ ਉਹੀ ਪੜ੍ਹ ਸਕਦਾ ਹੈ, ਜਿਸ ਨੂੰ ਅਰਥ-ਬੋਧ ਹੋਵੇ । ਹਰੇਕ ਸਿਖ ਨੂੰ ਗੁਰਬਾਣੀ ਦੇ ਅਰਥਾਂ ਦਾ ਗਿਆਨ ਹੋਣਾ ਚਾਹੀਏ । ਅਸ਼ੁੱਧ ਪਾਠ ਹੋਣ ਦਾ ਇਹ ਕਾਰਣ ਭੀ ਹੈ ਕਿ ਪੁਰਾਣੇ ਗਿਆਨੀਆਂ ਦੀ ਟਕਸਾਲ ਜਾਂਦੀ ਰਹੀ ਹੈ, ਅਰ ਹੁਣ ਦੇ ਗ੍ਰੰਥੀ ਤਥਾ ਸਕੂਲ ਮਾਸਟਰ ਗੁਰਬਾਣੀ ਦੇ ਵਯਾਕਰਣ ਤੋਂ ਅਗਿਆਤ ਹਨ, ਖੁਦ ਗੁਰਬਾਣੀ ਦਾ ਸ਼ੁੱਧ ਪਾਠ ਨਹੀਂ ਕਰ ਸਕਦੇ, ਅਰ ਪੁਸਤਕ ਪਦ-ਛੇਦ ਕਰਕੇ ਲਿਖੇ ਅਰ ਛਾਪੇ ਨਹੀਂ ਜਾਂਦੇ, ਜਿਸ ਤੋਂ ਥੋੜ੍ਹੀ ਵਿਦਿਆ ਵਾਲਿਆਂ ਨੂੰ ਭਾਰੀ ਕਠਿਨਾਈ ਹੈ । **ਜੇਕਰ ਪਦ-ਛੇਦ ਕਰ ਕੇ ਗਰੰਥਾਂ ਦਾ ਪ੍ਰਚਾਰ ਹੋਵੇ, ਤਦ ਅਰਥ ਗਿਆਨ-ਰਹਿਤ ਲੋਕ ਭੀ ਸ਼ੁੱਧ ਪਾਠ ਕਰ ਸੱਕਣ । ਸ਼ੁਕਰ ਹੈ ਕਿ ਹੁਣ ਸਿੱਖਾਂ ਨੇ ਏਸ ਪਾਸੇ ਧਿਆਨ ਦਿਤਾ ਹੈ ।''**

ਅਗੇ ਪੰਨਾ 393 ਦੇ ਫੁਟਨੋਟ ਹੇਠ ਲਿਖਦੇ ਹਨ :

ਸਾਡੇ ਵਿਚ ਇਕ ਐਸੀ ਮੂਰਖ ਮੰਡਲੀ ਭੀ ਹੈ, ਜੋ ਲਿਖਾਰੀਆਂ ਦੀਆਂ ਭੁੱਲਾਂ ਨੂੰ ਵੀ, ਸਤਿਗੁਰੂ ਦੀ ਰਚਨਾ ਜਾਣਦੀ ਹੈ, ਇਸੇ ਕਾਰਣ ਅਸ਼ੁੱਧ ਪਾਠਾਂ ਦੀ ਸੁਧਾਈ ਨਹੀਂ ਹੁੰਦੀ। ਦਸ਼ਮੇਸ਼ ਜੀ ਦੀ ਮਨੋਹਰ ਕਾਵ-ਰਚਨਾ ਲਿਖਾਰੀਆਂ ਨੇ ਇਤਨੀ ਵਿਗਾੜੀ ਹੈ, ਜਿਸ ਦਾ ਸੋਧਣਾ ਹੁਣ ਆਸਾਨ ਨਹੀਂ ਹੈ ।''

ਗੁਰਬਾਣੀ ਦੇ ਪ੍ਰਚਾਰ ਤੇ ਹੋਰ ਬੋਲੀਆਂ ਵਿਚ ਸ਼ੁੱਧ ਲਿਖਣ ਬਾਰੇ ਹਿੰਦੀ ਦੀ ਮਿਸਾਲ ਦਿੰਦੇ ਹੋਏ ਆਪ ਲਿਖਦੇ ਹਨ :

ਬ੍ਰਹਮ ਗਿਆਨੀ ਸਦਾ ਸਮ ਦਰਸੀ ॥ ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤ ਬਰਸੀ ॥

ਇਸ ਨੂੰ ਹਿੰਦੀ ਵਿਚ ਇਸ ਤਰ੍ਹਾਂ ਲਿਖਣਾ ਚਾਹੀਏ :

ब्रह्म ज्ञानी सदा समदर्शी ॥ ब्रह्म ज्ञानी की दृष्टि अमृत बर्सी ॥

ਗੁਰਬਾਣੀ ਗੁਰੂ ਹੈ, ਅੰਮ੍ਰਿਤ ਹੈ, ਕੇਂਦਰ ਹੈ, ਜਿਸ ਨਾਲ ਜੁੜਿਆਂ ਬਚਾਅ ਹੈ ਤੇ ਦੂਰ ਗਿਆਂ ਮੌਤ । ਸਾਡੀਆਂ ਸਾਰੀਆਂ ਮੁਸ਼ਕਲਾਂ ਤੇ ਆਪਸੀ ਵਖੇਵਿਆਂ ਦਾ ਹੱਲ, ਇਸ ਵਿਚੋਂ ਲੱਭਣ ਦਾ ਜਤਨ ਹੀ, ਸਾਨੂੰ ਇਕ ਥਾਂ ਰੱਖ ਤੇ ਬਚਾਅ ਸਕਦਾ ਹੈ । ਅਸਾਂ, ਇਸ ਦੇ ਅਧਿਆਤਮਕ ਉਪਦੇਸ਼ ਨੂੰ ਜੀਵਨ ਦਾ ਰਾਹ-ਦੀਪ ਬਣਾਉਣਾ ਹੈ ਅਤੇ ਬਣਾਉਣਾ ਹੈ ਸ਼ਰਧਾ-ਭਰਪੂਰ ਜਾਗ੍ਰਤੀ ਤੇ ਬਿਬੇਕ ਬੁੱਧ

ੇ ਸੁਵੀਚਾਰ ਦੁਆਰਾ। ਵੇਖੋ, ਸਤਿ ਅਸਤਿ ਦੇ ਨਿਰਣਾਇਕ, 'ਮੋਢੀ ਬਾਬੇ' ਦੀ ਸਮੱਸਤ ਲੋਕਾਈ ੂੰ ਦੁਹਾਈ ਹੈ, ਦੁਹਾਈ ਹੈ :

ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ ॥
ਅਕਲੀ ਪੜਿ ਕੈ ਬੁਝੀਐ, ਅਕਲੀ ਕੀਚੈ ਦਾਨੁ ॥
ਨਾਨਕੁ ਆਖੈ ਰਾਹੁ ਇਹੁ, ਹੋਰ ਗਲਾਂ ਸੈਤਾਨੁ ॥ (ਪੰ. 1245)

ਅਤੇ ਨਾਲ ਹੀ, 'ਅਕਲਿ ਏਹ ਨ ਆਖੀਐ, ਅਕਲਿ ਗਵਾਈਐ ਬਾਦਿ', ਕਹਿ ਕੇ, ਮੰਦੀ ਮੱਤ ਅਥਵਾ ਅਪ੍ਰਵਾਣਿਤ ਅਕ੍ਲ ਦੀ ਨਿਖੇਧੀ ਵੀ ਕਰ ਦਿੱਤੀ ਹੈ।

ਅਰਦਾਸ ਹੈ, ਬੇਨਤੀ ਹੈ, ਜੋਦੜੀ ਹੈ, ਤਰਲਾ ਹੈ : ਹੇ ਸੱਚੇ ਪਾਤਸ਼ਾਹ, ਉਹ ਸੁਭਾਗ ਸਵੇਰਾ ਵਰਤ ਲਿਆ, ਜਦ ਅਸੀਂ ਤੇਰੀ 'ਧੁਰ ਕੀ ਬਾਣੀ' ਦੀ ਵੀਚਾਰ ਦੀ ਰੌਸ਼ਨੀ ਵਿਚ ਹਰ ਜੀਵਨ-ਸਮੱਸਿਆ ਨੂੰ ਹੱਲ ਕਰਨ ਦੇ ਯੋਗ ਬਣੀਏ, ਗੁਰਬਾਣੀ ਦੇ ਅਧਿਆਤਮਕ ਭਾਵਾਂ ਨੂੰ ਵਿਸਾਰ ਕੇ ਕੂਟੀਆਂ ਵਾਂਗ ਨ ਬਿਲਲਾਈਏ, ਨ ਤੜਪੀਏ। ਸਾਨੂੰ ਯਾਦ ਰਹੇ :

ਜਹ ਤਨੁ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥ (ਮ. 1)

0—0

ਗੁਰਬਾਣੀ ਇਕ-ਸਾਰਤਾ ਸਰੂਪ ਹੈ

ਓਪਰੀ ਨਜ਼ਰ ਨਾਲ, ਸਤੈਹੀ ਤੌਰ ਉਤੇ ਵੇਖਿਆਂ, ਸਾਧਾਰਨ ਪਾਠਕ ਨੂੰ ਇਉਂ ਪ੍ਰਤੀਤ ਹੁੰਦਾ ਹੈ; ਜਿਵੇਂ, ਗੁਰਬਾਣੀ ਵਿਚ, ਕਈ ਥਾਈਂ, ਸਵੈ-ਵਿਰੋਧੀ ਲਿਖਤਾਂ ਹਨ :

1. (ੳ) ਸਚੇ ਤੇਰੇ ਖੰਡ ਸਚੇ ਬ੍ਰਹਮੰਡ ॥ ਸਚੇ ਤੇਰੇ ਲੋਅ ਸਚੇ ਆਕਾਰ ॥
   (ਅ) ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥ (ਵਾਰ ਆਸਾ)
2. (ੳ) ਕਾਹੇ ਰੇ ਮਨ ਚਿਤਵਹਿ ਉਦਮੁ, ਜਾ ਆਹਰਿ ਹਰਿ ਜੀਉ ਪਰਿਆ ॥
   (ਅ) ਉਦਮੁ ਕਰੇਦਿਆ ਜੀਉ ਤੂੰ, ਕਮਾਵਦਿਆ ਸੁਖ ਭੁੰਚੁ ॥ (ਮ. 5, ਪੰ. 522)
3. (ੳ) ਆਪਿ ਸਤਿ ਕੀਆ ਸਭੁ ਸਤਿ ॥
   (ਅ) ਜੋ ਦੀਸੈ ਸੋ ਤੇਰਾ ਰੂਪੁ ॥
   (ੲ) ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ ॥ (ਮ. 9)
4. (ੳ) ਜਿਵ ਤੂ ਚਲਾਇਹਿ ਤਿਵੈ ਚਲਹ ਸੁਆਮੀ ਜਿਨਾ ਮਾਰਗਿ ਪਾਵਹੇ ॥ (ਅਨੰਦ)
   ਤਥਾ : ਕਰਨ ਕਰਾਵਨ ਕਰਨੈ ਜੋਗੁ ॥ ਜੋ ਤਿਸੁ ਭਾਵੈ ਸੋਈ ਹੋਗੁ ॥
   ਜੋ ਭਾਵੈ ਸੋ ਕਾਰ ਕਰਾਵੈ ॥ ਤਥਾ - ਕਹੁ ਮਾਨੁਖ ਤੇ ਕਿਆ ਹੋਇ ਆਵੈ ॥
   ਜੋ ਤਿਸੁ ਭਾਵੈ ਸੋਈ ਕਰਾਵੈ ॥ (ਸੁਖਮਨੀ, ਪੰ. 277)
   (ਅ) ਕਤਿਕਿ ਕਰਮ ਕਮਾਵਣੇ, ਦੋਸੁ ਨ ਕਾਹੂ ਜੋਗੁ ॥ (135)
   (ੲ) ਜੇਹਾ ਬੀਜੇ, ਸੋ ਲੁਣੇ, ਕਰਮਾ ਸੰਦੜਾ ਖੇਤੁ ॥ (ਪੰ. 134)
5. (ੳ) ਹਮ ਸਰਿ ਦੀਨੁ, ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ ॥ (694)
   (ਅ) ਮੇਰੀ ਸੰਗਤਿ ਪੋਚ, ਸੋਚ ਦਿਨੁ ਰਾਤੀ ॥ ਮੇਰਾ ਕਰਮੁ ਕੁਟਿਲਤਾ, ਜਨਮੁ ਕੁਭਾਂਤੀ ॥
   (ੲ) ਤੋਹੀ ਮੋਹੀ, ਮੋਹੀ ਤੋਹੀ, ਅੰਤਰੁ ਕੈਸਾ ॥ ਕਨਕ ਕਟਿਕ, ਜਲ ਤਰੰਗ ਜੈਸਾ ॥ (93)

ਵਿਚਾਰ ਅਧੀਨ ਨੁਕਤੇ ਨੂੰ ਸਪੱਸ਼ਟ ਕਰਨ ਅਤੇ ਇਹਨਾਂ ਤੁਕਾਂ ਦੀ ਆਪਣੀ ਆਪਣੀ ਥਾਂ ਯਥਾਰਥਤਾ ਸਿੱਧ ਕਰਨ ਲਈ ਇਹ ਬੁੱਧ-ਕਥਾ ਸਹਾਇਕ ਹੋ ਸਕਦੀ ਹੈ :

(1) ''ਮਹਾਤਮਾ ਬੁੱਧ ਇਕ ਦਿਨ ਇਕ ਪਿੰਡ ਗਏ। ਸਵੇਰ ਦਾ ਸਮਾਂ ਸੀ। ਇਕ ਆਦਮੀ ਉਹਨਾਂ ਦੇ ਦਰਸ਼ਨਾਂ ਲਈ ਆਇਆ ਤੇ ਕਹਿਣ ਲੱਗਾ—''ਮੈਂ ਨਾਸਤਕ ਹਾਂ, ਆਪ, ਇਸ ਬਾਰੇ, ਕੀ ਖਿਆਲ ਰੱਖਦੇ ਹੋ ? ਕੀ ਈਸ਼ਵਰ ਹੈ ?'' ਬੁੱਧ ਜੀ ਨੇ ਕਿਹਾ, ''ਈਸ਼ਵਰ ? ਸਿਰਫ ਈਸ਼ਵਰ ਹੀ ਤਾਂ ਹੈ। ਉਸ ਦੇ ਸਿਵਾ ਹੋਰ ਕੁੱਝ ਵੀ ਨਹੀਂ।'' ਉਸ ਆਦਮੀ ਨੇ ਕਿਹਾ, ''ਮੈਂ ਤਾਂ ਸੁਣਿਆ ਹੈ ਕਿ ਆਪ ਨਾਸਤਕ ਹੋ ?'' ਬੁੱਧ ਨੇ ਕਿਹਾ, ''ਆਪ ਨੇ ਗਲਤ ਸੁਣਿਆ ਹੈ। ਮੈਂ ਤਾਂ ਮਹਾ

ਆਸਤਕ ਹਾਂ ।'' ਉਹ ਆਦਮੀ ਹੈਰਾਨੀ-ਭਰੀ ਨਿਰਾਸਤਾ ਲੈ ਕੇ ਵਾਪਸ ਮੁੜ ਗਿਆ । ਮਹਾਤਮਾ ਬੁੱਧ ਅੱਗੇ ਤੁਰਦੇ ਹੋਏ ।

ਦੁਪਹਿਰ ਨੂੰ ਇਕ ਹੋਰ ਆਦਮੀ ਉਨ੍ਹਾਂ ਪਾਸ ਆਇਆ ਤੇ ਕਹਿਣਾ ਲੱਗਾ ਕਿ ''ਮੈਂ ਆਸਤਕ ਹਾਂ ਤੇ ਨਾਸਤਕਾਂ ਦਾ ਦੁਸ਼ਮਨ । ਮੈਂ ਆਪ ਨੂੰ ਇਹ ਪੁੱਛਣ ਆਇਆ ਹਾਂ ਕਿ ਈਸ਼ਵਰ ਦੇ ਸੰਬੰਧ ਵਿਚ ਆਪ ਦੇ ਕੀ ਵਿਚਾਰ ਹਨ ?'' ਬੁੱਧ ਨੇ ਕਿਹਾ, ''ਈਸ਼ਵਰ ? ਈਸ਼ਵਰ ਜੈਸੀ ਕੋਈ ਚੀਜ਼ ਨਾ ਹੈ, ਤੇ ਨਾ ਹੋ ਸਕਦੀ ਹੈ । ਈਸ਼ਵਰ ਹੈ ਹੀ ਨਹੀਂ ।'' ਉਸ ਆਦਮੀ ਨੇ ਹੈਰਾਨੀ ਨਾਲ ਪੁੱਛਿਆ, ''ਇਹ ਤੁਸੀਂ ਕੀ ਆਖ ਰਹੇ ਹੋ ? ਮੈਂ ਤਾਂ ਸੁਣਿਆ ਸੀ ਕਿ ਇਕ ਧਾਰਮਿਕ ਆਦਮੀ ਪਿੰਡ ਵਿਚ ਆਇਆ ਹੈ ।'' ਬੁੱਧ ਨੇ ਕਿਹਾ, 'ਧਾਰਮਿਕ ? ਮੈਂ ਤਾਂ ਮਹਾਂ ਨਾਸਤਕ ਹਾਂ ।' ਉਹ ਆਦਮੀ ਬੇਚੈਨ ਤੇ ਅਵਾਕ ਦਸ਼ਾ ਵਿਚ ਗੁੰਮ-ਸੁੰਮ, ਖਲੋਤੇ ਦਾ ਖਲੋਤਾ ਰਹਿ ਗਿਆ ।

ਸ਼ਾਮ ਹੋ ਗਈ । ਇਕ ਹੋਰ ਤੀਜਾ ਆਦਮੀ ਜੋ agnostic ਹੋਣ ਕਰਕੇ ਮੰਨਦਾ ਸੀ ਕਿ ਈਸ਼ਵਰ ਮਨੁੱਖੀ ਸੋਚ ਸਮਝ ਤੋਂ ਪਰ੍ਹੇ ਹੈ, ਬੁੱਧ ਜੀ ਪਾਸ ਆਇਆ ਤੇ ਕਹਿਣ ਲਗਾ, ''ਮੈਨੂੰ ਸਮਝ ਨਹੀਂ ਪੈਂਦੀ ਕਿ ਈਸ਼ਵਰ ਹੈ ਜਾਂ ਨਹੀਂ ? ਉਸ ਨੂੰ ਜਾਣ ਸਕਣਾ ਆਦਮੀ ਦੇ ਵੱਸ ਦਾ ਰੋਗ ਨਹੀਂ । ਆਪ ਦਾ ਇਸ ਬਾਰੇ ਕੀ ਖਿਆਲ ਹੈ ?'' ਬੁੱਧ ਨੇ ਕਿਹਾ, ''ਹੁਣ ਜਦ ਤੈਨੂੰ ਵੀ ਪਤਾ ਨਹੀਂ ਤੇ ਮੈਨੂੰ ਵੀ ਪਤਾ ਨਹੀਂ, ਤਾਂ ਇਹੀ ਠੀਕ ਹੈ ਕਿ ਈਸ਼ਵਰ ਦੀ ਹੋਂਦ ਜਾਂ ਅਣਹੋਂਦ ਬਾਰੇ ਅਸੀਂ ਚੁੱਪ ਰਹੀਏ ।'' ਉਹ ਆਦਮੀ ਵੀ ਇਸ ਉੱਤਰ ਉੱਤੇ ਹੈਰਾਨ ਰਹਿ ਗਿਆ ਤੇ ਕਹਿਣ ਲੱਗਾ, ''ਮੈਂ ਤਾਂ ਸੁਣਿਆ ਸੀ ਕਿ ਆਪ ਨੂੰ ਗਿਆਨ ਹੋ ਗਿਆ ਹੈ, ਇਸ ਲਈ ਆਪ ਨੂੰ ਪਤਾ ਹੋ ਗਿਆ ਹੋਵੇਗਾ ਕਿ ਈਸ਼ਵਰ ਹੈ ਜਾਂ ਨਹੀਂ ।'' ਬੁੱਧ ਨੇ ਕਿਹਾ ਕਿ, ''ਤੁਸੀਂ ਗਲਤ ਸੁਣਿਆ ਹੈ । ਮੈਂ ਤਾਂ ਪਰਮ ਅਗਿਆਨੀ ਹਾਂ, ਮੈਨੂੰ ਗਿਆਨ ਕੈਸਾ ?''

ਮਹਾਤਮਾ ਬੁੱਧ ਜੀ ਦੇ ਪਰਮ ਸ਼ਿਸ਼ ਅਨੰਦ ਨੇ, ਇਹ ਸਭ ਕੁਝ ਘਟਦਾ ਵੇਖਿਆ । ਬੜਾ ਹੈਰਾਨ ਹੋਇਆ । ਡਾਢੀ ਦੁਬਿਧਾ ਵਿਚ ਫਸ ਗਿਆ । ਜਦ ਰਾਤ ਹੋਈ ਅਤੇ ਸਭ ਲੋਕੀਂ ਚਲੇ ਗਏ ਤਾਂ ਆਨੰਦ ਨੇ ਬੁੱਧ ਜੀ ਦੇ ਚਰਨ ਫੜ ਲਏ ਤੇ ਘਿਘਿਆ ਕੇ ਕਿਹਾ ਕਿ, ''ਇਸ ਤਰ੍ਹਾਂ ਤਾਂ ਆਪ ਮੈਨੂੰ ਮਾਰ ਸੁੱਟੋਗੇ । ਇਹ ਕੀ ਕਰ ਰਹੇ ਹੋ ਆਪ ? ਅੱਜ ਸਾਰਾ ਦਿਨ ਮੈਂ ਇੰਨਾ ਬੇਚੈਨ ਰਿਹਾ ਹਾਂ ਕਿ ਜੀਵਨ ਵਿਚ ਪਹਿਲੇ ਕਦੀ ਐਸਾ ਨਹੀਂ ਹੋਇਆ ? ਆਪ ਕੀ ਕਹਿ ਰਹੇ ਸੋ ? ਕੀ ਕਰ ਰਹੇ ਹੋ ?'' ਆਪ ਹੋਸ਼ ਵਿਚ ਤਾਂ ਹੋ ! ਸਵੇਰੇ ਕੁਛ ਕਿਹਾ, ਦੁਪਹਿਰ ਨੂੰ ਕੁਛ ਹੋਰ ਤੇ ਸ਼ਾਮੀ ਹੋਰ । ਆਪ ਨੇ ਤਿੰਨ ਵੱਖ ਵੱਖ ਵਿਰੋਧੀ ਉੱਤਰ ਕਿਉਂ ਦਿੱਤੇ ?''

ਮਹਾਤਮਾ ਬੁੱਧ ਜੀ ਹੱਸ ਪਏ ਤੇ ਪਿਆਰ ਨਾਲ ਆਨੰਦ ਜੀ ਨੂੰ ਕਿਹਾ ਕਿ ''ਉੱਤਰ ਤਾਂ ਮੈਂ ਉਹਨਾਂ ਤਿੰਨ ਆਦਮੀਆਂ ਨੂੰ, ਵੱਖ ਵੱਖ ਤੌਰ ਉੱਤੇ ਦਿੱਤੇ ਸਨ, ਤੂੰ ਉਹ ਸੁਣੇ ਹੀ ਕਿਉਂ ? ਕੀ ਦੂਜੇ ਦੀ ਗੱਲ ਸੁਣਨੀ ਮੁਨਾਸਬ ਹੈ ? ਉਚਿੱਤ ਹੈ ?'' ਆਨੰਦ ਨੇ ਉੱਤਰ ਦਿਤਾ ਕਿ, ''ਮੈਂ ਉਸ ਸਮੇਂ ਉਥੇ ਮੌਜੂਦ ਸਾਂ, ਕੀ ਕਰਦਾ ? ਕੰਨ ਤਾਂ ਬੰਦ ਨਹੀਂ ਕੀਤੇ ਜਾ ਸਕਦੇ । ਸੋ, ਮੈਨੂੰ ਸੁੱਤੇ ਸਿੱਧ ਸੁਣੇ ਗਏ ।'' ਬੁੱਧ ਜੀ ਨੇ ਕਿਹਾ ਕਿ ''ਤੈਨੂੰ ਮੈਂ ਕੋਈ ਉੱਤਰ ਨਹੀਂ ਦਿੱਤੇ ਸਨ ।'' ਆਨੰਦ ਨੇ ਕਿਹਾ, ''ਮੈਨੂੰ ਨ ਦਿੱਤੇ ਸਹੀ, ਪਰ ਮੈਂ ਉਹਨਾਂ ਨੂੰ ਸੁਣ ਕੇ ਡਾਢੀ ਮੁਸ਼ਕਿਲ ਵਿਚ ਪੈ ਗਿਆ ਹਾਂ ।

ਮੈਨੂੰ ਤੁਰਤ ਉੱਤਰ ਦਿਉ ਕਿ ਸੱਚ ਕੀ ਹੈ ? ਆਪ ਨੇ ਇਹ ਤਿੰਨ ਵੱਖ ਵੱਖ ਸਵੈ ਵਿਰੋਧੀ ਗੱਲਾਂ ਕਿਉਂ ਆਖੀਆਂ ?"

ਬੁੱਧ ਜੀ ਨੇ ਆਪਣੇ ਪਿਆਰੇ ਸ਼ਿਸ਼ ਦੀ ਤਸੱਲੀ ਲਈ ਜੋ ਉੱਤਰ ਦਿੱਤਾ, ਉਹ ਬੜਾ ਵਚਿੱਤਰ, ਦੂਰ-ਰੱਸ ਤੇ ਭਾਵ-ਪੂਰਤ ਹੈ। ਆਪ ਨੇ ਫੁਰਮਾਇਆ ਕਿ "ਉਹਨਾਂ ਤਿੰਨਾ ਆਦਮੀਆਂ ਨੂੰ, ਜੋ ਸੋਚ, ਸਮਝ ਤੇ ਮੰਨਣ ਦੀ ਵੱਖਰੀ ਵੱਖਰੀ ਧਾਰਾ ਵਿਚ ਰੁੜ ਗਏ ਸਨ, ਸੰਤੁਲਿਤ ਅਥਵਾ ਸਹਿਜ (Balanced) ਅਵਸਥਾ ਵਿਚ ਲਿਆਉਣਾ ਜ਼ਰੂਰੀ ਸੀ। ਸਵੇਰੇ ਜੋ ਆਦਮੀ ਆਇਆ ਸੀ ਉਹ ਨਾਸਤਕ, ਘੋਰ ਨਾਸਤਕ ਸੀ, ਅਤੇ ਇਕੱਲਾ ਨਾਸਤਕ ਅਧੂਰਾ ਹੈ, ਕਿਉਂਕਿ ਜ਼ਿੰਦਗੀ ਵਿਰੋਧਾਂ (Opposites) ਨਾਲ ਮਿਲ ਕੇ ਬਣੀ ਹੈ। ਇਹ ਸਮਝ ਲਵੋ ਕਿ ਜੋ ਸੱਚ ਮੁੱਚ ਧਾਰਮਿਕ ਵਿਅਕਤੀ ਹੈ, ਉਸ ਵਿਚ ਦੋਵੇਂ ਗੱਲਾਂ ਹੁੰਦੀਆਂ ਹਨ। ਇਨ੍ਹਾਂ ਦੋਹਾਂ ਦੇ ਮੇਲ ਵਿਚ ਧਰਮ ਹੈ। ਕੇਵਲ ਧਾਰਮਿਕ ਆਦਮੀ ਵੀ ਅਧੂਰਾ ਹੀ ਹੈ, ਕਿਉਂਕਿ, ਅਜੇ ਉਸ ਵਿਚ ਸੰਤੁਲਨ (ਬੈਲੰਸ) ਨਹੀਂ ਆਇਆ। ਪਹਿਲਾ ਆਦਮੀ ਨਾਸਤਕ ਸੀ। ਉਸ ਦਾ ਹਉਂ ਆਸਰਤ ਹੋ ਕੇ ਇਕ ਪਲੜਾ ਬੜਾ ਭਾਰੀ ਹੋ ਗਿਆ ਸੀ, ਉਸ ਨੂੰ ਸਹਿਜ ਵਿਚ ਲਿਆਉਣ ਲਈ ਮੈਨੂੰ ਦੂਜੇ ਪੱਲੜੇ ਵਿਚ ਪੱਥਰ ਰੱਖਣੇ ਪਏ। ਫੇਰ ਮੈਂ ਉਹਨੂੰ ਬੇਚੈਨ ਭੀ ਕਰ ਦੇਣਾ ਚਾਹੁੰਦਾ ਸਾਂ। ਕਿਉਂਕਿ ਉਹ ਏਸੇ ਗੱਲ ਉਤੇ ਟਿਕ ਗਿਆ ਸੀ ਕਿ ਈਸ਼ਵਰ ਨਹੀਂ ਹੈ। ਉਸ ਦੇ ਨਿਸ਼ਚੇ ਨੂੰ ਹਿਲਾ ਦੇਣਾ ਵੀ ਜ਼ਰੂਰੀ ਸੀ। **ਜੋ ਇਕ ਥਾਂ ਠਹਿਰ ਜਾਂਦਾ ਹੈ, ਅਟਕ ਜਾਂਦਾ ਹੈ, ਉਹ ਮਰ ਜਾਂਦਾ ਹੈ। ਜਗਿਆਸੂ ਦੀ ਯਾਤਰਾ ਜਾਰੀ ਰਹਿਣੀ ਚਾਹੀਦੀ ਹੈ।** ਉਸ ਦੇ ਨਿਸਚੇ ਨੂੰ ਦਿਸ਼ਾ ਦੇਣੀ ਜ਼ਰੂਰੀ ਸੀ। ਦੁਪਹਿਰ ਨੂੰ ਜੋ ਆਦਮੀ ਆਇਆ, ਉਸ ਨੂੰ ਘੁਮੰਡ ਸੀ ਕਿ ਉਹ ਬੜਾ ਆਸਤਕ ਹੈ। ਉਸ ਨੂੰ ਕਹਿਣਾ ਪਿਆ ਕਿ ਮੈਂ ਨਾਸਤਕ ਹਾਂ। ਕਿਉਂਕਿ, ਉਸਦਾ ਵੀ ਇਕ ਪੱਲੜਾ ਬਹੁਤ ਭਾਰੀ ਸੀ, ਅਸੰਤੁਲਿਤ ਸੀ। ਜ਼ਿੰਦਗੀ ਹੈ ਸੰਤੁਲਨ। ਜੋ ਸੰਤੁਲਨ (ਸਹਿਜ) ਨੂੰ ਪਾ ਲੈਂਦਾ ਹੈ, ਉਹ 'ਸਤਿ' ਨੂੰ ਪਾ ਲੈਂਦਾ ਹੈ।"

(2) ਹੋਰ ਵਧੇਰੇ ਸਪਸ਼ਟ ਤੌਰ ਉਤੇ ਸਮਝਣ ਲਈ ਸੂਰਜ ਪ੍ਰਕਾਸ਼ ਦੇ ਪੰਨਾ 2170, ਰਾਸ 3 ਅੰਸੂ 56 ਉਤੇ ਅੰਕਿਤ ਇਹ ਵਾਰਤਾ ਵੀ ਬੇਹੱਦ ਸਹਾਇਕ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਵਿਚ ਜਟੂ, ਭਾਨੂੰ, ਨਿਹਾਲੂ ਤੇ ਤੀਰਥਾ, ਚੱਢਾ ਜਾਤੀ ਦੇ ਸਿੱਖ ਆਏ ਤੇ ਹੱਥ ਜੋੜ ਕੇ ਪ੍ਰਸ਼ਨ ਕੀਤਾ ਕਿ :

ਸ੍ਰੀ ਸਤਿਗੁਰ ਸ਼ੁਭ ਬਚਨ ਤੁਮਾਰੇ। ਬਹੁ ਬਿਧਿ ਕੇ ਹਮ ਅਰਥ ਬਿਚਾਰੇ।
'ਕਰੇ ਕਰਾਵੈ ਆਪੇ ਆਪਿ। ਮਾਨੁਖ ਕੈ ਕਿਛੁ ਨਾਹੀ ਹਾਥਿ ॥34॥'

ਪੁਨਾ – ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ ॥ (ਪੰ. 706)

ਉਪ੍ਰੋਕਤ ਵਾਕ, ਬ-ਜ਼ਾਹਰ, ਸਵੈ-ਵਿਰੋਧੀ ਪ੍ਰਤੀਤ ਹੁੰਦੇ ਹਨ। ਪ੍ਰੰਤੂ, ਪੰਚਮ ਗੁਰਦੇਵ ਜੀ ਨੇ ਇਸ ਦਾ ਜੋ ਸੋਧ-ਬਖਸ਼ੂ ਉੱਤਰ ਦਿੱਤਾ, ਉਸ ਦਾ ਸਾਰ ਇਸ ਪ੍ਰਕਾਰ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਸਭ ਪ੍ਰਕਾਰ ਦੇ ਸਿੱਖਾਂ ਦੀ ਕਲਿਆਣ ਲਈ ਰਚਿਆ ਗਿਆ ਹੈ :

ਸਭਿ ਅਧਿਕਾਰਨਿ ਕੇ ਗੁਰਸਿਖ ਹੈਂ। ਗ੍ਰਹਣ ਕਰੈਂ ਜਿਮ ਨਿਜ ਮਤਿ ਪਿਖਿ ਹੈਂ ॥38॥

ਜੋ ਲੋਕ ਗ੍ਰਿਹਸਤ ਵਿਚ ਪਾਪ ਪੁੰਨ ਕਮਾਉਂਦੇ ਹਨ, ਉਨ੍ਹਾਂ ਲਈ ਇਹ ਤੁਕ ਹੈ :

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ।' (ਬਾਰਹ ਮਾਹ)

ਦੂਜੇ, ਪ੍ਰੇਮਾ-ਭਗਤੀ ਵਿਚ ਰੰਗੇ ਲੋਗ, ਹਰ ਦਮ 'ਸਤਿਨਾਮ' ਦਾ ਸਿਮਰਨ ਕਰਦੇ ਹਨ, ਤੇ ਸਭ ਪ੍ਰਾਣੀਆਂ ਵਿਚ ਬ੍ਰਹਮ ਵੇਖਦੇ ਹਨ। ਉਹ ਇਸ ਤੁਕ ਦੇ ਅਧਿਕਾਰੀ ਹਨ :

[1]ਕਰੇ ਕਰਾਵੈ ਆਪੇ ਆਪ ॥ ਮਾਨੁਖ ਕੈ ਕਿਛੁ ਨਾਂਹੀ ਹਾਥ ॥

ਤੀਸਰੇ ਐਸੀ ਪ੍ਰਕਾਰ ਦੇ ਲੋਕ ਹਨ, ਜੋ ਸਭ ਪਾਸੇ ਬ੍ਰਹਮ ਹੀ ਬ੍ਰਹਮ ਵਰਤਦਾ ਵੇਖਦੇ ਹਨ, ਜਿਵੇਂ :

ਤ੍ਰਿਤੀਏ ਸੰਤਾਸੰ ਤਿ ਬਿਚਾਰਹਿ ॥ ਸਦਾ ਬ੍ਰਹਮ ਕੋ ਨਿਰਨੈ ਧਾਰਹਿ ॥
ਇਨ ਸਮ ਤੁਕ ਕੇ ਸੋ ਅਧਿਕਾਰੀ ॥ ਸੁਨਿ ਮਾਨਹਿ ਸਮਝਹਿ ਉਹ ਧਾਰੀ ॥42॥ :
"ਬ੍ਰਹਮੁ ਦੀਸੈ ਬ੍ਰਹਮੁ ਸੁਣੀਐ, ਏਕੁ ਏਕੁ ਵਖਾਣੀਐ ॥" (ਮ. 5)

ਏਸ ਨੁਕਤੇ ਦੀ ਹੋਰ ਵਜ਼ਾਹਤ ਕਰਦੇ ਹੋਏ ਗੁਰੂਦੇਵ ਅੱਗੇ ਦੱਸਦੇ ਹਨ ਕਿ ਇਸ ਪ੍ਰਕਾਰ ਹੋਰ ਕਈ ਤਰ੍ਹਾਂ ਦੇ ਅਧਿਕਾਰੀ ਹਨ, ਪ੍ਰੰਤੂ, ਏਥੇ, ਮੁੱਖ ਤੌਰ ਉਤੇ ਕੇਵਲ ਤਿੰਨ ਪ੍ਰਕਾਰ ਦੇ ਹੀ ਬਿਆਨ ਕੀਤੇ ਹਨ। ਅੱਗੇ ਪ੍ਰਸੰਗ ਹੈ :

ਦੋਹਰਾ : ਇੱਤਯਾਦਿਕ ਬਹੁਤੇ ਅਧਿਕਾਰ । ਮੁੱਖਯ ਤੀਨ ਹਮ ਕਰੇ ਉਚਾਰ ।
ਜੈਸੇ ਬੈਦ ਮਹਾਂ ਬੁਧਿਵਾਨ । ਰੋਗੀ ਆਇ ਬਿਨੈ ਬਹੁ ਠਾਨਿ ।43॥
ਨਾੜੀ, ਮੂਤ੍ਰ ਹੇਰਿ ਰੁਜ ਜਾਨੈ । ਤਿਸ ਪਰ ਬਹੁਰ ਔਸ਼ਧੀ ਠਾਨੈ ।
ਤੈਸੇ ਗੁਰ ਢਿਗ ਸਿਖ ਚਲਿ ਆਵੈ । ਬਚਨ ਕ੍ਰਿਯਾ ਤੇ ਤਿਹ ਲਖਿ ਪਾਵੈ ॥44॥
ਜਥਾ ਪਿਖਹਿ ਅਧਿਕਾਰ ਬਿਸ਼ੇਸ਼ । ਤਥਾ ਕਰਹਿ ਸਤਿਗੁਰ ਉਪਦੇਸ਼ ।
ਜੇ ਹਕੀਮ ਲਘੁ ਬਿੱਦਯਾ ਮਤਿ ਮੈਂ । ਪਰਖਯੋ ਗਯੋ ਨ ਰੁਜ ਕਛੁ ਚਿਤ ਮੈਂ ॥45॥
ਰੋਗ ਆਨ, ਔਖਧਿ ਦੇ ਆਨ । ਰੁਜ ਨਹਿ ਜਾਇ, ਪ੍ਰਾਨ ਹੂੰ ਹਾਨ ।
ਤੈਸੇ ਗੁਰ ਕਾਚੋ ਅਨਜਾਨਾ । ਸਿਖ ਅਧਿਕਾਰ ਨਾ ਕਰਹਿ ਪਛਾਨਾ ॥46॥
ਤਿਸ (ਸਿਖ ਨੂੰ) ਉਪਦੇਸ਼ ਅਯੋਗ ਬਤਾਵੈ । ਰਹੀ ਸ਼੍ਰੇਯ (ਮੁਕਤ) ਮਰਿ ਨਰਕ ਸਿਧਾਵੈ ।

(ਭਾਵਾਰਥ : ਵੈਦ ਹਕੀਮ ਦੀ ਉਦਾਹਰਣ ਦੇਂਦੇ ਹੋਏ ਦਸਦੇ ਹਨ ਕਿ ਜੋ ਮਹਾਨ ਤੇ ਬੁੱਧੀਵਾਨ ਵੈਦ ਹੈ, ਉਹ ਰੋਗੀ ਦੀ ਨਾੜੀ ਤੇ ਹੋਰ ਹਰ ਪ੍ਰਕਾਰ ਦੀ ਤਸ਼ਖੀਸ ਕਰਕੇ, ਰੋਗੀ ਲਈ ਦਵਾਈ ਤਜਵੀਜ਼ ਕਰਦਾ ਹੈ; ਤਿਵੇਂ ਹੀ ਸਤਿਗੁਰੂ ਪਾਸ ਜੋ ਸਿੱਖ ਆਉਂਦਾ ਹੈ, ਉਹ ਉਸ ਦੀਆਂ ਗੱਲਾਂ ਤੇ ਹਰਕਤਾਂ ਤੋਂ ਜਾਣ ਲੈਂਦਾ ਹੈ ਕਿ ਉਹ ਕਿਸ ਪ੍ਰਕਾਰ ਦੇ ਉਪਦੇਸ਼ਾਂ ਦਾ ਅਧਿਕਾਰੀ ਹੈ। ਉਸ ਅਨੁਸਾਰ ਉਸ ਨੂੰ ਉਪਦੇਸ਼ ਦਿੱਤਾ ਜਾਂਦਾ ਹੈ। ਜੇਹੜਾ ਨੀਮ ਹਕੀਮ ਹੈ ਉਹ ਰੋਗੀ ਦੀ ਬੀਮਾਰੀ ਨੂੰ ਜਾਣੇ ਬਗੈਰ, ਹੋਰ ਦੀ ਹੋਰ ਦਵਾਈ ਦੇ ਦੇਂਦਾ ਹੈ ਅਤੇ ਉਸ ਦੀ ਹੋਰ ਹਾਨੀ ਹੁੰਦੀ ਹੈ।

---

1. ਇਹ ਪਾਠ ਇਉਂ ਸ਼ੁੱਧ ਹੈ :
   (ੳ) ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ (ਸੁਖਮਨੀ, ਪੰ. 281)
   (ਅ) ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ, ਨਾਨਕ, ਹਰਿ ਜਾਪਿ ॥

ਏਸੇ ਤਰ੍ਹਾਂ, ਜਿਹੜਾ ਕੱਚਾ ਤੇ ਅਗਿਆਨੀ ਆਗੂ ਹੈ, ਉਹ ਇਹ ਨਹੀਂ ਪਛਾਣਦਾ ਕਿ ਸ਼ਰਨ ਆਏ ਸਿੱਖ ਦੀ ਮਨੋਬ੍ਰਿਤੀ ਕੈਸੀ ਦੇ। ਉਹ ਉਸ ਸਿੱਖ ਨੂੰ ਅਜੋਗ ਉਪਦੇਸ਼ ਦੇ ਦੇਂਦਾ ਹੈ, ਜਿਸ ਨਾਲ ਉਸ ਨੇ ਮੁਕਤੀ ਤਾਂ ਕੀ ਪਾਉਣੀ ਹੈ, ਸਗੋਂ ਨਰਕਾਂ ਦਾ ਅਧਿਕਾਰੀ ਹੋ ਜਾਂਦਾ ਹੈ।)

ਇਹ ਲੰਮੇ ਚੌੜੇ ਹਵਾਲੇ ਅਸੀਂ ਏਥੇ ਇਸ ਲਈ ਅੰਕਿਤ ਕਰਨੇ ਮੁਨਾਸਬ ਜਾਣੇ ਹਨ ਕਿ ਜਿਸ ਨੁਕਤੇ ਨੂੰ ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ, ਉਸ ਵਿਚ ਇਹ ਡਾਢੇ ਸਹਾਇਕ ਹਨ। ਗੁਰਮਤਿ ਇਸ ਗੱਲ ਦੀ ਦਾਅਵੇਦਾਰ ਹੈ ਕਿ ਸਹਜ ਤੇ ਸੰਤੁਲਿਨ ਦਾ ਜੀਵਨ ਹੀ, ਸਹੀ, ਸਫਲ ਤੇ ਸਾਰਥਕ ਜੀਵਨ ਹੈ। ਏਥੇ ਗ੍ਰਹਿਸਤ ਤੇ ਸੰਨਿਆਸ, ਲੇਪਤਾ ਤੇ ਅਲੇਪਤਾ, ਸੂਖਮ ਤੇ ਅਸਥੂਲ, ਮਿਲਾਪ ਤੇ ਵਿਛੋੜਾ, ਜੀਵਨ ਤੇ ਮੌਤ, ਭਗਤੀ ਤੇ ਸ਼ਕਤੀ ਆਦਿ ਵਿਚ ਇਕ ਸੁਮੇਲ ਹੈ, ਇਕ ਸੰਤੁਲਿਨ ਹੈ, ਇਕ ਸਹਿਜ ਹੈ।

ਐਨ ਇਵੇਂ ਹੀ, ਗੁਰਬਾਣੀ ਵਿਚ ਜਦ ਕਾਦਰ ਅਥਵਾ ਸੰਸਾਰ ਨੂੰ "ਸੱਚੇ ਦੀ ਕੋਠੜੀ" ਕਰਕੇ ਬਿਆਨਿਆ ਹੈ ਤਾਂ ਇਹ ਗੱਲ ਉਸ ਮਨੁੱਖ ਨੂੰ ਝੰਜੋੜਨ ਲਈ ਹੈ, ਜੋ ਸੰਸਾਰ ਨੂੰ ਤ੍ਰਿੰਨ ਕਾਲ ਮਿਥਿਆ ਮੰਨਦਾ ਹੈ। ਸੰਸਾਰ ਸੱਚਾ ਇਸ ਲਈ ਹੈ ਕਿ 'ਸੱਚਾ ਆਪ' ਇਸ ਵਿਚ ਰਵ ਰਿਹਾ ਹੈ, ਵਿਆਪਕ ਹੈ। ਜਦ ਇਸ ਨੂੰ ਕੂੜ ਕਰਕੇ ਕਿਹਾ ਹੈ ਤਾਂ ਉਸ ਵਿਅਕਤੀ ਨੂੰ ਸੰਬੋਧਨ ਕਰਨਾ ਮਕਸੂਦ ਹੈ, ਜੋ ਪ੍ਰਭੂ ਨੂੰ ਵਿਸਾਰ ਕੇ, ਅਤੇ ਇਸ ਵਿਚ ਉਸ ਨੂੰ ਰਵਿਆ ਨ ਵੇਖ ਕੇ, ਅਸਾਰ ਸੰਸਾਰ ਨੂੰ ਹੀ, ਸਤਿ ਕਰਕੇ ਮੰਨ ਬੈਠਾ ਹੈ।

ਏਸੇ ਤਰ੍ਹਾਂ, ਜੋ ਪੁਰਸ਼ਾਰਥ ਨਹੀਂ ਕਰਦਾ, ਉਸ ਨੂੰ ਉੱਦਮ ਕਰਨ ਦੀ ਸਿਖਿਆ ਹੈ; ਪ੍ਰੰਤੂ, ਜੋ ਹਰ ਵੇਲੇ ਫਿਕਰਮੰਦ ਹੋ ਕੇ ਭੱਜ-ਦੌੜ ਕਰਦਾ, ਚਿੰਤਤ ਰਹਿੰਦਾ, ਤੇ ਆਪਣੇ ਉੱਦਮ ਨੂੰ ਹਰ ਕਾਰਜ ਦਾ ਕਾਰਨ ਮਿਥ ਲੈਂਦਾ ਹੈ, ਉਸ ਨੂੰ ਐਸੀ ਰਵਸ਼ ਤੋਂ ਹੋੜਿਆ ਅਤੇ ਦੱਸਿਆ ਹੈ ਕਿ "Do the right & trust in God" (ਨੇਕ ਕੰਮ ਕਰੋ ਅਤੇ ਰੱਬ ਉੱਤੇ ਭਰੋਸਾ ਰੱਖੋ) ਵਾਲੀ ਸਮਤੁਲ ਅਥਵਾ ਮੱਧ ਦੀ ਅਵਸਥਾ ਹੀ ਸੁਖਦਾਈ ਅਵਸਥਾ ਹੈ।

ਹੋਰ ਲਵੋ : ਜੇ ਸਭ ਕੁਝ ਵਾਹਿਗੁਰੂ ਕਰਾਉਂਦਾ ਹੈ ਤਾਂ ਫੇਰ ਮਨੁੱਖ ਨੂੰ ਕਰਮਾਂ ਦਾ ਫਲ ਕਿਉਂ ? ਇਹ ਇਕ ਅਹਿਮ ਸਵਾਲ ਹੈ। ਦਰੁਸਤ ਹੈ ਕਿ ਮਨੁਖ ਕਰਮਾਂ ਦਾ ਫਲ, ਸੰਚਿਤ ਕਰਮਾਂ ਤੇ ਅਚੇਤ ਮਨ ਵਿਚ ਡੂੰਘੇ, ਪੱਕੇ ਬਣ ਚੁਕੇ ਸੰਸਕਾਰਾਂ ਅਥਵਾ ਕਿਰਤ ਕਰਮ ਰਾਹੀਂ ਭੋਗਦਾ ਹੈ। ਜੋ ਉਹ ਬੀਜਦਾ ਹੈ, ਅਵੱਸ਼ ਉਹੀ ਵੱਢਦਾ ਹੈ, (ਹਰ ਕਰਮ ਦਾ ਪ੍ਰਤੀਕਰਮ ਜ਼ਰੂਰੀ ਹੈ) ਪ੍ਰੰਤੂ, ਜੋ ਸਹੀ ਅਰਥਾਂ ਵਿਚ ਪ੍ਰਭੂ-ਪਰਾਇਣ ਹੋ ਜਾਂਦਾ ਹੈ, ਸਹੀ ਤੌਰ ਉਤੇ 'ਅਕਰਤਾ' ਤੇ ਅ-ਮਨ (No mind) ਹੋ ਜਾਂਦਾ ਹੈ, ਉਸ ਦੀ 'ਮੈਂ', 'ਤੂੰ' ਵਿਚ ਬਦਲ ਜਾਂਦੀ ਹੈ, ਜੋ ਹੁਕਮੀ ਪ੍ਰਭੂ ਦੇ ਹੁਕਮ ਨੂੰ ਪਛਾਣਦਾ ਤੇ ਰੱਬ-ਰਜ਼ਾ ਵਿਚ ਚਲਦਾ ਹੋਇਆ ਮਨ, ਬਚ ਕਰਮ ਕਰ ਕੇ ਪ੍ਰਮਾਤਮਾ ਨੂੰ ਹੀ ਕਰਨ ਕਰਾਵਨਹਾਰ ਮੰਨਦਾ ਹੈ, ਉਸ ਦੇ ਕਿਸੇ ਅਖਾਉਤੀ ਆਪੋਂ-ਕੀਤੇ ਕਰਮ-ਫਲ ਦੇ ਜ਼ੁੰਮੇਵਾਰ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪ੍ਰੰਤੂ, ਇਸ ਸੰਬੰਧ ਵਿਚ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਐਸੀ ਮਨੋਬਿਰਤੀ ਵਾਲੇ ਪੁਰਖ ਆਪਣੀ ਮੈਂ ਜਾਂ ਵੱਖਰੀ ਹਸਤੀ ਦੇ ਆਸਰੇ ਦੌੜ ਐਸਾ ਕੋਈ ਅਨੁਚਿਤ ਕੰਮ ਕਰਦੇ ਹੀ ਨਹੀਂ, ਅਥਵਾ ਉਨ੍ਹਾਂ ਤੋਂ ਹੁੰਦਾ ਹੀ ਨਹੀਂ, ਜਿਸ ਦਾ, ਦੰਡ ਵਜੋਂ, ਫਲ ਭੋਗਣ ਦਾ ਸਵਾਲ ਪੈਦਾ ਹੋਵੇ। ਸਹੀ ਗੱਲ ਤਾਂ ਇਹ ਹੈ ਕਿ ਉਸ ਕੋਲੋਂ,

ਪ੍ਰਭੂ-ਰਜ਼ਾ ਦੇ ਉਲਟ ਕੁਛ ਵੀ ਕਰ ਸਕਣਾ ਸੰਭਵ ਹੀ ਨਹੀਂ ਹੁੰਦਾ, ਉਸ ਦੇ ਬੋਲ ਹਨ :
ੳ) ਜੋ ਤੁਧੁ ਭਾਵੈ ਸਾਈ ਭਲੀ ਕਾਰ (ਜਪੁ)

ਤਥਾ - ਮੇਰਾ ਕੀਆ ਕਛੂ ਨ ਹੋਇ ॥ ਕਰਿ ਹੈ ਰਾਮੁ ਹੋਇ ਹੈ ਸੋਇ ॥੩॥ (ਨਾਮ ਦੇਵ ਜੀ)

ਓਥੇ 'ਸੰਤ ਗੋਬਿੰਦ ਕੈ ਏਕੈ ਕਾਮ' ਵਾਲੀ ਖੇਡ ਵਾਪਰ ਜਾਂਦੀ ਹੈ। ਓਥੇ ਕਿਸੇ ਸਮੇਂ 'ਕੁਚਲੁ ਕਠੋਰੁ ਕਪਟੁ ਕਾਮੀ', 'ਨਾਨਕੁ ਨੀਚੁ ਕਹੈ ਵੀਚਾਰੁ', 'ਮੈ ਮੂਰਖੁ ਕੀ ਕੇਤਕ ਬਾਤ ਹੈ', 'ਮੋ ਕਉ ਕਰ ਸੰਤਨ ਕੀ ਧੂਰੇ' ਆਦਿ ਵਾਕਾਂ ਦੁਆਰਾ ਭਗਤੀ, ਨਿਮਰ ਭਾਵ, ਗਰੀਬੀ ਤੇ ਦੀਨਤਾ ਦਾ ਪ੍ਰਗਟਾਵਾ ਕਰਨਾ, ਤੇ ਕਿਤੇ 'ਬ੍ਰਹਮ ਗਿਆਨੀ ਆਪਿ ਨਿਰੰਕਾਰੁ', 'ਨਾਨਕ ਸਾਧ ਪ੍ਰਭ ਭੇਦੁ ਨ ਭਾਈ', 'ਪਾਰਬ੍ਰਹਮ, ਗੁਰ ਨਾਹੀ ਭੇਦੁ', 'ਗੁਰ ਚੇਲਾ, ਚੇਲਾ ਗੁਰ ਹੋਈ' ਅਤੇ 'ਕਹੁ ਕਬੀਰ ਇਹੁ ਰਾਮ ਕੀ ਅੰਸੁ'—ਆਦਿ ਹਕੀਕਤ-ਅਫਰੋਜ਼ ਵੀਚਾਰਾਂ ਰਾਹੀਂ ਆਤਮਾ ਤੇ ਪ੍ਰਮਾਤਮਾ ਦੇ, ਮੂਲ ਕਰਕੇ, ਇਕ ਹੋਣ ਦਾ ਦਾਅਵਾ ਕਰਨਾ ਪ੍ਰਬੀਨਤਾ ਨਾਲ ਵੇਖਿਆਂ, ਕਿਸੇ ਪ੍ਰਕਾਰ ਸ੍ਵੈ-ਵਿਰੋਧ ਨਹੀਂ ਰਖਦੇ। ਇਹ ਦੋਵੇਂ ਪ੍ਰਗਟਾਅ, ਇਕ ਹੀ ਲਕਸ਼ ਦੀ ਪੂਰਤੀ ਵਲ ਸੇਧ ਬਖਸ਼ਦੇ ਹਨ। ਕੇਵਲ 'ਵੇਖਣ' ਤੇ ਜਾਨਣ ਵਾਲੀ ਅੱਖ ਤੇ ਬਿਰਤੀ ਦੀ ਲੋੜ ਹੈ।

ਸੋ, ਸਤਿਗੁਰੂਆਂ, ਭਗਤਾਂ ਜਾਂ ਸਤਿਪੁਰਖਾਂ ਵਲੋਂ ਕਿਸੇ ਸਮੇਂ ਦਾਸ-ਭਾਵ ਤੇ ਕਿਸੇ ਸਮੇਂ ਹਮ-ਜਿਨਸ ਤੇ ਸਮਾਨ ਭਾਵੀ ਸਾਂਝ ਤੇ ਸਮਾਨਤਾ ਵਿਚ ਵਿਚਰਣਾ ਤੇ ਬਾਪ ਦੀ ਗੋਦ ਵਿਚ ਬੈਠਿਆਂ ਲਾਡ ਪਿਆਰ ਨਾਲ ਐਸਾ ਕਹਿ ਲੈਣਾ, ਨਾ ਗੁਸਤਾਖੀ ਹੈ ਤੇ ਨਾ ਹੀ ਸਵੈ-ਵਿਰੋਧ ਦੀ ਗੱਲ। ਭਗਤੀ ਮਾਰਗ ਵਿਚ ਪਹਿਲੀ ਅਵਸਥਾ ਸਾਧਨ ਹੈ, ਦੂਜੀ ਤਕ ਰਸਾਈ ਕਰਨ ਦਾ। ਸੋ, ਜਿਸ ਪਉੜੀ ਰਾਹੀਂ ਉਪਰਲੀ ਮੰਜ਼ਲ ਉਤੇ ਪਹੁੰਚਣਾ ਹੈ, ਉਸ ਦੇ ਪਹਿਲੇ ਡੰਡਿਆਂ ਦੀ ਅਹਿਮੀਅਤ ਨੂੰ ਵਿਸਾਰਣਾ ਨਹੀਂ। ਇਹੀ ਕਾਰਣ ਹੈ ਕਿ ਭਾਉ ਭਗਤੀ ਮਾਰਗ ਤੁਰਨ ਵਾਲੇ ਸਤਿਪੁਰਸ਼ਾਂ ਨੇ ਵਾਹਿਗੁਰੂ ਨਾਲ ਇਕ-ਸੁਰਤਾ ਤੇ ਅਭੇਦਤਾ ਪ੍ਰਾਪਤ ਕਰਕੇ ਵੀ ਰੱਸ-ਮਈ ਪ੍ਰੇਮਾ-ਭਗਤੀ ਦੇ ਮਾਰਗ ਨੂੰ ਹੀ ਆਪ ਅਪਣਾਇਆ, ਵਡਿਆਇਆ ਤੇ ਜਗਿਆਸੂ ਨੂੰ ਅਪਨਾਉਣ ਦੀ ਪ੍ਰੇਰਣਾ ਕੀਤੀ ਹੈ।

ਵੇਖੋ, ਸਿੱਖੀ ਦੀ ਰਹੁ-ਰੀਤ ਤੇ ਰਮਜ਼ ਨੂੰ ਜਾਨਣ ਵਾਲੇ, ਸ੍ਰੀ ਕਲਗੀਧਰ ਸਾਹਿਬ ਦੇ ਅਨਿੰਨ ਸਿੱਖ, ਭਾਈ ਨੰਦ ਲਾਲ ਜੀ 'ਗੋਇਆ', ਆਪਣੇ 'ਦੀਵਾਨ' ਵਿਚ, ਮਨਸੂਰ ਬਾਰੇ, ਇਕ ਥਾਂ ਤੇ ਕਹਿੰਦੇ ਹਨ ਕਿ ਮਨਸੂਰ ਦੇ ਮੂੰਹੋਂ 'ਅਨਲਹੱਕ' (ਮੈਂ ਖ਼ੁਦਾ ਹਾਂ) ਦੇ ਸੁਭਾਵਕੀ ਵਾਕ ਐਉਂ ਨਿਕਲਦੇ ਸਨ, ਜਿਵੇਂ ਸੁਰਾਹੀ 'ਚੋਂ ਸ਼ਰਾਬ ਜਾਂ ਪਾਣੀ 'ਕੁਲ ਕੁਲ' ਦੀ ਆਵਾਜ਼ ਪੈਦਾ ਕਰਦਾ ਨਿਕਲਦੇ ਹਨ :

ਅਨਲਹਕ੍ ਅਜ਼ ਲਬਿ ਮਨਸੂਰ, ਹਮ ਚੂੰ ਸ਼ੀਸ਼ਾ ਕੁਲਕੁਲ ਕਰਦ।

ਅਤੇ ਦੂਜੇ ਥਾਂ, ਖ਼ਬਰਦਾਰ ਕਰਦੇ ਹਨ ਕਿ ਵੇਖੀਂ ਕਿਤੇ ਮਨਸੂਰ ਵਾਂਗ ਰੱਖੀ ਇਸ਼ਕ ਦੇ ਰਾਹ ਵਿਚ ਬੇ-ਅਦਬੀ ਨਾਲ ਪੈਰ ਨਾ ਰੱਖ ਬੈਠੀਂ—

ਬੇ ਅਦਬ ਪਾ ਰਾ ਮਨਿਹ, ਮਨਸੂਰਵਸ਼ ਦਰ ਰਾਹਿ ਇਸ਼ਕ,
ਰਾਹ ਰਵੇ ਈਂ ਰਾਹਿ ਰਾ, ਅੱਵਲ ਕਦਮ ਬਰ ਦਾਰ ਅਸਤ ॥

(ਭਾਵ—ਵੇਖੀਂ, ਮਨਸੂਰ ਵਾਂਗ, ਇਸ਼ਕ ਦੇ ਰਾਹ ਉਤੇ ਨਿਰਮਲ ਭਉ ਅਦਬ ਤੇ ਸਤਿਕਾਰ ਤੋਂ ਰਹਿਤ ਹੋ ਕੇ, ਪੈਰ ਨਾ ਰੱਖ ਬੈਠੀਂ, ਕਿਉਂਕਿ ਇਸ ਰਸਤੇ ਤੁਰਨ ਵਾਲਿਆਂ ਦਾ ਪਹਿਲਾ ਕਦਮ

ਸੂਲੀ ਉੱਤੇ ਟਿਕਦਾ ਹੈ)।

ਪ੍ਰੇਮਾ-ਭਗਤੀ, ਬੰਦਗੀ ਤੇ ਸਿੱਖੀ ਦੀ ਰਮਜ਼ ਤੋਂ ਵਾਕਿਫ਼, ਭਾਈ ਸਾਹਿਬ ਨੇ, ਏਥੇ, ਸਿੱਖ ਨੂੰ ਉਸ ਉਕਾਈ ਤੇ ਟਪਲੇ ਤੋਂ ਖ਼ਬਰਦਾਰ ਕੀਤਾ ਹੈ, ਜੋ ਚੁੰਚ ਗਿਆਨੀ, ਸਾਧਾਰਨ ਤੇ ਸਰਲ ਸੁਭਾ ਜਗਿਆਸੂ ਨੂੰ, ਭਾਇ ਭਗਤਿ, ਨਾਮ ਸਿਮਰਨ, ਸ਼ੁਭ ਕਰਮਾਂ ਤੇ ਨਿਸ਼ਕਾਮ ਸੇਵਾ ਤੋਂ ਉਚਾਟ ਕਰ ਕੇ, 'ਅਹੰ ਬ੍ਰਹਮ ਅਸਮੀ' ਦੇ ਫੋਕਟ ਤੇ ਰਸ-ਹੀਨ ਜਾਪ ਵਿਚ ਉਲਝਾ ਦਿੰਦੇ ਹਨ। ਚੇਤੇ ਰਹੇ ਕਿ ਬੰਦਗੀ ਮਾਰਗ ਵਿਚ ਜਿਉਂ ਜਿਉਂ ਸੁਰਤ ਟਿੱਕਦੀ ਤੇ ਉੱਪਰ ਚੜ੍ਹਦੀ ਹੈ, ਤਿਉਂ ਤਿਉਂ ਜਗਿਆਸੂ ਦੇ ਅੰਦਰ ਨਿਮਰ ਭਾਵ ਵੱਧਦਾ ਤੇ ਲੋਕ-ਸੇਵਾ, ਟਹਿਲ ਕਮਾਉਣ ਦਾ ਉਮਾਹ ਪੈਦਾ ਹੁੰਦਾ ਹੈ ਅਤੇ ਦ੍ਵੈਤ ਤੇ ਪ੍ਰਾਏਪਨ ਦਾ ਅਭਾਵ ਹੋ ਜਾਂਦਾ ਹੈ। ਹਰ ਪਾਸੇ ਰੱਬ ਦੇ ਹੀ ਦੀਦਾਰ ਹੁੰਦੇ ਤੇ ਤੂੰਹੀਂ ਤੂੰ ਦਾ ਨਾਦ ਗੂੰਜਦਾ ਹੈ।

ਸੋ, ਗੁਰਮਤਿ ਤਾਂ, ਅਸਲੀ ਮਾਅਨਿਆਂ ਵਿਚ, ਮੱਧ (ਸਹਿਜ) ਦਾ ਮਾਰਗ ਹੈ, ਅਤੇ ਮੱਧ-ਮਾਰਗ ਵਿਚ ਹੀ ਵੱਸਦੀਆਂ ਹਨ ਸਾਰੀਆ ਨੇਕੀਆਂ ਤੇ ਅਕਾਲ ਪੁਰਖ ਵਾਹਿਗੁਰੂ ਦੀਆਂ ਬਰਕਤਾਂ।

ਗੁਰਬਾਣੀ ਵਿਚ ਵੱਖ ਵੱਖ ਰੁੱਚੀਆਂ, ਸੰਸਕਾਰਾਂ, ਮਨੌਤਾਂ, ਅਕੀਦਿਆਂ ਤੇ ਅਹਿਸਾਸਾਂ ਵਾਲੇ ਸਮੂਹ ਮਨੁੱਖਾਂ ਲਈ ਅਮਰ ਉਪਦੇਸ਼ ਹੈ। ਜਿਵੇਂ ਗਲਾਸ ਵਿਚ ਪਏ ਕੋਸੇ ਪਾਣੀ ਨੂੰ ਠੰਢਾ ਹੱਥ ਤੱਤਾ ਤੇ ਗਰਮ ਹੱਥ ਠੰਡਾ ਮਹਿਸੂਸ ਕਰਦਾ ਹੈ, ਤਿਵੇਂ ਗੁਰਬਾਣੀ ਵਿਚ ਪ੍ਰਗਟਾਈ ਸਚਾਈ ਨੂੰ ਕੁਝ ਲੋਕ ਆਪਣੀ ਬਿਰਤੀ, ਸੁਭਾਵ ਤੇ ਸੀਮਤ ਸੂਝ ਬੂਝ ਨਾਲ ਵੇਖਦੇ, ਜੋਖਦੇ ਤੇ ਟਪਲਾ ਖਾ ਜਾਂਦੇ ਹਨ।

ਸਤਿਵਾਦੀ ਸਤਿਗੁਰੂ ਬਰਮਿਲਾ ਆਖਦੇ ਹਨ ਕਿ ਰੱਬੀ-ਰੌ ਤੇ ਇਕ-ਸੁਰਤਾ ਵਿਚ ਆਈ ਇਹ 'ਧੁਰ ਕੀ ਬਾਣੀ ਸਦਾ ਸਫਲ ਤੇ ਸੁਖਦਾਈ ਹੈ। ਇਸ ਲਈ, ਐ ਗੁਰਸਿੱਖ! ਇਸ ਨੂੰ ਸਦਾ ਸਤਿ ਸਤਿ ਕਰਕੇ ਮੰਨ।'

ਸੋ, ਮਨੁੱਖੀ ਕਲਿਆਣ ਅਥਵਾ ਸਰਬੱਤ ਦੇ ਭਲੇ ਲਈ ਉਚਾਰੇ ਇਸ ਅਰਸ਼ੀ ਕਲਾਮ ਨੂੰ ਵੱਡੇ ਅਦਬ, ਨਿਰਮਲ ਭਉ, ਸ਼ਰਧਾ ਤੇ ਅਪੂਰਵ ਪ੍ਰਬੀਨਤਾ ਨਾਲ ਘੋਖਣ ਦੀ ਲੋੜ ਹੈ। ਫੇਰ, ਤੇ ਕੇਵਲ ਫੇਰ ਹੀ, ਸਾਡੇ ਉਤੇ ਇਹ ਹਕੀਕਤ, ਸੂਰਜ-ਵੱਤ ਪ੍ਰਗਟ ਹੋਵੇਗੀ ਕਿ '੧ਓ ਸਤਿਨਾਮੁ' ਦੇ ਧੁਰੇ ਦੁਆਲੇ ਘੁੰਮਣ ਵਾਲਾ ਇਹ ਪਰਮ ਪਵਿੱਤਰ, ਪਾਕ ਤੇ ਅਮਰ ਕਲਾਮ 'ਆਦਿ ਸਚੁ' ਹੈ, 'ਜੁਗਾਦਿ ਸਚੁ' ਹੈ, ਇਕ ਦਾਮ ਸੱਚ ਹੈ, ਸਚ ਤੋਂ ਸਿਵਾ ਕੁਛ ਨਹੀਂ; ਅਤੇ ਸੱਚ, ਅਕਾਲ ਹੋਣ ਦੇ ਨਾਤੇ, ਕਦੀ ਵੀ ਸਦੈ-ਵਿਰੋਧੀ ਤੇ ਪੁਰਾਣਾ ਜਾਂ ਮੈਲਾ ਨਹੀਂ ਹੁੰਦਾ। ਸਾਹਿਬਾਂ ਦੇ ਅੰਮ੍ਰਿਤ ਕਥਨ ਹਨ:

ੳ) ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ। (ਗੁਰੂ ਨਾਨਕ ਦੇਵ, 955)
ਅ) ਸਚੁ ਪੁਰਾਣਾ ਨ ਥੀਐ, ਨਾਮੁ ਨ ਮੈਲਾ ਹੋਇ। (ਮ. 3, ਪੰ. 924)

ਹੋਰ ਵੀਚਾਰਵਾਨਾਂ ਦਾ ਵੀ ਪਰਮ ਕਥਨ ਹੈ:

a) Truth is truth to the end of reckoning. (Shakespear)
(ਸੱਚ, ਹਸ਼ਰ ਤਕ, ਸੱਚ ਹੀ ਰਹਿੰਦਾ ਹੈ—ਸ਼ੇਕਸਪੀਅਰ)

b) Truth is as impossible to be soiled by an outward touch as the Sun-beam. (Milton)

"ਗੁਰ ਮੂਰਤਿ ਗੁਰ ਸ਼ਬਦੁ ਹੈ"

(ਭਾ. ਗੁਰਦਾਸ)

ਗੁਰੂ, ਤਥਾ ਗੁਰੂ-ਪ੍ਰਥਾ ਕਿਸੇ ਵਰਤਮਾਨ ਫੋਰੀ ਜਾਂ ਵਕਤੀ ਵਿਚਾਰ-ਉਭਾਰ ਦੀ ਉਪਜ ਨਹੀਂ; ਸਗੋਂ, ਇਹ ਜਿਤਨੀ ਪ੍ਰਾਚੀਨ ਹੈ, ਉਤਨੀ ਹੀ ਅਹਿਮ ਤੇ ਸੁਭਾਵਕ ਵੀ ਹੈ। ਜੇ ਪਸ਼ੂ-ਪੰਛੀਆਂ ਦੀਆਂ ਸ਼੍ਰੇਣੀਆਂ ਨੂੰ ਛੱਡ ਵੀ ਦੇਈਏ, ਤਾਂ ਵੀ, ਇਹ ਸਚਾਈ ਸਵੀਕਾਰਨੀ ਪਵੇਗੀ ਕਿ ਪ੍ਰਭੂ-ਰਚਨਾ ਦੇ ਬੇਹਤਰੀਨ ਸ਼ਾਹਕਾਰ, ਮਨੁੱਖ ਦੀ, ਸਾਥੀ ਮਨੁੱਖਾਂ ਨਾਲੋਂ, ਸਰੀਰਕ ਬਣਤਰ ਵਿਚ ਭਿੰਨਤਾ ਹੋਣ ਦੇ ਨਾਲ ਨਾਲ ਚਿੰਤਨ ਤੇ ਚੇਤਨ ਸੱਤਾ ਵਿਚ ਵੀ ਅੰਤਰ ਹੈ। ਸਭ ਦੀ ਮਾਨਸਿਕ ਪੱਧਰ ਅਥਵਾ ਚੇਤਨਾ ਤੇ ਸਰੀਰਕ ਘਾੜਤ ਇੱਕ ਸਮਾਨ ਨਹੀਂ। ਤੀਜੇ ਗੁਰੂ ਜੀ ਦਾ ਅੰਮ੍ਰਿਤ ਕਥਨ ਹੈ :

ਮੇਰੇ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਈ ਨ ਕਿਸਹੀ ਜੇਹਾ ਉਪਾਇਆ ॥
ਆਪੇ ਫਰਕੁ ਕਰੇ ਵੇਖਿ ਵਿਗਸੈ, ਸਭ ਰਸ ਦੇਹੀ ਮਾਹਾ ਹੇ ॥ (ਪੰ. 1056)

ਸੋ, ਕੁਦਰਤੀ ਹੈ ਕਿ ਸਾਧਾਰਨ ਬੁੱਧੀ-ਬਲ ਤੇ ਸਮਰਥਾ ਵਾਲੇ ਲੋਕਾਂ ਨੂੰ, ਵੱਖ ਵੱਖ ਖੇਤਰਾਂ ਵਿਚ ਵਿਸ਼ੇਸ਼, ਮਹਾਨੁਭਾਵੀ ਤੇ ਬਲਵਾਨ ਲੋਕਾਂ ਦੀ ਅਗਵਾਈ ਦੀ ਲੋੜ ਭਾਸੇ। ਬਸ, ਇਹ ਸੀ ਮੁੱਢ, ਆਗੂਆਂ, ਮੁੱਖੀਆਂ, ਪ੍ਰਸ਼ਾਸਕਾਂ, ਅਧਿਆਪਕਾਂ, ਪੀਰਾਂ, ਪੈਗੰਬਰਾਂ ਤੇ ਗੁਰੂਆਂ ਆਦਿ ਦੀ ਪ੍ਰਥਾ ਅਥਵਾ ਰੀਤ ਦਾ।

ਸੰਸਾਰ ਦੇ ਵੱਡੇ ਵੱਡੇ ਸਮੂਹ ਮੱਤ ਮਤਾਂਤ੍ਰਾਂ ਦੇ ਧਾਰਮਿਕ ਗ੍ਰੰਥਾਂ ਤੇ ਰਹੁ-ਰੀਤਾਂ ਵਿਚ 'ਗੁਰੂ' ਤਥਾ ਰੂਹਾਨੀ-ਰਹਬਰ ਦੀ ਇਕ ਵਿਸ਼ੇਸ਼ ਤੇ ਉੱਤਮ ਥਾਂ ਹੈ। ਇਸ ਸ਼ਬਦ ਦੀ ਵਰਤੋਂ, ਉਪਨਿਸ਼ਦ ਕਾਲ ਤੋਂ ਹੁੰਦੀ ਆਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ, 'ਆਦਿ ਗ੍ਰੰਥ ਸ਼ਬਦ-ਅਨੁਕ੍ਰਮਣਿਕਾ' ਵਿਚ ਨਾਮ, ਹਰਿ, ਸਤਿ ਤੇ ਗੁਰੂ ਪਦਾਂ ਦਾ, ਕੇਵਲ ਹਵਾਲਾ ਦੇਣ ਲਈ ਹੀ ਤਰਤੀਬਵਾਰ ੧੪, ੧੩, ੧੧ ਤੇ ੧੦ ਪੰਨੇ ਵਰਤੇ ਗਏ ਹਨ। ਨਾਮੁ, ਹਰਿ ਤੇ ਸਤਿ, ਤਿੰਨੇ ਪਦ, ਗੁਰਬਾਣੀ ਵਿਚ ਬਹੁਤ ਕਰ ਕੇ ਪ੍ਰਯਾਇਵਾਚੀ ਅਥਵਾ ਸਮ-ਅਰਥਕ ਹਨ। ਏਸੇ ਤਰ੍ਹਾਂ, ਗੁਰਬਾਣੀ ਵਿਚ, ਵਾਹਿਗੁਰੂ ਅਕਾਲ-ਪੁਰਖ ਤੋਂ ਬਾਅਦ, ਗੁਰੂ ਨੂੰ ਸਰਬ-ਸਰੇਸ਼ਟ ਤੇ ਕਲਿਆਨਕਾਰੀ ਅਸਥਾਨ ਪ੍ਰਾਪਤ ਹੈ। ਏਥੋਂ ਤਕ ਕਿ ਸਤਿ-ਗੁਰੂ ਪਦ ਦੀ ਵਰਤੋਂ ਅਕਾਲਪੁਰਖ ਵਾਹਿਗੁਰੂ ਲਈ ਵੀ ਕੀਤੀ ਗਈ ਹੈ ਅਤੇ ਗੁਰੂ ਨੂੰ ਵਾਹਿਗੁਰੂ ਸਰੂਪ ਕਰ ਕੇ ਵੀ ਮੰਨਿਆ ਤੇ ਵਡਿਆਇਆ ਗਿਆ ਹੈ।

'ਬਾਣੀ' ਵਿਚ ਦੱਸਿਆ ਹੈ ਕਿ ਹਰੀ ਰੂਪੀ ਹੀਰਾ, ਗੁਰੂ ਦੇ ਹਿਰਦੇ ਵਿਚ ਵੱਸਦਾ ਹੈ ਤੇ ਓਥੋਂ ਗੁਰੂ ਦੀ ਕਿਰਪਾ ਦੁਆਰਾ (ਗੁਰ-ਪ੍ਰਸਾਦਿ), ਗੁਰੂ ਦੀ ਮੱਤ ਧਾਰਨ ਨਾਲ, ਪ੍ਰਾਪਤ ਹੁੰਦਾ ਹੈ। ਇਸ ਗੱਲ ਉਤੇ ਵਿਸ਼ੇਸ਼ ਜ਼ੋਰ ਦਿੰਦੇ ਹੋਏ ਗੁਰਦੇਵ ਤਥਾ ਭਾਈ ਨੰਦ ਲਾਲ ਜੀ ਫੁਰਮਾਉਂਦੇ ਹਨ :

ੳ) (ਹਰੀ ਨੂੰ) ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥ (ਵਾਰ ਆਸਾ)

ਅ) ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ, ਬਿਨੁ ਨਾਮੈ ਭਰਮੁ ਨ ਜਾਈ ॥
ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ, ਆਵਣੁ ਜਾਣੁ ਰਹਾਈ ॥
ਸਾਚੁ ਸਹਿਜੁ ਗੁਰ ਤੇ ਉਪਜੈ ਭਾਈ, ਮਨੁ ਨਿਰਮਲੁ ਸਾਚਿ ਸਮਾਈ ॥
ਗੁਰ ਸੇਵੇ ਸੋ ਬੂਝੈ ਭਾਈ, ਗੁਰ ਬਿਨੁ ਮਗੁ ਨ ਪਾਈ ॥ (ਪੰ. 635)

ੲ) ਗੁਰ ਸਰਣਿ ਨ ਆਈਐ, ਬ੍ਰਹਮੁ ਨ ਪਾਈਐ ॥ ਭਰਮਿ ਭੁਲਾਈਐ, ਜਨਮਿ ਮਰਿ ਆਈਐ ॥
ਜਮਿ ਦਰਿ ਬਾਧਉ, ਮਰੈ ਬਿਕਾਰੁ ॥ ਨ ਰਿਦੈ ਨਾਮੁ, ਨ ਸ਼ਬਦ ਅਚਾਰੁ ॥ (ਪੰ. 924)

ਸ) ਬਗ਼ੈਰ ਬਦਰੱਕਾਇ ਇਸ਼ਕ, ਕੈ ਰਸੀ ਬਾ ਦੋਸਤ ॥ (ਗਜ਼ਲ 20)
(ਭਾਵਾਰਥ : ਪ੍ਰਭੂ-ਪ੍ਰੇਮ ਦੇ ਮਾਰਗ ਵਿਚ ਰਹਬਰ (ਗੁਰੂ) ਤੋਂ ਬਿਨਾਂ, ਕਦ ਕੋਈ ਵਾਹਿਗੁਰੂ ਮਿੱਤਰ ਪਾਸ ਪੁਜਾ ਹੈ ?)

ਮਹਾਨ ਕੋਸ਼ ਅਨੁਸਾਰ 'ਗੁਰੁ' ਤੇ 'ਗੁਰੂ', ਦੋਵੇਂ ਸੰਸਕ੍ਰਿਤ ਦੇ ਸ਼ਬਦ ਹਨ। 'ਗੁਰ' ਪਦ, ਧਾਤੂ ਅਥਵਾ ਮਸਦਰ ਹੈ, ਅਤੇ ਅਰਥ ਹਨ—ਯਤਨ ਕਰਨਾ, ਉੱਦਮ ਕਰਨਾ, ਮਾਰਨਾ, ਨੁਕਸਾਨ ਕਰਨਾ, ਉਭਾਰਨਾ ਤੇ ਉੱਚਾ ਕਰਨਾ। ਪ੍ਰੰਤੂ, 'ਗੁਰੂ', ਜੋ ਸੰਗਿਆ ਹੈ, ਉਸ ਦੇ ਅਰਥ ਹਨ : ਨਿਗਲਣਾ ਅਤੇ ਸਮਝਾਉਣਾ। ਜੋ ਅਗਿਆਨ ਨੂੰ ਖਾ ਜਾਂਦਾ ਅਥਵਾ ਦੂਰ ਕਰਦਾ ਹੈ ਅਤੇ ਸਿੱਖ ਨੂੰ ਤੱਤ-ਗਿਆਨ ਸਮਝਾਉਂਦਾ ਹੈ।

'ਗੁਰੂ-ਪਦ' ਨੂੰ ਆਮ ਤੌਰ ਉੱਤੇ ਇਨ੍ਹਾਂ ਅਰਥਾਂ ਵਿਚ ਵਰਤਿਆ ਜਾਂਦਾ ਹੈ :

ਧਰਮ ਦੀ ਰੱਖਿਆ ਕਰਨ ਤੇ ਆਤਮ ਗਿਆਨ ਦੇਣ ਵਾਲਾ ਆਚਾਰੀਆ, ਕਿਸੇ ਮਤ ਦਾ ਚਾਲਕ, ਵੱਡਾ ਜਾਂ ਭਾਰੀ, ਪੂਜਣ ਯੋਗ ਤੇ ਸਰੇਸ਼ਟ ਬੁੱਧੀ ਵਾਲਾ।

---

1. ੳ) ਗੁਰੁ ਪਰਮੇਸਰੁ ਗੁਰੁ ਗੋਬਿੰਦ ॥ ਗੁਰ ਕਰਤਾ ਗੁਰੁ ਸਦ ਬਖਸੰਦੁ ॥ (ਪੰ. 1080)
ਅ) ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਬਿੰਦ ਰੂਪ ॥ (1192)
ੲ) ਹਰਿ ਗੁਰ ਮੂਰਤਿ ਏਕਾ ਵਰਤੈ, ਨਾਨਕ ਹਰਿ ਗੁਰ ਭਾਇਆ ॥ (1043)
ਸ) ਆਦਿ ਗੁਰਏ ਨਮਹ। ਜੁਗਾਦਿ ਗੁਰਏ ਨਮਹ ॥ (ਮ. 5, ਪੰ. 262)
ਭਾਈ ਰੇ ਹਰਿ ਹੀਰਾ ਗੁਰ ਮਾਹਿ ॥ (ਮ. 1, ਪੰ. 20)

2. ਸਤਿ ਸੰਗਤਿ ਸਤਿਗੁਰੁ ਪਾਈਐ, ਅਹਿਨਿਸਿ ਸਬਦਿ ਸਲਾਹਿ ॥

ਹ) ਬਾ ਹਿਜ਼ਰ ਆਸ਼ਨਾ ਸ਼ੋ, ਗਰ ਤਾਲਬਿ ਵਸਾਲੀ ॥
ਰਾਹ ਕੈ ਬਰੀਂ ਬਮੰਜ਼ਲ, ਤਾ ਰਹਬਰ ਨ ਬਾਸਦ ॥ (ਗੋਯਾ, ਗਜ਼ਲ 32)

ਭਾਵਾਰਥ—ਜੇ ਤੂੰ ਵਾਹਿਗੁਰੂ ਦੇ ਮਿਲਾਪ ਦਾ ਇੱਛਕ ਹੈਂ, ਤਾਂ ਵਿਛੋੜੇ ਤੋਂ ਵੈਰਾਗ ਤੋਂ ਵਾਕਿਫ਼ ਹੋ। ਪਿਆਰ ਦੀ ਇਸ ਮੰਜ਼ਲ ਉੱਤੇ ਪੁੱਜਣਾ ਉਤਨਾ ਚਿਰ ਸੰਭਵ ਨਹੀਂ, ਜਿਤਨਾ ਚਿਰ ਗੁਰੂ ਰਾਹ ਵਿਖਾਉਣ ਵਾਲਾ, ਨ ਹੋਵੇ।)

ਕ) ਕਬੀਰ ਸਾਚਾ ਸਤਿਗੁਰੁ ਕਿਆ ਕਰੈ, ਜੋ ਸਿਖਾਂ ਮਹਿ ਚੂਕ ॥
ਅੰਧੇ ਏਕ ਨ ਲਾਗਈ, ਜਿਉ ਬਾਸੁ ਬਜਾਈਐ ਫੂਕ ॥ (ਕਬੀਰ, ਸਲੋਕ 158)

ਗੁਰੂ ਸ਼ਬਦ ਦੀ ਵਰਤੋਂ ਇਤਨੀ ਆਮ ਹੈ, ਇਹ ਸ਼ਬਦ ਇਤਨਾ ਪਿਆਰਾ ਤੇ ਸਤਿਕਾਰਤ ਹੈ ਕਿ ਆਮ ਵਿਦਿਆ ਜਾਂ ਹੋਰ ਕਿਸੇ ਹੁਨਰ ਦੇ ਸਿਖਿਆ-ਦਾਤਾ ਨੂੰ ਵੀ ਗੁਰੂ (ਅਧਿਆਪਕ, ਟੀਚਰ) ਕਰ ਕੇ ਸਤਿਕਾਰਿਆ ਜਾਂਦਾ ਹੈ।

ਹਾਂ, ਗੁਰੂ ਦੇ ਸ਼ੁੱਧ ਅਰਥਾਂ ਲਈ, ਵੱਖ ਵੱਖ ਰੂਪ, ਵਚਨ ਤੇ ਕਾਰਕ-ਭੇਦ ਨੂੰ ਧਿਆਨ ਵਿਚ ਰੱਖਣਾ ਨਿਹਾਇਤ ਜ਼ਰੂਰੀ ਹੈ।

ਗੁਰੂ ਦੀ ਪਹਿਚਾਨ :

ਇਸ ਤਰੈਗੁਣੀ (ਰਜੋ, ਸਤੋ, ਤਮੋ) ਸੰਸਾਰ ਦੀ ਇਹ ਕਾਰ ਹੈ ਕਿ ਏਥੇ ਜਿਵੇਂ ਚਤੁਰ ਤੇ ਸੁਆਰਥੀ ਲੋਕਾਂ ਵਲੋਂ ਹਰ ਬਹੁਮੁੱਲੀ ਤੇ ਸਰੇਸ਼ਟ ਵਸਤੂ; ਜਿਵੇਂ—ਹੀਰੇ, ਲਾਲ, ਜਵਾਹਰ ਮੋਤੀ ਤੇ ਸਵਰਨ ਆਦਿ ਦੀ ਨਕਲ ਮਾਰੀ ਜਾਂਦੀ ਹੈ, ਏਸੇ ਤਰ੍ਹਾਂ ਦੰਭੀ, ਪਾਖੰਡੀ ਤੇ ਸਵਾਰਥੀ ਲੋਕ, ਪੂਰਨ ਗੁਰੂਆਂ ਅਥਵਾ ਮੁਰਸ਼ਦਾਂ ਦਾ ਰੂਪ ਧਾਰ ਤੇ ਪ੍ਰਪੰਚ ਕਰ ਕੇ, ਭੋਲੇ, ਸਰਲ, ਸਾਊ ਤੇ ਵਿਸ਼ਵਾਸੀ ਲੋਕਾਂ ਨੂੰ ਸਦਾ ਗੁਮਰਾਹ ਕਰਦੇ ਤੇ ਉਨ੍ਹਾਂ ਨਾਲ ਠੱਗੀ ਮਾਰਦੇ ਆਏ ਹਨ। ਇਸ ਲਈ ਜਿਸ ਗੁਰੂ ਵਿਅਕਤੀ ਦੇ ਹਿਰਦੇ ਵਿਚ ਰੱਬ ਦਾ ਵਾਸਾ ਹੋਵੇ, ਜਿਸ ਦੇ ਪ੍ਰਸਾਦੂ ਦੁਆਰਾ ਰੱਬ ਦੀ ਲੱਖਤਾ ਹੁੰਦੀ ਹੋਵੇ, ਜੋ ਰੱਬੀ ਗੁਣਾਂ ਦਾ ਧਾਰਨੀ ਹੁੰਦਾ ਹੋਇਆ, ਰੱਬ-ਰੂਪ ਹੋ ਨਿਬੜੇ. ਜਿਸ ਦੀ ਸਰਣ ਗਇਆਂ, ਇਹ ਖੁੱਟਹਰ ਮਨ ਵੱਸ ਆਉਂਦਾ ਤੇ ਪੰਜਾਂ ਵਿਕਾਰਾਂ ਤੋਂ ਖਲਾਸੀ ਮਿਲਦੀ ਹੋਵੇ, ਉਸ ਰਹਨੁਮਾ ਦੀ ਪਹਿਚਾਣ ਲਈ ਗੁਰਬਾਣੀ ਤੇ ਉਪਬਾਣੀਆਂ ਵਿਚ ਪੱਕੀਆਂ ਨਿਸ਼ਾਨੀਆਂ ਤੇ ਥਹੁ ਪਤਾ ਦੇਣ ਦਾ ਵੱਡਾ ਉਪਕਾਰ ਕੀਤਾ ਗਿਆ ਹੈ। ਜੇ ਫੇਰ ਵੀ ਕੋਈ ਅਭਾਗਾ ਧੋਖਾ ਖਾਵੇ ਤੇ ਅਮੋਲਕ ਤੇ ਦੁਰਲੱਭ ਜਨਮ ਕੌਡਾਂ ਬਦਲੇ ਹਾਰੇ, ਤਾਂ ਕਿਸੇ ਦਾ ਕੀ ਦੋਸ਼ ?

ਗੁਰੂ ਗਿਆਨ ਦੇ ਚਹੁੰ ਪਾਸੀਂ ਪਸਰੇ ਪ੍ਰਕਾਸ਼ ਦੇ ਹੁੰਦਿਆਂ, ਜੇ ਕੋਈ ਉੱਲੂ ਸਮਾਨ ਅੱਖਾਂ ਮੀਚ ਛੱਡੇ, ਸਫਲ ਜੀਵਨ-ਪੰਧ ਲਈ 'ਗੁਰਮੁਖ ਗੁਰੂ ਨਾਨਕ' ਦਾ ਗਾਡੀ ਰਾਹ ਹੁੰਦਿਆਂ ਕੁਮਾਰਗ-ਗਾਮੀ ਹੋ ਭਟਕੇ, ਤਾਂ ਉਸ ਦਾ ਰੱਬ ਹੀ ਰਾਖਾ ਹੈ। ਯਕੀਨਨ, ਸ੍ਰੀ ਦਸਮੇਸ਼ ਜੀ ਦੇ ਅਨਿੰਨ ਸਿੱਖ, ਭਾਈ ਨੰਦ ਲਾਲ ਜੀ 'ਗੋਇਆ' ਕਿਸੇ ਐਸੇ ਹੀ ਬਦ-ਕਿਸਮਤ ਇਨਸਾਨ ਲਈ ਫੁਰਮਾਉਂਦੇ ਹਨ—

ਤਬੀਬ ! ਆਸ਼ਕਿ ਬੇਦਰਦ ਰਾ, ਦਵਾ ਚਿ: ਕੁ ਨਦ ?
ਤੁਰਾ ਕਿ ਪਾਇ ਬਵਦ ਲੰਗ, ਰਹਨੁਮਾ ਚਿ: ਕੁ-ਨਦ ? (ਗਜ਼ਲ-20)

(ਭਾਵ—ਹੇ ਦਿਲਾਂ ਦੀ ਦਵਾਈ ਕਰਨ ਵਾਲੇ ਵੈਦ, ਬੇ-ਦਰਦ ਪ੍ਰੇਮੀ ਨੂੰ ਦਵਾਈ (ਉਪਦੇਸ਼) ਕੀ ਕਾਟ ਕਰੇਗੀ ? ਤੂੰ (ਆਸ਼ਕ) ਜੋ ਪੈਰਾਂ ਤੋਂ ਲੰਡਾ (ਸਿਦਕ-ਹੀਨ) ਹੈਂ; ਤੈਨੂੰ ਰਹਬਰ (ਗੁਰੂ) ਕਿਵੇਂ ਮੰਜ਼ਲ ਉੱਤੇ ਲਿਜਾ ਸਕਦਾ ਹੈ।)

ਤਥਾ - ਬਗ਼ੈਰ ਬਦਰੱਕਾ-ਇ ਇਸ਼ਕ, ਕੋ ਰਸੀ ਬਾ ਦੋਸਤ ?
ਬਗੈਰ ਜਜ਼ਬਾ ਓ ਸ਼ੌਕਿ ਤੋ, ਰਹਨੁਮਾ ਚਿ: ਕੁ-ਨਦ ? (ਗਜ਼ਲ-20)

(ਭਾਵ—ਐ ਸਿੱਖ, ਤੂੰ ਪ੍ਰੇਮ ਮਾਰਗ ਦੱਸਣ ਵਾਲੇ ਪ੍ਰੇਮ-ਮੁਗਧ ਗੁਰੂ ਤੋਂ ਬਿਨਾ ਵਾਹਿਗੁਰੂ) ਮਿੱਤਰ ਪਾਸ ਕਿਵੇਂ ਪਹੁੰਚੇਂਗਾ ? ਜਦ ਤੇਰੇ ਅੰਦਰ ਉਤਸ਼ਾਹ ਤੇ ਸ਼ੌਕ ਦੀ ਅਣਹੋਂਦ ਹੈ, ਤਦ ਸੱਚਾ ਮਾਰਗ ਦੱਸਣ ਵਾਲਾ ਗੁਰੂ ਵੀ ਕੀ ਕਰੇਗਾ।)

ਸਤਿਗੁਰੂ ਦੇ ਗੁਣ :

ਹਾਂ, ਪੂਰਨ ਗੁਰੂ ਦੀਆਂ ਨਿਸ਼ਾਨੀਆਂ, ਉਸ ਦੇ ਲੱਛਣ ਤੇ ਗੁਣਾਂ ਦਾ ਪਤਾ ਬਹੁ ਗੁਰਦੇਵ ਸੰਖੇਪ ਵਿਚ, ਇਉਂ ਦਿੰਦੇ ਹਨ :

ੳ) ਗੁਰੂ ਦਾ ਪਹਿਲਾ ਤੇ ਸਰਬ-ਸਰੇਸ਼ਟ ਗੁਣ ਇਹ ਹੈ ਕਿ ਉਸ ਨੂੰ ਆਪ ਵਾਹਿਗੁਰੂ ਦੀ ਲਖਤਾ ਹੋਵੇ, ਉਹ ਅੰਤਰ ਆਤਮੇ ਵਾਹਿਗੁਰੂ ਨਾਲ ਅਭੇਦ ਹੋਵੇ, ਅਤੇ ਸਿੱਖ ਨੂੰ ਆਪਣੀ ਹੀ ਪੂਜਾ ਪ੍ਰਤਿਸ਼ਟਾ ਵਿਚ ਲਾਉਣ ਦੀ ਥਾਂ, ਹਰੀ ਦੀ ਸਿਫ਼ਤ ਵਿਚ ਲਾਵੇ; ਤਾਂ ਜੋ 'ਗੁਣ ਕਹਿ, ਗੁਣੀ ਸਮਾਵਣਿਆ' (ਮ. 3) ਵਾਲੀ ਅਵਸਥਾ ਵਾਪਰੇ :

ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥
ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਣ ਗਾਉ ॥ (ਗ. ਸੁਖਮਨੀ)

ਅ) ਸਤਿਗੁਰੂ ਦਾ ਦੂਜਾ ਵੱਡਾ ਗੁਣ ਇਹ ਹੈ ਕਿ ਉਹ ਸਮ-ਦ੍ਰਿਸ਼ਟ, ਕੁਲ ਮਖ਼ਲੂਕ ਦਾ ਹਮਦਰਦ, ਸਭ ਨੂੰ ਪਿਆਰ-ਨਿੱਘ ਦੇਣ ਵਾਲਾ ਸਦ-ਆਚਾਰੀ ਹੋਵੇ, ਅਤੇ ਦੀਨ ਦੁਖੀ ਦੀ ਪੀੜਾ ਹਰਣ ਲਈ ਇਕ ਸਮਾਨ ਬੇਕਰਾਰ ਦਿੱਸੇ। ਫ਼ੁਰਮਾਨ ਹੈ

ਨਾਨਕ, ਸਤਿਗੁਰੁ ਐਸਾ ਜਾਣੀਐ, ਜੋ ਸਭਸੈ ਲਏ ਮਿਲਾਇ ਜੀਉ ॥ (ਪੰ. 79)

ੲ) ਸਤਿਗੁਰ ਦਾ ਤੀਜਾ ਲੱਛਣ ਇਹ ਹੈ ਕਿ ਉਸ ਨੂੰ ਪਰਸਨ ਨਾਲ ਸਦੀਵੀ ਅਨੰਦ (Perpetual Bliss) ਤਥਾ ਪਰਮ-ਪਦ ਦੀ ਪ੍ਰਾਪਤੀ ਹੋਵੇ, ਮਨ ਦੀ ਦੁਬਿਧਾ (ਦੋ-ਚਿਤਾਪੱਨ) ਨ ਰਹੇ, ਮਾਇਆ ਤੇ ਮਨੁੱਖ ਦੀ ਟੇਕ ਬਿਰਥੀ ਦਿੱਸੇ ਅਤੇ ਵਾਹਿਗੁਰੂ ਦੀ ਸ਼ਰਨ ਕਲਿਆਣਕਾਰੀ ਪ੍ਰਤੀਤ ਹੋਵੇ :

ਜਿਸੁ ਮਿਲਿਐ ਮਨਿ ਹੋਇ ਅਨੰਦੁ, ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ, ਹਰਿ ਪਰਮ ਪਦੁ ਲਹੀਐ ॥ (ਸੁਖਮਨੀ 168)

ਸ) ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ, ਸਲੋਕ ਵਾਰਾਂ ਤੇ ਵਧੀਕ ਵਿਚ, ਸਤਿਗੁਰੂ ਦੀ ਬਹੁਪੱਖੀ ਅਥਵਾ ਗੁਣ ਨਿਧਾਨ ਸ਼ਖ਼ਸੀਅਤ ਦੀ ਸਿਫ਼ਤ ਸਾਲਾਹ ਕਰਦੇ ਹੋਏ ਉਸ ਦੇ ਕੁਝ ਕੁ ਵਿਸ਼ੇਸ਼ ਗੁਣਾਂ ਦਾ ਵੇਰਵਾ ਦੇਣ ਦਾ ਉਪਕਾਰ ਕਰਦੇ ਹਨ, ਤਾਂ ਜੋ ਸਿੱਖ, ਦੰਭੀ, ਪਾਖੰਡੀ, ਸਵਾਰਥੀ ਤੇ ਅਗਿਆਨੀ ਗੁਰੂਆਂ ਦੀ ਮਾਰ ਤੋਂ ਬਚ ਸਕੇ ਅਤੇ ਉਨ੍ਹਾਂ ਦੇ ਢਹੇ ਚੜ੍ਹ ਕੇ, ਇਹ ਦੁਰਲੱਭ ਜਨਮ ਭੰਗ ਦੇ ਭਾੜੇ ਨ ਗਵਾਇ :

ਵਾਹੁ ਵਾਹੁ ਸਤਿਗੁਰੂ ਪੁਰਖੁ ਹੈ, ਜਿਨਿ ਸਚੁ ਜਾਤਾ ਸੋਇ ॥
ਜਿਤੁ ਮਿਲਿਐ ਤਿਖ ਉਤਰੈ, ਤਨੁ ਮਨੁ ਸੀਤਲੁ ਹੋਇ ।
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ, ਜਿਸਨੋ ਸਮਤੁ ਸਭ ਕੋਇ ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ, ਜਿਸੁ ਨਿੰਦਾ ਉਸਤਤਿ ਤੁਲਿ ਹੋਇ ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ, ਜਿਸੁ ਅੰਤਰਿ ਬ੍ਰਹਮੁ ਵੀਚਾਰੁ ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ, ਜਿਸ ਅੰਤੁ ਨ ਪਾਰਾਵਾਰੁ ॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ ॥
ਨਾਨਕ, ਸਤਿਗੁਰੂ ਵਾਹੁ ਵਾਹੁ, ਜਿਸ ਤੇ ਨਾਮੁ ਪਰਾਪਤਿ ਹੋਇ ॥ (ਪੰ. 1421)

ਹ) ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਗੁਰੂ ਪ੍ਰਾਪਤੀ ਦੀ ਸਭ ਤੋਂ ਵੱਡੀ ਨਿਸ਼ਾਨੀ ਇਹ ਹੈ ਕਿ ਸਿੱਖ ਦੇ ਅੰਦਰੋਂ ਮੋਹ ਅਤੇ ਆਧਿ, ਬਿਆਧਿ ਤੇ ਉਪਾਧਿ ਤਥਾ ਰਜੋ ਸਤੋ ਤੇ ਤਮੋ ਦਾ ਅਭਾਵ ਹੋ ਜਾਵੇ ; ਜੇ ਗੁਰੂ ਪ੍ਰਾਪਤੀ ਤੇ ਪ੍ਰਸੰਨਤਾ ਤੋਂ ਬਾਅਦ ਵੀ ਭ੍ਰਮ ਤੇ ਸੰਸੇ ਸਿੱਖ ਨੂੰ ਚੰਬੜੇ ਰਹਿਣ ਤਾਂ, ਉਸ ਭੇਖੀ ਤੇ ਦੰਭੀ ਗੁਰੂ ਦੀ ਮਾਂ ਦਾ ਸਿਰ ਮੁੰਨ ਦਿਓ, ਜਿਸਨੇ ਉਸ ਨੂੰ ਜਨਮ ਦੇਣ ਦਾ ਘੋਰ ਪਾਪ ਕੀਤਾ ਹੈ।

(1) ਕਬੀਰ ਗੁਰ ਲਾਗਾ ਤਬ ਜਾਨੀਐ, ਮਿਟੈ ਮੋਹੁ ਤਨ ਤਾਪ ॥ (ਪੰ. 1374)

(2) ਮਾਇ ਮੂੰਡਉ ਤਿਹ ਗੁਰੂ ਕੀ, ਜਾ ਤੇ ਭਰਮੁ ਨ ਜਾਇ ॥
ਆਪਿ ਡੁਬੇ ਚਹੁ ਬੇਦ ਮਹਿ, ਚੇਲੇ ਦੀਏ ਬਹਾਇ ॥ (ਪੰ. 1370)

ਕ) ਭਾਈ ਗੁਰਦਾਸ ਜੀ ਵੀ ਪੂਰਨ ਗੁਰੂ ਦੇ ਲੱਛਣ ਅਥਵਾ ਗੁਣ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਸਤਿਗੁਰ ਸਾਰੇ ਗੁਣਾਂ ਦਾ ਖਜ਼ਾਨਾ ਹੈ, ਅਵਗੁਣਆਰਿਆਂ ਨੂੰ ਬਖ਼ਸ਼ਦਾ ਅਤੇ ਕਾਮ ਕਰੋਧ, ਆਦਿ ਅਸਾਧ ਰੋਗ ਨਿਵਾਰਦਾ ਹੈ। ਉਹ ਸਦੀਵੀ-ਸੁੱਖਾਂ ਦਾ ਦਾਤਾ ਤੇ ਦੁਖ-ਹਰਤਾ ਹੈ। ਉਹ ਨਿਰਵੈਰ ਹੋਣ ਦੇ ਨਾਤੇ ਨਿੰਦਕਾਂ ਤੇ ਬੇਮੁੱਖਾਂ ਨੂੰ ਵੀ ਤਾਰਦਾ ਹੈ। ਉਹ ਨਿਰਭਉ ਤੇ ਨਿਰੰਕਾਰ ਵਾਹਿਗੁਰੂ ਦਾ ਉਪਾਸਕ ਹੋਣ ਕਰਕੇ ਸਭ ਦਾ ਭਲਾ ਲੋਚਦਾ ਅਤੇ ਨਿਮਾਣਿਆਂ ਨੂੰ ਮਾਨ ਬਖਸ਼ਦਾ ਹੈ। ਇਸ ਲਈ ਭਾਈ ਸਾਹਿਬ ਓਸ ਤੋਂ ਸਦਾ ਸਦਾ ਬਲਿਹਾਰ ਥੀਂਦੇ ਹਨ : —

ਸਤਿਗੁਰੁ ਗੁਣੀ ਨਿਧਾਨ ਹੈ, ਗੁਣ ਕਰਿ ਬਖਸੇ ਅਵਗੁਣਹਾਰੇ।
ਸਤਿਗੁਰੁ ਪੂਰਾ ਵੈਦ ਹੈ, ਪੰਜੇ ਰੋਗ ਅਸਾਧ ਨਿਵਾਰੇ ॥
ਸੁਖੁ ਸਾਗਰ ਗੁਰ ਦੇਉ ਹੈ, ਸੁਖ ਦੇ, ਮੇਲ ਲਏ ਦੁਖਿਆਰੇ।
ਗੁਰ ਪੂਰਾ ਨਿਰਵੈਰ ਹੈ, ਨਿੰਦਕ ਦੋਖੀ ਬੇਮੁਖ ਤਾਰੇ ॥
ਗੁਰ ਪੂਰਾ ਨਿਰਭਉ ਸਦਾ, ਜਨਮ ਮਰਣ ਜਮ ਡਰੋ ਉਤਾਰੇ।
ਸਤਿਗੁਰ ਪੁਰਖੁ ਸੁਜਾਣ ਹੈ, ਵੱਡੇ ਅਜਾਣ ਮੁਗਧ ਨਿਸਤਾਰੇ ॥
ਸਤਿਗੁਰੁ ਆਗੂ ਜਾਣੀਐ, ਬਾਂਹ ਪਕੜ ਅੰਧਲੇ ਉਧਾਰੇ ॥
ਮਾਣ ਨਿਮਾਣੇ, ਸਦ ਬਲਿਹਾਰੇ ॥ (ਭਾਈ ਗੁਰਦਾਸ —ਵਾਰ 26, ਪੌ. 19)

ਖ) ਏਸੇ ਤਰ੍ਹਾਂ ਭਾਈ ਨੰਦ ਲਾਲ ਜੀ 'ਗੋਇਆ' ਜ਼ਿੰਦਗੀਨਾਮੇ ਵਿੱਚ, ਜਿੱਥੇ ਕਾਮਲ ਮੁਰਸ਼ਦ ਦੇ ਗੁਣ ਤੇ ਲੱਛਣ ਬਿਆਨ ਕਰਦੇ ਹੋਏ, ਉਸਨੂੰ ਦੁਰਲੱਭ, ਇੱਛਾ-ਪੂਰਕ, ਹਉਮੈ-ਰੋਗ ਗ੍ਰਸਤ ਦਿਲਾਂ ਦਾ "ਨਾਮ" ਰੂਪੀ ਔਸ਼ਧੀ ਨਾਲ ਇਲਾਜ ਕਰਨ ਤੇ ਰੱਬ ਦਾ ਨਿਸ਼ਾਨ (ਰਾਹ) ਦੱਸਣ ਵਾਲਾ ਦੱਸਦੇ ਹਨ, ਓਥੇ ਨਾਲ ਹੀ "ਨਿਗੁਰੇ ਕਾ ਹੈ ਨਾਉ ਬੁਰਾ", ਗੁਰਵਾਕ ਅਨੁਸਾਰ, ਬੇ-ਮੁਰਸ਼ਦੇ ਦਾ ਨਾਂ ਲੈਣਾ ਵੀ ਪਾਪ ਸਮਝਦੇ ਹਨ :—

ਮੁਰਸ਼ਦੇ ਹਰ ਚੀਜ਼, ਮੇ ਬਾਸ਼ਦ ਬਸੇ (ਗੁਰੂ ਹਰ ਥਾਂ ਵਸਦਾ ਹੈ, ਪਰ)
ਮੁਰਸ਼ਦੇ ਕਾਮਿਲ ਕੁਜਾ ਯਾਬਦ ਕਸੇ ? (ਮੁਸ਼ਕਲ ਨਾਲ ਲਭਦਾ ਹੈ)
ਮੁਰਸ਼ਦੇ ਕਾਮਿਲ ਇਲਾਜਿ ਦਿਲ ਕੁਨੰਦ। (ਪੂਰਨ ਗੁਰੂ ਦਿਲਾਂ ਦਾ ਵੈਦ ਹੈ)
ਈਂ ਮੁਰਾਦਿ ਦਿਲ, ਬਦਿਲ ਹਾਸਲ ਕੁਨੰਦ॥ (ਦਿਲ ਦੀ ਮੁਰਾਦ ਦਿਲੋਂ ਪੂਰੀ ਕਰਦਾ ਹੈ)

ਨਾਮੇ ਬੇਮੁਰਸ਼ਦ, ਮਖਾਵਰ ਬਰ ਜ਼ਬਾਂ, (ਨਿਗੁਰੇ ਨਾਂ ਨ ਲੈ, ਪੂਰਾ ਗੁਰੂ ਰੱਬ ਦਾ
ਮੁਰਸ਼ਦੇ ਕਾਮਿਲ, ਦਿਹਦ ਅਜ਼ ਹਕ ਨਿਸ਼ਾਂ ॥ ਪਤਾ ਦਿੰਦਾ ਹੈ) (ਜ਼ਿੰਦਗੀਨਾਮਾ)

ਗੋਇਆ ਜੀ ਹੋਰਥੇ ਫ਼ੁਰਮਾਉਂਦੇ ਹਨ ਕਿ ਪੂਰਨ, ਰੱਬ-ਰੂਪ ਗੁਰੂ (ਮੁਰਸ਼ਦਿ ਕਾਮਲ) ਦੇ ਫ਼ੈਜ਼ (ਪ੍ਰਸਾਦ) ਦੁਆਰਾ ਉਹਨਾਂ ਉੱਤੇ ਇਹ ਅਸਲੀਅਤ ਖੁਲ੍ਹੀ ਹੈ ਕਿ ਕਿਵੇਂ ਦੁਨੀਆਂ ਦਿਆਂ ਰਸਾਂ ਕਸਾਂ ਦੇ ਸ਼ਿਕੰਜੇ ਵਿਚ ਜਕੜਿਆ ਆਦਮੀ ਸਦਾ ਦੁਖੀ ਹੈ :

ਬ-ਫ਼ੈਜ਼ਿ ਮੁਰਸ਼ਦਿ ਕਾਮਲ, ਮਰਾ ਮਾਲੂਮ ਸ਼ੁਦ ਆਖ਼ਰ,
ਕਿ ਦਾਇਮ ਮਰਦਿਮਿ ਦੁਨੀਆਂ, ਬ-ਗ਼ਮ ਆਲੂਦਾ ਮੇ ਬਾਸ਼ਦ ॥ (ਗ਼ਜ਼ਲ-26)

ਗਲ ਕੀ ਗੁਰੂ ਦੀਆਂ ਸਿਫ਼ਤਾਂ ਤੇ ਗੁਣ ਬਿਆਨੋਂ ਬਾਹਰ ਹਨ। ਦੀਪਕ ਗੁਰੂ ਤਾਂ ਰੱਬ ਦਾ ਹੀ ਰੂਪ ਹੁੰਦਾ ਹੈ; ਜਾਂ ਇਉਂ ਆਖੋ ਕਿ ਉਹ ਇੱਕ ਤਰ੍ਹਾਂ ਨਾਲ, ਬ੍ਰਹਮ ਦਾ ਹੀ ਸਰਗੁਣ ਸਰੂਪ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ 'ਗੁਰਮਤਿ ਮਾਰਤੰਡ' ਦੇ ਪੰਨਾ 373 ਉੱਤੇ 'ਗੁਰੂ' ਦੀ ਜੋ ਸੰਖਿਪਤ; ਪਰੰਤੂ, ਭਾਵ-ਪੂਰਤ ਪ੍ਰਿਭਾਸ਼ਾ ਦਿੱਤੀ ਹੈ; ਉਹ ਮਾਨੋਂ ਸਾਗਰ ਨੂੰ ਕੁੱਜੇ ਵਿਚ ਬੰਦ ਕਰਨ ਵਾਲੀ ਗਲ ਹੈ। ਆਪ ਲਿਖਦੇ ਹਨ :

'ਅਗਿਆਨ ਵਿਨਾਸ਼ਕ, ਸਤਿ ਤੇ ਹਿਤ ਉਪਦੇਸ਼ਟਾ ਦਾ ਨਾਉਂ ਗੁਰੂ ਹੈ।'

ਇਥੇ ਸਤਿਗੁਰੂ ਵਿਚ ਤਿੰਨਾਂ ਵੱਡੀਆਂ ਸਿਫ਼ਤਾਂ ਦਾ ਜ਼ਿਕਰ ਹੈ; ਗੁਰੂ ਅਗਿਆਨ ਦਾ ਨਾਸ ਕਰਨ ਤੇ ਗਿਆਨ ਪ੍ਰਦਾਨ ਕਰਨ ਯੋਗ ਹੋਵੇ; ਉਹ ਸਤਿ ਸਰੂਪ ਵਾਹਿਗੁਰੂ ਦਾ ਉਪਦੇਸ਼ ਕਰੇ, ਉਸ ਨੂੰ ਤਿਨ ਕਾਲ ਸਤਿ ਮੰਨੇ ਅਤੇ ਸਦਾ ਸਿੱਖ ਦੇ ਹਿੱਤਾਂ ਲਈ ਤੱਤਪਰ ਤੇ ਬੇਕਰਾਰ ਰਹੇ। ਕੁਝ ਇਵੇਂ ਹੀ, ਜਿਵੇਂ :

ਮਾਤਾ ਪ੍ਰੀਤਿ ਕਰੇ, ਪੁਤੁ ਖਾਇ ॥ ਮੀਨੇ ਪ੍ਰੀਤਿ ਭਈ, ਜਲਿ ਨਾਇ ॥
ਸਤਿਗੁਰ ਪ੍ਰੀਤਿ, ਗੁਰ ਸਿਖ ਮੁਖਿ ਪਾਇ ॥ (ਮ. 4, ਪੰ. 307)

ਸਾਰਾ ਗੁਰ-ਇਤਿਹਾਸ, ਉਪਰੋਕਤ ਤੱਥ ਦੀ, ਭਰਪੂਰ ਸ਼ਾਹਦੀ ਭਰਦਾ ਹੈ।

ਸ਼ਬਦ-ਗੁਰੂ

ਜਿਥੋਂ ਤਕ ਗੁਰੂ ਤੇ ਗੁਰੂ ਪ੍ਰਥਾ ਦੀ ਪ੍ਰਾਚੀਨਤਾ, ਰੱਬ ਦੇ ਰਾਹ ਵਿਚ ਰਹਬਰੀ ਤੇ ਹੋਰ ਬੇਸ਼ੁਮਾਰ ਸਦ-ਗੁਣਾਂ ਦਾ ਸੰਬੰਧ ਹੈ, ਉਸ ਬਾਰੇ ਸੰਸਾਰ ਦੇ ਸਮੂਹ ਮੱਤਾਂ ਦੇ ਮਹਾਨ ਦੈਵੀ ਚਿੰਤਕਾਂ ਦੀ ਸਦਾ ਸਹਿਮਤੀ ਰਹੀ ਹੈ। ਪਰੰਤੂ, ਜਦੋਂ ਗਲ ਏਥੇ ਆਉਂਦੀ ਹੈ ਕਿ ਕੀ ਕੇਵਲ ਦੇਹ-ਧਾਰੀ ਵਿਅਕਤੀ ਹੀ ਗੁਰੂ ਹੋ ਸਕਦਾ ਹੈ, ਜਾਂ 'ਸ਼ਬਦ' ਵੀ, ਅਤੇ ਦੋਹਾਂ ਵਿਚੋਂ ਕਿਹੜਾ ਸਿਧਾਂਤ ਅਫ਼ਜ਼ਲ, ਪਰਤੱਖ, ਦਾਇਮੀ, ਨਿਰਵਿਘੰਨ ਤੇ ਸਹੀ ਅਰਥਾਂ ਵਿਚ ਫਲ-ਪ੍ਰਦਾਤਾ ਹੈ, ਤਾਂ ਇਹ ਵਿਚਾਰ-ਧਾਰਾ ਦੋ ਹਿੱਸਿਆਂ ਅਥਵਾ ਪੱਖਾਂ ਵਿਚ ਵੰਡੀ ਜਾਂਦੀ ਹੈ।

ਉਪਰੋਕਤ ਨੁਕਤਿਆਂ ਸੰਬੰਧੀ ਕੁਝ ਬਿਨੇ ਕਰਨ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਅਸੀਂ 'ਸ਼ਬਦ' ਦੇ ਕੋਸ਼ਕ ਅਰਥ ਅਤੇ ਉਹ ਅਰਥ ਤੇ ਭਾਵ ਜਿਨ੍ਹਾਂ ਵਿਚ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਹੋਰ ਗੁਰਮਤਿ ਗ੍ਰੰਥਾਂ ਵਿਚ ਆਇਆ ਹੈ, ਵਾਚ ਲਈਏ :

ਸ਼ਬਦ (word) ਦੇ ਅੰਗਰੇਜ਼ੀ[1] ਡਿਕਸ਼ਨਰੀ ਅਨੁਸਾਰ ਅਰਥ ਹਨ :

ਸ਼ਬਦ (ਬੋਲ), ਲਫ਼ਜ਼, ਪਦ, ਗਲ, ਕਥਨ, ਭਾਸ਼ਣ, ਖ਼ਬਰ, ਸੁਨੇਹਾ, ਆਗਿਆ, ਹੁਕਮ, ਪ੍ਰਤਿੱਗਿਆ, ਵਾਅਦਾ, ਬਚਨ ।

ਚਾਰ ਬਾਣੀਆਂ : ਸ਼ਬਦ, ਬੋਲੀ ਅਥਵਾ ਬਾਣੀ ਨੂੰ ਗ੍ਰੰਥਕਾਰਾਂ ਨੇ ਚਾਰ ਪ੍ਰਕਾਰ ਦਾ ਮੰਨਿਆ ਹੈ :

(ੳ) ਪਰਾ=ਮੂਲਾਧਾਰ ਵਿਚ ਰਹਿਣ ਵਾਲਾ ਸ਼ਬਦ;
(ਅ) ਪਸ਼ਯੰਤੀ=ਮੂਲਾਧਾਰ ਤੋਂ ਉੱਠ ਕੇ ਹਿਰਦੇ ਵਿਚ ਆਇਆ ਸ਼ਬਦ;
(ੲ) ਮੱਧਮਾ=ਹਿਰਦੇ ਤੋਂ ਕੰਠ ਵਿਚ ਆਇਆ ਸ਼ਬਦ;
(ਸ) ਵੈਖਰੀ=ਮੁਖ ਤੋਂ ਉਚਾਰਣ ਹੋਇਆ ਸ਼ਬਦ ।

ਸ਼ਬਦ ਦੀ ਸ਼ਕਤੀ : ਇਹ ਸਪੱਸ਼ਟ ਹੈ ਕਿ ਜੋ ਸ਼ਬਦ ਅਥਵਾ ਬਚਨ ਅਸੀ ਮੂੰਹੋਂ ਉਚਾਰਦੇ ਹਾਂ, ਉਸ ਦਾ ਮੁੱਢ 'ਪਰਾ' ਬਾਣੀ ਹੈ । ਜਾਂ ਇਉਂ ਆਖੋ ਕਿ ਅਸੀਂ ਉਹੋ ਕੁਝ ਮੂੰਹੋਂ ਬੋਲਦੇ ਹਾਂ, ਜੋ ਅਸੀਂ ਬਾਣੀ ਦੀ ਪਰਾ ਤੇ ਪਸ਼ਅੰਤੀ ਅਵਸਥਾ ਵਿਚ ਸੋਚਦੇ ਜਾਂ ਖਿਆਲ ਕਰਦੇ ਹਾਂ । ਮੂੰਹੋਂ ਅਥਵਾ ਮੂੰਹ ਦੁਆਰਾ ਨਿਕਲੇ ਬੋਲ ਤਾਂ ਕੇਵਲ ਸਾਡੇ ਲਤੀਫ਼ (ਸੂਖਮ) ਭਾਵਾਂ, ਸੋਚਾਂ ਵਿਚਾਰਾਂ ਦਾ ਕਸੀਫ਼ (ਅਸਥੂਲ) ਰੂਪ ਤੇ ਹੋਰਨਾਂ ਨਾਲ ਸਾਂਝ ਦਾ ਸਾਧਨ ਹਨ । ਖ਼ਿਆਲ ਨੂੰ ਅਸਲ ਸ਼ਕਤੀ ਮੰਨਿਆ ਗਿਆ ਹੈ ।

Thought is Power, ਬਾਣੀ ਅਥਵਾ ਬੋਲ ਵਿਚਲੇ ਵਿਚਾਰ ਹੀ ਸਥਿਰ ਰਹਿਣ ਦੀ ਸ਼ਕਤੀ ਰੱਖਦੇ ਹਨ, ਜਦ ਕਿ ਇਹ ਮਿੱਟੀ ਦੀ ਮਰਤੀ (ਸਰੀਰ) ਛਿਨ-ਭੰਗਰ ਹੈ । ਏਸੇ ਭਾਵ ਨੂੰ ਇਕ ਸ਼ਾਇਰ ਇਉਂ ਸਪਸ਼ਟ ਕਰਦਾ ਹੈ :

ਰਹੇਗੀ ਆਬੋ ਹਵਾ ਮੇਂ ਖ਼ਿਆਲ ਕੀ ਸ਼ਕਤੀ,
ਯੇ ਮੁਸ਼ਤਿ ਖ਼ਾਕ ਹੈ ਫ਼ਾਨੀ, ਰਹੇ, ਰਹੇ, ਨ ਰਹੇ ॥

ਸੋ, ਸਾਰੀ ਸ਼ਕਤੀ ਸ਼ਬਦਾਂ, ਬੋਲਾਂ ਤੇ ਬਚਨਾਂ ਵਿਚ ਵੱਸਦੇ ਖਿਆਲਾਂ ਦੀ ਹੈ । ਜਿਵੇਂ ਆਤਮਾ ਮੁੱਖ ਹੈ, ਅਸਲੀਅਤ ਹੈ, ਅਤੇ ਤਨ ਗੌਣ; ਪਰੰਤੂ, ਤਨ ਵੀ, ਆਤਮਾ ਦਾ ਨਿਵਾਸ-ਅਸਥਾਨ ਹੋਣ ਕਰਕੇ, ਕਦਰ ਕੀਮਤ ਰੱਖਦਾ ਹੈ । ਏਸੇ ਤਰ੍ਹਾਂ ਸ਼ਬਦ, ਵਿਚਾਰਾਂ ਦਾ ਮਾਧਿਅਮ, ਪੈਰਹਨ ਜਾਂ ਪੋਸ਼ਾਕ ਹੋਣ ਦੇ ਨਾਤੇ ਵਿਸ਼ੇਸ਼ ਅਸਥਾਨ ਦੇ ਹਕਦਾਰ ਹਨ ।

ਖ਼ਿਆਲ ਦੀ ਪਰਮ ਸ਼ਕਤੀ ਬਾਰੇ ਮਹਾਨ ਚਿੰਤਕਾਂ ਦੇ ਵੰਨਗੀ ਵਜੋਂ ਅੰਕਿਤ, ਇਹ ਵਿਚਾਰ ਵਾਚਣ ਯੋਗ ਹਨ :

1. Thinking is the talking of soul with-itself (Plato) (ਖ਼ਿਆਲਾਂ ਵਿਚ ਮਹਵ ਹੋਣਾ, ਆਪਣੀ ਆਤਮਤਾ ਨਾਲ ਗੱਲਾਂ ਕਰਨਾ ਹੈ ।)
2. All grand Thoughts-come from the heart (Vanvenarques) (ਭਾਵ– ਸਾਰੇ ਮਹਾਨ ਵਿਚਾਰ ਹਿਰਦਿਓਂ ਉੱਠਦੇ ਹਨ ।)
3. Spirtual force is stronger than material; thought rules the

---

1. ਅੰਗਰੇਜ਼ੀ-ਪੰਜਾਬੀ ਕੋਸ਼ (ਪੰਜਾਬੀ ਯੂਨੀਵਰਸਿਟੀ) ਪੰਨਾ 606.

world. (Emerson) (ਆਤਮ-ਸਤਾ, ਮਾਦਾ ਸ਼ਕਤੀ ਨਾਲੋਂ ਬਲਵਾਨ ਹੈ; ਵਿਚਾਰ ਹੀ ਸੰਸਾਰ ਉੱਤੇ ਰਾਜ ਕਰਦੇ ਹਨ।)

4. A man might frame and let loose a star to roll in the orbit and yet not have done so memorable a thing before God, as he who lets go a golden-orbed thought to roll through the generation of time. (H. W. Beecher)

(ਭਾਵ—ਆਦਮੀ ਸਤਾਰਾ ਬਣਾ ਕੇ ਆਕਾਸ਼ ਵਿਚ ਘੁੰਮਣ ਲਈ ਛੱਡ ਸਕਦਾ ਹੈ; ਪਰੰਤੂ, ਇਹ ਰੱਬ ਅੱਗੇ ਕੋਈ ਐਸੀ ਮਾਹਰਕੇ ਵਾਲੀ ਯਾਦਗਰੀ ਘਟਨਾ ਨਹੀਂ, ਜਿੰਨੀ ਕਿ ਕੋਈ ਆਉਂਦੀਆਂ ਨਸਲਾਂ ਲਈ ਇਕ ਸੁਨਹਿਰੀ ਤੇ ਯਥਾਰਥ ਖ਼ਿਆਲ ਦਾ ਜਨਮ-ਦਾਤਾ ਹੋ ਕੇ ਕਰ ਸਕਦਾ ਹੈ।)

ਉਪਰੋਕਤ ਵਿਚਾਰਾਂ ਦੀ ਪੁਸ਼ਟੀ ਲਈ ਵੰਨਗੀ ਵਜੋਂ, ਕੇਵਲ ਇਕ ਹੋਰ ਪ੍ਰਮਾਣ ਗੁਰਬਾਣੀ ਵਿਚੋਂ ਵੀ ਹਾਜ਼ਰ ਹੈ :

ਗਿਰਿ ਬਸੁਧਾ ਜਲ, ਪਵਨ ਜਾਇਗੋ, ਇਕਿ ਸਾਧ ਬਚਨ ਅਟਲਾਧਾ,
ਅੰਡ ਬਿਨਾਸੀ, ਜੇਰ ਬਿਨਾਸੀ, ਉਤਭੁਜ, ਸੇਤ ਬਿਨਾਧਾ ॥
ਚਾਰਿ ਬਿਨਾਸੀ, ਖਟਹਿ ਬਿਨਾਸੀ, **ਇਕਿ ਸਾਧ ਬਚਨ** [1]**ਨਿਹਚਲਾਧਾ**। (ਪੰ. 1204)

ਹਾਂ, ਇਹ ਹੈ ਓਸ ਬਾਣੀ, ਬਚਨ, ਸ਼ਬਦ ਦੀ ਅਟੱਲਤਾ ਤੇ **ਰੱਬ ਜਿੰਨੀ ਅਗਾਧਬੋਧ**[2] ਗਤੀ ਤੇ ਅਸਥਾਨ, ਜੋ ਵਾਹਿਗੁਰੂ ਨਾਲ ਇਕ ਸੁਰ ਹੋਏ ਸਾਧ ਗੁਰੂ ਦੇ ਹਿਰਦਿਓਂ ਪਰਾ, ਪਸ਼ੰਤੀ, ਮੱਧਮਾ ਤੇ ਬੈਖਰੀ ਰੂਪ ਧਾਰਦਾ ਹੋਇਆ, ਅਟੱਲ ਤੇ ਕਲਿਆਣਕਾਰੀ **ਥੀ ਵੰਞਦਾ ਹੈ**।

ਗੁਰਬਾਣੀ ਵਿਚ ਸ਼ਬਦ-ਪਦ ਦੀ ਵਰਤੋਂ :

ਹੁਣ ਆਓ ਵਿਚਾਰੀਏ ਕਿ 'ਸ਼ਬਦ' ਦੀ ਗੁਰਬਾਣੀ ਵਿਖੇ ਕਿਵੇਂ ਤੇ ਕਿਨ੍ਹਾਂ ਅਰਥਾਂ ਵਿਚ ਵਰਤੋਂ ਕੀਤੀ ਗਈ ਹੈ :

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਪਦ-ਸ਼ਬਦ ਦੇ ਰੂਪਾਂਤਰਾਂ ਦੀ ਵੱਖ ਵੱਖ ਵਰਤੋਂ ਨਾਲ 'ਆਦਿ ਗ੍ਰੰਥ ਸ਼ਬਦ-ਅਨੁਕ੍ਰਮਣਿਕ' ਦੇ, 7 ਪੰਨੇ ਭਰੇ ਪਏ ਹਨ। ਓਥੇ, ਇਸ ਦੇ ਵਧੇਰੇ ਪ੍ਰਸਿੱਧ ਰੂਪ ਹਨ—ਸ਼ਬਦ, ਸ਼ਬਦ ਤੇ ਸ਼ਬਦਿ। ਗੁਰਮਤਿ ਮਾਰਤੰਡ (ਪੰ. 131) ਅਨੁਸਾਰ ਇਸਦੇ ਵਿਸ਼ੇਸ਼ ਅਰਥ ਹਨ—'ਕਰਤਾਰ, ਸਤਿਗੁਰਾਂ ਦੁਆਰਾ ਪ੍ਰਾਪਤ ਹੋਇਆ ਕਰਤਾਰ ਦਾ ਹੁਕਮ, ਧਰਮ, ਗੁਰੂ ਮੰਤ੍ਰ ਅਤੇ ਗੁਰਬਾਣੀ। ਇਸ ਦੇ ਨਾਲ ਧੁਨੀ, ਗਿਆਨ, ਨਾਮ ਤੇ ਅੰਮ੍ਰਿਤ ਵੀ ਸ਼ਾਮਿਲ ਕੀਤੇ ਜਾ ਸਕਦੇ ਹਨ।'

---

1. ਧਰਤੀ, ਪਰਬਤ, ਪਾਣੀ ਹਵਾ ਚਾਰੇ ਖਾਣੀਆਂ ਚਾਰੇ ਵੇਦ ਵ ਛੇ ਸ਼ਾਸਤਰ ਸਭ ਨਾਸ ਹੋ ਜਾਣਗੇ; ਪਰੰਤੂ, ਰੱਬ ਨਾਲ ਜੁੜੇ ਪੂਰਨ ਪੁਰਖ ਦਾ ਬਚਨ ਸਦਾ ਥਿਰ ਰਹੇਗਾ।
2. ਸੰਤ ਜੋਹਨ ਦੀ ਬਾਈਬਲ ਦੇ ਆਰੰਭ ਵਿਚ ਸ਼ਬਦ (word) ਨੂੰ ਰੱਬ ਮੰਨਿਆ ਗਿਆ ਹੈ : **Word was God.**

ਕੁਝ ਉਦਾਹਰਣ ਪੇਸ਼ ਹਨ :

(ੳ) ਧਰਮ—ਜੋਗ ਸ਼ਬਦੰ, ਗਿਆਨ ਸ਼ਬਦੰ, ਬੇਦ ਸ਼ਬਦੰ ਬ੍ਰਹਮਣਹ ॥ (ਮ. 1)

(ਅ) ਗੁਰੂ—ਸ਼ਬਦ ਗੁਰ ਪੀਰਾ, ਗਹਿਰ ਗੰਭੀਰਾ, ਬਿਨ ਸ਼ਬਦੈ ਜਗ ਬਉਰਾਨੰ (ਮ. 1)

(ੲ) ਗੁਰ ਮੰਤ੍ਰ, ਗੁਰ-ਉਪਦੇਸ਼—ਸ਼ਬਦ ਨ ਜਾਣਹਿ ਸੇ ਅੰਨ੍ਹੇ ਬੋਲੇ,
ਸੇ ਕਿਤ ਆਏ ਸੰਸਾਰਾ ॥ (ਸੋਰਠਿ ਮ. 3)

(ਸ) ਗੁਰੂ—ਉਪਦੇਸ਼, ਬਾਣੀ, ਨਾਮ ਰੂਪੀ ਅੰਮ੍ਰਿਤ ।

1. ਸ਼ਬਦੇ ਹੀ ਨਾਉ ਊਪਜੈ, ਸ਼ਬਦੇ ਮੇਲਿ ਮਿਲਾਇਆ ॥
ਬਿਨ ਸ਼ਬਦੈ ਸਭ ਜਗ ਬਉਰਾਨਾ, ਬਿਰਥਾ ਜਨਮੁ ਗਵਾਇਆ ॥
ਅੰਮ੍ਰਿਤ ਏਕੋ ਸ਼ਬਦ ਹੈ, ਨਾਨਕ ਗੁਰਮੁਖ ਪਾਇਆ ॥ (ਸੋਰਠਿ ਮ. 3)
2. ਨਾਉ ਮੁਰੀਦ, ਨ ਸ਼ਬਦ (ਗੁਰ-ਉਪਦੇਸ਼) ਵੀਚਾਰਾ ॥ (ਵਾਰ 37, ਪਉੜੀ 30)
3. ਸ਼ਬਦ ਜਿਤੀ ਸਿਧ ਮੰਡਲੀ, ਕੀਤੋਸੁ ਆਪਣਾ ਪੰਥ ਨਿਰਾਲਾ । (ਵਾਰ 1, ਪੰ. 31)
4. ਗੁਰਸਿਖ ਆਸਕ ਸ਼ਬਦ ਦੇ ...... । (ਵਾਰ ਭਾ. ਗੁਰ. 37, ਪੰ. 31)
5. ਗੁਰ ਕਾ ਸ਼ਬਦ ਅੰਮ੍ਰਿਤ ਹੈ ਬਾਣੀ ॥
ਅਨਦਿਨ ਹਰਿ ਕਾ ਨਾਮ ਵਖਾਣੀ ॥ (ਮਾਰੂ ਮ. 5)

(ਹ) ਬ੍ਰਹਮ ਕਰਤਾਰ—1. ਸ਼ਬਦ ਗੁਰੂ, ਸੁਰਤਿ ਧੁਨਿ ਚੇਲਾ ॥ (ਸਿਧ ਗੋਸ਼ਟਿ)
2. ਵਾਹਿਗੁਰੂ ਗੁਰ ਸ਼ਬਦ ਹੈ ...... (ਵਾ. 4, ਪੰ. 17)

(ਕ) ਧਰਮ ਜੀਵਨ, ਸਚਾ ਆਚਾਰ—
ਘੜੀਐ ਸ਼ਬਦੁ ਸਚੀ ਟਕਸਾਲ (ਜਪੁ)

ਉਪਰੋਕਤ ਵਰਤੋਂ ਤੋਂ ਛੁੱਟ ਗੁਰਬਾਣੀ ਵਿਚ ਇਸ ਦੇ ਕੁਝ ਸਮਾਸੀ ਰੂਪ ਵੀ ਮਿਲਦੇ ਹਨ; ਜਿਹਾ ਕਿ :

1. ਸ਼ਬਦ-ਅਤੀਤ=ਸ਼ਬਦ ਤੋਂ ਪਰ੍ਹੇ, ਅਕੱਥ: ਪਾਰਬ੍ਰਹਮ ।
2. ਸ਼ਬਦ-ਸ਼ਕਤੀ=ਸ਼ਬਦ ਦੀ ਸ਼ਕਤੀ, ਜਿਸ ਤੋਂ ਅਰਥ ਭਾਵ ਹੁੰਦਾ ਹੈ ।
3. ਸ਼ਬਦ ਸਪੰਨ=ਸ਼ਬਦ (ਗਿਆਨ) ਸਪੰਨ, ਜਿਸਨੇ ਗਿਆਨ ਸਿਧ ਕੀਤਾ ਹੈ ।
4. ਸ਼ਬਦ ਸਰ=ਸਤਿਗੁਰੂ ਜੋ ਸ਼ਬਦ (ਗਿਆਨ) ਦਾ ਸਮੁੰਦਰ ਹੈ । (ਸਵੱਯੇ ਮ. 1 ਕੇ)
5. ਸ਼ਬਦ ਸੁਰਤ, ਸ਼ਬਦ ਸੁਰਤਿ=ਆਤਮ ਸਰੂਪ ਵਿਚ ਲੀਨ ਹੋਈ ਬੁੱਧੀ, ਗੁਰ-ਸ਼ਬਦ ਵਿਚ ਜੁੜੀ ਬਿਰਤੀ ।
6. ਸ਼ਬਦ ਸੂਰ=ਸਤਿਗੁਰ; ਜੋ ਗਿਆਨ ਦਾ ਸੂਰਜ ਹੈ । (ਸਵੱਯੇ ਮ. 2 ਕੇ)
7. ਸ਼ਬਦ ਕਰਣੀ=ਕਹਿਣੀ ਦੇ ਮੁਤਾਬਿਕ ਅਮਲ । (ਪ੍ਰਭਾ, ਮ. 1)
8. ਸ਼ਬਦ ਘਰ=ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ
9. ਸ਼ਬਦ ਨੀਸਾਣ=ਸ਼ਬਦ ਰੂਪ ਨਗਾਰਾ, ਨਗਾਰਾ (ਸ੍ਰੀ. ਮ. 1)
10. ਸ਼ਬਦ ਬੀਣਾ=ਅਜਪਾ ਜਾਪ ਦੀ ਅਖੰਡ ਧੁਨੀ (ਸਹਸ: ਮ. 5)

11. ਸ਼ਬਦ ਭੇਦਿ—ਗੁਰ ਉਪਦੇਸ਼ ਦਾ ਭੇਦ ਜਾਨਣ ਵਾਲਾ

12. ਸ਼ਬਦਾਹ—ਗੁਰ ਸ਼ਬਦਾਂ ਵਿਚ (ਸ੍ਰੀ. ਮ. 1)

13. ਸ਼ਬਦੀ—ਉਪਦੇਸ਼ ਦਾਤਾ, ਸਤਿਗੁਰੂ

14. ਸ਼ਬਦ ਸੋਹਿਲਾ—ਗੁਰ ਉਪਦੇਸ਼ ਦਾ ਗੀਤ, ਨਾਮ ਦਾ ਗੀਤ ।

(ਨੋਟ ਵਿਸਤਾਰ ਦੇ ਡਰ ਤੋਂ ਉਪਰੋਕਤ ਅਰਥਾਂ ਨਾਲ ਸੰਬੰਧਤ, ਗੁਰਬਾਣੀ 'ਚ ਵਿਦਮਾਨ ਸਵਿਸਥਾਰ ਪ੍ਰਮਾਣ, ਦੇਣੋਂ ਸੰਕੋਚ ਕੀਤਾ ਗਿਆ ਹੈ ।)

ਸੋ, ਇਹ ਹਨ 'ਸਬਦ' ਪਦ ਦੇ ਬਹੁ-ਪੱਖੀ ਤੇ ਸਰਬ-ਵਿਆਪੀ ਅਰਥ । ਗੁਰਬਾਣੀ ਤੇ ਵਾਰਾਂ ਭਾਈ ਗੁਰਦਾਸ ਜੀ ਵਿਚ 'ਸ਼ਬਦ-ਸੁਰਤਿ' ਦੀ ਅਧਿਕ ਵਰਤੋਂ ਕੀਤੀ ਗਈ ਹੈ । ਸ਼ਬਦ-ਸੁਰਤਿ ਅਭਿਆਸ ਨੂੰ ਪਰਮ-ਪਦ ਦੀ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ । ਸ਼ਬਦ-ਗੁਰੂ ਦੇ ਪ੍ਰਸੰਗ ਨੂੰ ਹੋਰ ਵਿਸਥਾਰ ਨਾਲ ਛੁਹਣ ਤੇ ਘੋਖਣ ਤੋਂ ਪਹਿਲਾਂ ਇਸ ਬਾਰੇ ਵੀ, ਸੰਖੇਪ ਵਿਚਾਰ ਕਰ ਲੈਣੀ ਉਚਿਤ ਰਹੇਗੀ :

ਸ਼ਬਦ-ਸੁਰਤਿ :

ਵਿਦਵਾਨਾਂ ਨੇ ਅੰਤਹ-ਕਰਣ ਦੇ ਚਾਰ ਭੇਦ ਕਲਪੇ ਹਨ --1. ਮਨ (ਸੰਕਲਪ, ਵਿਕਲਪ, ਰੂਪ ਬਿਰਤੀ) 2. ਬੁਧਿ (ਬਿਬੇਕ ਦੁਆਰਾ ਨਿਸਚੇ ਕਰਨ ਵਾਲੀ ਸ਼ਕਤੀ), 3. ਚਿੱਤ (ਚੇਤਾ ਰੱਖਣਾ ਜਾਂ ਸਮਰਣ ਵਾਲੀ ਸ਼ਕਤੀ) 4. ਅਹੰਕਾਰ - (ਜਿਸ ਤੋਂ ਸੰਸਾਰ ਦੇ ਪਦਾਰਥਾਂ ਨਾਲ ਆਪਣਾ ਸੰਬੰਧ ਪ੍ਰਤੀਤ ਹੁੰਦਾ ਹੈ ।[1]

'ਸੁਰਤਿ' ਅੰਤਹਕਰਣ ਦੇ ਚਿਤ-ਭੇਦ ਦਾ ਨਾਉਂ ਹੈ । 'ਸੁਰਤਿ' ਦਾ ਅਰਥ ਹੈ, ਗੁਰ-ਉਪਦੇਸ਼ ਵਿਚ ਚਿਤ ਲਾਉਣਾ, ਅਰਥਾਤ ਵਿਚਾਰ ਨਾਲ ਸਤਿਗੁਰਾਂ ਦੀ ਸਿੱਖਿਆ ਨੂੰ ਅੰਤਹਕਰਣ ਵਿਚ ਦ੍ਰਿੜ੍ਹ ਕਰਨਾ । 'ਸੁਰਤਿ', ਬਣੇ ਸੁਭਾਅ ਅਨੁਸਾਰ ਕੰਮ ਕਰਦੀ ਹੈ ।

'ਹੀਰਾ ਜੀ' ਆਪਣੀ ਪੁਸਤਕ 'ੴਦਰਸ਼ਨ'[2] ਵਿਚ 'ਸੁਰਤਿ' ਦਾ ਬੜਾ ਸੁੰਦਰ ਨਿਰੂਪਣ ਅਥਵਾ ਵਿਸ਼ਲੇਸ਼ਣ ਕਰਦੇ ਹਨ । ਆਪ ਜੀ ਲਿਖਦੇ ਹਨ :

'ਸੁਰਤਿ ਸਭ ਜੀਵ ਜੰਤੂਆਂ ਵਿਚ ਇੱਕ ਸੁਭਾਵਿਕ ਸ਼ਕਤੀ ਹੈ, ਜੋ ਪ੍ਰਾਰੰਭਕ ਅਵਸਥਾ ਵਿਚ ਅਚੇਤਨ ਹੈ ਅਤੇ ਆਪਣੀ ਅਗਿਆਤ ਸੂਝ ਦੁਆਰਾ ਹੀ ਸਾਰੇ ਕੰਮ ਸੁਆਰਦੀ ਹੈ । ਸੂਝ, ਤਰਕ ਅਤੇ ਦਲੀਲ ਇਸ ਵਿਚ ਨਹੀਂ ਹੁੰਦੀ । ਸੁਭਾਵ ਅਨੁਸਾਰ ਹੀ ਸਾਰੇ ਕੰਮ ਸਾਰਦੀ ਹੈ । ਇਸ ਦਾ ਟਿਕਾਣਾ ਹਿਰਦੇ ਦੀ ਉਸ ਗੁਫਾ ਦੇ ਨਿਕਟ ਹੈ ਜਿੱਥੇ 'ਨਾਮ ਨਿਰੰਜਨ' ਵੱਸਦਾ ਹੈ ।

'ਮਨੁੱਖੀ ਅੰਤਹਕਰਣ ਵਿਚ ਇਸਦੇ ਨਾਲ ਨਾਲ ਮਨ ਤੇ ਬੁੱਧੀ ਵੀ ਹਨ । ਮਨ ਸਮੂਹ ਇੱਛਾਵਾਂ, ਕਾਮਨਾਵਾਂ ਤੇ ਲਾਲਸਾਵਾਂ ਦਾ ਮੰਬਾ, ਸੰਕਲਪਾਂ ਦਾ ਪਲੰਦਾ ਅਤੇ ਦੁੱਖ, ਦਰਦ ਖੁਸ਼ੀ ਗ਼ਮੀ ਦਾ ਮਹਿਸੂਸ ਕਰਨ ਵਾਲਾ ਹੈ ।

1. ਘੜੀਐ ਸੁਰਤਿ (ਚਿਤ) ਮਤਿ (ਅਹੰਕਾਰ) ਮਨਿ, ਬੁਧਿ ॥ (ਜਪੁ)

2. 'ੴਦਰਸ਼ਨ' ਪੰਨਾ 264

'ਇਸ ਤੋਂ ਉੱਪਰ ਦਾ ਤੱਤ ਹੈ ਬੁੱਧੀ। ਬੁੱਧੀ ਵਿਚ ਵਿਵੇਕ, ਵਿਚਾਰ ਤੇ ਸੋਝੀ ਵੀ ਹੈ। ਇਹ ਭਲੇ ਬੁਰੇ ਦੀ ਵਿਤੱਰਕ ਕਰਕੇ ਨਿਸ਼ਚੇ ਕਰਣ ਦੀ ਸਮਰਥਾ ਰੱਖਦੀ ਹੈ। ਪਰ ਇਸ ਦੀ ਪਹੁੰਚ ਵੀ ਸੀਮਤ ਹੈ। ਇਸ ਦੇ ਨਿਰਣਯ ਪੰਜ ਗਿਆਨ ਇੰਦ੍ਰੀਆਂ ਦੇ ਉਪਲੱਬਧ ਮਸਾਲੇ ਤੇ ਹੀ ਅਧਾਰਿਤ ਹਨ : ਇਸ ਤੋਂ ਉੱਤੇ ਇਸ ਦੀ ਸੋਚ-ਉਡਾਰੀ ਮੁਕ ਜਾਂਦੀ ਹੈ। **ਬੁੱਧੀ ਕਿਉਂਕਿ ਪੰਜਾਂ ਤੱਤਾਂ ਦੀ ਉੱਪਜ** ਹੈ, ਇਸ ਲਈ ਇਸ ਦੀ ਤਰਕ ਵਿਤਰਕ ਵੀ ਇਨ੍ਹਾਂ ਤੱਤਾਂ ਤੋਂ ਉਪਜੇ ਗਿਆਨ ਤਕ ਹੀ ਮਹਿਦੂਦ ਹੈ। ਜੋ ਤੱਤ ਇਨ੍ਹਾਂ ਪੰਜਾਂ ਤੱਤਾਂ ਤੋਂ ਉੱਪਰ ਵਰਤਦੇ ਹਨ, ਉਹ ਇਸ ਦੀ ਪਹੁੰਚ-ਸੀਮਾ ਤੋਂ ਪਰ੍ਹੇ ਹਨ। ਆਤਮਾ ਪ੍ਰਮਾਤਮਾ ਦੇ ਵਿਸ਼ਾਲ ਸੰਬੰਧ ਵਿਚ ਇਸਦਾ ਪ੍ਰਵੇਸ਼ ਨਹੀਂ। ਪਰਾਭੌਤਿਕ ਮਸਲੇ ਇਸਦੀ ਪਕੜ ਵਿਚ ਨਹੀਂ ਆਉਂਦੇ। ਅਦ੍ਰਿਸ਼ਟ, ਅਗੋਚਰ ਅਤੇ ਅਪਰੰਪਰ ਹੋਂਦ ਦੇ ਗਿਆਨ ਵਿਚ ਇਸ ਦੀ ਗਮਤਾ ਨਹੀਂ। ਇਥੇ ਪਹੁੰਚ ਹੈ, ਸੁਰਤਿ ਦੀ। ਸੁਰਤਿ ਹੈ ਪੰਜਾਂ ਗਿਆਨ-ਇੰਦਰੀਆਂ ਦੇ ਉਤੇ ਛੇਵੀਂ ਸੂਝ (sense)। ਇਸ ਦੀ ਸੂਝ-ਕਲਾ ਪਰਾਭੌਤਿਕ ਵੀ ਹੈ ਤੇ ਭੌਤਿਕ ਵੀ। ਇਸ ਲਈ ਇਹ ਇਕ ਮੂਲਕ ਧਾਰਣਾ ਹੈ।'

'ਆਮ ਤੌਰ ਤੇ ਪ੍ਰਮਾਤਮਾ ਦੇ ਸਰਗੁਣ ਤੇ ਨਿਰਗੁਣ, ਦੋ ਰੂਪ ਗਿਣੇ ਜਾਂਦੇ ਹਨ। ਸਰਗੁਣ ਰੂਪ ਤਾਂ ਮਨ ਬਾਣੀ ਦਾ ਵਿਸ਼ਾ ਹੈ, ਪਰ ਨਿਰਗੁਣ, ਅਗਮ ਤੇ ਅਗੋਚਰ ਹੈ। ਸੁਰਤਿ, ਪਹਿਲੇ ਤਾਂ ਸੁੰਨ ਸ਼ਬਦ ਨੂੰ ਧਾਰਨ ਕਰਕੇ ਅਪਰੰਪਰ ਵਿਚ ਟਿਕ ਜਾਂਦੀ ਹੈ ਤੇ ਫ਼ੇਰ ਸੁੰਨ ਨੂੰ ਆਪਣੇ ਵਿਚ ਜਜ਼ਬ ਕਰਕੇ ਨਿਰਗੁਣ ਦੀ ਅਸ਼ਬਦ ਬਾਣੀ ਨੂੰ, ਸਰਗੁਣ ਦੀ ਬੈਖਰੀ ਬਾਣੀ ਵਿਚ ਉੱਲਥਾ ਦੇਂਦੀ ਹੈ। ਸੁਰਤਿ, ਮਾਨੋਂ ਦੋ-ਭਾਸ਼ੀਆ ਹੈ ਜੋ ਨਿਰਗੁਣ ਤੇ ਸਰਗੁਣ ਦੀਆਂ ਦੋਹਾਂ ਭਾਸ਼ਾਵਾਂ ਨੂੰ ਜਾਣਦੀ ਹੈ ਤੇ ਬੁੱਝਦੀ ਹੈ ਅਤੇ ਆਪਣੀ ਅਲੌਕਿਕ ਸੂਝ ਨਾਲ ਨਿਰਗੁਣ ਦੇ ਅਨਹਦ ਨਾਦ ਨੂੰ ਸਰਗੁਣ ਦੀ ਰਾਗ ਸਰਗਮ 'ਵਿਚ ਬਦਲ ਦੇਂਦੀ ਹੈ। ਪਰ ਇਹ **ਸਭੋ ਕੁਝ ਹੁੰਦਾ ਹੈ : ਸ਼ਬਦ ਤੇ ਸੁਰਤਿ ਦੇ ਸੰਜੋਗ ਨਾਲ।**'

ਸ਼ਬਦ ਤੇ ਸੁਰਤਿ ਦੀ ਇਕਸੁਰਤਾ ਅਥਵਾ ਸ਼ਬਦ ਵਿਚ ਸੁਰਤਿ ਨੂੰ ਜੋੜਨ ਜਾਂ ਟਿਕਾਉਣ ਨਾਲ ਜੋ ਆਤਮਕ ਸੋਝੀ ਤੇ ਸਿੱਧੀ ਪ੍ਰਾਪਤ ਹੁੰਦੀ ਹੈ, ਗੁਰਬਾਣੀ ਤੇ ਵਾਰਾਂ ਭਾ. ਗੁਰਦਾਸ ਜੀ ਵਿਚੋਂ ਇਹ ਝਲਕਾਰੇ ਮਾਤ੍ਰ ਅਖੰਡ ਵਰਨਣ, ਵਾਚਣਯੋਗ ਹਨ :—

1. (ੳ) ਇਹੁ ਮਨੁ ਪੰਚ ਤੱਤੁ ਤੇ ਜਨਮਾ। (ਮ. 1, ਪੰ. 415)

(ਅ) ਇਹੁ ਮਨੁ ਸ਼ਕਤੀ ਇਹੁ ਮਨੁ ਸੀਉ।
ਇਹੁ ਮਨੁ ਪੰਚ ਤਤ ਕੋ ਜੀਉ। (ਕਬੀਰ, ਪੰ. 342)

1. ਸੁਰਤਿ ਸਬਦਿ ਭਵ ਸਾਗਰੁ ਤਰੀਐ, ਨਾਨਕ ਨਾਮੁ ਵਖਾਣੇ ॥ (ਸਿੱਧ ਗੋਸਿਟਿ, ਪੰ. 938)
2. ਜਿੱਥੇ ਜਾਇ ਬਹੀਐ ਭਲਾ ਕਹੀਐ, ਸੁਰਤਿ ਸ਼ਬਦੁ ਲਿਖਾਈਐ ॥ (ਸੂਹੀ ਮ. 1, 566)
3. ਨਾਨਕ ਦਾਸੁ ਹਰਿ ਕੀਰਤਨਿ ਰਾਤਾ, ਸ਼ਬਦੁ ਸੁਰਤਿ ਸਚੁ ਸਾਖੀ ॥ (ਮ. 5, 1227)
4. ਨਾਨਕ, ਵੈਸਾਖੀਂ ਪ੍ਰਭੁ ਪਾਵੈ, ਸੁਰਤਿ ਸ਼ਬਦਿ ਮਨੁ ਮਾਨਾ ॥ (ਮ. 1, ਪੰ. 1108)
5. ਸ਼ਬਦਿ ਸੁਰਤਿ ਲਿਵਲੀਣੁ ਹੋਇ, ਆਪ ਰੀਝਿ ਰੀਝਾਇ ॥ (ਵ. 2, ਪੌ. 2)
6. ਸਫਲ-ਸਿੱਖ ਸੋ ਸਤਿਗੁਰ ਸੱਚਾ ਵੇਸੁ, ਸ਼ਬਦਿ (ਰਾਹੀਂ) ਸਿਝਾਇਆ ॥
ਸ਼ਬਦ ਸੁਰਤਿ ਉਪਦੇਸ਼, ਸਚ ਸਮਾਇਆ ॥ (ਵ. 3, ਪੌ. 1)

7. ਸ਼ਬਦ ਸੁਰਤਿ ਲਿਵਲਾਇ, ਹੁਕਮ ਕਮਾਇਆ ॥ (ਵਾਰ 20, ਪੌ. ਉਹੀ)

8. ਸ਼ਬਦ ਸੁਰਤਿ ਸਾਵਧਾਨ ਹੋਇ, ਵਿਣ ਗੁਰਸ਼ਬਦ ਨ ਸੁਣਈ ਬੋਲਾ ॥
ਵਾਹਿਗੁਰੂ ਗੁਰ ਸ਼ਬਦ ਤੈ ਪਿਰਮ ਪਿਆਲਾ ਚੁਪਿ ਚਬੋਲਾ ॥ (ਵਾ. 4, ਪੌ. 1)

ਨੋਟ ਗੁਰ ਸ਼ਬਦ ਕੀ ਹੈ ? ਵਾਹਿਗੁਰੂ। ਏਸੇ ਸ਼ਬਦ ਵਿੱਚ ਸੁਰਤਿ ਨੂੰ ਟਿਕਾਉਣ ਦਾ ਆਦੇਸ਼ ਹੈ।

9. ਸ਼ਬਦ ਸੁਰਤਿ ਲਿਵ ਚਲਣਾ, ਜਮ ਜਾਗਾਤੀ ਨੇੜ ਨ ਆਇਆ ॥ (ਵਾ. 5, ਪੌ. 13)
(ਜੋ ਗੁਰ ਦੇ ਸ਼ਬਦ (ਉਪਦੇਸ਼, ਵਾਹਿਗੁਰੂ) ਵਿੱਚ ਬ੍ਰਿਤੀ ਟਿਕਾ ਕੇ ਪ੍ਰੇਮ ਨਾਲ ਚਲਦੇ ਹਨ, ਉਹਨਾਂ ਦੇ ਨੇੜੇ ਜਮ ਨਹੀਂ ਆਉਂਦਾ।)

ਅਸਾਂ, ਉਪਰਲੇ ਸੰਖੇਪ ਜਿਹੇ ਬਿਓਰੇ ਵਿੱਚ ਇਹ ਸਪੱਸ਼ਟ ਕਰਨ ਦਾ ਜਤਨ ਕੀਤਾ ਹੈ ਕਿ ਗੁਰਬਾਣੀ ਤੇ ਗੁਰਮਤਿ ਸਾਹਿਤ ਵਿੱਚ "ਸ਼ਬਦ" ਨੂੰ ਏਨਾ ਵੱਡਾ ਮਰਤਬਾ ਤੇ ਘੇਰਾ ਇਸ ਲਈ ਪ੍ਰਾਪਤ ਹੈ ਕਿ ਇਹ ਵਾਹਿਗੁਰੂ, ਗੁਰੂ, ਗੁਰੂ-ਗਿਆਨ, ਗੁਰਬਾਣੀ, ਗੁਰ-ਮੰਤ੍ਰ, ਨਾਮ, ਅੰਮ੍ਰਿਤ ਆਦਿ ਮਹਾਨ ਤੇ ਸਰਬ-ਸ਼੍ਰੇਸ਼ਟ ਪਦਾਂ ਦਾ ਪਰਯਾਇ ਹੈ। ਗੁਰਬਾਣੀ ਵਿੱਚ ਸਮੇਂ ਸਮੇਂ, ਵੱਖ ਵੱਖ ਥਾਵਾਂ ਉੱਤੇ, ਇਸ ਦੀ ਵਰਤੋਂ ਉਪਰੋਕਤ ਗੌਰਵਮਈ ਸ਼ਬਦਾਂ ਨਾਲ ਸਮਾਨ-ਅਰਥ ਬੋਧਕ ਹੈ।

ਹੋਰ ਵਿਚਾਰ :

ਗੁਰਬਾਣੀ ਵਿੱਚ "ਨਾਮੁ" ਤੇ ਨਾਮੀ" ਅਭੇਦ ਹਨ। ਵੇਖੋ : "ਨਾਮ" ਕੇ ਧਾਰੇ ਸਗਲੇ ਜੰਤ ॥ ਵਿੱਚ "ਨਾਮ", "ਨਾਮੀ"— ਵਾਹਿਗੁਰੂ ਦੀ ਥਾਂ ਆਇਆ ਹੈ ਤੇ ਏਥੇ ਇਹ ਵਾਹਿਗੁਰੂ ਸਮਾਨ ਅਰਥ ਤੇ ਸਮਾਨ ਸ਼ਕਤਿ ਰੱਖਦਾ ਹੈ। ਕਈ ਥਾਈਂ "ਨਾਮ" ਨੂੰ ਵੀ ਇਸ ਦੇ "ਨਾਮੀ" ਵਾਹਿਗੁਰੂ ਸਮਾਨ, ਸ੍ਰਿਸ਼ਟੀ ਦਾ ਕਰਤਾ ਕਰਕੇ ਮੰਨਿਆ ਗਿਆ ਹੈ। ਜਿਵੇਂ —

ਨਾਮੇ ਹੀ ਤੇ ਸਭੁ ਕਿਛੁ ਹੋਆ, ਬਿਨੁ ਸਤਿਗੁਰ ਨਾਮੁ ਨ ਜਾਪੈ ॥ (ਸੁਖਮਨੀ)

ਕਿਤੇ ਨਾਮ ਨੂੰ ਅੰਮ੍ਰਿਤ ਵੀ ਕਿਹਾ ਹੈ :

'ਅੰਮ੍ਰਿਤੁ ਨਾਮੁ ਨਿਧਾਨੁ ਹੈ, ਮਿਲਿ ਪੀਵਹੁ ਭਾਈ ॥ ਅਤੇ ਨਾਲ ਹੀ ਸ਼ਬਦ ਨੂੰ ਵੀ ਅੰਮ੍ਰਿਤ ਕਰਕੇ ਆਖਿਆ ਤੇ ਲਿਖਿਆ ਹੈ :—

"ਅੰਮ੍ਰਿਤੁ ਏਕੋ ਸ਼ਬਦੁ ਹੈ, ਨਾਨਕ ਗੁਰਮੁਖਿ ਪਾਇਆ"

ਸੋ, "ਸ਼ਬਦ" ਤੇ ਨਾਮ ਸਮਾਨ-ਅਰਥਕ ਹੋਣ ਕਰਕੇ ਓਤ-ਪੋਤ ਹਨ। ਸਾਇੰਸ ਅਤੇ ਹਿਸਾਬ ਵਿੱਚ ਇਕ ਕਾਇਦਾ ਹੈ ਕਿ ਜੋ ਵਸਤਾਂ ਕਿਸੇ ਇਕ ਹੋਰ ਵਸਤੂ ਦੇ ਸਮਾਨ ਹੋਣ, ਉਹ ਆਪਸ ਵਿੱਚ ਵੀ ਬਰਾਬਰ ਹੁੰਦੀਆਂ ਹਨ। ਇਹੀ ਹਕੀਕਤ ਵਾਹਿਗੁਰੂ, ਨਾਮ ਗੁਰੂ, ਗੁਰੂ-ਗਿਆਨ 'ਗੁਰਬਾਣੀ, ਅੰਮ੍ਰਿਤ, ਸਚ ਤੇ ਸ਼ਬਦ ਆਦਿ, ਸਮਾਨ ਅਰਥਾਂ ਵਿੱਚ ਵਰਤੇ ਗਏ ਪਦਾਂ ਬਾਰੇ ਕਹੀ ਜਾ ਸਕਦੀ ਹੈ।

ਇਸ ਸੰਬੰਧ ਵਿੱਚ ਪ੍ਰਿੰਸੀਪਲ ਜੋਧ ਸਿੰਘ ਜੀ ਦੇ ਇਹ ਵਿਚਾਰ ਵਾਚਣੇ ਵੀ, ਇਸ ਪਾਸੇ ਵਲ ਸਹੀ ਸੇਧ ਦਾ ਮੂਜਬ ਹੋ ਸਕਦੇ ਹਨ :

"ਕਈ ਸੱਜਣ ਇਹ ਭੁਲੇਖਾ ਖਾ ਜਾਂਦੇ ਹਨ ਕਿ ਗੁਰ-ਸ਼ਬਦ ਦਾ ਅਰਥ ਗੁਰਬਾਣੀ ਨਹੀਂ।

ਉਨ੍ਹਾਂ ਨੂੰ ਟਪਲਾ ਇਹ ਦਿੱਤਾ ਜਾਂਦਾ ਹੈ ਕਿ ਬਾਣੀ ਵੱਖਰੀ ਸ਼ੈਅ ਹੈ, ਅਤੇ ਗੁਰ-ਸ਼ਬਦ ਉਹ ਉਪਦੇਸ਼ ਹੈ, ਜਿਹੜਾ ਕਿਸੇ ਇਕ ਦੇਹਧਾਰੀ ਸੱਜਣ ਪਾਸੋਂ ਲਿਆ ਜਾਵੇ। ਹੇਠ ਲਿਖੇ ਸ਼ਬਦ ਉਹਨਾਂ ਦਾ ਭਰਮ ਦੂਰ ਕਰਨਗੇ ਕਿ ਗੁਰੂ ਕਾ ਸ਼ਬਦ ਤੇ ਗੁਰਬਾਣੀ (ਗੁਰਬਾਣੀ, ਗੁਰ, ਨਾਮੁ ਆਦਿ ਉੱਪਰ ਦਿੱਤੇ ਪਦ) ਇਕੋ ਚੀਜ਼ ਹੈ :

1. ਗੁਰ ਕੈ ਸਬਦਿ ਬਨਾਵਹੁ ਇਹੁ ਮਨੁ ॥ (ਆਸਾ ਮ. 5, ਪੰ. 377)
2. ਸਾਚੀ ਬਾਣੀ ਸਿਉ ਧਰੇ ਪਿਆਰੁ ॥ ਤਾ ਕੋ ਪਾਵੈ ਮੋਖ ਦੁਆਰੁ ॥
   ਜਪੁ ਤਪੁ ਸਭੁ, ਇਹੁ ਸਬਦੁ ਹੈ ਸਾਰੁ ॥ (ਮ. 1, ਪੰ. 661)
3. ਮੁਕਤਿ ਮਹਾ ਸੁਖ, ਗੁਰ ਸਬਦੁ ਬੀਚਾਰਿ, ਗੁਰਮੁਖਿ ਕਦੇ ਨ ਆਵੈ ਹਾਰਿ ॥ (ਮ. 1,ਪੰ. 942)
4. ਗੁਰ ਕਾ ਸ਼ਬਦੁ ਅੰਮ੍ਰਿਤ ਰਸੁ ਚਾਖੁ ॥ (ਮ. 5, ਪੰ. 178)
5. ਗੁਰਮੁਖਿ ਜੋਗ, ਸਬਦਿ ਆਤਮੁ ਚੀਨੈ, ਹਿਰਦੈ ਏਕੁ ਮੁਰਾਰੀ (ਰਾਮਕਲੀ ਮ. 1)
6. ਪੂਰੇ ਗੁਰ ਕੀ ਸਾਚੀ ਬਾਣੀ ॥ ਸੁਖ ਮਨ ਅੰਤਰਿ ਸਹਿਜ ਸਮਾਨੀ ॥ (ਧ. ਮ. 3, 663)
7. ਗੁਰਵਾਕੁ ਨਿਰਮਲੁ ਸਦਾ ਚਾਨਣੁ, ਨਿਤ ਸਾਚੁ ਤੀਰਥੁ ਮਜਨਾ ॥ (ਧਨਾ. ਮ. 1, ਪੰ. 687)

ਸ਼ਬਦ ਗੁਰੂ ਬਾਰੇ ਕੁਝ ਹੋਰ :—

ਜਿਹਾ ਕਿ ਪਹਿਲਾਂ ਬਿਆਨ ਹੋ ਚੁੱਕਾ ਹੈ ਕਾਦਰ ਦੀ ਕੁਦਰਤ ਵਿਚ ਵਿਆਪਕ ਇਸ ਸਚਾਈ ਤੋਂ ਕਿਸੇ ਨੂੰ ਇਨਕਾਰ ਨਹੀਂ ਹੋ ਸਕਦਾ ਕਿ ਸਾਰਾ ਸਜੀਵ ਪਸਾਰਾ ਤਨ ਤੇ ਮਨ (ਆਤਮਾ, ਰੂਹ, ਰਾਮ ਕੀ ਅੰਸ) ਦੇ ਸੰਜੋਗ ਦਾ ਸਿੱਟਾ ਹੈ। ਇਹਨਾਂ ਦੋਹਾਂ ਵਿਚੋਂ ਫ਼ਜ਼ੀਲਤ ਪ੍ਰਮੁੱਖਤਾ, ਸਰਦਾਰੀ ਤਾਂ ਮਨ ਨੂੰ ਪ੍ਰਾਪਤ ਹੈ; ਪਰੰਤੂ ਸੂਖਮ ਅਥਵਾ ਲਤੀਫ਼ ਮਨ ਦੇ ਟਿਕਾਅ, ਪ੍ਰਗਟਾਅ, ਜ਼ਹੂਰ ਤੇ ਜਲਵੇ ਲਈ ਅਸਥੂਲ, ਅਥਵਾ ਕਸੀਫ਼ ਤਨ ਦੀ ਵੀ ਵੱਡੀ ਅਵੱਸ਼ਕਤਾ ਹੈ। ਕਿਸੇ ਸ਼ਾਇਰ ਨੇ ਇਸ ਸਚਾਈ ਨੂੰ ਇਉਂ ਬਿਆਨਿਆ ਹੈ :

> ਲਤਾਫ਼ਤ, ਬੇਕਸਾਫ਼ਤ, ਜਲਵਾ ਪੈਦਾ ਨਹੀਂ ਕਰ ਸਕਤੀ,
> ਚਮਨ ਜ਼ੰਗਾਰ ਹੈ, ਆਈਨਾਇ ਬਾਦਿ ਬਹਾਰੀ ਕਾ ॥

ਸਰੀਰ (ਤਨ) ਸਭ ਗੁਰੂਆਂ, ਪੀਰਾਂ, ਵਲੀਆਂ ਅਮੀਰਾਂ, ਗਰੀਬਾਂ, ਵੱਡਿਆਂ ਛੋਟਿਆਂ ਦੇ ਸਮਾਨ[1] ਹਨ : ਪੰਜਾਂ ਤੱਤਾਂ ਦੇ। ਵਡਿਆਈ, ਉੱਚਤਾ ਤੇ ਕਦਰੋਂ ਕੀਮਤ ਗੁਣਾਂ ਦੀ ਹੈ ਅਤੇ ਗੁਣ ਔਗੁਣ ਗ੍ਰਹਿਣ ਕਰਨਾ ਮਨ ਅਥਵਾ ਜੀਵ ਆਤਮਾ ਦਾ ਖ਼ਾਸਾ ਹੈ। ਸਭ ਬੋਲ ਬਾਣੀ, ਸੂਝ-ਬੂਝ ਰਹਿਤ ਤੇ ਪੁਰਸ਼ਾਰਥ ਉਤਨਾ ਚਿਰ ਹੀ ਹਨ, ਜਦ ਤਕ ਜੋਤਿ (ਆਤਮਾ, ਮਨ) ਕਾਇਆ ਵਿਚ ਵਰਤਦੀ ਹੈ।

ਮਨੁੱਖ ਆਪਣੇ ਵਿਚਾਰ, ਹਾਵ-ਭਾਵ, ਆਪਣਾ ਗਿਆਨ ਆਪਣਾ ਆਸ਼ਾ, ਸ਼ਬਦਾਂ, ਬੋਲਬਾਣੀ

---

1. ਏਕੋ ਨੈਨ ਏਕੈ ਕਾਨ, ਏਕੈ ਦੇਹ ਏਕੈ ਬਾਨ,
   ਖਾਕ, ਬਾਦ, ਆਤਮ ਔ ਆਬ, ਕੋ ਰਲਾਉ ਹੈ ॥ (ਸ੍ਰੀ ਦਸਮੇਸ਼ ਜੀ, ਅਕਾਲ-ਉਸਤਤਿ)

ਰਾਹੀਂ) ਪ੍ਰਗਟਾਉਂਦਾ ਅਤੇ ਦੂਜਿਆਂ ਉੱਤੇ ਪ੍ਰਭਾਵ ਪਾਉਂਦਾ ਹੈ। ਜਿਤਨੀ ਕੋਈ ਆਤਮਾ ਵਾਹਿਗੁਰੂ ਨਾਲ ਅੰਤਰ-ਆਤਮੇ ਇਕ ਸੁਰ ਹੈ, ਜਿਤਨੀ ਉਹ ਸੱਚ ਨੂੰ ਜੀਵਨ ਵਿਚ ਜੀਉਂ ਕੇ ਦੱਸਣ ਵਾਲੀ ਹੋਵੇਗੀ, ਉਤਨੀ ਹੀ ਉਹ ਗੁਰੂ ਦੀਆਂ ਉਹਨਾਂ ਸਿਫਤਾਂ ਦੀ ਹਕੀਕੀ ਤੌਰ ਉੱਤੇ ਵਾਰਿਸ ਹੋਵੇਗੀ, ਜਿਨ੍ਹਾਂ ਦਾ ਜਿਕਰ 'ਗੁਰੂ ਦੇ ਗੁਣਾਂ' ਵਾਲੇ ਬਿਆਨ ਵਿਚ ਪਿੱਛੇ ਆ ਚੁੱਕਾ ਹੈ; ਉਤਨੇ ਹੀ ਬਲ ਤੇ ਆਤਮ-ਵਿਸ਼ਵਾਸ਼ ਨਾਲ ਉਹ ਆਪਣਾ ਆਤਮ-ਗਿਆਨ ਸ਼ਬਦਾਂ ਦੇ ਮੱਧਯਮ ਦੁਆਰਾ ਦੂਜੇ ਦੀ ਆਤਮਾ ਵਿਚ ਅੰਡੋਲ ਸਕੇਗੀ। ਅਜਿਹਾ ਕਰ ਸੱਕਣ ਦਾ ਇਹ ਸਾਰਾ ਬਲ ਸਤਿਗੁਰੂ, ਪਰਮ ਸੰਤ ਸਾਧ ਦੀ ਆਤਮਾ ਵਿਚ ਹੈ, ਨਾ ਕਿ ਸਰੀਰ ਵਿਚ। ਤਨ ਕੇਵਲ ਇਸ ਲਈ ਸੇਵਾ ਤੇ ਸਤਿਕਾਰ ਦਾ ਪਾਤਰ ਹੈ ਕਿ ਇਸ ਵਿਚ ਹਰੀ, ਪ੍ਰਭੂ ਤੇ 'ਜੋਤਿ ਸਰੂਪ ਮਨ' ਦਾ ਵਾਸਾ ਹੈ, ਇਹ ਇਸ ਦੀ ਕਿਆਮਗਾਹ ਹੈ।

(2)

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ ਬਾਰ ਸਤਿਗੁਰੂਆਂ ਤੇ ਭਗਤਾਂ ਆਦਿ ਵੱਲੋਂ ਬਾਣੀ (ਸ਼ਬਦ-ਸਾਗਰ), ਆਮ ਕਵੀਆਂ ਸਮਾਨ, ਉਹਨਾਂ ਦੀ ਆਪਣੀ ਬੁੱਧੀ ਜਾਂ ਚੁਤਰਾਈ ਦਾ ਕ੍ਰਿਸ਼ਮਾਂ ਨਹੀਂ; ਸਗੋਂ ਵਲਵਲੇ ਤੇ ਵਿਸਮਾਦ ਦੇ ਦੇਸੋਂ ਧੁਰ ਦਰਗਾਹੋਂ ਜਿਵੇਂ ਜਿਵੇਂ ਬਾਣੀ ਆਈ, ਭਾਵ, ਪ੍ਰਭੂ-ਇਕ-ਸੁਰਤਾ ਵਿਚ ਉਹਨਾਂ ਦੇ ਹਿਰਦੇ ਉੱਤੇ ਜਿਵੇਂ ਉਤਰੀ ਹੈ, ਬਿਨਾ ਕਿਸੇ ਰਲਾ ਦੇ, ਉਹੀ ਗਿਆਨ ਸਤਿਗੁਰੂਆਂ ਨੇ ਸ਼ਬਦਾਂ ਅਥਵਾ ਬਾਣੀ ਦੁਆਰਾ ਜੀਵ-ਕਲਿਆਣ ਹਿਤ, ਪ੍ਰਗਟ ਕਰ ਦਿੱਤਾ ਹੈ। ਸਤਿਗੁਰਾਂ ਨੇ ਤਾਂ ਏਥੋਂ ਤਕ ਸਪਸ਼ਟ ਕੀਤਾ ਹੈ ਕਿ ਵਾਸਤਿਵ ਵਿਚ ਅਗਿਆਨਤਾ ਦਾ ਨਾਸ਼ ਕਰਕੇ ਆਤਮ-ਪ੍ਰਕਾਸ਼ ਕਰਨ ਵਾਲੀ ਇਹ ਬਾਣੀ ਹੀ, ਗੁਰੂ ਹੈ। ਹਾਂ ਜੀ, ਗੁਰੂ ਬਾਣੀ ਹੈ, ਬਚਨ ਹੈ ਅਤੇ ਗੁਰੂ-ਬਚਨ, ਗੁਰ-ਬਾਣੀ, ਅਥਵਾ ਸ਼ਬਦ ਹੀ ਗੁਰੂ ਹੈ, ਮਿਥਿਆ ਤੇ ਕੱਚੀ ਗਾਗਰ ਸਮਾਨ ਇਹ ਦੇਹ, ਗੁਰੂ ਨਹੀਂ।

ਗੁਰਬਾਣੀ ਦੇ ਪੂਰੇ ਆਤਮ ਵਿਸ਼ਵਾਸ਼ ਨਾਲ ਕਹੇ ਇਹ ਗੁਰ-ਪਰਮਾਣ ਇਸ ਹਕੀਕਤ ਬਾਰੇ ਕਿਸੇ ਪ੍ਰਕਾਰ ਦਾ ਸੰਸਾ ਨਹੀਂ ਰਹਿਣ ਦਿੰਦੇ।

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ ॥ (ਮ. 1, ਪੰ. 722)
(ਅ) ਸੱਚ ਕੀ ਬਾਣੀ ਨਾਨਕ ਆਖੈ, ਸਚੁ ਸੁਣਾਇਸੀ ਸਚੁ ਕੀ ਬੇਲਾ ॥ (ਓਹੀ, ਪੰ. 723)
(ੲ) ਤਾ ਮੈ ਕਹਿਆ ਕਹਣੁ, ਜਾਂ ਤੁਝੈ ਕਹਾਇਆ ॥ (ਓਹੀ, ਪੰ 566)
(ਸ) ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ ॥ (ਮ. 5, ਪੰ. 628)
(ਹ) ਸਤਿਗੁਰੂ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ,
ਹਰਿ ਕਰਤਾ ਆਪਿ ਮੁਹਹੁ ਕਢਾਇ ॥ (ਮ. 4, ਪੰ. 308)
(ਕ) ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭ ਹੁਕਮਾਉ ਜੀਉ ॥ (ਮ. 5, ਪੰ. 763)

ਸੋ ਅਸਲ ਵਿਚ ਸ਼ਬਦ ਹੀ ਗੁਰੂ ਹੈ ਅਤੇ ਗੁਰੂ ਦਾ ਅਸਲ ਰੂਪ (ਮੂਰਤਿ) ਵੀ ਸ਼ਬਦ ਹੀ ਹੈ ਜੋ ਅਟਲ ਹੈ, ਅ-ਖੈ ਹੈ, ਓਅੰਕਾਰ ਧੁਨਿ ਹੈ। ਬਾਣੀ ਵਿਚ ਸ਼ਬਦ (ਨਾਮ ਵਾਹਿਗੁਰੂ ੳ) ਦੀ ਕਥਾ ਵਿਚਾਰਨ ਉੱਤੇ ਜ਼ੋਰ ਹੈ।

3. ਸਬਦੁ ਗੁਰ ਪੀਰਾ, ਗਹਿਰ ਗੰਭੀਰਾ, ਬਿਨੁ ਸਬਦੈ ਜਗੁ ਬਉਰਾਨੰ ॥ (ਮ. 1, ਪ. 63)
(ਗੁਰੂ ਪੀਰ ਦੇ ਸ਼ਬਦ ਨੂੰ ਹਿਰਦੇ ਵਿਚ ਟਿਕਾ ਕੇ ਉਹ ਡੂੰਘੇ ਜਿਗਰੇ ਵਾਲਾ ਬਣ ਜਾਂਦਾ ਹੈ...।

4. ਸਤਿਗੁਰ ਬਚਨ, ਬਚਨ ਹੈ ਸਤਿਗੁਰ, ਪਾਧਰੁ ਮੁਕਤਿ ਜਨਾਵੈਗੋ ॥ (ਮ. 4, ਪੰ. 1310)
5. ਗੁਰ ਮੂਰਤਿ, ਗੁਰ ਸ਼ਬਦੁ ਹੈ, ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ ॥ (ਵਾ. 24, ਪੰ. 11)
6. ਗੁਰ ਮੂਰਤਿ ਗੁਰ ਸ਼ਬਦੁ ਹੈ, ਸਾਧ ਸੰਗਤਿ ਵਿਚਿ ਪ੍ਰਗਟੀ ਆਇਆ । (ਵਾ. 24, ਪੰ. 25)

1. ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤ ਸਾਰੇ ॥
2. ਪਵਨ ਆਰੰਭੁ ਸਤਿਗੁਰ ਮਤਿ ਵੇਲਾ ॥
ਸ਼ਬਦੁ ਗੁਰੂ, ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹੁ ਨਿਰਾਲਾ ॥ ਨਾਨਕ, ਜੁਗਿ ਜੁਗਿ ਗੁਰ ਗੋਪਾਲਾ ॥
ਏਕੁ ਸ਼ਬਦੁ, ਜਿਤੁ ਕਥਾ ਵੀਚਾਰੀ, ਗੁਰਮੁਖਿ ਹਉਮੈ ਅਗਨਿ ਨਿਵਾਰੀ ॥
(ਸਿਧ ਗੋਸ਼ਟਿ, ਪੰ. 943)

ਸਤਿਗੁਰੂ ਅਥਵਾ ਕਾਮਲ ਮੁਰਸ਼ਦ ਦੀ ਵਡਿਆਈ ਇਸ ਵਿਚ ਹੈ ਕਿ ਉਸ ਵਿਚ 'ਸ਼ਬਦ' (ਨਾਮ ਗੁਰਬਾਣੀ ਦੇ ਤੱਤ-ਗਿਆਨ ਦੀ ਪਰਧਾਨਤਾ ਹੁੰਦੀ ਹੈ । ਉਸ ਦੇ ਅੰਮ੍ਰਿਤ ਤੇ ਗਿਆਨਮਈ ਉਪਦੇਸ਼ਾਂ ਨੂੰ ਅੰਦਰ ਵਸਾਏ ਤੇ ਕਮਾਏ ਬਗ਼ੈਰ, ਕੇਵਲ ਗੁਰੂ ਦੀ ਦੇਹ ਦੇ ਹੀ ਦਰਸ਼ਨ ਕਰੀ ਜਾਣਾ ਨਿਸਫਲ ਹੈ ।

ਸ੍ਰੀ ਗੁਰੂ ਕੇਰ ਸਰੀਰ ਜੋਊ, ਸਭ ਥਾਨ ਸਮੇਂ ਸਭ ਨ ਦਰਸੈਂ ਹੈਂ ।
ਗ੍ਰੰਥ ਰਿਦਾ ਗੁਰ ਕਾ ਏਹ ਜਾਨਊ, ਉੱਤਮ ਇਹ ਸਭ ਕਾਲ ਰਹੈਂ ਹੈਂ ।
ਜਾ ਤੇ ਮੋਰੇ ਸਰੂਪ ਤੇ ਦੀਰਘ, ਸਾਹਿਬ ਜਾਨ ਅਦਾਇਬ ਕੇ ਹੈਂ । (ਸੂਰਜ ਪ੍ਰਕਾਸ਼)

'ਗਿਆਨ ਰਤਨਾਵਲੀ' (ਭਾਈ ਮਨੀ ਸਿੰਘ) ਵਿਚ ਸਾਖੀ ਆਉਂਦੀ ਹੈ ਕਿ ਪ੍ਰਿਥਾ ਤੇ ਖੇੜਾ, ਸੋਨੀ ਜਾਤ, ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਚਰਨ-ਸ਼ਰਨ ਬਖਸ਼ੋ । **ਸਤਿਗੁਰਾਂ ਅੱਗੋਂ ਫ਼ੁਰਮਾਇਆ ਕਿ ਚਰਣ ਤਾਂ ਸਾਧ ਸੰਗਤ ਵਿਚ [1]ਵੱਸਦੇ ਹਨ । ਸਰੀਰ ਸਾਡਾ ਸਰਗੁਣ ਹੈ । ਸ਼ਬਦ ਸਾਡਾ ਰਿਦਾ ਹੈ, ਨਿਰਗੁਣ ਸਰੂਪ ਹੈ । ਇਸ ਲਈ ਜੋ ਸ਼ਬਦ ਨਾਲ ਜੁੜੇਗਾ, ਵਿਛੜੇਗਾ ਨਹੀਂ, ਸਰੀਰ ਨਾਲ ਜੁੜੋਗੇ ਤਾਂ ਵਿਛੋੜਾ ਥੀਵੇਗਾ ।'**

ਗੁਰੂ ਗੁਣਾਂ ਕਰਕੇ ਉੱਚਾ ਹੈ, ਦੇਹ ਕਰਕੇ ਨਹੀਂ । ਗੁਰੂ ਦੀ ਸਿੱਖ ਨਾਲ ਸਾਂਝ ਵੀ ਗੁਣਾਂ ਉੱਤੇ ਹੀ ਆਧਾਰਤ ਹੈ । ਸਾਰ ਇਹ ਹੈ ਕਿ ਸਿੱਖ ਨੂੰ ਕੇਵਲ ਸ਼ਬਦ ਦੀ ਵੀਚਾਰ ਹੀ ਤਾਰਦੀ ਹੈ । ਵੇਖੋ ਕਿਤਨਾ ਸੁੰਦਰ ਤੇ ਭਾਵ-ਪੂਰਤ ਬਚਨ ਹੈ, ਤੀਜੇ ਗੁਰੂਦੇਵ ਜੀ ਦਾ :

'ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ, ਜਿਚਰੁ ਸ਼ਬਦੁ ਨ ਕਰੇ ਵਿਚਾਰੁ ॥
ਹਉਮੈ ਮੈਲੁ ਨ ਚੁਕਈ, ਨਾਮਿ ਨ ਲਗੈ ਪਿਆਰ ॥ (ਪੰ. 594)

'ਸ਼ਬਦ' ਦੀ ਵੀਚਾਰ ਤੇ 'ਨਾਮ' ਨਾਲ ਪਿਆਰ, ਇੱਕ ਹੀ ਗਲ ਹੈ । ਜ ਅਸੀਂ ਇਸ ਨੂੰ ਇਉਂ ਆਖੀਏ –'ਸ਼ਬਦ' ਨਾਲ ਪਿਆਰ ਤੇ ਨਾਮ ਪਦ ਸਮਭਾਵੀ ਹਨ, ਤਾਂ ਵੀ ਸਤਿ ਹੈ ।

---

1. ਹਿਰਦੈ ਚਰਣ ਸ਼ਬਦੁ ਸਤਿਗੁਰ ਕ, ਨਾਨਕ ਬਾਂਧਿਓ ਪਾਲ ॥ (ਮ. 5, ਪੰ. 680)
2. 'ਅੰਮ੍ਰਿਤੁ ਵੇਲਾ ਸਚੁ ਨਾਉ ਵਡਿਆਈ ਵੀਚਾਰਿ ॥ (ਜਪੁ)

ਦਸੋਂ ਗੁਰ ਇਕ ਜੋਤਿ :—

ਗੁਰਬਾਣੀ ਤਥਾ ਇਤਿਹਾਸ ਇਸ ਗਲ ਦੀ ਭਰਵੀਂ ਉਗਾਹੀ ਭਰਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਸਤਿਗੁਰੂ ਤੱਕ, ਸਭ ਗੁਰੂ ਇੱਕ[1] ਜੋਤਿ ਹਨ। ਇਹ ਇੱਕ ਜੋਤਿ ਤੇ ਜੁਗਤਿ ਵਰਤਣ ਦਾ ਸਿਧਾਂਤ ਵੀ ਤਾਂ ਹੀ ਪ੍ਰਮਾਣਤ ਹੋ ਸਕਦਾ ਹੈ, ਜੇ 'ਸ਼ਬਦ' ਨੂੰ ਗੁਰੂ ਕਰਕੇ ਪਰਵਾਨਿਆ ਜਾਵੇ। ਹੋਰ ਵੇਖੋ, ਸ੍ਰੀ ਗੁਰੂ ਨਾਨਕ ਦੇਵ ਉਪਰੰਤ ਪੰਜਾਂ ਸਤਿਗੁਰਾਂ ਆਪਣੀ ਬਾਣੀ ਵਿਚ 'ਨਾਨਕ' ਨਾਮ ਦੀ ਛਾਪ ਵਰਤੀ ਹੈ। ਗੁਣ ਗ੍ਰਾਹਕ ਬਿਰਤੀ ਦੇ ਧਾਰਨੀ ਜਗਿਆਸੂ ਲਈ ਤਾਂ ਇਤਨੀ ਕੁ ਗਲ ਹੀ ਇਹ ਸਿੱਧ ਕਰਨ ਲਈ ਕਾਫੀ ਹੈ ਕਿ 'ਸ਼ਬਦ-ਸਰੂਪ' ਕਰਕੇ ਦਸੋਂ ਗੁਰੂ ਸਾਹਿਬਾਨ ਇਕ ਜੋਤ ਤੇ ਜੁਗਤ ਹੋਏ ਵਰਤੇ। ਹੁਣ ਸਤਿਗੁਰਾਂ ਦੀ ਆਤਮਕ ਜੋਤਿ, 'ਗੁਰ-ਸ਼ਬਦ', ਗੁਰਬਾਣੀ ਦੇ ਸਰੂਪ ਵਿਚ, ਸਿੱਖਾਂ ਦੀ ਸਹੀ ਅਗਵਾਈ ਲਈ ਜੁਗੋ ਜੁੱਗ ਅਟੱਲ ਹੈ।

(3)

'ਸ਼ਬਦ' ਨੂੰ ਗੁਰੂ ਜਾਂ ਗੁਰੂ-ਸਰੂਪ ਮੰਨਣ ਦੀ ਰੀਤ ਦਾ ਆਰੰਭ ਬਹੁਤ ਪ੍ਰਾਚੀਨ ਹੈ। ਹਾਂ, ਜੋ ਗੁਰੂ ਤੇ ਪ੍ਰਭੂ-ਤੁੱਲ ਪੂਜਾ, ਆਦਰ, ਸਤਿਕਾਰ ਤੇ ਪਿਆਰ ਇਸ ਨੂੰ ਸਿੱਖ ਸਤਿਗੁਰਾਂ ਵੱਲੋਂ ਮਿਲਿਆ, ਉਹ ਉਵੇਂ, ਉਸ ਢੰਗ ਤੇ ਸ਼ਿੱਦਤ ਨਾਲ ਪਹਿਲੇ ਕਦੇ ਪ੍ਰਾਪਤ ਨਹੀਂ ਹੋਇਆ।

ਵੇਦ, ਜਿੰਨ੍ਹਾਂ ਨੂੰ ਸਿੱਧਾ ਈਸ਼ਵਰੀ ਗਿਆਨ ਮੰਨਿਆਂ ਜਾਂਦਾ ਹੈ, ਆਖ਼ਰ ਕਿਵੇਂ ਸਾਡੇ ਤੱਕ ਪਹੁੰਚੇ ਤੇ ਕਿਸ ਰੂਪ ਵਿਚ ਸੁਰੱਖਿਅਤ ਹਨ ? ਉੱਤਰ ਹੈ— ਸ਼ਬਦ-ਰੂਪ ਅਥਵਾ ਬੈਖਰੀ ਬੋਲੀ ਵਿਚ। ਏਸੇ ਤਰ੍ਹਾਂ ਗੀਤਾ ਦਾ ਗਿਆਨ, ਬੁੱਧ ਧਰਮ ਦੀ ਸਿਖਿਆ ਦਾ ਸੰਗ੍ਰਿਹ/ਧਮਪਦ, ਸਿਮ੍ਰਿਤੀਆਂ ਤੇ ਸ੍ਰੁਤੀਆਂ; ਗਲ ਕੀ, ਹਿੰਦੂ ਸਾਹਿਤ ਦਾ ਸਾਰਾ ਗਿਆਨ ਆਖ਼ਰ ਸ਼ਬਦਾ ਦੇ ਰੂਪ ਵਿਚ ਹੀ ਤਾਂ ਸਾਡੇ ਪਾਸ ਮਹਫ਼ੂਜ਼ ਹੈ। ਇਹਨਾਂ ਦੇ ਰਚਨਹਾਰੇ ਤਾਂ ਹੁਣ, ਸਰੀਰ ਕਰਕੇ, ਸਾਡੇ ਦਰਮਿਆਨ ਮੌਜੂਦ ਨਹੀਂ।

ਇਹੀ ਗਲ ਯਹੂਦੀਆਂ ਦੀਆਂ, ਤੌਰੇਤ ਤੇ ਜ਼ੰਬੂਰ, ਈਸਾਈਆਂ ਦੀ ਅੰਜੀਲ ਅਤੇ ਮੁਸਲਮਾਨਾਂ ਦੀ ਕੁਰਾਨ ਆਦਿ ਮਜ਼ਹਬੀ ਪੁਸਤਕਾਂ ਬਾਰੇ ਕਹੀ ਜਾ ਸਕਦੀ ਹੈ। ਉਪਰੋਕਤ ਚੌਂਹੁ ਕਿਤਾਬਾਂ (ਧਾਰਮਿਕ ਪੁਸਤਕਾਂ) ਦੇ ਮੰਨਣ ਵਾਲਿਆਂ ਨੂੰ 'ਅਹਿਲ ਕਿਤਾਬ' (ਪੁਸਤਕ ਵਾਲੇ ਲੋਕ) ਕਿਹਾ ਜਾਂਦਾ ਹੈ। ਕੁਰਾਨ ਮਜੀਦ ਨੂੰ ਰੱਬੀ ਕਲਾਮ ਮੰਨਣ ਵਾਲੇ ਮੁਸਲਮਾਨਾਂ ਨੂੰ 'ਅਹਿਲ ਕਲਾਮ' ਦਾ ਨਾਂ ਵੀ ਦਿੱਤਾ ਜਾਂਦਾ ਹੈ। ਕੀ ਇਹ 'ਅਹਿਲ ਕਿਤਾਬ' ਜਾਂ 'ਅਹਿਲ ਕਲਾਮ' ਲੋਕ ਕਲਾਮ ਜਾਂ ਸ਼ਬਦ ਦੇ ਪੁਜਾਰੀ ਨਹੀਂ ?

---

1. (ੳ) ਇੱਕਾ ਬਾਣੀ, ਇਕੁ ਗੁਰੁ, ਇਕੋ ਸਬਦੁ ਵੀਚਾਰਿ। (ਮ: 3, ਪੰ: 646)
   (ਅ) ਜੋਤਿ ਓਹਾ, ਜੁਗਤਿ ਸਾਇ, ਸਹਿ ਕਾਇਆ, ਫੇਰਿ ਪਲਟੀਐ॥ (ਮ. 1, ਪੰ. 966)
   (ੲ) ਨਾਨਕ ਤੂ, ਲਹਣਾ ਤੂਹੈ, ਗੁਰੁ ਅਮਰੁ ਤੂ ਵੀਚਾਰਿਆ॥ (ਰਾਮ, ਵਾਰ, ਪੰ. 968)
   (ਸ) ਥਾਪਿਆ ਲਹਣਾ ਜੀਵਦੇ, ਗੁਰਿਆਈ ਸਿਰਿ ਛਤ੍ਰੁ ਫਿਰਾਯਾ॥
   ਕਾਇਆ ਪਲਟਿ ਸਰੂਪ ਬਣਾਇਆ॥ (ਵਾਰ 1, ਪੰ. 3)
   ਨੋਟ—ਹੋਰ ਵੇਖੋ—ਭਾਈ ਗੁਰਦਾਸ ਵਾਰ 3, ਪਉੜੀ 12।
   (ਹ) ਦਸ ਸਰੂਪ ਗੁਰ ਏਕ ਸਮ, ਜੋ ਜਾਨੈ ਸੋ ਮੋਰ। (ਸੂਰਜ ਪ੍ਰਕਾਸ਼ ਰੁਤ 5, ਅਧਿ. 15)

ਹਾਂ, ਇਕ ਗਲ ਇਹਨਾਂ ਮੱਤਾਂ ਵਿਚ ਸਪਸ਼ਟ ਤੇ ਸਾਫ਼ ਹੈ ਕਿ ਹਜ਼ਰਤ ਮੂਸਾ, ਹਜ਼ਰਤ ਈਸਾ ਤੇ ਹਜ਼ਰਤ ਮੁਹੰਮਦ ਜੀ ਦੇ ਕਲਾਮ ਤੋਂ ਬਾਅਦ ਨ ਕੋਈ ਉਹਨਾਂ ਦੀ ਥਾਂ ਪੈਗੰਬਰ ਬਣ ਬੈਠਾ ਅਤੇ ਨਾ ਹੀ ਉਹਨਾਂ ਦੇ ਪੈਰੋਕਾਰਾਂ ਨੇ ਕਿਸੇ ਅਜਿਹਾ ਕਰਨ ਵਾਲੇ ਨੂੰ ਬਰਦਾਸ਼ਤ ਹੀ ਕੀਤਾ। ਕਾਦੀਆਨੀਆਂ ਦੀ ਮਿਸਾਲ ਸਾਡੇ ਸਾਹਮਣੇ ਹੈ। ਉਹਨਾਂ ਨੂੰ ਪਾਕਿਸਤਾਨ ਵਿਚ ਇਸ ਲਈ ਗੈਰ-ਮੁਸਲਮ ਕਰਾਰ ਦੇ ਦਿੱਤਾ ਗਿਆ ਹੈ, ਕਿਉਂਕਿ ਉਹ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਵੀ ਨੱਬੀ ਦਾ ਹੋ ਸਕਣਾ ਮੰਨਦੇ ਹਨ।

ਏਥੇ, ਅੰਜੀਲ ਦੇ ਮੁੱਢ ਵਿਚ ਆਈ ਇਹ ਗਲ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੇਵਲ ਸ਼ਬਦ (Word) ਹੀ ਸੀ, ਤੇ ਇਹ 'ਸ਼ਬਦ' ਰੱਬ ਸੀ, ਅਤੇ ਮੁਸਲਮਾਨਾਂ ਦਾ ਇਹ ਦਾਅਵਾ ਵੀ ਕਿ ਖ਼ੁਦਾ ਨੇ ਸ਼ਬਦ 'ਕੁਨ' (ਹੋ ਜਾ) ਕਹਿ ਕੇ ਸਾਰੇ ਆਲਮ ਨੂੰ ਹੋਂਦ ਵਿਚ ਲੈ ਆਂਦਾ, ਕਾਬਲਿ ਗੌਰ ਹਨ :

ਕੁਨ ਕੇ ਕਹਨੇ ਸੇ ਹੂਆ ਆਲਮ ਬਪਾ

'ਮਛੰਦਰ ਪ੍ਰਬੋਧ' ਗ੍ਰੰਥ ਵਿਚ ਮਛੰਦਰ ਨੇ ਗੋਰਖ ਨੂੰ ਸ਼ਬਦ ਦੀ ਜੋ ਮਹਿਮਾ ਦਰਸਾਈ ਹੈ, ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਧਾਂ ਨੂੰ ਦਿੱਤੇ ਉੱਤਰ ਤੇ ਗੁਰਮਤਿ ਦੇ ਸ਼ਬਦ-ਗੁਰੂ ਸਿਧਾਂਤ ਨੂੰ ਸੂਰਜ ਵੱਤ ਰੋਸ਼ਨ ਕਰਦੀ ਹੈ। ਪ੍ਰਸ਼ਨੋਤਰੀ ਹੈ :—

> ਗੋਰਖ—ਸੁਆਮੀ, ਕੌਣ ਗੁਰੂ ਕੌਣ ਚੇਲਾ ?
> ਮਛੰਦਰ—ਅਉਧੂ, ਸ਼ਬਦ ਗੁਰੂ ਸੁਰਤਿ ਚੇਲਾ ॥

ਸ਼ਬਦ (ਗੁਰਬਾਣੀ) ਦੇ ਬਹੁਤੇ ਅਰਥਾਂ ਵਿਚੋਂ ਇੱਕ ਅਰਥ ਗਿਆਨ ਵੀ ਹਨ ਅਤੇ ਗਿਆਨ ਦੇ ਅਰਥ ਹਨ ਗੁਰੂ। ਸ੍ਰੀ ਦਸਮੇਸ਼ ਜੀ ਦਾ ਇਹ ਫ਼ੁਰਮਾਨ ਇਸ ਬਾਰੇ ਕਿਸੇ ਪ੍ਰਕਾਰ ਦਾ ਸੰਸਾ ਨਹੀਂ ਰਹਿਣ ਦਿੰਦਾ :

> 'ਗਿਆਨ-ਗੁਰੂ', ਆਤਮ ਉਪਦੇਸਹੁ, ਧਿਆਨ ਬਿਭੂਤ ਲਗਾਓ ॥ (ਸ਼ਬਦ ਹਜ਼ਾਰੇ)

ਮਹਾਤਮਾ ਪਰਮ ਦਿਆਲ ਫ਼ਕੀਰ, ਸਤਿ-ਸੰਗ ਮਾਨਵ ਮੰਦਰ ਹੁਸ਼ਿਆਰਪੁਰ, ਦਾ ਹਿੰਦ ਸਮਾਚਾਰ ਦੇ 18 ਜੁਲਾਈ, 1978 ਦੇ ਪਰਚੇ ਵਿਚ ਇੱਕ ਪੁਰਮਾਅਨੀ ਲੇਖ—'ਗੁਰੂ ਕਾ ਸਰੂਪ ਗਿਆਨ ਹੈ, ਧਰਮ ਕੀ ਅਸਲੀਅਤ ਸਤਿ ਹੈ'— ਦੇ ਸਿਰਲੇਖ ਹੇਠ ਛਪਿਆ ਹੈ। ਆਪ ਉਪਰੋਕਤ ਵਿਚਾਰ ਦੀ ਪੁਸ਼ਟੀ ਵਿਚ ਲਿਖਦੇ ਹਨ :

'ਮੈਂ ਗੁਰੂ ਕਾ ਅਸਲੀ ਰੂਪ ਬਤਾਨਾ ਚਾਹਤਾ ਹੂੰ। (ਗੁਰੂ) ਗ੍ਰੰਥ ਸਾਹਿਬ ਔਰ ਦੂਸਰੇ ਸਦਗ੍ਰੰਥੋਂ ਮੇਂ ਲਿਖਾ ਹੈ ਕਿ ਪੂਰਾ ਗੁਰੂ ਢੂੰਡੋ। ਪੂਰਾ ਗੁਰੂ ਢੂੰਡਨੇ ਕਾ ਬਾਰ ਬਾਰ ਹੁਕਮ ਹੈ। ਗੁਰੂ ਕਾ ਰੂਪ ਹੈ ਗਿਆਨ। ਗੁਰੂ, ਗਿਆਨ ਕਾ ਨਾਮ ਹੈ। ਗੁਰੂ ਸੱਚੀ ਸਮਝ ਕਾ ਮਾਲਿਕ ਹੋਤਾ ਹੈ। ਵੁਹ ਜੀਵ ਕੋ ਬਾਹਰਮੁਖੀ ਸੇ ਅੰਤਰਮੁਖੀ ਕਰ ਦੇਤਾ ਹੈ। ਇਤਨਾ ਹੀ ਕਾਮ ਹੈ ਜੋ ਵੁਹ ਕਰਤਾ ਹੈ, ਔਰ ਬਸ ! ਕਬੀਰ ਸਾਹਿਬ, ਜੋ ਆਦਿ ਗੁਰੂ ਹੁਏ ਹੈਂ, ਕਹਿਤੇ ਹੈਂ :

> 'ਗੁਰੂ ਕੋ ਮਾਨਸ ਜਾਨਤੇ, ਤੇ ਨਰ ਕਹੀਏ ਅੰਧ ॥
> ਦੁਖੀ ਹੋਹਿੰ ਸੰਸਾਰ ਮੇਂ, ਆਗੇ ਜਮ ਕਾ ਫੰਧ ॥

ਗੁਰੂ ਕੀਆ ਹੈ ਗਿਆਨ ਕੋ, ਦੇਹ ਕੋ ਚੀਨਾ ਨਾਹਿਂ ॥
ਕਹੇ ਕਬੀਰ ਤਾ ਦਾਸ ਕੋ, ਤੀਨ ਤਾਪ ਫਿਰ ਨਾਹਿਂ ॥

ਸੋ, ਸਿੱਧ ਹੋਇਆ ਕਿ ਗੁਰਮਤਿ ਵਿਚ ਗਿਆਨ ਗੁਰੂ ਹੈ, ਗੁਰਬਾਣੀ ਗੁਰੂ ਹੈ, ਸ਼ਬਦ ਗੁਰੂ ਹੈ ਅਤੇ ਸ਼ਬਦ ਹੀ ਅੰਮ੍ਰਿਤ ਵੀ ਹੈ, ਨਾਮ ਵੀ ਹੈ, ਸੱਚ ਵੀ ਹੈ।

ਫੇਰ, ਫਕੀਰ ਜੀ, 29 ਅਗਸਤ 78 ਦੇ ਪਰਚੇ ਵਿਚ ਸ਼ਬਦਾਂ ਅਤੇ ਸਥੂਲ ਪਦਾਰਥਾਂ ਦੇ ਸੰਬੰਧ ਵਿਚ ਲਿਖਦੇ ਹਨ :

'ਲਾਖ ਕੋਈ ਤੱਪ ਕਰੇ, ਜੱਪ ਕਰੇ, ਤੀਰਥ ਕਰੇ, ਦਾਨ ਕਰੇ, ਸੱਚ ਬੋਲੇ, ਈਮਾਨਦਾਰ ਹੋ, ਇਨ ਕਾਮੋਂ ਸੇ ਸਿਰਫ਼ ਮਨ ਕੀ ਪਵਿੱਤਰਤਾ ਹੋਤੀ ਹੈ, ਮਨ ਸ਼ੁੱਧ ਹੋ ਜਾਤਾ ਹੈ, ਲੇਕਿਨ ਵੁਹ ਮਨੁੱਖ ਆਵਾਗਵਨ (ਜਨਮ ਮਰਨ ਦੇ ਗੇੜ) ਤੋਂ ਨਹੀਂ ਬੱਚ ਸਕਦਾ, **ਜਬ ਤਕ ਮਰਨੇ ਸੇ ਪਹਿਲੇ ਉਸਕੇ ਅੰਤਰ ਕਿਸੀ ਸਥੂਲ ਪਦਾਰਥ ਸੇ ਮੋਹ ਖ਼ਤਮ ਨਹੀਂ ਹੋਤਾ।** ਸਥੂਲ ਪਦਾਰਥ ਮੇਂ ਦੌਲਤ, ਰਿਸ਼ਤੇਦਾਰ, ਗੁਰੂ ਕੀ ਦੇਹ, ਉਸਕਾ ਆਸ਼ਰਮ, ਰਾਮ ਜੋ ਅਜੁੱਧਿਆ ਮੇਂ ਪੈਦਾ ਹੁਏ ਥੇ, ਇਨ ਕਾ ਧਿਆਨ; ਗਰਜ਼ਿ ਕਿ, ਕਿਸੀ ਭੀ ਸਥੂਲ ਪਦਾਰਥ ਸੇ ਪ੍ਰੇਮ ਨ ਹੋ।'

'ਯੇ ਮੈਂ ਕਿਉਂ ਕਹਿਤਾ ਹੂੰ ? ਆਜਕਲ ਆਵਾਗਵਨ ਸੇ ਬਚਨੇ ਕੇ ਲੀਏ ਲੋਗ ਗਾਇਤਰੀ ਕਾ ਮੰਤ੍ਰ ਯਾ ਗੁਰੂ ਕੀ ਸੇਵਾ, ਯਾ ਗੁਰੂ (ਦੇਹਧਾਰੀ) ਕਾ ਧਿਆਨ ਬੰਨ੍ਹਾਤੇ ਹੈਂ, ਔਰ ਕਈ ਫਿਰਕੇ ਮੇਂ ਯੇ ਕਹਾ ਜਾਤਾ ਹੈ ਕਿ ਨਾਮ (ਦੇਹਧਾਰੀ ਗੁਰੂ ਕਾ) ਲੀਏ ਜਾਓ, ਸਤਿਗੁਰੂ ਅੰਤ ਸਮੇਂ ਤੁਮ ਕੋ ਸਤਿਲੋਕ ਲੇ ਜਾਏਗਾ। ਯਿਹ ਗ਼ਲਤ ਹੈ। ਯਿਹ ਮੈਂ ਬੜੇ ਹੌਸਲੇ ਸੇ ਕਹਿਤਾ ਹੂੰ।'

'ਇਸ ਮਜ਼ਮੂਨ ਕੋ ਇਸ ਲੀਏ ਲਿਖ ਰਹਾ ਹੂੰ ਕਿ ਦੁਨਿਆਂ ਮੇਂ ਮੁਖ਼ਤਲਿਫ਼ ਮੌਜ਼ਬਾਏਂ, ਆਵਾਗਵਨ ਸੇ ਬਚਨੇ ਕੇ ਲੀਏ ਅਨੇਕ ਪ੍ਰਕਾਰ ਕੇ ਉਪਾਏ ਬਤਾਤੇ ਹੈਂ। ਲੇਕਿਨ ਜਬ ਤੱਕ ਸਥੂਲ ਪਦਾਰਥੋਂ ਸੇ ਤਵੱਜਹ ਹਟਾ ਕਰ, ਯਾਨੀ ਸਰੀਰ ਔਰ ਮਨ ਕੇ ਖ਼ਿਆਲਾਤ ਕੋ ਛੋੜ ਕਰ, ਆਪਨੇ ਅੰਤਰ 'ਪਰਕਾਸ਼' ਔਰ 'ਸ਼ਬਦ' ਕੋ ਪਕੜਨੇ ਕੀ ਆਦਤ ਨਹੀਂ ਹੈ, ਵੁਹ ਕਿਸੀ ਸੂਰਤ ਮੇਂ ਭੀ ਭਵਸਾਗਰ ਸੇ ਪਾਰ ਨਹੀਂ ਜਾ ਸਕਤਾ :'

ਏਸੇ ਤਰ੍ਹਾਂ, ਭਰਥਰੀ ਜੀ ਬਾਣੀ ਅਥਵਾ ਸ਼ਬਦ ਦੀ ਮਹਿਮਾ ਬਿਆਨ ਕਰਦੇ ਹੋਏ ਲਿਖਦੇ ਹਨ :—

ਕੇਯੂਰ ਨ ਵਿਭੂਸ਼ਯੰਤੀ ਪੁਰਸ਼ਾਹਾਰਾ ਨ ਚੰਦ੍ਰੋ ਜ੍ਵਲਾ ਸਨਾਨੰ ਨ ਵਿਲੇਪੰਨ
ਨ ਕੁਸੁਮੰਨ ਅਲੰਕ੍ਰਿਤਾ ਮੂੜ ਧਜਾ।
ਵਾਣਿਯੇਕਾ ਸਮਲਕ੍ਰੋਤੀ ਪੁਰਸ਼ੰ ਯਾ ਸੰਸਕ੍ਰਿਤਾ ਧਾਰਯਤੇ।
ਕਸ਼ੀਯੰਤੇ ਅਖਿਲ ਭੂਸ਼ਣਾਨੀ ਸਤਤੰ ਵਾਗ ਭੂਸ਼ਨੰ ਭੂਸ਼ਨੰ ॥

(ਅਰਥ-ਭਾਵ : ਕੇਯੂਰ (ਬਾਜ਼ੂਬੰਦ) ਵੀ ਪੁਰਸ਼ ਨੂੰ ਖ਼ੂਬਸੂਰਤ ਨਹੀਂ ਬਣਾ ਸਕਦਾ, ਚੰਦਰਮਾ ਜੈਸੇ ਚਮਕੀਲੇ ਹਾਰ ਵੀ ਖ਼ੂਬਸੂਰਤ ਨਹੀਂ ਬਣਾ ਸਕਦੇ; ਨਾ ਹੀ ਇਸ਼ਨਾਨ ਅਤੇ ਨਾ ਹੀ ਕਈ ਪ੍ਰਕਾਰ ਦੇ ਲੇਪ (ਤੇਲ, ਲੇਪ ਆਦਿ); ਨਾ ਹੀ ਜ਼ੁਲਫਾ (ਵਾਲਾਂ ਦੇ ਕੁੰਡਲ) ਅਤੇ ਨਾ ਹੀ ਟੱਟੂ (ਅੰਗਾਂ ਉੱਤੇ ਕੱਢੇ ਚਿੱਤ੍ਰ); ਕੇਵਲ ਬਾਣੀ ਹੀ ਪੁਰਸ਼ ਨੂੰ ਸੁੰਦਰ ਬਣਾ ਸਕਦੀ ਹੈ ਜੋ ਭਲੀ ਪ੍ਰਕਾਰ

ਸੰਸਕ੍ਰਿਤ ਹੋਈ ਹੋਵੇ। (ਜੋ ਸ਼ਕਤੀ, ਵਿਭੂਤੀ-ਭਾਵ ਰਖਦੀ ਹੋਵੇ)। ਸਾਰੇ ਗਹਿਣੇ ਨਾਸ਼ਵੰਤ (ਖੀਣ) ਹੋਣ ਵਾਲੇ ਹਨ। ਸਦਾ ਰਹਿਣ ਵਾਲਾ ਕੇਵਲ ਵਾਕ, ਬਾਣੀ ਅਥਵਾ ਸ਼ਬਦ ਹੀ ਹੈ, ਜੋ ਕਿ ਗਹਿਣਿਆਂ ਦਾ ਗਹਿਣਾ ਹੈ।

ਡਾਕਟਰ ਬਲਕਾਰ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਸ਼ਬਦ-ਗੁਰੂ-ਸਿਧਾਂਤ ਦੇ ਪ੍ਰਸੰਗ ਵਿਚ, 'ਸੀਸਗੰਜ ਜੁਲਾਈ, 92 ਵਿਚ ਲਿਖਦੇ ਹਨ :

'ਸ਼ਬਦ-ਗੁਰੂ' ਹੀ ਅਭੁਲ ਗੁਰੂ ਕਰਤਾਰ ਹੋ ਸਕਦਾ ਹੈ। ਇਸੇ ਨੂੰ ਹੀ 'ਪਰਤਖ ਹਰਿ' ਮੰਨ ਕੇ ਜਪਿਆ ਜਾ ਸਕਦਾ ਹੈ। ਇਹੀ ਜੋਤਿ ਹੈ ਅਤੇ ਇਸੇ ਜੋਤਿ ਨੇ ਨਿਸਚਿਤ 'ਜੁਗਤਿ' ਵਿਚ ਪ੍ਰਗਟ ਹੋਣਾ ਹੈ। ਇਸ ਦੇ ਚਿੰਤਨਾਤਮਿਕ ਅਤੇ ਕਾਵਿਕ ਪ੍ਰਗਟਾ ਦੀ ਜਦੋਂ ਬੌਧਿਕ ਪੱਧਰ ਤੇ ਵਿਆਖਿਆ ਹੁੰਦੀ ਹੈ ਤਾਂ ਠਾਕੁਰ ਨੂੰ 'ਜੋਨੀ' ਮੰਨਣ ਦੀ ਅਵੱਗਿਆ ਹੋ ਜਾਂਦੀ ਹੈ। ਇਹ ਭੁਲੇਖਾ ਉਦੋਂ ਪੈਂਦਾ ਹੈ ਜਦੋਂ ਅਸੀਂ ਸ਼ਬਦ ਨੂੰ ਮਾਨਵੀ ਕ੍ਰਿਤ ਤਸਲੀਮ ਕਰ ਕੇ (ਮੰਨ ਕੇ), ਇਸ ਵਿਚਲੀ ਦੈਵੀ ਛੁਹ ਤੋਂ ਵਿਰਵੇ ਰਹਿ ਜਾਂਦੇ ਹਾਂ। ਸ਼ਬਦ ਤਾਂ 'ਹੁਕਮਾਉ' ਹੈ, ਖਸਮ ਦੀ ਬਾਣੀ ਹੈ। ਜੋਤਿ ਇਸ ਸ਼ਬਦ ਵਿਚ ਸੰਮਿਲਤ ਹੋ ਕੇ, ਓਤਪੋਤ ਹੋ ਕੇ, ਗੁਰਬਾਣੀ ਅਖਵਾਂਦੀ ਹੈ ਇਹ ਮਾਨਵੀ ਕ੍ਰਿਤ ਨਹੀਂ; ਸਗੋਂ, ਦੈਵੀ ਆਵੇਸ਼ ਵਿਚ, ਸੁਤੇ ਸਿਧ ਪੈਦਾ ਹੋਇਆ ਇਲਹਾਮੀ ਪ੍ਰਗਟਾ ਹੈ। ਅਜਿਹਾ ਆਵੇਸ਼, ਸਰਬੋਤਮ ਸ਼ਕਤੀ, ਪ੍ਰਮਾਤਮਾ ਨਾਲ ਇਕਸੁਰ ਹੋਈ ਆਤਮਾ ਵਿਚੋਂ ਸੁਤੇ ਸਿਧ ਝਰਦਾ ਹੈ। ਇਹ ਸ਼ਬਦ ਸਦਾ ਕਰਤਾਰੀ ਰੂਪ ਹੈ। 'ਅਨੰਦੁ' ਬਾਣੀ ਵਿਚ ਕੇਂਦਰਤ ਵਿਚਾਰ, ਇਨ੍ਹਾਂ ਵਿਚਾਰਾਂ ਨੂੰ ਹੋਰ ਵੀ ਸਪਸ਼ਟ ਕਰ ਦਿੰਦੇ ਹਨ।'

'.. ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ ਵਿਚ ਵੀ ਇਹ ਭਾਵਨਾ ਕਾਇਮ ਹੈ ਕਿ ਸਤਿਗੁਰੂ ਦਾ ਸਰੀਰਕ ਰੂਪ ਕਰਤਾਰੀ ਨਹੀਂ; ਸਗੋਂ ਸ਼ਬਦ ਰੂਪ ਹੀ ਮੁਕਤੀ ਦਾ ਹੇਤੂ ਹੈ। ਏਸੇ ਲਈ ਇਸ ਸ਼ਬਦ ਦੇ ਵਿਚਾਰ ਉੱਤੇ ਜ਼ੋਰ ਦਿਤਾ ਗਿਆ ਹੈ :

'ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰੁ'
ਡਿਠੈ ਮੁਕਤਿ ਨ ਹੋਵਈ, ਜਿਚਰੁ ਸ਼ਬਦਿ ਨ ਕਰੇ ਵਿਚਾਰੁ ॥ (ਪੰ. 594)

ਦੇਹ-ਧਾਰੀ ਗੁਰੂ ਦਾ ਖੰਡਨ—

(ੳ) ਦੇਹਧਾਰੀ ਗੁਰੂ ਦੀ ਪ੍ਰਥਾ ਨੂੰ ਮੰਨਣ ਵਾਲਿਆਂ ਦਾ ਵੱਡਾ ਦਾਅਵਾ ਇਹ ਹੈ ਕਿ ਗੁਰਬਾਣੀ ਦੀਆਂ ਮਹਾਨ ਰਚਨਾਵਾਂ ਅਤੇ ਹੋਰ ਗੁਜ਼ਰੇ ਮਹਾਂਪੁਰਸ਼ਾਂ ਦੇ ਪਰਵਚਨਾਂ ਨੂੰ ਸਮਝਾਉਣ ਤੇ ਦ੍ਰਿੜ ਕਰਾਉਣ ਲਈ ਦੇਹਧਾਰੀ ਗੁਰੂ ਦੀ ਲੋੜ ਹੈ। ਉਹ ਭੁੱਲ ਜਾਂਦੇ ਹਨ ਕਿ ਗੁਰੂ ਅਥਵਾ ਮਹਾਨ ਆਤਮਾਵਾਂ ਉਹ ਹਨ, ਜਿਨ੍ਹਾਂ ਦੇ ਹਿਰਦਿਆਂ ਉੱਤੇ ਪ੍ਰਭੂ ਇਕ-ਸੁਰਤਾ ਵਿਚ ਧੁਰੋਂ ਬਾਣੀ ਆਈ, ਨਾ ਕਿ ਉਸ ਬਾਣੀ ਦੀ ਵਿਆਖਿਆ ਕਰਨ ਵਾਲੇ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਜੀ ਆਦਿ ਮਹਾਨ ਤੇ ਵਿਦਵਾਨ ਗੁਰਸਿਖ ਹੋਏ ਹਨ; ਪਰੰਤੂ ਉਨ੍ਹਾਂ ਨੇ ਕਦੀ ਵੀ ਗੁਰੂ-ਬਰਾਬਰੀ ਦਾ ਦਾਅਵਾ ਨਹੀਂ ਕੀਤਾ। ਜਦ ਮਹਾਨ ਰੱਬੀ ਰਚਨਾਵਾਂ ਦਾ ਹਰ ਵਿਆਖਿਆਕਾਰ, ਉਹਨਾਂ ਦੇ ਰਚਨਹਾਰ ਤੁੱਲ ਹੋ ਬੈਠੇਗਾ, ਤਾਂ ਇੱਟ ਚੁੱਕਿਆਂ ਆਪੋਂ ਬਣੇ ਗੁਰੂਆਂ ਦੀਆਂ ਧਾੜਾਂ ਵਿਰਨਗੀਆਂ ਅਤੇ ਮਨੁੱਖ ਇਸ ਦੁਬਿਧਾ ਵਿਚ ਡਾਢਾ ਪਰੇਸ਼ਾਨ ਹੋਵੇਗਾ। ਕਿਉਂਕਿ,

ਬੰਦੇ ਨਹੀਂ ਹੈਂ ਜਿਤਨੇ ਗੁਰੂ ਹੈਂ ਜਹਾਨ ਮੇਂ।
ਕਿਸ ਕਿਸ ਗੁਰੂ ਕੇ ਸਾਹਮਨੇ ਸਜਦਾ ਕਰੇ ਕੋਈ ?

(ਅ) ਦੂਜੀ ਦਲੀਲ, ਦੇਹਧਾਰੀ ਗੁਰੂ ਦੇ ਉਪਾਸ਼ਕ, ਇਹ ਦਿੰਦੇ ਹਨ ਕਿ ਜਿਹੜਾ ਪ੍ਰਭਾਵ ਸਿੱਖ ਉੱਤੇ ਦੇਹਧਾਰੀ ਗੁਰੂ ਆਪਣੀ ਸਖਸ਼ੀਅਤ ਦੁਆਰਾ ਪਾ ਸਕਦਾ ਹੈ, ਉਹ ਪ੍ਰਭਾਵ ਕੇਵਲ ਸ਼ਬਦ ਅਥਵਾ ਗੁਰਬਾਣੀ ਰਾਹੀਂ ਨਹੀਂ ਪੈਂਦਾ। ਇਸ ਸੰਬੰਧ ਵਿਚ ਪਹਿਲੀ, ਨੋਟ ਕਰਨ ਵਾਲੀ ਗਲ ਤਾਂ ਇਹ ਹੈ ਕਿ ਦਾਇਮੀ ਤੇ ਉੱਚ ਪ੍ਰਭਾਵ ਤੇ ਸਾਂਝ ਸਦਾ ਗੁਣਾਂ ਦੀ ਹੁੰਦੀ ਹੈ, ਦੇਹਾਂ ਦੀ ਨਹੀਂ। ਦੇਹਾਂ ਬਿਨਸਣਹਾਰ ਹਨ। ਦੂਜੇ, ਜੇ ਇਹ ਮੰਨ ਲਿਆ ਜਾਵੇ ਕਿ ਦੇਹਧਾਰੀ ਗੁਰੂ ਹੀ ਹਰ ਸੇਵਕ ਪਾਸ ਪਹੁੰਚ ਕੇ ਉਸਦੀ ਬੁਝੀ ਜੋਤ ਨੂੰ ਜਗਾ ਸਕਦਾ ਹੈ, ਅਤੇ ਨਾਲ ਇਹ ਵੀ ਫ਼ਰਜ਼ ਕਰ ਲਿਆ ਜਾਵੇ ਕਿ ਸਾਰਾ ਸੰਸਾਰ ਹੀ ਉਸਦਾ ਅਨੁਯਾਈ ਹੋ ਗਿਆ ਹੈ, ਤਾਂ ਕੀ ਦੇਹਧਾਰੀ ਗੁਰੂ ਲਈ ਇਹ ਸੰਭਵ ਹੈ ਕਿ ਉਹ ਸਾਰੇ ਸੰਸਾਰ ਵਿਚ ਵੱਸਦੇ ਹਰੇਕ ਮਨੁੱਖ ਪਾਸ ਪਹੁੰਚੇ, ਅਤੇ ਉਸ ਨਾਲ ਸਿੱਧਾ ਸੰਪਰਕ ਪੈਦਾ ਕਰੇ ? ਅਜਿਹਾ ਕਰ ਸਕਣਾ ਤਾਂ ਇਕ ਪ੍ਰਾਂਤ ਜਾਂ ਦੇਸ ਵਿਚ ਵੀ ਮੁਮਕਿਨ ਨਹੀਂ ਹੋ ਸਕਦਾ, ਸਾਰੇ ਸੰਸਾਰ ਦੀ ਗਲ ਕਰਨੀ ਤਾਂ ਮਹਾਂ ਮੂਰਖਾਂ ਦੀ ਦੁਨੀਆਂ ਵਿਚ ਰਹਿਣਾ ਹੈ। ਆਖ਼ਰ ਦੇਹਧਾਰੀ ਗੁਰਤਾ ਦੇ ਦਾਅਵੇਦਾਰ ਨੂੰ ਵੀ ਸਰੀਰਕ ਤੌਰ ਉੱਤੇ ਦਰਸ਼ਨ ਦੇਣ ਦੀ ਥਾਂ ਵਿਚਾਰਾਂ, ਸ਼ਬਦਾਂ ਅਥਵਾ ਆਪਣੀ ਜਾਂ ਮਾਂਗਵੀਂ ਰਚਨਾ ਦੁਆਰਾ ਹੀ ਸੇਵਕਾਂ ਤੱਕ ਪਹੁੰਚਣਾ ਪਵੇਗਾ। ਇਹੀ ਗਲ ਹੁਣ ਤਕ ਦੇਹਧਾਰੀ ਗੁਰੂ ਕਰਦਾ ਆਇਆ ਹੈ, ਅਤੇ ਅੱਗੇ ਨੂੰ ਕਰਦਾ ਰਹੇਗਾ। ਐਸੀ ਸੂਰਤ ਵਿਚ, ਫੇਰ, ਅਮਰ ਗੁਰ-ਬਾਣੀ ਅਥਵਾ ਸ਼ਬਦ ਨੂੰ ਹੀ, ਹੱਕੀ ਤੌਰ ਉੱਤੇ, ਦੇਹ ਨਾਲੋਂ ਫ਼ਜ਼ੀਲਤ ਤੇ ਉਚੇਰਾ ਮਰਤਬਾ ਕਿਉਂ ਨ ਮਿਲੇ ?

(ੲ) ਆਪਣੀ ਬਾਤਲ (ਝੂਠੀ) ਤੇ ਦੰਭ-ਪ੍ਰਪੰਚ ਦੀ ਦੁਕਾਨ ਚਲਾਉਣ ਲਈ ਇਕ ਦਲੀਲ ਦੇਹਧਾਰੀ ਗੁਰੂ ਤੇ ਉਹਨਾਂ ਦੇ ਉਪਾਸ਼ਕ ਇਹ ਵੀ ਦਿੰਦੇ ਹਨ ਕਿ 'ਹੋ ਗੁਜ਼ਰੇ ਮਹਾਂਪੁਰਸ਼ਾਂ ਨੂੰ ਛੱਡੋ ? ਉਹ ਆਪਣੇ ਆਪਣੇ ਸਮੇਂ ਆਪਣੀ ਗਲ ਕਰ ਗਏ ? ਹੁਣ ਪਹਿਰਾ ਤਾਂ ਅਮਕੇ ਅਮਕੇ ਦੇਹਧਾਰੀ ਗੁਰੂ ਦਾ ਹੈ, ਉਹਦੇ ਲੜ ਲੱਗੋ, ਸਾਖਸ਼ਾਤ ਰੱਬ ਦੇ ਦਰਸ਼ਨ ਪਾਓ, ਅਤੇ ਲੋਕ ਪਰਲੋਕ ਸਵਾਰੋ।'

ਇਸ ਦਾਅਵੇ ਦੇ ਖੰਡਨ ਵਿਚ ਪਹਿਲੀ ਦਲੀਲ ਤਾਂ ਇਹ ਹੈ ਕਿ ਮਹਾਂ ਪੁਰਸ਼ਾਂ ਦੇ ਮਹਾਨ ਪ੍ਰਵਚਨ, ਬੋਲ, ਕਦੇ ਪੁਰਾਣੇ, ਮੈਲੇ ਤੇ ਬੇਜ਼ੀਦਾ ਨਹੀਂ ਹੁੰਦੇ; ਉਸੇ ਤਰ੍ਹਾਂ ਹੀ, ਜਿਵੇਂ ਵਾਹਿਗੁਰੂ, ਉਸ ਦਾ ਨਾਮ, ਸਚ ਅਥਵਾ ਹੋਰ ਪ੍ਰਭੂ ਗੁਣ ਸਦਾ ਇਕ ਰਸ, ਨਵੇਂ ਨਰੋਏ ਤੇ ਉੱਜਲ ਰਹਿੰਦੇ ਹਨ।'

ਇਸ ਬਾਰੇ ਗੁਰਬਾਣੀ ਵਿਚ ਸਪਸ਼ਟ ਨਿਰਣਾ ਹੈ ਕਿ :

> ਸਚੁ ਪੁਰਾਣਾ ਹੋਵੈ ਨਾਹੀ, ਸੀਤਾ ਕਦੇ ਨ ਪਾਟੈ ॥
> ਨਾਨਕ, ਸਾਹਿਬੁ ਸਚੋ ਸਚਾ, ਤਿਚਰੁ ਜਾਪੀ ਜਾਪੈ ॥ (ਮ. 1, ਪੰ. 955)

ਤਥਾ :

> ਸਚੁ ਪੁਰਾਣਾ ਨਾ ਥੀਐ, ਨਾਮੁ ਨ ਮੈਲਾ ਹੋਇ ॥ (ਮ. 3, ਪੰ. 924)

ਇਹ ਵਿਚਾਰ ਇਤਨਾ ਪ੍ਰਬਲ, ਅਖੰਡ ਤੇ ਅਮਰ ਹੈ ਕਿ ਸੰਸਾਰ ਦੇ ਹੋਰ ਚਿੰਤਕ ਤੇ ਬੁੱਧੀ-ਜੀਵੀ ਵੀ ਇਸਨੂੰ ਸ੍ਰੀ ਸਤਿ ਕਰਕੇ ਸਮਝਦੇ ਆਏ ਹਨ, ਜਿਵੇਂ ਕਿ :

1. **'Truth cannot be soiled by an outward touch, as the sun-beam.'** **(Milton)**

(ਭਾਵ – ਸੱਚ ਨੂੰ ਕਿਸੇ ਵੀ ਬਾਹਰਲੀ ਵਸਤੂ ਦਾ ਸਪੱਰਸ਼ ਕਰਕੇ ਮਟਿਆਉਣਾ (ਮੈਲਾ ਕਰਨਾ) ਉਸੇ ਤਰ੍ਹਾਂ ਅਸੰਭਵ ਹੈ, ਜਿਵੇਂ ਕਿ ਸੂਰਜ ਦੀ ਕਿਰਨ ਨੂੰ।)

2. Truth is truth, till the end of reckoning. (Shakespeare)
(ਭਾਵ —ਸੱਚ, ਪਰਲੋ ਤਕ, ਸੱਚ ਹੀ ਹੈ।)

(ਸ) ਮਾਇਆ ਦੀਆਂ ਸ਼ੋਖੀਆਂ ਮਾਨ, ਪ੍ਰਤਿਸ਼ਟਾ, ਲੋਭ, ਲਾਲਚ, ਮੁਕਰੋਫਰੇਬ ਦੇ ਇੰਦਰ-ਜਾਲ ਵਿਚ ਫਸੇ ਐਸੇ ਸਵਾਰਥੀ ਤੇ ਨਕਲੀ ਗੁਰੂ, ਦੇਹ-ਧਾਰੀ ਗੁਰੂ ਦੀ ਲੋੜ ਤੇ ਅਹਿਮੀਅਤ ਸੰਬੰਧੀ ਇਕ ਢੁੱਚਰ ਇਹ ਵੀ ਡਾਹੁੰਦੇ ਹਨ, ਕਿ ਗੁਜ਼ਰੇ ਮਹਾਂ-ਪੁਰਸ਼ਾਂ ਨਾਲੋਂ ਜੀਉਂਦੀਆਂ ਜਾਗਦੀਆਂ ਪੰਥ-ਪਰਦਰਸ਼ਕ ਵਿਅਕਤੀਆਂ ਦੇ ਬਚਨ, ਉਪਦੇਸ਼ ਤੇ ਜੀਵਨ ਘਟਨਾਵਾਂ ਤੇ ਚਮਤਕਾਰ ਉਚੇਰਾ ਅਸਥਾਨ ਰੱਖਦੇ ਤੇ ਵਧੇਰਾ ਅਸਰ ਪਾਉਂਦੇ ਹਨ।

ਇਸ ਸੰਬੰਧ ਵਿਚ ਪੁਛਿਆ ਜਾ ਸਕਦਾ ਹੈ ਕਿ ਕੀ ਉਨ੍ਹਾਂ ਮਹਾਂ-ਪੁਰਸ਼ਾਂ ਅਥਵਾ ਸਤਿਗੁਰਾਂ ਦੇ ਤਰੈਕਾਲ ਯਥਾਰਥ ਬਚਨ ਤੇ ਜੀਵਨ ਘਟਨਾਵਾਂ ਵਧੇਰੇ ਪ੍ਰਭਾਵ ਪਾਉਣ ਜੋਗ ਤੇ ਸਾਡੀ ਸੇਧ ਲਈ ਉਚੇਰੀ ਮਿਸਾਲ ਬਣ ਸਕਦੇ ਹਨ, ਜੋ ਸੱਚ ਦੀ ਖ਼ਾਤਰ, ਜਾਨ ਦੀ ਬਾਜ਼ੀ ਲਾਉਣ ਤੱਕ ਜਾ ਕੇ ਜਾਂ ਸੱਚੀਂ ਮੁੱਚੀਂ ਜਾਨ ਵਾਰ ਕੇ, ਪੂਰੀ ਪੂਰੀ ਬੇਬਾਕੀ ਸਹਿਤ, ਜੀਵਨ ਦੀ ਖੇਡ 'ਚੋਂ ਪੁੱਗ ਚੁੱਕੇ ਹਨ, ਜਾਂ ਉਨ੍ਹਾਂ ਦੇ ਜੀਵਨ ਤੇ ਬਚਨ ਵਧੇਰੇ ਭਰੋਸੇ ਯੋਗ ਤੇ ਮੰਨੇ ਜਾਣ ਵਾਲੇ ਹਨ, ਜਿਨ੍ਹਾਂ ਦੀ ਜੀਵਨ-ਨਈਆ ਅਜੇ ਸੰਸਾਰ-ਸਾਗਰ ਦੇ ਵਿਸ਼ਿਆਂ ਵਿਕਾਰਾਂ ਦੀਆਂ ਛੱਲਾਂ ਨਾਲ ਟਕਰਾ ਰਹੀ ਹੋਵੇ?

ਮਨ ਬੜਾ ਖੁੱਟਹਰ ਹੈ, ਚੰਚਲ ਹੈ। ਇਸ ਦਾ ਭਰੋਸਾ ਨਹੀਂ:

ਕਬਹੂ ਜੀਅੜਾ ਊਭਿ ਚੜ੍ਹਤੁ ਹੈ, ਕਬਹੂ ਜਾਇ ਪਇਆਲੇ॥
ਲੋਭੀ ਜੀਅੜਾ ਥਿਰੁ ਨ ਰਹਤੁ ਹੈ, ਚਾਰੇ ਕੁੰਡਾਂ ਭਾਲੇ॥ (ਮਹਲਾ 1, ਪੰ. 876)

ਮਨੁੱਖ ਮਨ ਦੀ ਇਸ ਚੰਚਲਤਾਈ ਨੂੰ ਵੇਖ ਕੇ ਹੀ ਭਗਤ ਕਬੀਰ ਜੀ ਜੀਉਂਦੇ ਮਨੁੱਖਾਂ ਨੂੰ ਚਿਤਾਵਨੀ ਦਿੰਦੇ ਹਨ:

ਕਬੀਰ ਗਰਬੁ ਨ ਕੀਜੀਐ, ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ, ਕਿਆ ਜਾਨਉ ਕਿਆ ਹੋਇ॥ (ਪੰ. 1366)

(ਹ) ਇਹ ਸਾਖੀ ਵੀ ਪ੍ਰਸਿੱਧ ਹੈ ਕਿ ਜਦ ਸਤੇ ਬਲਵੰਡਿ ਦੀ ਮੰਗ ਉੱਤੇ ਉਨ੍ਹਾਂ ਨੂੰ ਇਕ ਦਿਨ ਦੀ ਚੜ੍ਹਤ ਦੇਣ ਦਾ ਵਕਤ ਆਇਆ ਤਾਂ ਪੰਜਵੇਂ ਸਤਿਗੁਰਾਂ ਨੇ ਪਹਿਲੇ ਚਹੁੰ ਸਤਿਗੁਰਾਂ ਵਲੋਂ ਟਕਾ ਟਕਾ ਅਰਦਾਸ ਕਰਾਇਆ; ਪ੍ਰੰਤੂ, ਆਪਣਾ ਅੱਧਾ ਟਕਾ। ਸਿੱਖਾਂ ਦੇ ਪੁੱਛਣ ਉੱਤੇ ਕਿ ਅਜਿਹਾ ਕਿਉਂ? ਤਾਂ ਆਪ ਨੇ ਫੁਰਮਾਇਆ ਕਿ ਪਹਿਲੇ ਸਤਿਗੁਰੂ ਤਾਂ ਸੱਚ ਤੇ ਸੱਚੇ-ਆਚਾਰ ਦੀ ਕਸਵੱਟੀ ਉੱਤੇ ਪੁੱਗ ਚੁੱਕੇ ਸਨ, ਜਦ ਕਿ ਉਹ ਆਪਣੇ ਬਾਰੇ ਅਜਿਹਾ ਦਾਅਵਾ ਕਰਨਾ ਵਾਜਬ ਨਹੀਂ ਸਮਝਦੇ। ਵਾਹ! ਕਾਮਲ ਗੁਰਦੇਵ ਨੇ ਕੈਸੀ ਕਮਾਲ ਦੀ ਸੇਧ ਗੁਰੂ ਦੇ ਸਿੱਖਾਂ ਅਥਵਾ ਕੁਲ ਹਉਮੈ-ਗ੍ਰਸਤ ਲੋਕਾਈ ਨੂੰ ਬਖਸ਼ੀ ਹੈ।

ਇਹ ਘਟਨਾ ਜਿਥੇ ਹੋ ਚੁੱਕੇ ਮਹਾਂਪੁਰਸ਼ਾਂ ਦੇ ਯਥਾਰਥ ਤੇ ਅਬਦੀ ਵਿਚਾਰਾਂ ਦੀ ਸਰੇਸ਼ਟਤਾ ਦਰਸਾਉਂਦੀ ਹੈ, ਓਥੇ 'ਬਾਣੀ ਦੇ ਬੋਹਿਥ, ਬ੍ਰਹਮ ਗਿਆਨੀ, ਪੰਚਮ ਗੁਰਦੇਵ ਜੀ ਅੰਦਰ ਵੱਸਦੇ

ਨਿਮਰਤਾ-ਭਾਵ ਦੀ ਵੀ ਸੂਚਿਕ ਹੈ।

ਇਸ ਪ੍ਰਸੰਗ ਵਿਚ ਵਿਚਾਰ ਅਧੀਨ ਨੁਕਤੇ ਨੂੰ ਵਧੇਰੇ ਸਪਸ਼ਟ ਕਰਨ ਲਈ ਇਹ ਵਾਰਤਾ ਵੀ ਪਾਠਕਾਂ ਲਈ ਵੱਡੀ ਦਿਲਚਸਪੀ ਤੇ ਸਹੀ ਸੇਧ ਦਾ ਕਾਰਨ ਹੋ ਸਕਦੀ ਹੈ

(ਕ) ਇੱਕ ਵੇਰ, ਇਕ ਪਾਰਸਾ ਦਰਵੇਸ਼ ਤੋਂ ਕਿਸੇ ਮਨਚਲੀ ਤੇ ਜੋਬਨ-ਮੱਤੀ ਵੇਸਵਾ ਨੇ ਮਖੌਲ ਵਜੋਂ ਪੁੱਛਿਆ— 'ਬਾਬਾ, ਕੀ ਤੇਰੀ ਦਾੜ੍ਹੀ ਸੁੱਚੀ ਹੈ ਜਾਂ ਮੇਰੀ ਕੁੱਤੀ ਦੀ ਪੂਛ ?'

ਦਰਵੇਸ਼ ਨੇ ਬੜੀ ਮਤਾਨਤ ਨਾਲ ਉੱਤਰ ਦਿੱਤਾ ਕਿ ਉਹ ਉਸ ਦੇ ਪ੍ਰਸ਼ਨ ਦਾ ਉੱਤਰ ਫੇਰ ਕਿਸੇ ਸਮੇਂ ਦੇਵੇਗਾ।

ਆਖਰ, ਜਦ ਕੁਝ ਸਾਲ ਬਾਅਦ ਉਸ ਦੈਵੀ ਦਰਵੇਸ਼ ਦਾ ਅੰਤ ਸਮਾਂ ਆ ਪੁੱਜਾ ਤਾਂ ਉਸ ਨੇ ਆਪਣੇ ਮੁਰੀਦਾਂ ਨੂੰ ਆਗਿਆ ਕੀਤੀ ਕਿ ਉਹ ਉਸ ਵੇਸਵਾ ਨੂੰ ਸਦ ਲਿਆਉਣ। ਸਭ ਹੈਰਾਨ ਸਨ, ਪ੍ਰੰਤੂ ਆਗਿਆ ਦਾ ਪਾਲਣ ਕੀਤਾ ਗਿਆ। ਜਦ ਉਹ ਔਰਤ ਆਈ ਤਾਂ ਸਾਈਂ ਲੋਕ ਨੇ ਉਸਨੂੰ, ਉਸ ਦਾ ਕਿਸੇ ਸਮੇਂ ਪੁੱਛਿਆ ਪ੍ਰਸ਼ਨ ਚੇਤੇ ਕਰਵਾਉਂਦਿਆਂ ਹੋਇਆਂ ਫੁਰਮਾਇਆ :

'ਬੇਟੀ, ਤੇਰੀ ਕੁੱਤੀ ਦੀ ਪੂਛ ਨਾਲੋਂ ਮੇਰੀ ਦਾੜ੍ਹੀ ਸੁੱਚੀ ਹੈ। 'ਇਸ ਉੱਤੇ ਵੇਸਵਾ ਨੇ ਅੱਗੋਂ ਕਿਹਾ ਕਿ ਇਹ ਗਲ ਤਾਂ ਉਹ ਉਸ ਸਮੇਂ ਹੀ ਕਹਿ ਸਕਦੇ ਸਨ, ਜਦ ਉਨ੍ਹਾਂ ਤੋਂ ਇਹ ਸਵਾਲ ਪੁੱਛਿਆ ਗਿਆ ਸੀ। ਤਦ ਉਸ ਪੁੱਗੇ ਹੋਏ ਦਰਵੇਸ਼ ਨੇ ਉੱਤਰ ਦਿੱਤਾ ਕਿ ਕਿ ਉਸ ਸਮੇਂ ਉਹ ਅਜਿਹਾ ਦਾਅਵਾ ਨਹੀਂ ਕਰ ਸਕਦਾ ਸੀ। ਜੀਵਨ ਇਕ ਤਿਲਕਣ ਬਾਜ਼ੀ ਹੈ। ਚਚਲ ਮਨ ਦਾ ਕੋਈ ਭਰੋਸਾ ਨਹੀਂ। ਹੁਣ, ਜਦ ਕਿ ਉਹ ਜੀਵਨ-ਖੇਡ ਤੋਂ ਪੁੱਗ ਕੇ, ਪ੍ਰਭੂ ਦਰ ਵਲ ਜਾ ਰਿਹਾ ਹੈ, ਉਹ ਅਜਿਹਾ ਕਹਿ ਸੱਕਣ ਦੇ ਸਮਰਥ ਹੈ।'

(ਖ) ਇਹ ਗਲ ਵੀ ਸਪਸ਼ਟ ਤੌਰ ਉੱਤੇ ਸਮਝਣ ਦੀ ਲੋੜ ਹੈ ਕਿ ਸਿੱਖੀ ਵਿਚ ਸ਼ਬਦ ਗੁਰੂ ਦਾ ਸਿਧਾਂਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਆਪਣੇ ਸਮੇਂ ਜੋਤੀ ਜੋਤ ਸਮਾਉਣ ਉਪਰੰਤ ਹੀ ਨਹੀਂ ਤੋਰਿਆ। ਹੱਥਲੇ ਲੇਖ ਵਿਚ ਪਿੱਛੇ ਥਾਂ ਸਿਰ, ਇਹ ਤੱਥ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਪਹਿਲੇ ਸਤਿਗੁਰੂਆਂ ਦੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਸੈਂਕੜੇ ਪ੍ਰਮਾਣ ਇਹ ਇਹ ਸਿੱਧ ਕਰਦੇ ਹਨ ਕਿ ਉਨ੍ਹਾਂ ਨੇ ਸ਼ਬਦ ਅਥਵਾ 'ਗੁਰਬਾਣੀ' ਨੂੰ ਬਾਰ ਬਾਰ ਆਪਣੇ ਆਪ ਤੋਂ ਵੱਧ ਸਤਿਕਾਰਿਆ ਤੇ ਗੁਰੂ ਕਰਕੇ ਮੰਨਿਆ ਹੈ। ਜਦ ਉਹਨਾਂ ਵੇਖਿਆ ਕਿ ਪੂਰਨ ਮਨੁੱਖ-ਖਾਲਸਾ ਦੀ ਸਿਰਜਨਾ ਸੰਪੂਰਨ ਹੋ ਗਈ ਹੈ ਤਾਂ ਸਤਿਗੁਰੂਆਂ ਦੀ ਜੋਤ ਸ਼ਬਦ ਅਥਵਾ ਗੁਰਬਾਣੀ ਨੂੰ—ਬਿਨਸਣਹਾਰ ਦੇਹਾਂ ਨਾਲੋਂ ਸ੍ਰੇਸ਼ਟ, ਪਾਵਨ ਤੇ ਅਮਰ ਜਾਣ ਕੇ, ਸਦਾ ਸਦਾ ਲਈ ਗੁਰੂ ਮੰਨ ਲਿਆ ਗਿਆ। ਆਦੇਸ਼ ਹੋਇਆ ਕਿ ਖ਼ਾਲਸਾ, 'ਪੂਜਾ ਅਕਾਲ' ਦੀ ਕਰੇਗਾ ਤੇ 'ਪਰਚ ਸ਼ਬਦ ਦਾ' ਰੱਖੇਗਾ। ਵਰਨਾ, ਪਤਾ ਨਹੀਂ ਕਿੰਨੇ ਗੁਰੂ-ਬੰਸ ਵਾਲਿਆਂ ਵੱਲੋਂ ਗੁਰ-ਗੱਦੀ ਲਈ ਝਗੜੇ ਹੁੰਦੇ ਅਤੇ ਕਿੰਨੀਆਂ ਮੰਜੀਆਂ ਡੱਠਦੀਆਂ।

ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਮੱਥਾ ਪਹਿਲਾਂ ਵੀ ਗੁਰੂ ਜੋਤੀ, ਜੋ ਸ਼ਬਦ ਅਥਵਾ ਬਾਣੀ ਦੇ ਰੂਪ ਵਿਚ ਪ੍ਰਗਟ ਹੋ ਰਹੀ ਸੀ, ਨੂੰ ਹੀ ਟਿਕਦਾ ਸੀ। ਦੇਹਾਂ ਦਾ ਸਤਿਕਾਰ ਤਾਂ ਇਹਨਾਂ ਵਿਚ ਪ੍ਰਚੰਡ ਵਰਤਦੀ ਰੱਬੀ ਜੋਤ ਦੇ ਕਾਰਨ ਸੀ। ਜਦ ਇਹ ਜੋਤ ਅਗਲੇ ਗੁਰੂ ਵਿਚ

ਬਿਰਾਜਦੀ ਤਾਂ ਦੇਹਾਂ ਦੇ ਤੱਤ, ਬਿਖਰਕੇ, ਬ੍ਰਹਮੰਡੀ ਤੱਤਾਂ ਵਿਚ ਜਾ ਰਲਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਵੈਰਾਗਵਾਨ ਲੋਕਾਈ ਨੂੰ ਕਹ ਗਏ ਇਹ ਬਚਨ ਬੜੇ ਭਾਵ-ਪੂਰਤ ਹਨ :

'ਬਾਬਾ ਮੜੀ ਨ ਗੋਰ; ਗੁਰ ਅੰਗਦ ਕੇ ਹੀਐ ਮਹਿ ॥
ਪੁੰਨ ਸਤਿ ਸੰਗਤ ਮਾਹਿ, ਨਿਸ ਦਿਨ ਬਸਬੋ ਹਉਂ ਕਰੀਂ ॥

(ਭਾਵ-ਬਾਬਾ ਇਕ ਰੱਬੀ ਜੋਤ ਸੀ, ਜੋਤ ਗੋਰਾਂ ਤੇ ਮੜ੍ਹੀਆਂ ਵਿਚ ਨਹੀਂ ਟਿਕਦੀ। ਜਾਉ, ਗੁਰੂ ਅੰਗਦ ਦੇ ਹਿਰਦੇ ਤੇ ਸਤਿ ਸੰਗਤ ਵਿਚ ਉਸ ਜੋਤ ਦਾ ਦੀਦਾਰ ਕਰੋ।)

ਇਸ ਸੰਬੰਧ ਵਿਚ ਇਹ ਹਕੀਕਤ ਵੀ ਵਿਸ਼ੇਸ਼ ਤੌਰ ਉੱਤੇ ਚੇਤੇ ਰੱਖਣ ਵਾਲੀ ਹੈ ਕਿ ਜੇ ਕਿਸ ਅੰਨ-ਧਰਮ ਦੇ ਅਵਲੰਬੀ, ਦੇਹਧਾਰੀ ਵਿਅਕਤੀ ਉੱਤੇ, ਗੁਰਬਾਣੀ ਵਿਚ ਦੱਸੇ ਗੁਰੂ ਦੇ ਉੱਚਤਮ ਲੱਛਣ ਘਟਦੇ ਹਨ ਤਾਂ ਉਸ ਨੂੰ ਹੱਕ ਹਾਸਿਲ ਹੈ ਕਿ ਆਪਣੇ ਅੰਦਰ ਜਗੀ ਹਰੀ-ਜੋਤਿ ਨਾਲ ਹੋਰਨਾਂ ਦੇ ਦਿਲ ਦੀਪ ਜਗਾਏ ਤੇ ਉਸ ਦੇ ਸ਼ਰਧਾਲੂ ਉਸ ਨੂੰ ਜੋ ਚਾਹੁਣ ਰੁਤਬਾ ਦੇਣ। ਸਿੱਖ-ਧਰਮ ਦੀ ਵੱਡੀ ਖੂਬੀ ਇਹ ਹੈ ਕਿ ਏਥੇ ਇਹ ਦਾਅਵਾ ਨਹੀਂ ਕੀਤਾ ਜਾਂਦਾ ਕਿ 'ਪ੍ਰਭੂ' ਅਥਵਾ 'ਸਤਿ' ਦੀ ਪ੍ਰਾਪਤੀ ਤੇ ਮਨੁੱਖ-ਚਲਣਉਸਾਰੀ ਲਈ ਅੰਨਮੱਤਾਂ ਦੇ ਪ੍ਰਵਾਨੇ, ਸਾਰ ਰਸਤੇ ਹੀ ਕੁਰਾਹੇ-ਪਾਊ ਹਨ। ਸੰਖੇਪਤਾ ਮਾਤਰ, ਤੀਜੇ ਗੁਰਦੇਵ ਦਾ ਇਹ ਇਕ ਫੁਰਮਾਨ ਹੀ ਇਸ ਨੁਕਤੇ ਦੀ ਭਰਵੀਂ ਉਗਾਹੀ ਲਈ ਕਾਫੀ ਹੈ :

ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ।
ਜਿਤੁ ਦੁਆਰੈ ਉਬਰੈ, ਤਿਤੈ ਲੈਹੁ ਉਬਾਰਿ ॥ (ਬਿਲਾ. ਮ. 3, ਪ. 853)

ਹਾਂ, ਸਤਿਗੁਰਾਂ ਵੱਲੋਂ ਬਾਣੀ ਤੇ ਗੁਰ-ਸਾਖੀਆਂ ਦੁਆਰਾ ਕੱਚੇ ਲੋਭੀ', ਦੰਭੀ, ਪਾਖੰਡੀ, ਤੇ ਸੇਵਕਾਂ ਨਾਲ ਠੱਗੀ ਮਾਰਨ ਵਾਲੇ ਅਗਿਆਨੀ ਧਾਰਮਿਕ ਆਗੂਆਂ ਅਥਵਾ ਨਕਲੀ ਗੁਰੂਆਂ ਨੂੰ ਰੱਜ ਕੇ ਕੋਸਿਆ ਤੇ ਲੋਕਾਈ ਨੂੰ ਖ਼ਬਰਦਾਰ ਕਰਨ ਦਾ ਉਪਕਾਰ ਕੀਤਾ ਗਿਆ ਹੈ। ਸੂਰਜ ਪ੍ਰਕਾਸ਼ ਵਿਚ ਆਈ ਇਹ 'ਗੁਰੂ ਸਾਖੀ' ਇਸ ਸੰਬੰਧ ਵਿਚ ਜਗਿਆਸੂ ਦਾ ਰਾਹ ਰੁਸ਼ਨਾਉਂਦੀ ਅਤੇ ਅਮੋਲਕ ਤੇ ਦੁਰਲੱਭ ਮਾਨਸ-ਜਨਮ ਭੰਗ ਦੇ ਭਾੜੇ ਜਾਣੋਂ ਬਚਾਉ ਦੀ :

(ਗ) ਜਦ 'ਲਲਾ ਬੇਗ' ਵਿਰੁਧ ਲੜੀ ਜੰਗ ਜਿੱਤਣ ਉਪਰਤ ਸ੍ਰੀ ਗੁਰੂ ਹਰਗੋਬਿੰਦ ਜੀ ਕਾਂਗੜ

---

1. (ੳ) ਗੁਰੂ ਸਦਾਏ ਅਗਿਆਨੀ ਅੰਧਾ, ਕਿਸੁ ਓਹੁ ਮਾਰਗਿ ਪਾਏ ॥ (ਗੂਜਰੀ ਮ. 4, ਪੰ. 491)
   (ਅ) ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ ॥
   ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ ॥ (ਸੂਹੀ ਮ. 1, ਪੰ. 767)
   (ੲ) ਕੇਤੇ ਗੁਰ ਚੇਲੇ ਫੁਨਿ ਹੂਆ, ਕਾਚੇ ਗੁਰ ਤੇ ਮੁਕਤਿ ਨ ਹੂਆ ॥ (ਰਾਮ. ਪੰ. 932)
   (ਸ) ਗੁਰੂ ਜਿਨ੍ਹਾਂ ਕਾ ਅੰਧੁਲਾ, ਸਿਖ ਭੀ ਅੰਧੇ ਕਰਮ ਕਰੇਨਿ ॥
   ਓਇ ਭਾਣੈ ਚਲਨਿ ਆਪਣੈ, ਨਿਤ ਝੂਠੋ ਝੂਠੁ ਬੋਲੇਨਿ ॥ (ਮ. 3, ਪੰ. 951)
   (ਹ) ਜੋ ਡੁਬੰਦੋ ਆਪਿ ਸੋ ਤਰਾਇ ਕਿਨਥੇ, ਤਾਰੇਂਦੜੋ ਭੀ ਤਾਰਿ, ਨਾਨਕ ਪਿਰ ਸਿਉ ॥
   ਰਤਿਆ ॥ (ਮ. 5, ਪੰ. 1101)

(ਮਾਲਵਾ) ਪਧਾਰੇ ਤਾਂ ਉਥੇ ਇਕ ਦਿਨ, ਬਾਹਰ, ਥਲ ਵਿਖੇ, ਇਕ ਅਜਗਰ (ਸੁਰਾਲ, ਅਜ਼ਦਹਾ, ਵੱਡ-ਅਕਾਰੀ ਸੱਪ) ਅਤਿ ਦੀਨ ਤੇ ਦੁਖੀ ਅਵਸਥਾ ਵਿਚ ਸਤਿਗੁਰਾਂ ਵੱਲ ਆਇਆ। ਉਸ ਨੂੰ ਅਨੇਕ ਕਿਰਮ (ਕੀੜੀਆਂ ਆਦਿ) ਖਾ ਰਹੇ ਸਨ। ਜਦ ਸਿੱਖ ਉਸ ਨੂੰ ਮਾਰਨ ਲੱਗੇ ਤਾਂ ਸਤਿਗੁਰਾਂ ਵਰਜ ਦਿੱਤਾ ਅਤੇ ਪੈਰ ਦਾ ਅੰਗੂਠਾ ਛੁਹਾ ਕੇ ਸ਼ਰਣ ਆਏ ਦੀ ਕਲਿਆਣ ਕੀਤੀ।

ਸਿੱਖਾਂ ਦੇ ਪੁੱਛਣ ਉੱਤੇ ਕਿ 'ਮਹਾਰਾਜ' ਇਹ ਕੀ ਕੌਤਕ ਹੈ ?' ਸਤਿਗੁਰਾਂ ਫੁਰਮਾਇਆ : 'ਇਹ ਅਜਗਰ ਪਿਛਲੇ ਜਨਮ ਵਿਚ ਵੱਡਾ ਮਹੰਤ (ਗੁਰੂ) ਸੀ, ਜੋ ਚੇਲਿਆਂ ਦੁਆਰਾ ਲੋਕਾਂ ਪਾਸੋਂ ਫੋਕੀ ਮਾਨਤਾ ਪ੍ਰਾਪਤ ਕਰਦਾ, ਅਤੇ ਵਲ ਛਲ ਤੇ ਦੰਭ ਪਾਖੰਡ ਦੁਆਰਾ ਆਪਣੀ ਹਉਮੈ ਨੂੰ ਪੱਠੇ ਪਾਉਂਦਾ ਰਿਹਾ ਹੈ। ਹੁਣ ਇਸ ਨੂੰ ਖਾ ਤੇ ਦੁੱਖੀ ਕਰ ਰਹੇ ਕਿਰਮ, ਇਸ ਦੇ ਚੇਲੇ ਹਨ, ਜੋ ਆਪਣਾ ਹਿਸਾਬ ਚੁਕਾ ਰਹੇ ਹਨ :

ਸ੍ਰੀ ਹਰਿਗੋਬਿੰਦ ਸਭਿਸਿ ਸੋ, ਅਹਿ ਗਾਥ ਉਚਾਰੀ ॥
ਪੂਰਬ ਜਨਮ ਮਹੰਤ ਇਹ, ਬਿਦਤਯੋ ਜਗ ਭਾਰੀ ॥29॥

ਚਹੁਦਿਸ਼ਿ ਕੇ ਨਰ ਮੰਨਤਾ ਕਰਿ, ਸੀਸ ਨਿਵਾਵੈਂ ॥
ਅਨਿਕ ਪਦਾਰਥ ਆਨ ਕਰਿ, ਇਸ ਕੋ ਅਰਪਾਵੈਂ ॥
ਜਿਤੇ ਕਿਰਮ ਤਨ ਮਹਿ ਪਰੇ, ਸਗਰੇ ਤਬਿ ਚੇਲੇ ॥
ਹੋਇ ਬਡਾਈ ਜਗਤ ਬਡ ਇਸ ਹਿਤ ਕਰ ਮੇਲੇ ॥30॥

ਅਹੰਕਾਰ ਉਰ ਮਹਿਂ ਬਡੋ, ਮਮ ਸਮ ਨਹਿਂ ਦੂਜਾ ॥
ਕਰਹਿ ਦੇਸ਼ ਸਭ ਬੰਦਨਾ ਚਰਨਨਿ ਕੀ ਪੂਜਾ ॥
ਸਿਮਰਯੋ ਨਹਿ ਕਰਤਾ ਪੁਰਖ, ਸ਼ੁਭ ਕਰਮ ਨ ਕੀਨਾ ॥
ਗਨ ਚੇਲਨਿ ਕਰਿਬੋ ਭਜਨ, ਉਪਦੇਸ਼ ਨ ਦੀਨਾ ॥31॥

ਹੰਕਾਰਤਿ ਹੀ ਮਰਿ ਜਾਯੋ ਜੂਨੀ ਅਹਿ ਪਾਈ ॥
ਲੋਕ ਪ੍ਰਲੋਕ ਸੁਖ ਤੇ ਰਖੇ, ਸੋ ਕ੍ਰਿਮ, ਸੁਮਦਾਈ ॥
ਕਾਟਿ ਕਾਟਿ ਗਨ ਖਾਤਿ ਹੈ, ਨਹਿਂ ਦਿਨਹਿ ਉਧਾਰਾ।
ਪਲਟਾ ਪੂਰਬ ਜਨਮ ਕੋ, ਲੇਤੇ ਇਸ ਬਾਰਾ ॥32॥

ਆਪ ਨ ਉਧਰਯੋ ਜਗਤ ਤੇ, ਨਹਿਂ ਸਿਖ ਉਧਾਰੇ ॥
ਨਿਜ ਮਨਤਾ ਕੇ ਹੇਤੁ ਕਰਿ, ਸੁਭ ਕਾਜ ਵਿਸਾਰੇ ॥
ਇਨ ਸਮ ਕੀ ਗਤਿ ਦੇਖ ਕਰ, ਜੋ ਨਹਿਂ ਸਿਮਰੰਤੇ,
ਸ੍ਰੀ ਨਾਨਕ ਜੀ ਸ਼ਬਦ ਇਕ, ਉਚਰਯੋ ਹਿਤਵੰਤੇ, ॥33॥

ਗੁਰਵਾਕ : ਕੁਲਹਾਂ ਦੇਂਦੇ ਬਾਵਲੇ, ਲੈਂਦੇ ਵਡੇ ਨਿਲਜ ॥
ਚੂਹਾ ਖਡ ਨ ਮਾਵਈ, ਤਿਕਲਿ ਬੰਨੈ ਛੱਜ ॥ (ਮ. 1, ਪੰ. 1286)

ਭਾਵਾਰਥ—ਦੰਭੀ, ਪਾਖੰਡੀ ਵਿਅਕਤੀ, ਜੋ ਹੋਰਨਾਂ ਨੂੰ ਕੁੱਲੇ (ਸੇਲੀ ਟੋਪੀ) ਦੇਣ ਲੈਣ ਵਾਲੇ ਚੇਲੇ ਵੱਡੇ ਬੇਸ਼ਰਮ। ਵਿਹ ਗੁਣਹੀਣ ਸੰਸਾਰੀ ਗੁਰੂ ਆਪ ਤਾਂ ਤਰਨ ਜੋਗੇ ਨਹੀਂ ਹੁੰਦੇ,

ਪਰ ਹੋਰਨਾਂ ਨੂੰ ਤਾਰਨ ਦਾ ਝੂਠਾ ਦਾਅਵਾ ਕਰਦੇ ਹਨ। ਇਹ ਇਵੇਂ ਹੀ ਹੈ, ਜਿਵੇਂ ਚੂਹਾ ਆਪ ਤਾਂ ਖੁੱਡ ਵਿਚ ਸਮਾਂ ਨਾ ਸਕਦਾ ਹੋਵੇ, ਪਰੰਤੂ, ਲੱਕ ਨਾਲ ਛੱਜ ਬੰਨ੍ਹ ਕੇ ਖੁੱਡ ਵਿਚ ਵੜਨ ਦਾ ਯਤਨ ਕਰੇ।)

ਕਈ ਚਾਲਾਕ ਤੇ ਹੁਜਤੀ ਲੋਕ ਇਹ ਦਲੀਲ ਦਿੰਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਬਾਣੀ ਅਥਵਾ ਸ਼ਬਦ ਆਪੇਂ ਨਹੀਂ ਬੋਲਦਾ, ਜਦ ਕਿ ਦੇਹਧਾਰੀ ਗੁਰੂ ਗੱਲਾਂ ਬਾਤਾਂ ਕਰਨ, ਬੋਲਣ ਅਤੇ ਸ਼ਖਸੀਅਤ ਦਾ ਪ੍ਰਭਾਵ ਪਾਉਣ ਦੇ ਯੋਗ ਹੁੰਦਾ ਹੈ।

ਇਸ ਦਾ ਉੱਤਰ ਹੈ ਕਿ ਸ਼ਬਦ ਬੋਲਦਾ ਹੈ। ਸਗੋਂ, ਦੀਰਘ ਵਿਚਾਰ ਨਾਲ ਸੋਚੋ ਤਾਂ ਸ਼ਬਦ ਹੀ ਬੋਲਦਾ ਅਤੇ ਸ਼ਬਦ ਹੀ ਸੁਣਦਾ ਹੈ। ਦੇਹ ਨਾ ਹੀ ਬੋਲਦੀ ਹੈ ਅਤੇ ਨਾ ਹੀ ਸੁਣ ਸਕਦੀ ਹੈ। ਸ਼ਬਦ ਦੇਹ ਤੋਂ ਪਹਿਲਾਂ ਵੀ ਸੀ ਅਤੇ ਜਦ ਦੇਹ ਬਿਨਸ ਜਾਏਗੀ ਓਦੋਂ ਵੀ ਰਹੇਗਾ। ਇਸ ਦੇ ਅਟੱਲ ਤੇ 'ਅਟਲਾਧਾ' ਹੋਣ ਬਾਰੇ ਪਿੱਛੇ ਥਾਂ ਸਿਰ ਹਵਾਲੇ ਦਿੱਤੇ ਜਾ ਚੁੱਕੇ ਹਨ।

ਰਿਹਾ ਸਵਾਲ ਪ੍ਰਭਾਵ ਦਾ, ਪ੍ਰਭਾਵ ਦਾ ਸੋਮਾ ਜਾਂ ਸਮੂਹ ਵੀ ਸ਼ਬਦ ਹੀ ਹਨ। ਮਾੜੇ ਚੰਗੇ, ਮਿੱਠੇ ਫਿੱਕੇ ਸ਼ਬਦ ਮੂੰਹੋਂ ਨਿਕਲਦਿਆਂ ਜਾਂ ਸੁਣਦਿਆਂ ਹੀ; ਆਪਣਾ ਚਮਤਕਾਰ ਵਿਖਾਉਣ ਵਿਚ ਸਰਬ-ਸਮਰਥ ਹਨ। ਏਸੇ ਤਰ੍ਹਾਂ, ਧੁਰੋਂ ਆਈ ਬਾਣੀ ਵੀ ਬੋਲਦੀ ਹੈ, ਬਸ਼ਰਤਿ ਕਿ ਕੋਈ ਬੁਲਾਉਣ ਵਾਲਾ ਹੋਵੇ। ਗੁਰਬਾਣੀ ਨੂੰ ਪੜ੍ਹਨਾ ਜਾਂ ਸੁਣਨਾ, ਬਾਣੀ-ਰਚਤਾ ਸਤਿਗੁਰਾਂ ਅਥਵਾ ਅਕਾਲ ਪੁਰਖ ਵਾਹਿਗੁਰੂ ਦੇ ਗੁਣਾਂ ਨਾਲ ਸਾਂਝ ਪੈਦਾ ਕਰਨਾ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਸਫਲ ਸਾਂਝ ਸਦਾ ਗੁਣਾਂ ਦੀ ਹੀ ਹੁੰਦੀ ਹੈ'।

ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥ (ਮ. 1)

ਹੁਣ ਤਕ ਹੋਈ ਵਿਚਾਰ ਦਾ ਸਾਰ ਦੇਣ ਤੋਂ ਪਹਿਲਾਂ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੰਡਾ ਸਿੰਘ ਜੀ ਦੀ ਖੋਜ ਉਤੇ ਆਧਾਰਿਤ, ਉਹ ਕੁਝ ਕੁ ਅਕੱਟ ਇਤਿਹਾਸਕ ਹਵਾਲੇ ਵਾਚਣੇ ਵੀ ਅਤਿਅੰਤ ਜ਼ਰੂਰੀ ਹਨ, ਜੋ ਇਸ ਹਕੀਕਤ ਬਾਰੇ ਕਿਸੇ ਪ੍ਰਕਾਰ ਦਾ ਰੰਚਕ ਮਾਤਰਾ ਸੰਸਾ ਨਹੀਂ ਰਹਿਣ ਦਿੰਦੇ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਅੱਗੋਂ ਲਈ; ਦੇਹਧਾਰੀ ਗੁਰੂ ਦਾ ਸਿਲਸਿਲਾ ਸਮਾਪਤ ਕਰਕੇ ਗੁਰਸਿੱਖਾਂ ਨੂੰ, ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣ ਦਾ ਆਦੇਸ਼ ਕੀਤਾ ਸੀ :

'ਸੱਚ ਇਹ ਹੈ ਕਿ ਸੰਮਤ 1756 ਬਿਕ੍ਰਮੀ, ਸੰਨ 1699 ਈਸਵੀ ਦੀ ਵੈਸਾਖੀ ਨੂੰ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਅਤੇ ਫੇਰ ਖ਼ੁਦ ਵੀ ਪੰਜਾਂ ਪਿਆਰਿਆਂ ਪਾਸੋਂ ਅੰਮ੍ਰਿਤ ਛੱਕ ਕੇ ਸਿੰਘ ਸਜ ਗਏ, ਤਾਂ ਆਪ ਖ਼ਾਲਸਾ ਪੰਥ ਸਮੂਹ ਦਾ ਇਕ ਅੰਗ ਬਣ ਗਏ। ਜਦ ਸੰਨ 1708 ਨੂੰ ਨਾਂਦੇੜ (ਦੱਖਣ) ਵਿਚ ਆਪ ਜੀ ਦੇ ਦੇਹਾਂਤ ਦਾ ਸਮਾਂ ਆਇਆ ਤਾਂ ਆਪ ਨੇ ਦੇਹਧਾਰੀ ਗੁਰੂ ਦਾ ਸਿਲਸਿਲਾ ਸਦਾ ਲਈ ਖ਼ਤਮ ਕਰ ਦਿੱਤਾ ਅਤੇ ਅੱਗੋਂ ਲਈ ਸਿੱਖਾਂ ਨੂੰ ਹੁਕਮ ਕੀਤਾ ਕਿ ਉਹ ਉਹਨਾਂ ਦੀ ਥਾਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਅਤੇ ਆਪ ਬਾਕਾਇਦਾ ਤੌਰ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਗੁਰਿਆਈ ਅਰਪਣ ਕਰ ਦਿੱਤੀ।

ਇਹ ਇਕ ਪ੍ਰਮਾਣੀਕ ਇਤਿਹਾਸਕ ਵਾਕਿਆ ਹੈ ਜਿਸਦੀ ਪੁਸ਼ਟੀ ਸਮਕਾਲੀ ਲਿਖਤਾਂ ਅਤੇ

---

1. ਵੇਖੋ ਅੰਤਿਕਾ – ਅਖੀਰ ਵਿਚ

ਉਹਨਾਂ ਦੇ ਅਧਾਰ ਪੁਰ ਉਸਰੀਆਂ ਲਿਖਤਾਂ ਤੋਂ ਹੁੰਦੀ ਹੈ :

(1) ਭਾਈ ਨੰਦ ਲਾਲ ਜੀ ਗੋਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਕਵ ਅਤੇ ਦਰਬਾਰੀ ਰਹੇ ਅਤੇ ਗੁਰੂ ਸਾਹਿਬ ਦੇ ਦੇਹਾਂਤ ਸਮੇਂ ਬਹਾਦਰ ਸ਼ਾਹ ਦੇ ਨਾਲ ਨਾਂਦੇੜ ਵਿਚ ਮੌਜੂਦ ਸਨ। ਆਪ ਰਹਿਤਨਾਮੇ ਵਿਚ, ਗੁਰੂ ਸਾਹਿਬ ਵੱਲੋਂ ਸਿੱਖਾਂ ਨੂੰ ਹੋਈ ਹਦਾਇਤ ਬਾਰੇ ਇਸ ਤਰ੍ਹਾਂ ਲਿਖਦੇ ਹਨ :

ਮੇਰਾ ਰੂਪ ਗ੍ਰੰਥ ਜੀ ਜਾਨ। ਇਸ ਮੇਂ ਭੇਦ ਨਹੀਂ ਕੁਛ ਮਾਨ।

(2) ਭਾਈ ਚੌਪਾ ਸਿੰਘ ਜੀ ਗੁਰੂ ਦਸਮ ਪਾਤਸ਼ਾਹ ਦੇ ਬਹੁਤ ਹੀ ਨਜ਼ਦੀਕੀ ਸਿੱਖ ਅਤੇ ਖਿਡਾਵ ਰਹੇ ਹਨ। ਉਹ ਆਪਣੇ ਰਹਿਤਨਾਮੇ ਵਿਚ ਲਿਖਦੇ ਹਨ ਕਿ :

ਅਕਾਲ ਪੁਰਖ ਕੇ ਬਚਨ ਸਿਉਂ, ਪ੍ਰਗਟ ਚਲਾਇਓ ਪੰਥ।
ਸਭ ਸਿਖਨ ਕੋ ਬਚਨ ਇਹ, ਗੁਰੂ ਮਾਨਿਓ ਗਰੰਥ।

(3) ਗੁਰਬਿਲਾਸ ਪਾਤਸ਼ਾਹੀ ਦਸ (ਸੰਨ 1751 ਈ.) ਵਿਚ ਭਾਈ ਕੋਇਰ ਸਿੰਘ ਜੀ ਅੰਤਮ ਸਮੇਂ ਹੋਇ ਹੁਕਮ ਬਾਤੇ ਲਿਖਦੇ ਹਨ :

ਤਾਂ ਤੇ ਜੋ ਗੁਰੂ ਸਿਖ ਸੁਜਾਨਾ। ਮਾਨੇ ਗੁਰੂ ਗ੍ਰੰਥ ਭਗਵਾਨਾ॥

ਇਸ ਤੋਂ ਬਾਅਦ ਗੁਰੂ ਜੀ ਨੇ ਬਾਕਾਇਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਪੰਜ ਪੈਸੇ ਅਤੇ ਨਲੀਏਰ ਰੱਖ ਕੇ ਮੱਥਾ ਟੇਕ ਦਿੱਤਾ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਦੇ ਦਿੱਤੀ।

(4) ਸੰਨ 1779 ਵਿਚ ਸੰਪੂਰਨ ਕੀਤੇ ਗ੍ਰੰਥ, ਬੰਸਾਵਲੀ ਨਾਮਾ ਵਿਚ, ਭਾਈ ਕੇਸਰ ਸਿੰਘ ਛਿੱਬਰ, ਜਿਹਨਾਂ ਦੇ ਬਜ਼ੁਰਗ ਦਸਮ ਗੁਰੂ ਸਾਹਿਬ ਦੇ ਘਰ ਦੇ ਕਾਰੋਬਾਰੀ ਰਹੇ, ਦੱਸਦੇ ਹਨ ਕਿ ਅੰਤ ਸਮੇਂ :

ਸਿੱਖਾਂ ਹੱਥ ਜੋੜਿ ਕਰਿ ਬੇਨਤੀ ਪੁਛਾਈ,
ਗਰੀਬ ਨਿਵਾਜ਼ ਸਿਖ ਸੰਗਤ ਹੈ ਤੇਰੀ, ਇਸ ਦਾ ਕੀ ਹਵਾਲ,
ਬਚਨ ਕੀਤਾ ਗਰੰਥ ਹੈ ਗੁਰੂ, ਲੜ ਪਕੜੋ, ਅਕਾਲ ॥650॥

(5) ਸ੍ਰੀ ਗੁਰੂ ਅਮਰਦਾਸ ਜੀ ਦੀ ਬੰਸ ਵਿਚ ਹੋਏ ਬਾਵਾ ਸਰੂਪ ਦਾਸ ਜੀ ਭੱਲਾ ਦੀ ਸੰਨ 1807 ਵਿਚ ਸਮਾਪਤ ਕੀਤੀ ਪੁਸਤਕ, 'ਮਹਿਮਾ ਪ੍ਰਕਾਸ਼' ਭਾਗ ਦੂਜਾ, ਵਿਚ ਇਉਂ ਲਿਖਿਆ ਮਿਲਦਾ ਹੈ :

ਸਤਿਗੁਰ ਦੀਨ ਦਿਆਲ ਬਚਨ ਕੀਆ।
ਜੋ ਦਸ ਸਰੂਪ ਹਮਾਰੇ ਪੂਰਨ ਭਏ।
ਅਬ ਮੇਰੀ ਜਾਹਗਾ, ਗੁਰੂ ਗ੍ਰੰਥ ਸਾਹਿਬ ਕੋ ਜਾਨਣਾ......

ਸਿਸਕਾਰ ਗੁਰੂ ਜੀ ਕੇ ਸਰੀਰ ਕਾ ਕੀਯਾ।
ਸ੍ਰੀ ਗੁਰੂ ਜੀ ਸਾਹਿਬ ਕੀ ਜਾਗਾ, ਗੁਰੂ ਗ੍ਰੰਥ ਸਾਹਿਬ ਜੀ ਕੋ ਜਾਨਾ॥

(6) ਬਿਆਨਿ 'ਖ਼ਾਨਦਾਨਿ ਕਰਾਮਾਤ ਨਿਸ਼ਾਨਿ ਬੇਦੀਆਂ (ਮਈ 1865) ਵਿਚ ਊਨੇ ਦੇ ਬੇਦੀ ਸਾਹਿਬਾਨ ਦੇ ਵਕੀਲ ਮੁਨਸ਼ੀ ਸੰਤ ਸਿੰਘ ਜੀ ਦੱਸਦੇ ਹਨ :

ਪਾਤਸ਼ਾਹੀ ਯਾਰਮੀ (11) ਗੁਰੂ ਗ੍ਰੰਥ ਸਾਹਿਬ

....ਫਿਰ ਇਸ ਖ਼ਿਆਲ ਸੇ ਕਿ ਕਿਸੀ ਜਗਾ ਤਅਈਨ ਇਨ ਸਭ ਸੇਵਕਾਨ ਕਾ ਕਾਇਮ ਹੋਨਾ ਚਾਹੀਏ, ਇਸ ਵਾਵਤੇ ਗੁਰੂ ਸਾਹਿਬ ਨੇ ਪਾਂਚ ਪੈਸੇ, ਏਕ ਨਾਰੀਅਲ, ਜੋ ਸ਼ਗੁਨ ਗੁਰਿਆਈ ਕਾ ਥਾ, ਅਪਨੇ ਹਾਥ ਮੇਂ ਲੈ ਕਰ ਗੁਰੂ ਗ੍ਰੰਥ ਸਾਹਿਬ ਆਗੇ ਮੱਥਾ ਟੇਕ ਦੀਆ ਔਰ ਕਹਾ ਕਿ ਤੁਮ ਸਬ ਪੰਥ ਹਮਾਰੇ ਬਾਦ ਗੁਰੂ ਗ੍ਰੰਥ ਸਾਹਿਬ ਕੋ ਗੁਰੂ ਸਮਝੋ ਔਰ ਅਹਿਕਾਮਾਤ ਮੁੰਦਰਜਾ ਕੀ ਤਾਮੀਲ ਕਰੋ।

(7) ਨਾਮਧਾਰੀ ਲਹਿਰ ਦੇ ਮਹਾਂਪੁਰਖ ਸ੍ਰੀ ਬਾਬਾ ਰਾਮ ਸਿੰਘ ਜੀ, ਆਪਣੇ ਹੁਕਮ ਨਾਮਿਆਂ (ਸੰਪਾਦਿਤ ਸੰਤ ਟਹਿਲ ਸਿੰਘ) ਵਿਚ ਲਿਖਦੇ ਹਨ :

(ਪੰਨਾ 17-18) .. ਗੁਰੂ, ਗੁਰੂ ਗ੍ਰੰਥ ਸਾਹਿਬ ਗੁਰੂ ਹੈ।

(ਪੰਨਾ 52)..... ਤੁਸੀਂ ਗੁਰੂ ਜੀ ਦੇ ਬਚਨਾਂ ਵੱਲ ਧਿਆਨ ਕਰਨਾ, ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪ੍ਰਤੱਖ ..... ॥57॥

(ਪੰਨਾ 54)..... ਹੋਰ ਭਾਈ ਦਸਾਂ ਪਾਤਸ਼ਾਹੀਆਂ ਦੇ ਪਿਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਸਥਾਪਨ ਕਰ ਗਏ ਹਨ, ਸੋ ਸਦਾ ਹੀ ਇਸਥਿਤ ਹੈ, ਹੋਰ ਗੁਰੂ ਕੋਈ ਨਹੀਂ..... ॥55॥

(8) ਇਹ ਕੁਝ ਕੁ ਹਵਾਲੇ ਸੰਖੇਪ ਕਰਕੇ ਸਿੱਖ ਇਤਿਹਾਸ ਸੰਬੰਧੀ ਪੁਸਤਕਾਂ, ਲਿਖਤਾਂ ਵਿਚੋਂ ਦਿੱਤੇ ਹਨ। ਇਹਨਾਂ ਤੋਂ ਇਲਾਵਾ ਗਿਆਨੀ ਗਿਆਨ ਸਿੰਘ ਲਿਖਿਤ ਤਵਾਰੀਖ਼ ਗੁਰੂ ਖਾਲਸਾ, ਅਨੇਕਾਂ ਗੁਰੂ ਪ੍ਰਣਾਲੀਆਂ ਅਤੇ ਹੋਰ ਇਤਿਹਾਸਕ ਤੇ ਧਾਰਮਿਕ ਗਰੰਥਾਂ ਵਿਚੋਂ ਪੇਸ਼ ਕੀਤੇ ਜਾ ਸਕਦੇ ਹਨ।

ਫ਼ਾਰਸੀ ਦੀਆਂ ਇਤਿਹਾਸਕ ਪੁਸਤਕਾਂ ਵਿਚ ਵੀ, ਥਾਂ ਪਰ ਥਾਂ, ਇਹ ਲਿਖਿਆ ਮਿਲਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਨਾਲ ਸਿੱਖਾਂ ਵਿਚ ਦੇਹਧਾਰੀ ਗੁਰੂ ਵਾਲਾ ਸਿਲਸਿਲਾ ਸਮਾਪਤ ਹੋ ਗਿਆ ਅਤੇ ਅੱਗੇ ਨੂੰ ਸਦਾ ਲਈ ਦਸਮ ਪਾਤਸ਼ਾਹ ਨੇ ਗੁਰਿਆਈ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਦੇ ਦਿੱਤੀ। ਇਨ੍ਹਾਂ ਵਿਚੋਂ ਕੇਵਲ ਤਿੰਨ ਹਵਾਲੇ ਦਿੱਤੇ ਜਾਂਦੇ ਹਨ :

(9) ਅਠਾਰਵੀਂ ਸਦੀ ਦੇ ਦੂਸਰੇ ਅੱਧ ਅਤੇ ਉੱਨ੍ਹਵੀਂ ਸਦੀ ਦੇ ਪਹਿਲੇ ਦਹਾਕੇ ਦਾ ਪ੍ਰਸਿੱਧ ਇਤਿਹਾਸਕਾਰ, ਮੁਹੰਮਦ ਅਲੀ ਖ਼ਾਨ ਅਨਸਾਰੀ, 'ਤਾਰੀਖ਼ਿ ਬਹਿਰੁਲਮੌਵਾਜ' ਹਿੱਸਾ ਅੱਵਲ ਅਤੇ 'ਤਾਰੀਖ਼ਿ ਮੁਜ਼ੱਫ਼ਰੀ' (1810 ਈ:) ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਦਾ ਹਾਲ ਇਉਂ ਲਿਖਦਾ ਹੈ :

> ਵਾ ਬਾਅਦ ਅਜ਼ ਓ ਬਇਤਕਾਦਿ ਈ ਜਮਾ। ਇਤਲਾਕਿ ਗੁਰੂ ਵਾ ਕਰਾਮਾਤਿ।
> ਬਾ ਤਨੀ ਬਰਖਾਸਤ ਵਾ ਗਿਰੰਥ ਮਜ਼ਕੂਰ ਬਜਾਇ ਗੁਰੂ ਮੁਕੱਰਰ ਸੁਦਾਹ ॥ (ਸ. 208)

(10) ਮੁਨਸ਼ੀ ਸੋਹਨ ਲਾਲ ਸੂਰੀ, ਜਿਸਨੇ ਆਪਣੀ ਪੁਸਤਕ 'ਉਮਦਾਤੁ-ਤਵਾਰੀਖ,' ਦਫ਼ਤਰ ਅੱਵਲ (ਸੰਨ 1849 ਈ.) ਦਾ ਮੂਲ ਮਸਾਲਾ ਆਪਣੇ ਅਠਾਰਵੀਂ ਸਦੀ ਦੇ ਆਰੰਭ ਵਿਚ ਹੋਏ ਬਜ਼ੁਰਗਾਂ ਪਾਸੋਂ ਲਿਆ ਸੀ, ਲਿਖਦਾ ਹੈ ਕਿ ਆਪਣੇ ਅੰਤ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਖਾਂ ਦੇ ਪ੍ਰਸ਼ਨ ਉੱਤਰ ਵਿਚ ਫ਼ੁਰਮਾਇਆ ਹੈ :

ਗੁਰੂ, ਗ੍ਰੰਥ ਗੀ ਅਸਤ,
ਦਰਮਿਆਨਿ ਗ੍ਰੰਥ ਵਾ ਗੁਰੂ, ਹੇਚ ਫਰਕ ਨੇਸਤ
ਅਜ਼ ਦੀਦਾਰਿ ਗ੍ਰੰਥ ਜੀ, ਮੁਸਹਿਦਾਇ
ਦੀਦਾਰਿ ਫਰਹਤ, ਆਸਾਰਿ ਗੁਰੂ ਸਾਹਿਬ ਬਾਇਦ ਨਮੂਦ ॥ (ਸਫਾ 64-65)

(11) ਏਸੇ ਤਰ੍ਹਾਂ ਗੁਲਾਮ ਮਹਯੁੱਦੀਨ ਲੁਧਿਆਨਵੀ, ਅਲਫੀ ਕਾਦਿਰੀ, ਪ੍ਰਸਿੱਧ ਬੂਟੇ ਸ਼ਾਹ, ਤਵਾਰੀਖ਼ ਪੰਜਾਬ (1848) ਦੇ ਪੰਨਾ 133 ਪੁਰ ਲਿਖਦਾ ਹੈ ਕਿ :

ਫਰਮੂਦੰਦ ਕਿ ਗੁਰੂ, ਗ੍ਰੰਥ ਜੀ ਅਸਤ, ਵਾ ਦਰ ਗ੍ਰੰਥ ਉ ਗੁਰੂ ਤਫਾਵਤ ਨੀਸਤ ।

(12) ਜੋਨ ਮੈਲਕਮ, ਵਿਲੀਅਮ ਔਸਬਰਨ, ਕਨਿੰਘਮ, ਮੈਕਾਲਿਫ ਆਦਿ ਸਭ ਅੰਗਰੇਜ਼ੀ ਇਤਿਹਾਸਕਾਰਾਂ ਨੇ ਭੀ ਇਸ ਗਲ ਦੀ ਸਪੱਸ਼ਟ ਪੁਸ਼ਟੀ ਕੀਤੀ ਹੈ ਕਿ ਦਸਮ ਪਾਤਸ਼ਾਹ ਨੇ ਕਿਸੇ ਮਨੁੱਖ ਨੂੰ ਗੁਰੂ ਨਹੀਂ ਟਿੱਕਿਆ ਜਾਂ ਮਿਥਿਆ । ਉਨਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ ਆਪਣੀ ਸੰਨ 1891 ਵਿਚ ਪ੍ਰਕਾਸ਼ਤ ਹੋਈ 'ਹਿਸਟਰੀ ਆਫ ਦੀ ਪੰਜਾਬ' ਵਿਚ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਅੰਤਲੇ ਵੇਲੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਪ੍ਰਤਿਸ਼ਠਾ ਦੀ ਹਦਾਇਤ ਕੀਤੇ ਜਾਣ ਤੋਂ ਬਾਅਦ, ਸਿੱਖਾਂ ਨੂੰ, ਇਸਦੇ ਨਾਲ ਹੀ, ਚੌਕਸ ਰਹਿਣ ਲਈ ਦਿੱਤੀ ਗਈ ਸਮਝੌਤੀ (ਵਾਰਨਿੰਗ), 269 ਪੰਨੇ ਪੁਰ ਲਿਖਦਾ ਹੈ ਕਿ :

'ਗੁਰੂ ਸਾਹਿਬ ਨੇ ਉਨ੍ਹਾਂ ਨੂੰ ਚੌਕਸ ਰਹਿਣ ਲਈ ਕੁਝ ਸਮਝੌਤੀਆਂ ਭੀ ਦਿੱਤੀਆਂ ਅਤੇ ਉਨ੍ਹਾਂ ਨੂੰ ਕਿਹਾ ਕਿ ਦੁਨੀਆਂ ਵਿਚ ਛਲੀਏ ਪਾਖੰਡੀ ਭੀ ਹਨ ਜੋ ਉਨ੍ਹਾਂ ਨੂੰ ਸਿੱਧੇ ਰਸਤੇ ਤੋਂ ਕੁਰਾਹੇ ਪਾਉਣ ਦਾ ਜਤਨ ਕਰਨਗੇ; ਪਰ ਗੁਰੂ ਜੀ ਦੇ ਸਿੱਖਾਂ ਨੂੰ ਇਨ੍ਹਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਅਤੇ ਜੋ ਕੁਝ ਭੀ ਉਹ ਕਹਿਣ, ਉਸ ਵੱਲ ਕੰਨ ਨਹੀਂ ਕਰਨਾ ਚਾਹੀਦਾ । ਉਹ ਇੱਕ ਓਅੰਕਾਰ ਵਾਹਿਗੁਰੂ ਪੁਰ ਪੱਕਾ ਭਰੋਸਾ ਰੱਖਣ ਅਤੇ ਗ੍ਰੰਥ ਸਾਹਿਬ ਨੂੰ ਵਾਹਿਗੁਰੂ ਦਾ ਧੁਰ ਦਰਗਾਹੋਂ ਆਇਆ ਹੁਕਮ ਪਰਵਾਨ ਕਰਨ ।'

ਉੱਪਰ ਦਿੱਤੀਆਂ ਇਤਿਹਾਸਕ ਗਵਾਹੀਆਂ ਤੋਂ ਇਹ ਸਪਸ਼ੱਟ ਸਿੱਧ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਬਾਅਦ ਕਿਸੇ ਵੀ ਦੇਹਧਾਰੀ ਮਨੁੱਖ ਨੂੰ ਆਪਣੀ ਥਾਂ ਗੁਰੂ ਜਾਂ ਪੈਗੰਬਰ ਨਹੀਂ ਸੀ ਥਾਪਿਆ, ਅਤੇ ਦੇਹਧਾਰੀ ਗੁਰੂ ਦੀ ਪਰੰਪਰਾ ਉਨ੍ਹਾਂ ਸਦਾ ਲਈ ਖ਼ਤਮ ਕਰ ਦਿੱਤੀ ਸੀ, ਅਤੇ ਅੱਗ ਨੂੰ ਸਦਾ ਲਈ ਗੁਰਿਆਈ ਸ੍ਰੀ ਗੁਰੂ ਗਰੰਥ ਸਾਹਿਬ ਜੀ (ਸ਼ਬਦ) ਨੂੰ ਦੇ ਦਿੱਤੀ ਅਤੇ ਛਲੀਏ ਤੇ ਪਾਖੰਡੀ ਗੁਰੂਆਂ ਤੋਂ ਬਚ ਕੇ ਰਹਿਣ ਦਾ ਹੁਕਮ ਕੀਤਾ ਸੀ ।

ਉਪਰੋਕਤ ਸਾਰੀ ਵਿਚਾਰ ਦਾ ਸਾਰ :

1. ਗੁਰੂ ਗਿਆਨ ਦਾਤਾ, ਅਗਿਆਨ ਨਾਸ਼ਕ, ਸੱਤ ਤੇ ਹਿਤ ਉਪਦੇਸ਼ਟਾ ਹੈ । ਉਹ ਇਕ ਐਸੀ ਨਦੀ ਸਮਾਨ ਹੈ, ਜਿਸ ਦਾ ਇਕ ਸਿਰਾ ਵਾਹਿਗੁਰੂ-ਰੂਪੀ ਚਸ਼ਮੇ ਨਾਲ ਜੁੜਿਆ ਹੋਇਆ ਹੈ, ਅਤੇ ਦੂਜਾ ਤਰੈਗੁਣੀ ਸੰਸਾਰਕ ਟੋਭਿਆਂ ਨਾਲ ।
2. ਪੂਰਨ ਗੁਰੂ (ਕਾਮਲ ਮੁਰਸ਼ਦ) ਤੋਂ ਬਿਨਾ, ਪ੍ਰਭੂ-ਲਖਤਾ ਅਸੰਭਵ ਹੈ ।
3. ਸਿੱਖ ਨੂੰ ਸਫਲਤਾ ਤਾਂ ਹੀ ਹੋਵੇਗੀ, ਜੇ ਉਹ ਗੁਰੂ ਦਾ ਹੁਕਮੀ ਬੰਦਾ ਬਣ ਕੇ, ਮਨ ਦੀ ਮੱਤ

ਤਿਆਗ ਕੇ ਤੇ ਗੁਰੂ ਦੀ ਮੱਤ ਲੈ ਕੇ ਗੁਰੂ ਦੀ ਕਾਰ ਕਮਾਵੇਗਾ ।

4. ਗੁਰੂ ਦੀ ਸੇਵਾ ਤੇ ਸ਼ਰਨ : ਗੁਰੂ ਦੇ ਸ਼ਬਦ ਦੀ ਵੀਚਾਰ ਹੈ । ਜਦ ਸੁਵੀਚਾਰ ਅੰਤਰ-ਆਤਮ ਵੱਸੇਗੀ ਤਾਂ ਤਨ, ਮਨ ਤੇ ਧਨ ਦੁਆਰਾ ਕੀਤੀ ਸੇਵਾ ਸਫਲ ਹੋਵੇਗੀ :

ਗੁਰ ਕੀ ਸੇਵਾ ਸ਼ਬਦੁ ਵੀਚਾਰੁ ॥ ਹਉਮੈ ਮਾਰੇ, ਕਰਣੀ ਸਾਰ ॥ (ਮ. 1, 223)

5. ਗੁਰਸਿੱਖ ਨੇ ਪੁਰਸ਼ਾਰਥ ਕਰਨਾ ਹੈ, ਪ੍ਰੰਤੂ, ਪ੍ਰਾਪਤੀ 'ਗੁਰ-ਪ੍ਰਸਾਦਿ', ਭਾਵ, ਗੁਰੂ ਦੀ ਮਿਹਰ, ਬਖਸ਼ਿਸ਼ ਤੇ ਕਰਮ ਦੁਆਰਾ ਹੀ ਹੋਣੀ ਹੈ ।

6. ਗੁਰੂ ਦਾ ਸ਼ਬਦ, ਗੁਰਬਾਣੀ, ਗੁਰੂ ਦੀ ਜੋਤਿ ਹੈ, ਗੁਰੂ ਦੀ ਦੇਹ, ਗੁਰੂ ਨਹੀਂ । ਅੱਗੋਂ ਲਈ ਦੇਹ-ਧਾਰੀ ਗੁਰੂ ਦਾ ਸਿਲਸਿਲਾ ਬੰਦ ਕਰ ਕੇ, ਸ੍ਰੀ ਦਸਮੇਸ਼ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਣ ਦੀ ਆਗਿਆ ਕੀਤੀ ਹੈ ।

7. ਸਫਲ ਸਤਿਕਾਰ ਤੇ ਸਾਂਭ ਸਦਾ ਗੁਣਾਂ ਦੀ ਹੁੰਦੀ, ਦੇਹਾਂ ਦੀ ਨਹੀਂ । ਦੇਹ ਦਾ ਸਤਿਕਾਰ ਤਾਂ ਆਤਮਾ ਦੀ ਉੱਚਤਾ ਤੇ 'ਨਿਵਾਸ' ਕਰ ਕੇ ਹੈ, ਨਾ ਕਿ ਆਤਮਾ ਦੀ ਉੱਚਤਾ ਤੇ ਸਤਿਕਾਰ ਛਿਨ-ਭੰਗਰ ਦੇਹ ਕਰ ਕੇ ।

8. ਪੂਰਨ ਗੁਰੂ ਨੇ ਸ਼ਬਦ ਦੀ ਟਕਸਾਲ ਵਿਚ ਸਿੱਖ ਦਾ ਆਚਾਰ ਘੜਨਾ ਹੈ । ਆਪਣੇ ਜੀਵਨ ਵਿਚ ਵਰਤੀਂਦੇ ਸੱਚ ਦੁਆਰਾ ਸਿੱਖ ਦੇ ਜੀਵਨ ਨੂੰ ਉਚਿਆਉਣਾ ਹੈ ।

9. ਗੁਰਬਾਣੀ ਪੁੱਗੇ ਹੋਏ ਮਹਾਂਪੁਰਸ਼ਾਂ ਦੇ ਅਨੁਭਵ ਤੇ ਤਜਰਬਿਆਂ ਦਾ ਤੱਤ ਹੈ, ਜਦ ਕਿ ਦੇਹ-ਧਾਰੀਆਂ ਦੀ ਜੀਵਨ-ਨੱਯਾ ਕਦੀ ਵੀ ਡੋਲ ਤੇ ਡਗ-ਮਗਾ ਸਕਦੀ ਹੈ । ਇਸੇ ਲਈ ਮਹਾਂਪੁਰਸ਼ਾਂ ਨੇ, ਆਮ ਕਰਕੇ, ਹਯਾਤੀ ਵਿਚ ਪ੍ਰਭੂ-ਪ੍ਰਾਪਤੀ ਤੇ ਸਿਖਰ-ਅਵਸਥਾ ਦੇ ਸੁਵਾਮੀ ਹੋਣ ਦਾ ਕਦੀ ਦਮ ਨਹੀਂ ਮਾਰਿਆ । ਸਿੱਖੀ ਵਿਚ ਗਰੀਬੀ[1] (ਨਿਮਰਤਾ) ਨੂੰ ਸਭ ਤੋਂ ਅਫਜ਼ਲ ਦਾਤ ਅਤੇ ਵਿਕਾਰਾਂ ਨੂੰ ਮਾਰਨ ਵਾਲਾ ਹਥਿਆਰ ਮੰਨਿਆ ਹੈ । ਗੁਰਬਾਣੀ ਤੇ ਇਤਿਹਾਸ ਗਵਾਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਨਿਮਰਤਾ-ਭਾਵ ਵਿਚ, ਆਪਣੇ ਆਪ ਨੂੰ ਅਕਾਲ ਪੁਰਖ ਦੇ ਢਾਢੀ, ਸ਼ਾਇਰ, ਵਿਚਾਰਾ, ਨੀਚ, ਕੂਕਰ, ਚਾਕਰ ਤੇ ਵੱਧ ਤੋਂ ਵੱਧ ਅ ਦਮੀ ਤੇ ਨਿਰੰਕਾਰੀ ਅਖਵਾਉਣ ਵਿਚ ਵਡਿਆਈ ਸਮਝੀ ।

10. ਦੇਹਧਾਰੀ ਗੁਰੂ ਪਾਸ ਵੀ ਤਾਂ ਆਖ਼ਰ, ਹਾਜ਼ਰ, ਅਥਵਾ ਦੇਸਾਂ ਪ੍ਰਦੇਸਾਂ ਵਿਚ ਬੈਠੇ ਸਿੱਖਾਂ ਸੇਵਕਾਂ ਨੂੰ ਬੋਲੀ ਅਥਵਾ ਬਾਣੀ ਦੁਆਰਾ (ਲਿਖ ਕੇ ਜਾਂ ਬੋਲ ਕੇ) ਉਪਦੇਸ਼ ਕਰਨਾ ਸੰਭਵ ਹੈ । ਗਲ ਆਖ਼ਰ ਬੈਖਰੀ ਬਾਣੀ ਜਾਂ ਸ਼ਬਦ ਉੱਤੇ ਹੀ ਆ ਕੇ ਨਿਬੜਦੀ ਹੈ । ਵੇਖਣਾ ਇਹ ਹੈ ਕਿ ਉਹ ਬਾਣੀ ਵਾਹਿਗੁਰੂ ਨਾਲ ਜੁੜੇ ਮਹਾਂ-ਪੁਰਸ਼ਾਂ ਦੇ ਹਿਰਦਿਆਂ ਉੱਤੇ ਧੁਰੋਂ, 'ਆਮਦ' ਉਤੇ ਆਈ ਬਾਣੀ ਹੈ, ਜਾਂ ਜੀਵਨ-ਹੀਨ ਲੋਕਾਂ ਵੱਲੋਂ 'ਆਵੁਰਦਨ' ਦੁਆਰਾ ਦਿਮਾਗ਼ੀ ਉਧੇੜ ਬੁਣ ਕਰਕੇ ਕੀਤੀ ਤੁਕ-ਬੰਦੀ ।

---

1. ੳ) ਬਾਬਾ ਪੈਧਾ ਸਚ-ਖੰਡਿ, ਨਉ ਨਿਧਿ ਨਾਮੁ ਗਰੀਬੀ ਪਾਈ ॥ (ਵਾਰ 1, ਪੰ. 24)

ਅ) ਗਰੀਬੀ ਗਦਾ ਹਮਾਰੀ ॥ ਖੰਨਾ (ਖੰਡਾ) ਸਗਲ ਰੇਣੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ਗੁਰ ਪੂਰੇ ਏਹ ਗਲ ਸਾਰੀ ॥1॥
(ਸੋਰਠਿ ਮ: 5, ਪੰ. 628)

11. 'ਆਮਦ' ਉਤੇ 'ਆਈ'[1] ਬਾਣੀ ਨੂੰ ਆਪਣੇ ਪਾਰਦਰਸ਼ਕ ਹਿਰਦਿਆਂ ਦੁਆਰਾ ਮਨੁੱਖ ਮਾਤਰ ਦੀ ਕਲਿਆਣ ਲਈ ਬੈਖਰੀ ਰੂਪ ਦੇਣ ਵਾਲੇ ਵਿਅਕਤੀ ਹੀ, ਸਤਿਗੁਰੂ ਅਥਵਾ ਕਾਮਲ ਮੁਰਸ਼ਦ ਹੋ ਸਕਦੇ ਹਨ, ਆਪਣੀ ਅਲਪੱਗ ਬੁੱਧੀ ਅਨੁਸਾਰ ਉਸ ਦੀ ਵਿਆਖਿਆ ਕਰਨ ਵਾਲੇ ਕਦਾਚਿਤ ਉਹ ਅਸਥਾਨ ਨਹੀਂ ਲੈ ਸਕਦੇ। ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਜੀ ਆਦਿ ਅਨਿੰਨ ਸਿੱਖਾਂ ਦੀ ਮਿਸਾਲ ਸਾਡੇ ਸਾਹਮਣੇ ਹੈ।

12. ਦਸੋਂ ਗੁਰੂ ਸਾਹਿਬਾਨ ਦੇ ਇੱਕ ਜੋਤਿ ਹੋਣ ਦਾ ਸਿਧਾਂਤ ਵੀ ਤਦ ਹੀ ਸੰਭਵ ਹੈ, ਜੇ ਸ਼ਬਦ (ਗੁਰਬਾਣੀ) ਨੂੰ ਸਤਿਗੁਰਾਂ ਦੀ ਜੋਤਿ ਤੇ ਗੁਰੂ ਮੰਨਿਆ ਜਾਵੇ। ਸ੍ਰੀ ਗੁਰੂਆਂ ਦੀਆਂ ਦੇਹਾਂ ਤਾਂ ਵੱਖ ਵੱਖ ਸਨ; ਪ੍ਰੰਤੂ ਉਨ੍ਹਾਂ ਰਾਹੀਂ ਪ੍ਰਗਟ ਹੋਈ ਸਚਾਈ ਸਦਾ ਇੱਕ ਤੇ ਸਮਾਨ ਸੀ। ਗੁਰਬਾਣੀ ਵਿਚ ਉਨ੍ਹਾਂ ਵਲੋਂ ਵਰਤੀ 'ਨਾਨਕ' ਨਾਮ ਦੀ ਛਾਪ ਵੀ ਇਸ ਨਿਰਣੇ ਨੂੰ ਸਤਿ ਸਿੱਧ ਕਰਦੀ ਹੈ।

13. ਗੁਰਸਿੱਖ ਨੇ ਇਹ ਨਹੀਂ ਭੁਲਣਾ ਕਿ ਕਲਜੁਗ ਵਿਚ, ਨਾਮ ਜਹਾਜ਼ ਹੈ, ਉਸ ਦਾ ਮਲਾਹ, ਗੁਰੂ ਹੈ, ਜੋ ਸ਼ਬਦ ਦੁਆਰਾ ਸਿੱਖ ਦਾ ਬੇੜਾ ਬੰਨੇ ਲਾਉਂਦਾ ਹੈ।

ਹਰਿ ਹਰਿ ਨਾਮ ਬੋਹਿਥ ਹੈ ਕਲਜੁਗਿ, ਖੇਵਟੁ ਗੁਰੁ, ਸਬਦਿ ਤਰਹੁ ॥ (ਮ. 4)

14. ਗੁਰਬਾਣੀ ਵਿਚ ਬਾਰ ਬਾਰ ਆਏ ਪਦਾਂ: ਸ਼ਬਦ-ਸੁਰਤ, ਲਿਵ ਤੇ ਅਨਹਤ ਸ਼ਬਦ ਦੇ ਰਹੱਸਯ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਸਮਝਣਾ ਹੈ; ਜੋਗੀਆਂ ਅਤੇ ਸਿੱਧਾਂ ਵਾਲੇ ਅਰਥਾਂ ਵਿਚ ਨਹੀਂ।

15. ਸਿੱਖ ਨੇ ਇਹ ਨਹੀਂ ਭੁਲਣਾ ਕਿ ਗੁਰਮਤਿ ਹਰੇਕ ਵਿਅਕਤੀ ਨੂੰ ਆਪਣੇ ਰੰਗ ਢੰਗ ਨਾਲ ਪੂਜਾ ਪਾਠ ਆਦਿ ਕਰਨ ਦੀ ਖੁਲ੍ਹ ਦੇਂਦੀ ਹੈ। ਇਸ ਦਾ ਦ੍ਰਿਸ਼ਟੀਕੋਣ 'ਸਰਬੱਤ ਦਾ ਭਲਾ' ਲੋਚੂ ਭਾਵਕ-ਏਕਤਾ ਵਾਲਾ ਤੇ ਸਹਿਵਾਸੀ ਹੈ। ਰਹਿਤ ਵਿਚ ਸ੍ਰੀ ਗੁਰੂ ਦਸਮੇਸ਼ ਜੀ ਦਾ ਇਹ ਆਦੇਸ਼ ਹੈ:

ਅਉਰ ਧਰਮ ਜਗ ਮਹਿ ਹੈਂ ਜੇਤੇ ॥ ਕਰੇ ਨਿੰਦ ਨਹਿ ਕਾਹੂੰ ਤੇਤੇ ॥

ਸੋ ਉਪ੍ਰੋਕਤ ਸੰਖੇਪ ਜਿਹੀ ਵਿਚਾਰ ਨੂੰ ਪੜ੍ਹ, ਸੁਣ ਤੇ ਘੋਖ ਕੇ, ਜੇ, ਗੁਰੂ ਕੇ ਸਿੱਖ, ਹੁਣ ਵੀ ਗੁਰ-ਸ਼ਬਦ ਅਥਵਾ ਸ਼ਬਦ-ਗੁਰੂ ਦੀ ਅਪਰ ਅਪਾਰ ਮਹਿਮਾ ਨੂੰ ਦ੍ਰਿੜ੍ਹਤਾ ਤੇ ਯਕੀਂ ਮੁਹਕਮ[2] (ਪੂਰਨ ਵਿਸ਼ਵਾਸ) ਨਾਲ ਧੁਰ ਅੰਦਰ ਨ ਵਸਾ ਸੱਕਣ, ਤਾਂ ਇਹ ਨ ਕੇਵਲ ਉਨ੍ਹਾਂ ਦੀ ਹੀ

---

1. ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥ (ਮ. 5, ਪੰ. 624)
1. ਬੁਲਬੁਲ ਕੋ ਗੁਲ ਮੁਬਾਰਿਕ, ਗੁਲ ਕੋ ਚਮਨ ਮੁਬਾਰਿਕ ॥
ਨਾਨਕ ਕੇ ਆਸ਼ਕੋਂ ਕੋ ਖਾਕਿ ਗੁਰੂ-ਮੁਬਾਰਿਕ ॥ (ਲੇਖਕ)
2. ਯਕੀਂ ਮੁਹਕਮ, ਅਮਲ ਪੈਹਮ, ਮੁਹੱਬਤ ਫ਼ਾਤਹ ਆਲਮ,
ਜਹਾਦਿ ਜ਼ਿੰਦਗਾਨੀ ਮੇਂ, ਯਿਹ ਹੈ ਮਰਦੋਂ ਕੀ ਸ਼ਮਸ਼ੀਰੇਂ। (ਅੱਲਾਮਾ ਇਕਬਾਲ)
(ਭਾਵ - ਦ੍ਰਿੜ੍ਹ ਵਿਸ਼ਵਾਸ, ਲਗਾਤਾਰ ਅਮਲ ਤੇ ਸਾਰੇ ਸੰਸਾਰ ਨੂੰ ਫ਼ਤਹ ਕਰਨ ਵਾਲੀ, ਮੁਹੱਬਤ ਹੀ ਜੀਵਨ-ਘੋਲ ਵਿਚ, ਮਰਦਾਂ ਦੀਆਂ ਤਲਵਾਰਾਂ ਹਨ।)

ਲਾਪ੍ਰਵਾਹੀ ਤੇ ਅਕ੍ਰਿਤਘਣਤਾ ਹੋਵੇਗੀ; ਸਗੋਂ ਪਾਖੰਡ-ਧਰਮ ਤੇ ਕਰਮ ਕਾਂਡ ਭਰਮ-ਜਾਲ ਵਿਚ ਗਰੱਸੀ, ਦੁਖੀ ਲੋਕਾਈ ਦੀ ਬਦਕਿਸਮਤੀ ਅਤੇ ਖ਼ੁਦਕੁਸ਼ੀ ਵੀ।

ਆਓ, ਸਾਰੇ ਰੱਲ ਕੇ ਗਾਈਏ, ਕਮਾਈਏ ਅਤੇ ਸਮੱਸਤ ਸੰਸਾਰ ਉੱਤੇ ਡੰਕੇ ਦੀ ਚੋਟ ਨਾਲ 'ਗੁਰ-ਸ਼ਬਦ' ਦੀ ਕਲਿਆਣ-ਮਈ ਮਹਾਨਤਾ ਦਾ ਹੋਕਾ, ਇਉਂ ਦੇਈਏ :

ਸਿਖਹੁ ਸਬਦੁ ਪਿਆਰਿਹੋ, ਜਨਮ ਮਰਨ ਕੀ ਟੇਕ ॥
ਮੁਖ ਊਜਲ ਸਦਾ ਸੁਖੀ, ਨਾਨਕ ਸਿਮਰਤ ਏਕੁ ॥ (ਮ. 5, ਪੰ. 916)

ਤਥਾ —ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ।
ਸਭ ਸਿੱਖਨ ਕਉ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ।
ਜ ਪ੍ਰਭ ਕਉ ਮਿਲਬੋ ਚਹੈ, ਖੋਜ ਸ਼ਬਦ ਮੇ ਲੇਹ। (ਪੰਥ ਪ੍ਰਕਾਸ਼)

●

ਦੇਹਧਾਰੀ ਗੁਰੂ

(ਭਾਈ ਸਾਹਿਬ ਡਾ. ਵੀਰ ਸਿੰਘ ਜੀ ਦੇ ਵੀਚਾਰ)

ਦੇਹਧਾਰੀ ਗੁਰੂ ਪਹਿਲੇ ਤਾਂ ਸਿੱਖੀ ਦੇ ਭਾਵ ਨੂੰ ਪ੍ਰਗਟ ਕਰਨ ਲਗ ਜਾਂਦੇ ਹਨ, ਜੈਸਾ ਕਿ ਹੰਕਾਰ ਦੀ ਨਿਵਿਰਤੀ ਵਾਸਤੇ ਸਤਿਸੰਗਤ ਦੀ ਸੇਵਾ ਜ਼ਰੂਰੀ ਹੈ; ਕਾਮ, ਕ੍ਰੋਧ, ਲੋਭ, ਮੋਹ ਨੂੰ ਰੋਕਣ ਵਾਸਤੇ ਸਤਿਸੰਗ ਦੀ ਲੋੜ ਹੈ, ਮਾਇਕ ਪਦਾਰਥਾਂ ਤੋਂ ਉਪਰਾਮ ਹੋਣ ਵਾਸਤੇ 'ਹਉਮੈਂ' ਦਾ ਤਿਆਗ ਕਰਨਾ ਚਾਹੀਏ, ਮਨ ਦੀ ਇਕਾਗਰਤਾ ਅਤੇ ਸਫਾਈ ਵਾਸਤੇ ਗੁਰਬਾਣੀ ਦਾ ਪੜ੍ਹਨਾ, ਨਿਤਨੇਮ ਦਾ ਕਰਨਾ ਬਹੁਤ ਲੋੜਵੰਦੀ ਬਾਤ ਹੈ, ਪਰ ਮੁਕਤੀ ਦੇ ਪਾਉਣ ਵਾਸਤੇ ਗੁਰੂ ਧਾਰਨ ਦੀ ਵੱਡੀ ਡਾਢੀ ਲੋੜ ਹੈ।

ਬੱਸ, ਏਥੋਂ ਤਕ ਉਪਦੇਸ਼ ਤਾਂ ਸਿਖੀ ਅਸੂਲਾਂ ਦੇ ਹੁੰਦੇ ਹਨ, ਪਰ ਜਦ ਇਹ ਦੇਹਧਾਰੀ ਗੁਰੂ ਸਮਝ ਲੈਂਦੇ ਹਨ ਕਿ ਸਿੱਖ ਦੀ ਸਫਾਈ ਐਥੋਂ ਤਕ ਹੋ ਚੁੱਕੀ ਹੈ ਕਿ ਇਹ ਸੰਗਤ ਦੀ ਸੇਵਾ ਕਰਦਾ ਹੈ, ਆਏ ਗਏ ਸਾਧੂ ਸੰਤ ਅਭਿਆਗਤ ਨੂੰ ਪ੍ਰਸ਼ਾਦ ਛਕਾਉਂਦਾ ਹੈ, ਸਰੇਸ਼ਟਾਚਾਰ ਵਿਚ ਵੀ ਕੁਝ ਵਾਧਾ ਕਰ ਚੁੱਕਾ ਹੈ, ਗੁਰਬਾਣੀ ਦਾ ਵੀ ਕੁਝ ਅਭਿਆਸੀ ਤੇ ਨਿਤਨੇਮੀ ਹੋ ਗਿਆ ਹੈ, ਸਾਡੇ ਕੋਮਲ ਬਚਨਾਂ ਤੇ ਸਿੱਧੇ ਦਾਹੜੇ ਉੱਪਰ ਤੇ ਸਾਫ ਸੁੰਦਰ ਚਿਹਰੇ ਉੱਪਰ ਇਸ ਦਾ ਵਿਸ਼ਵਾਸ ਜੰਮ ਗਿਆ ਹੈ, ਤਾਂ ਉਸ ਦਾ ਕਪਟੀ ਮਨ ਹੁਣ ਗੁਰੂ ਪਦ ਦੇ ਅਰਥਾਂ ਨੂੰ ਬਦਲਣ ਲਗਦਾ ਹੈ। 'ਗੁਰੂ' ਪਦ ਦੇ ਅਰਥ ਤਾਂ ਇਹ ਸਨ ਕਿ ਅੰਧੇਰੇ ਵਿਚੋਂ ਚਾਨਣ ਲਿਆਉਣ ਵਾਲਾ, ਅਥਵਾ ਪਰਮਾਤਮਾ ਦੇ ਗਿਆਨ ਤੇ ਸ਼ਬਦ ਨੂੰ ਦੱਸਣ ਅਤੇ ਉਸ ਦੇ ਮਿਲਣ ਦੇ ਸਾਧਨ ਨੂੰ ਦ੍ਰਿੜ੍ਹ ਕਰਾਉਣ ਵਾਲਾ। ਸੋ

ਤਾਂ ਵਿਹ ਦੱਸਦਾ ਨਹੀਂ, ਸਿਰਫ ਆਪ ਗੁਰੂ ਬਣਨ ਦੀ ਇੱਛਾ ਵਿਚ, ਗੁਰਮੰਤਰ ਦੇਣ ਵਾਲਾ ਇਹ ਬਣ ਬੈਠਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ, ਜੋ ਗੁਰਮੰਤ੍ਰ ਅਕਾਲ ਪੁਰਖ ਵੱਲੋਂ 'ੴ ਸਤਿਨਾਮੁ' ਵਾਲਾ ਮਿਲਿਆ ਸੀ, ਉਸ ਵਿਚ ਤਾਂ ਜੋ 'ਗੁਰੂ' ਪਦ ਹੈ ਉਹ ਸਿਰਫ ਅਕਾਲ ਪੁਰਖ ਦੀ ਸਿਫਤ ਹੈ ਕਿ ਜਿਤਨਾ ਗਿਆਨ ਇਨਸਾਨ ਨੂੰ ਮਿਲਿਆ ਹੈ, ਉਸ ਦਾ ਬਖਸ਼ਣ ਵਾਲਾ ਆਦਿ ਗੁਰੂ ਪਰਮਾਤਮਾ ਅਕਾਲ ਪੁਰਖ ਹੀ ਹੈ, ਹੋਰ ਕੋਈ ਨਹੀਂ, ਜਿਸ ਕਰ ਕੇ ਉਹੀ ਹਰ ਵਸਤੂ ਦੇ ਸਿਖਾਉਣ ਵਾਲਾ ਹੈ; ਕਿਉਂਕਿ, ਉਹੀ ਹਰ ਵਸਤੂ ਨੂੰ ਜਾਣਦਾ ਹੈ। ਸਗੋਂ, ਉਸ ਦਾ ਨਿੱਜ-ਸਰੂਪ ਅਤੇ ਨਿੱਜ ਸਿਫਤ ਵੀ ਉਸੇ ਨੂੰ ਹੀ ਮਾਲੂਮ ਹੈ।...

ਨਿਊਟਨ ਨੇ ਆਕਰਖਣ ਸ਼ਕਤੀ ਨੂੰ ਸਮਝਿਆ ਤਾਂ ਉਸੇ ਵਿਸ਼ੇ ਦਾ ਉਹ ਸੱਚਾ ਉਸਤਾਦ ਮੰਨਿਆ ਗਿਆ ਹੈ। ਹੁਣ ਕੋਈ ਆਦਮੀ ਆਕਰਖਣ ਸ਼ਕਤੀ ਦਾ ਸਮਝਾਉਣ ਵਾਲਾ, ਭੂਗੋਲ ਵਿਦਯਾ ਦੇ ਜਾਣੂਆਂ ਦੇ ਸਮਾਜ ਵਿਚ ਨਿਊਟਨ ਦੀ ਜਗ੍ਹਾ ਲੈਣ ਦੀ ਖ਼ਾਤਰ, ਨਿਊਟਨ ਦੀ ਪਦਵੀ ਆਪਣੀ ਬਣਾਵੇ ਤਾਂ ਕਿਸ ਤਰ੍ਹਾਂ ਬਣਾ ਸਕਦਾ ਹੈ? ਉਹ ਪਦਵੀ ਤਾਂ ਉਸੇ (ਨਿਊਟਨ) ਨੂੰ ਹੀ ਮਿਲੇਗੀ।

ਇਸ ਤਰ੍ਹਾਂ ਪਰਮਾਤਮ-ਵਿਦਯਾ ਵਿਚ ਜੋ ਅਕਾਲ ਪੁਰਖ ਦੇ ਸਰੂਪ ਦਾ ਗਿਆਨ 'ੴ ਸਤਿਨਾਮੁ' ਮੰਤਰ ਦੁਆਰਾ ਗੁਰੂ ਨਾਨਕ ਦੇਵ ਜੀ ਨੂੰ ਪ੍ਰਾਪਤ ਹੋਇਆ ਹੈ, ਉਸ ਦੇ ਭਾਵ ਨੂੰ ਦੱਸਣ ਵਾਲਾ ਗੁਰੂ ਸਿਰਫ਼ 'ਗੁਰੂ ਨਾਨਕ ਜੀ' ਹੀ ਹੋ ਸਕਦਾ ਹੈ, ਜਿਸ ਤਰ੍ਹਾਂ 'ਇੰਗਲਿਸ਼ ਗਵਰਨਮੈਂਟ' ਪਦ ਭਾਵੇਂ ਹੈ ਤਾਂ ਅਸਲ ਵਿਚ ਉਸ ਸਮਾਜ ਦਾ ਨਾਮ, ਜਿਸ ਪਰ ਕਿਸੇ ਵੇਲੇ ਬਾਦਸ਼ਾਹ ਐਡਵਰਡ ਸਦਰ ਨਸ਼ੀਨ ਹੈ ਪਰ ਜੇ ਉਹ ਵਾਇਸਰਾਇ ਹਿੰਦ ਅਤੇ ਉਸ ਦੀ ਕੌਂਸਲ ਨੂੰ 'ਗਵਰਨਮਿੰਟ ਹਿੰਦ' ਦੀ ਉਹ ਪਦਵੀ ਦੇਵੇ ਅਤੇ ਲੈਫਟੀਨੈਂਟ ਗਵਰਨਰ ਤੇ ਉਸ ਦੇ ਸਟਾਫ ਨੂੰ ਪੰਜਾਬ ਗਵਰਨਮੈਂਟ ਦੀ ਉਪਾਧੀ ਦੇਵੇ, ਤਾਂ ਸਭ ਕਿਸੇ ਨੂੰ ਰਈਅਤ ਵਿਚੋਂ ਇਸ ਬਾਤ ਨੂੰ ਮੰਨਣਾ ਪਵੇਗਾ। ਇਸੇ ਤਰ੍ਹਾਂ ਸਾਰੇ ਜਗਤ ਦਾ ਆਦਿ ਗੁਰੂ ਅਕਾਲ ਪੁਰਖ ਹੀ ਹੈ, ਹੋਰ ਕੋਈ ਨਹੀਂ; ਪਰ ਉਸ ਦੇ ਗਿਆਨ ਦੇ ਫੈਲਾਉਣ ਦੀ ਗੁਰਿਆਈ ਜੋ ਗੁਰੂ ਨਾਨਕ ਦੇਵ ਜੀ ਦੇ ਸਪੁਰਦ ਹੋਈ ਹੈ, ਉਸ ਦਾ ਸਿਲਸਿਲਾ ਦਸਮ ਗੁਰੂ ਜੀ ਤਕ ਆ ਕੇ ਉਹ ਗੁਰਿਆਈ, ਆਤਮਾ ਦੇ ਸੁਧਾਰ ਦੀ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤੀ ਗਈ, ਅਤੇ ਸਿੱਖੀ ਸਿੱਖੀ ਦੇ ਪ੍ਰਬੰਧ ਦੀ ਗੁਰੂ ਗਰੰਥ ਦੀ ਤਾਬਿਆ (ਸਮੁੱਚੀ ਹਾਲਤ ਵਿਚ) ਪੰਥ ਨੂੰ ਦਿੱਤੀ ਗਈ, ਤਾ ਸਿੱਖਾਂ ਵਿਚੋਂ ਇਸ ਪ੍ਰਬੰਧ ਨੂੰ ਮੰਨਣ ਪਰ ਕਿਸ ਨੂੰ ਇਤਰਾਜ਼ ਹੋ ਸਕਦਾ ਹੈ? ਪਰ ਜਿਸ ਤਰ੍ਹਾਂ ਕੋਈ ਆਦਮੀ ਖ਼ੁਦ ਬੇਖ਼ੁਦ ਆਪਣੀ ਗਵਰਨਮੈਂਟ ਕਾਇਮ ਕਰ ਲਵੇ ਤਾਂ ਉਹ ਧੋਖਾ ਦੇਣ ਵਾਲਾ ਸਮਝਿਆ ਜਾਂਦਾ ਹੈ, ਇਸ ਤਰ੍ਹਾਂ ਜੋ ਆਦਮੀ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਗੁਰੂ ਖ਼ਾਲਸਾ ਜੀ ਦੇ ਅਧਿਕਾਰ ਖੋਹ ਕੇ, ਖ਼ਾਲੀ ਦੋਨੋਂ ਇਖ਼ਤਿਆਰਾਂ ਦਾ ਆਪ ਹੀ ਮਾਲਕ ਬਣਨਾ ਚਾਹੁੰਦਾ ਹੈ, ਸੋ ਕਦੀ ਵੀ ਸਿੱਖੀ ਵਿਚ ਇੱਜ਼ਤ ਨਹੀਂ ਪਾਉਂਦਾ। ਇਸ ਅਸੂਲ ਪਰ ਤੁਰਦੇ ਹੋਏ ਵੱਡੇ ਵੱਡੇ ਪ੍ਰਤਾਪੀ ਸਿੰਘਾਂ ਨੇ ਵੀ ਆਪਣੇ ਆਪ ਨੂੰ ਗੁਰੂ ਨਹੀਂ ਸਦਾਇਆ: ਉਹ ਸਦਾ ਹੀ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਸੀਸ ਨਿਵਾਉਂਦੇ ਰਹੇ ਹਨ ਅਤੇ ਗੁਰੂ ਖ਼ਾਲਸੇ ਜੀ ਦੀ ਸੇਵਾ ਕਰਦੇ ਰਹੇ ਹਨ। ਭਾਵੇਂ ਉਨ੍ਹਾਂ ਦੇ ਪਿਛਲੱਗਾਂ ਨੇ ਉਨ੍ਹਾਂ ਨੂੰ ਸਾਰੀ ਸਿੱਖੀ ਦੇ ਗੁਰੂ ਬਣਾਉਣ ਦੇ ਉਪਰਾਲੇ ਵੀ ਕੀਤੇ, ਪਰ ਕਾਰਗਰ ਨਾ ਹੋਏ।

ਫੇਰ ਵੀ ਦੇਹਧਾਰੀ ਗੁਰੂ ਜੋ ਅੱਜ ਕਲ ਦੇਸ਼ ਵਿਚ ਆਮ ਫਿਰ ਰਹੇ ਹਨ, ਸੋ ਉਨ੍ਹਾਂ ਸਿੱਖਾਂ ਨੂੰ ਗੁਰੂ ਪਦ ਦੇ ਅਰਥਾਂ ਦੇ ਅਨਰਥ ਕਰਕੇ ਆਪਣੀ ਚਰਨੀਂ ਲਾ ਲੈਂਦੇ ਹਨ। ਉਨ੍ਹਾਂ ਭਲੇ ਪੁਰਸ਼ਾਂ ਨੂੰ ਇਤਨਾ ਖਿਆਲ ਵੀ ਨਹੀਂ ਆਉਂਦਾ ਕਿ ਜੋ ਜੋ ਗੁਣ ਗੁਰੂ ਪਦ ਹੇਠ, ਗੁਰੂ ਨਾਨਕ ਦੇਵ ਜੀ ਨੇ ਅਥਵਾ ਹੋਰਨਾਂ ਗੁਰੂ ਸਾਹਿਬਾਨ ਨੇ ਅਕਾਲ ਪੁਰਖ ਦੇ ਗੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੱਸੇ ਹਨ, ਸੋ ਸਾਡੇ ਪੁਰ ਕਿਸ ਤਰ੍ਹਾਂ ਘਟ ਸਕਦੇ ਹਨ। ਕੀ ਗੁਰੂ ਮੰਤਰ ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ, ਸਾਡਾ ਮੰਤਰ ਹੈ ? ਇਹ ਮੰਤਰ ਤਾਂ ਅਕਾਲ ਪੁਰਖ ਦਾ ਹੈ ਤੇ ਮਿਲਿਆ ਗੁਰੂ ਨਾਨਕ ਦੇਵ ਜੀ ਨੂੰ ਹੈ, ਜਿਸ ਕਰ ਕੇ ਉਹ ਗੁਰੂ ਹਨ। ਵਸਤੂ ਤੇ ਜਾਣਨ ਵਾਲਾ ਤਾਂ ਕੇਵਲ ਪ੍ਰਮਾਤਮਾ ਹੀ ਹੈ ਤੇ ਉਸ ਦੇ ਗਿਆਨ ਨੂੰ ਇਸ ਗੁਰ ਮੰਤਰ ਰਾਹੀਂ ਦੱਸਣ ਵਾਲਾ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹੈ; ਅਥਵਾ ਉਹ ਹੈ, ਜਿਸ ਨੂੰ ਗੁਰੂ ਨਾਨਕ ਜੀ ਅਤੇ ਉਨ੍ਹਾਂ ਦੇ ਆਪਣੀ ਜਗ੍ਹਾ ਸਥਾਪਨ ਕੀਤੇ ਗੁਰੂ ਅੰਗਦ ਜੀ ਅਤੇ (ਵਿਵਹਾਰਕ ਕੰਮਾਂ ਵਾਸਤੇ ਸ੍ਰੀ ਗੁਰੂ ਗਰੰਥ ਜੀ ਦੀ ਤਾਬਿਆ) ਸਾਰਾ ਪੰਥ ਖਾਲਸਾ ਜੀ ਗੁਰੂ ਸਦਾ ਸਕਦਾ ਹੈ, ਹੋਰ ਕੋਈ ਨਹੀਂ ਸਦਾਅ ਸਕਦਾ। ਫੇਰ ਅਸੀਂ ਕਿਸ ਤਰ੍ਹਾਂ ਗੁਰੂ ਬਣ ਬੈਠੇ ਹਾਂ ?

ਜੇ ਇਹ ਕਹੋ ਕਿ 'ਗੁਰੂ' ਪਦ ਸੰਸਕ੍ਰਿਤ ਹੈ, ਸਿਖਾਂ ਦਾ ਨਹੀਂ, ਸੰਸਕ੍ਰਿਤ ਵਿਚ ਇਸ ਦੇ ਅਰਥ ਸਿਖਾਉਣ ਵਾਲਾ ਹੈ, ਅਸੀਂ ਵੀ ਸਿੱਖੀ ਦੇ ਸਿਖਾਉਣ ਵਾਲੇ ਹਾਂ। ਇਹ ਗਲ ਗੁਰੂ ਪਦ ਦੇ ਅਰਥਾਂ ਵਾਲੀ, ਭਾਵੇਂ ਉਨ੍ਹਾਂ ਦੇ ਮੰਤਵ ਅਨੁਸਾਰ ਠੀਕ ਭਾਸੇ, ਪਰ ਜਿਸ ਤਰ੍ਹਾਂ ਕੋਈ ਜਥਾ ਜਾਂ ਕੌਮ ਖ਼ਾਸ ਪਦਾਂ ਦੇ ਖ਼ਾਸ ਅਰਥ ਕਾਇਮ ਕਰ ਲੈਂਦੀ ਹੈ, ਫੇਰ ਉਸ ਜਥੇ ਯਾ ਕੌਮ ਵਿਚ ਉਸ ਪਦ ਦੇ ਉਹੀ ਅਰਥ ਹੁੰਦੇ ਹਨ, ਜੋ ਮੁਕੱਰਰ ਹੋ ਚੁਕੇ ਹੋਣ। ਉਸ ਜਥੇ ਯਾ ਕੌਮ ਤੋਂ ਭਾਵੇਂ ਬਾਹਰ ਜਾ ਕੇ ਭਾਵੇਂ ਕੋਈ ਸੱਜਣ ਦੂਜੇ ਅਰਥ ਕਰੇ ਕਰਾਵੇ, ਪਰ ਉਸ ਜਥੇ ਯਾ ਕੌਮ ਵਿਚ ਉਹ ਨਹੀਂ ਕਰ ਸਕਦਾ। ਇਸੇ ਤਰ੍ਹਾਂ ਸਿੱਖਾਂ ਵਿਚ ਗੁਰੂ ਪਦ ਮਾਮੂਲੀ ਧਾਰਮਕ ਉਸਤਾਦ ਦਾ ਨਾਮ ਨਹੀਂ ਹੈ। ਕਿਉਂਕਿ ਇਸ ਤਰ੍ਹਾਂ ਹਰ ਇਕ ਆਦਮੀ ਗਵਰਨਮੈਂਟ ਦੇ ਅਰਥ ਪ੍ਰਬੰਧਕਾਰੀ ਕਮੇਟੀ ਰੱਖ ਕੇ ਘਰ ਵਿਚ ਆਪਣੇ ਘਰ ਦਾ ਗਵਰਨਰ ਹੈ; ਪਰ, ਕੀ ਉਹ ਪੰਜਾਬ ਯਾ ਹਿੰਦ ਦੀ ਗਵਰਨਮੈਂਟ ਵਿਚ ਦਖ਼ਲ ਦੇ ਸਕਦਾ ਹੈ ? ਜੇ ਉਥੇ ਨਹੀਂ ਦੇ ਸਕਦਾ ਤਾਂ ਉਸ ਦਾ ਉਸ ਜਗ੍ਹਾ ਦਖ਼ਲ ਦੇਣ ਦੀ ਨੀਯਤ ਨਾਲ ਕੀ ਗਵਰਨਰ ਸਦਾਉਣਾ ਯੋਗ ਹੈ ? ਜਿਸ ਤਰ੍ਹਾਂ ਅਫ਼ਗਾਨਸਤਾਨ ਵਿਚ 'ਅਮੀਰ' ਪਦ ਅਤੇ ਚਤਰਾਲ ਵਿਚ 'ਮੇਹਤਰ' ਪਦ ਦੇ ਅਰਥ 'ਬਾਦਸ਼ਾਹ' ਦੇ ਹਨ, ਪਰ ਕੀ ਕੋਈ ਪੰਜਾਬ ਵਿਚ ਅਮੀਰ ਸਦਾਉਣ ਵਾਲਾ ਆਦਮੀ ਅਫ਼ਗਾਨਸਤਾਨ ਵਿਚ ਜਾ ਕੇ ਅਮੀਰ ਸਦਾ ਸਕਦਾ ਹੈ ? ਕਦੀ ਨਹੀਂ। ਫੇਰ, ਕੀ ਕੋਈ ਪੰਜਾਬ ਦਾ ਭੰਗੀ ਜੋ ਏਥੇ ਮੇਹਤਰ ਸਦਾਉਂਦਾ ਹੈ, ਚਤਰਾਲ ਵਿਚ ਜਾ ਕੇ 'ਮੇਹਤਰ' ਪਦ ਨੂੰ ਅੱਗੇ ਰੱਖ ਕੇ ਚਤਰਾਲ ਦੇ ਰਾਜ ਕਾਜ ਵਿਚ ਦਖ਼ਲ ਦੇ ਸਕਦਾ ਹੈ ? ਕਦੀ ਨਹੀਂ। ਇਸੇ ਤਰ੍ਹਾਂ ਗੁਰੂ ਪਦ ਸਿੱਖੀ ਵਿਚ ਕੇਵਲ ਦਸੋਂ ਹੀ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਖਾਲਸੇ ਜੀ ਵਾਸਤੇ ਹੀ ਬੋਲਿਆ ਜਾਂਦਾ ਹੈ, ਹੋਰ ਕਿਸੇ ਵਾਸਤੇ ਨਹੀਂ। ਹੁਣ ਜੇ ਸਿਖੀ ਵਿਚ ਗੁਰੂ ਪਦ ਨੂੰ ਅੱਗੇ ਰੱਖ ਕੇ ਕੋਈ ਦੇਹਧਾਰੀ ਗੁਰੂ ਬਣਨਾ ਚਾਹੁੰਦਾ ਹੈ, ਤਾਂ ਉਹ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਖਾਲਸੇ ਜੀ ਦੇ ਅਧਿਕਾਰ ਖੋਹਣ ਦੇ ਬਹਾਨੇ ਕਰਦਾ ਹੈ, ਅਤੇ ਬਹੁਤ ਕਰ ਕੇ ਉਸ ਦੀ ਇੱਛਾ ਸਿਰਫ ਸਿਖਾਂ ਪਾਸੋਂ ਸੇਵਾ ਕਰਾਉਣ ਦੀ ਤੇ ਧਨ ਲੁੱਟਣ ਦੀ ਹੁੰਦੀ ਹੈ।

ਜੇ ਉਹ ਪਰਮਾਰਥ ਦੇ ਸਿਖਾਉਣ ਵਾਸਤੇ ਹੁੰਦਾ ਤਾਂ ਸਾਧ, ਸੰਤ, ਗਿਆਨੀ ਆਦਿਕ ਪਦ ਜਿਹੜੇ ਸਿੱਖੀ ਵਿਚ ਮੌਜੂਦ ਹਨ, ਉਨ੍ਹਾਂ ਉਪਾਧੀਆਂ ਨੂੰ ਆਪਣੀ ਲਿਆਕਤ ਅਨੁਸਾਰ ਧਾਰਨ ਕਰ ਲੈਂਦਾ।

ਸੋ, ਇਸ ਤਰ੍ਹਾਂ ਦੀਆਂ ਬਰੀਕੀਆਂ ਤਾਂ ਇਹ ਦੇਹਧਾਰੀ ਗੁਰੂ ਦੱਸਦੇ ਨਹੀਂ, ਪਰ ਮਨ ਵਿਚ ਕਪਟ ਰੱਖ ਕੇ ਸਿੱਖਾਂ ਨੂੰ ਗੁਰੂ ਪਦ ਦੀ ਮਹਿਮਾ, ਜੋ ਅਕਾਲ ਪੁਰਖ ਵਾਸਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਆਈ ਹੈ, ਉਹ ਇਹ ਦੇਹਧਾਰੀ ਗੁਰੂ ਆਪਣੇ ਵਲ ਖਿੱਚਣ ਲਗ ਪੈਂਦੇ ਹਨ। ਗੁਰੂ ਨਾਨਕ ਦੇਵ ਜੀ ਆਦਿਕ ਗੁਰੂ ਸਾਹਿਬਾਂ ਨੇ ਆਪਣੇ ਪੈਰ ਪੁਜਾਉਣ ਵਾਸਤੇ ਸਿਖੀ ਨਹੀਂ ਸੀ ਕਾਇਮ ਕੀਤੀ। ਜੇ ਉਹ ਗੁਰੂ ਪਦ ਦੀ ਮਹਿਮਾ ਆਪਣੇ ਵਾਸਤੇ ਲਿਖਦੇ ਤਾਂ ਆਪਣੇ ਆਪ ਨੂੰ ਮਹਲਾ ੧, ਮਹਲਾ ੨, ਮਹਲਾ ੩, ਆਦਿਕ ਨ ਲਿਖਦੇ। ਫੇਰ, ਕਈ ਤਾਂ ਐਥੇ ਹੀ ਬੱਸ ਨਹੀਂ ਕਰਦੇ, ਆਪਣੇ ਆਪਣੇ ਸਿਖਾਂ ਲਈ ਨਵੀਨ ਗਰੰਥ ਰੱਚ ਕੇ ਸ੍ਰੀ ਗੁਰੂ ਗਰੰਥ ਸਾਹਿਬ ਦਾ ਮੁਕਾਬਲਾ ਕਰਨ ਲਗ ਪੈਂਦੇ ਹਨ। ਇਸ ਤਰ੍ਹਾਂ ਨਾਲ ਬਾਣੀ ਦੇ ਰਸੀਏ ਅਤੇ ਵਿਚਾਰਵਾਨ ਸਿਖ ਵੀ ਦੇਹਧਾਰੀ ਗੁਰੂਆਂ ਦੇ ਚੇਲੇ ਹੋ ਕੇ, ਸਿਖੀ ਮਾਰਗ ਤੋਂ ਡਿੱਗ ਪੈਂਦੇ ਹਨ; ਸਗੋਂ, ਕਈ ਇਕ ਖਾਲਸਾ ਭਾਈ, ਜੋ ਅੰਮ੍ਰਿਤ ਛਕ ਕੇ ਗੁਰੂ ਖਾਲਸੇ ਜੀ ਦੇ ਅੰਗ ਹੁੰਦੇ ਹਨ, ਸੋ ਆਪਣੀ ਉੱਚ ਪਦਵੀ ਤੋਂ ਗਿਰ ਕੇ ਇਨ੍ਹਾਂ ਦੇਹਧਾਰੀ ਗਰੂਆਂ ਦੇ ਗੋਲੇ ਹੋ ਜਾਂਦੇ ਹਨ। ਕਈ ਜਗ੍ਹਾ ਇਹ ਦੇਹਧਾਰੀ ਗੁਰੂ ਖੁਦ ਧਰਮ-ਸਾਲੀਏ ਬਣ ਕੇ ਗੁਰੂ ਜੀ ਦੀ ਸੰਗਤ ਨੂੰ ਆਪਣੀ ਚਰਨੀਂ ਲਾ ਲੈਂਦੇ ਹਨ। ਪਰ, ਇਹ ਘਾਟਾ ਸਿਖਾਂ ਦਾ ਇਸੇ ਵਾਸਤੇ ਹੋ ਰਿਹਾ ਹੈ ਕਿ ਵਿਦਵਾਨ ਦੂਰਅੰਦੇਸ਼ ਗਰੰਥੀਆਂ ਦਾ ਸਿਖੀ ਵਿਚ ਘਾਟਾ ਹੈ।

ਜੇ ਹਰ ਇਕ ਪਿੰਡ ਦੀ ਰਈਅਤ ਆਪਣੇ ਆਪਣੇ ਨੰਬਰਦਾਰਾਂ ਹੇਠ ਸੁਤੰਤਰ ਹੋ ਜਾਵੇ ਤਾਂ ਸਰਕਾਰੀ ਰਾਜ ਕਿਥੇ ਰਹੇਗਾ ? ਇਸੇ ਤਰ੍ਹਾਂ, ਜੇ ਜਗ੍ਹਾਂ ਜਗ੍ਹਾ ਦੀਆਂ ਸਿਖ ਸੰਗਤਾਂ ਆਪਣਾ ਆਪਣਾ ਦੇਹਧਾਰੀ ਗੁਰੂ ਬਣਾ, ਬੈਠ ਜਾਣਗੀਆਂ ਤਾਂ ਸਿਖ ਧਰਮ ਕਿਥੇ ਰਹੂ ? ਪਰ, ਥਾਣੇਦਾਰ ਕਿਸੇ ਪਿੰਡ ਨੂੰ ਸੁਤੰਤਰ ਨਹੀਂ ਹੋਣ ਦੇਂਦੇ, ਇਸ ਵਾਸਤੇ ਕਿ ਉਹ ਆਪਣਾ ਫਰਜ਼ ਜਾਣਦੇ ਹਨ। ਇਸੇ ਤਰ੍ਹਾਂ, ਜੇ ਹਰ ਇਕ ਧਰਮਸਾਲੀਆ ਆਪਣੇ ਕੰਮ ਨੂੰ ਕਰਨ ਵਾਲਾ ਹੋਵੇ ਅਤੇ ਸਿਖੀ ਨੂੰ ਗੁਰੂ ਨਾਨਕ ਜੀ ਮਹਾਰਾਜ ਦੇ ਪਿੱਛੇ ਰੱਖਣ ਵਾਲਾ ਹੋਵੇ, ਤਾਂ ਦੇਹਧਾਰੀ ਗੁਰੂ ਸੰਗਤ ਨੂੰ ਖਰਾਬ ਨਾ ਕਰ ਸੱਕਣ। ਪਰ ਇਹ ਤਦ ਹੋ ਸਕਦਾ ਹੈ, ਜਦ ਧਰਮਸਾਲੀਏ ਵਿਦਯਾਵਾਨ ਅਤੇ ਸਿੱਖੀ ਦੇ ਅਸੂਲਾਂ ਪੁਰ ਤੁਰਨ ਵਾਲੇ ਹੋਣ। ਕਈ ਸਿੰਘ ਸਭਾਵਾਂ ਅਤੇ ਦੀਵਾਨ ਇਹ ਵੇਖ ਕੇ ਕਿ ਸਾਡੇ ਇਲਾਕੇ ਦੀਆਂ ਧਰਮਸਾਲਾ ਦੇਹਧਾਰੀ ਗੁਰੂਆਂ ਦੇ ਰੋਅਬ ਦਾਬ ਵਿਚ ਜਾ ਚੁੱਕੀਆਂ ਹਨ, ਆਪਣੀਆਂ ਨਵੀਆਂ ਹਜ਼ਾਰਾਂ ਰੁਪਏ ਦੇ ਖ਼ਰਚ ਪਰ, ਬਣਾਉਣ ਦਾ ਬੀੜਾ ਉਠਾਉਂਦੇ ਹਨ, ਪਰ ਜਦ ਤਕ ਚੰਗੇ ਧਰਮ-ਸਾਲੀਏ ਨਾ ਹੋਣਗੇ, ਇਹ ਨਵੀਆਂ ਧਰਮਸਾਲਾਂ ਕਿਸ ਤਰ੍ਹਾ ਦੇਹਧਾਰੀ ਗੁਰੂਆਂ ਪਾਸੋਂ ਬਚਣਗੀਆਂ ? ਸੋ, ਨਵੀਆਂ ਧਰਮਸਾਲਾਂ ਪਰ ਜੋ ਪੰਥ ਰੁਪਿਆ ਖਰਚ ਕਰ ਰਿਹਾ ਹੈ, ਉਹੀ ਰੁਪਿਆ ਚੰਗੇ ਗਰੰਥੀਆਂ ਦੇ ਪੈਦਾ ਕਰਨ ਪਰ ਖਰਚ ਕਰਨ ਤਾਂ ਪੁਰਾਣੀਆਂ ਹੀ ਧਰਮਸਾਲਾਂ ਨੂੰ ਰੌਣਕ ਹੋ ਜਾਵੇ ਤੇ ਇਸ ਕਾਰਜ ਨਾਲ ਫਲ ਕੈਸਾ ਅਛਾ ਹੋਵੇ। ਇਸ ਸਾਡੇ ਲੇਖ ਤੋਂ ਇਹ ਨਹੀਂ ਸਮਝ ਲੈਣਾ ਚਾਹੀਏ ਕਿ ਕਿ ਚੰਗੇ ਗਰੰਥੀ ਪੰਥ ਵਿਚ ਰਹੇ ਹੀ ਨਹੀਂ ਹਨ। ਨਹੀਂ, ਨਹੀਂ, ਅਜੇ ਤਕ ਕਈ ਚੰਗੇ ਗਰੰਥੀ ਵੀ ਹਨ, ਪਰ ਥੋੜੇ ਹਨ, ਜਿਸ ਕਰ ਕੇ ਉਨ੍ਹਾਂ ਦੇ ਗਿਰਦੇ ਦੀਆਂ ਸੰਗਤਾਂ ਦੇਹਧਾਰੀ ਗੁਰੂਆਂ ਦੀ

ਲੁੱਟ ਪਾਸੋਂ ਬੱਚੀਆਂ ਹੋਈਆਂ ਹਨ।

(ਨੋਟ—ਭਾਈ ਸਾਹਿਬ ਦੇ ਉਪ੍ਰੋਕਤ ਅਤਿ ਅਹਿਮ ਲੇਖ ਨੂੰ ਹੋਰ ਪਰਪੱਕ ਕਰਨ ਹਿਤ, ਸੰਖੇਪ ਵਿਚ, ਇਹ ਕਹਾਨੀ ਅੰਕਿਤ ਕਰਦਾ ਹਾਂ (ਲੇਖਕ) ''ਗਾਥਾ ਹੈ ਕਿ ''ਇਕ ਵੇਰ, ਸਿਆਲ ਦੀ ਰੁੱਤੇ, ਇਕ ਅਰਬੀ ਆਪਣੇ ਊਠ ਨਾਲ ਸਫਰ ਕਰਦਾ ਕਰਦਾ, ਰਾਤ ਕੱਟਣ ਲਈ, ਇਕ ਰੇਤਲੇ ਖੇਤਰ ਵਿਚ ਅਟਕਿਆ। ਉਸ ਨੇ ਆਪਣਾ ਛੋਟਾ ਜਿਹਾ ਤੰਬੂ ਲਾਇਆ ਅਤੇ ਊਠ ਬਾਹਰ ਬੰਨ੍ਹ ਕੇ, ਆਪ ਅੰਦਰ ਸੌਂ ਗਿਆ। ਜਦ ਰਾਤ ਦਾ ਪਹਿਲਾ ਪਹਿਰ ਲੰਘਿਆ ਤਾਂ ਊਠ ਨੇ ਸਰਦੀ ਤੋਂ ਬਚਾਣ ਲਈ ਆਪਣੇ ਸਿਰ ਨੂੰ ਖੇਮੇ ਅੰਦਰ ਕਰ ਲੈਣ ਦੀ ਆਗਿਆ ਮੰਗੀ, ਜੋ ਮਾਲਿਕ ਨੇ ਸਾਥੀ ਸਮਝ ਕੇ, ਦੇ ਦਿਤੀ। ਏਸੇ ਤਰ੍ਹਾਂ, ਫੇਰ ਦੂਜੇ ਪਹਿਰ ਗਰਦਨ ਤੇ ਤੀਜੇ ਪਹਿਰ, ਮਾਲਿਕ ਦੀ ਆਗਿਆ ਅਨੁਸਾਰ ਗਰਦਨ ਤੇ ਧੜ ਵੀ ਖੇਮੇ ਅੰਦਰ ਕਰਨ ਉਪ੍ਰੰਤ, ਪਲਸੇਟਾ ਮਾਰ ਕੇ ਸਾਰਾ ਹੀ ਅੰਦਰ ਹੋ ਗਿਆ, ਅਤੇ ਮਾਲਿਕ ਨੂੰ ਖੇਮਿਉਂ ਬਾਹਰ ਕੱਢ ਦਿਤਾ। ਮਾਲਿਕ ਦੇ ਰੋਸ ਵਲੋਂ ਲਾਪ੍ਰਵਾਹ ਹੋ ਕੇ ਉਤਰ ਦਿਤਾ ਕਿ ਉਹ ਤਾਂ ਹੁਣ ਬਾਹਰ ਨਿਕਲਣੋਂ ਇਨਕਾਰੀ ਹੈ।''

ਸੋ, ਐਨ ਇਹੀ ਹਾਲ ਦੰਭੀ ਤੇ ਦੇਹਧਾਰੀ ਗੁਰੂਆਂ ਦਾ ਹੈ। ਉਹ ਸਤਿਗੁਰੂ ਦੇ ਉਪਦੇਸ਼ਾਂ, ਅਤੇ 'ਬਾਣੀ' ਰਾਹੀਂ ਸਿਖ ਦੇ ਹਿਰਦੇ ਅੰਦਰ ਵੜਦੇ ਹਨ ਅਤੇ ਆਖਰ ਗੁਰੂ ਨਾਨਕ ਦੇਵ ਜੀ ਨੂੰ, ਬਾਹਰ ਕਢ ਕੇ, ਪੂਰਨ ਤੌਰ ਉਤੇ ਆਪ ਕ਼ਾਬਜ਼ ਹੋ ਜਾਂਦੇ ਹਨ।')

●

ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ ਧਿਆਨ ਵਿਚਿ ਆਈ ॥
ਗੁਰਮੁਖਿ ਆਖੀ, ਗੁਰਮੁਖਿ ਜਾਤੀ, ਸੁਰਤੀ ਕਰਮਿ ਧਿਆਈ ॥ (ਮ. ਪਹਿਲਾ, ਪੰ. 1243)

ਕਿਆ ਭਵੀਐ ਸਚਿ ਸੂਚਾ ਹੋਇ ॥ ਸਾਚ ਸਬਦ ਬਿਨੁ, ਮੁਕਤਿ ਨ ਕੋਇ ॥
(ਮ. ਪਹਿਲਾ, ਪੰ. 938)

ਸਤਿਗੁਰ ਸਬਦਿ, ਉਜਾਰੋ ਦੀਪ ॥ (ਪੰ. 821)

ਸਬਦੁ ਦੀਪਕੁ ਵਰਤੈ ਤਿਹ ਲੋਇ ॥ ਜੋ ਚਾਖੈ ਸੋ ਨਿਰਮਲੁ ਹੋਇ ॥ (ਪੰ. 664)

ਸਬਦਿ ਸੂਰ ਜੁਗ ਚਾਰੇ ਅਉਧੂ, ਬਾਣੀ ਭਗਤਿ ਵੀਚਾਰੀ ॥ (ਪੰ. 908)

ਮਹਲਾ ਪਦ ਦਾ ਸ਼ੁੱਧ ਉਚਾਰਣ

ਭਾਗ ਪਹਿਲਾ

ਸ. ਸ਼ਮਸ਼ੇਰ ਸਿੰਘ ਜੀ ਅਸ਼ੋਕ ਨੇ ਗੁਰਦੁਆਰਾ ਗਜ਼ਟ, ਨਵੰਬਰ, 1978 ਅਤੇ ਗੁਰਮਤਿ ਪ੍ਰਕਾਸ਼ ਜਨਵਰੀ 1979 ਵਿਚ ਸ਼ਬਦ 'ਮਹਲਾ' ਦੇ ਉਚਾਰਣ ਬਾਰੇ ਚਾਰ ਕੁ ਪੰਨਿਆਂ ਦਾ ਇਕ ਲੇਖ ਛਪਵਾਇਆ, ਅਤੇ ਇਸ ਵਿਸ਼ੇ ਬਾਰੇ ਮੇਰੇ ਖਿਆਲ ਜਾਣਦਿਆਂ ਬੁਝਦਿਆਂ, ਮੈਨੂੰ ਉਚੇਚੇ ਤੌਰ ਉਤੇ ਟੈਲੀਫੋਨ ਰਾਹੀਂ ਇਸ ਨੂੰ ਵਾਚਣ ਦੀ ਤਾਕੀਦ ਕੀਤੀ। ਮੈਂ ਉਨ੍ਹਾਂ ਦੀ ਆਗਿਆ ਦਾ ਪਾਲਣ ਕੀਤਾ ਅਤੇ ਤਗੜੀ ਖੋਜ ਪੜਤਾਲ ਤੇ ਘੋਖ ਉਪਰੰਤ, ਇਸ ਲੇਖ ਦੇ ਉਤਰ ਵਿਚ 20 ਪੰਨਿਆਂ ਦਾ ਇਕ ਲੇਖ ਗੁਰਦੁਆਰਾ ਗਜ਼ਟ ਤੇ ਗੁਰਮਤਿ ਪ੍ਰਕਾਸ਼ ਮਾਰਚ, 79 ਵਿਚ ਛਾਪੇ ਜਾਣ ਹਿਤ ਭੇਜਿਆ। ਇਹ ਲੇਖ; ਛਪਣ ਹਿਤ ਭੇਜਣ ਤੋਂ ਪਹਿਲਾਂ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਪਿਆਰ ਸਿੰਘ, ਡਾ. ਦੀਵਾਨ ਸਿੰਘ ਆਦਿਕ, ਪੰਜਾਂ ਵਿਦਵਾਨਾਂ ਅਤੇ ਆਪਣੇ ਆਪਣੇ ਵਿਭਾਗ ਦੇ ਮੁਖੀਆਂ ਨੂੰ ਇਕ ਤੋਂ ਵਧੇਰੇ ਵੇਰ ਵਿਖਾਇਆ ਗਿਆ, ਅਤੇ ਉਨ੍ਹਾਂ ਦੇ ਬਹੁ-ਮੁੱਲੇ ਮਸ਼ਵਰੇ ਪਰਵਾਨ ਕਰਕੇ ਲੋੜੀਂਦੀ ਸੋਧ-ਸੁਧਾਈ ਕੀਤੀ ਗਈ।

ਹੁਣ, ਜਦ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ 'ਤੇਜਾ ਸਿੰਘ ਸਮੁੰਦਰੀ ਹਾਲ' (ਸ਼੍ਰੋਮਣੀ ਗੁ: ਪ੍ਰ: ਕਮੇਟੀ) ਵਿਖੇ 23 ਅਗਸਤ, 79 ਤੋਂ ਇਕ ਮਹੀਨੇ ਲਈ ਵਿਦਵਾਨਾਂ ਦੀ ਸਭਾ ਵਿਚ ਸ਼ੁੱਧ ਪਾਠ ਬਾਰੇ ਵਿਚਾਰਾਂ ਹੋ ਰਹੀਆਂ ਸਨ ਤਾਂ 'ਅਸ਼ੋਕ' ਜੀ ਨੇ ਇਹ ਮਾਮਲਾ ਫੇਰ ਛੇੜਨਾ ਉਚਿੱਤ ਜਾਤਾ ਹੈ; ਅਤੇ ਉਹੀ ਪੁਰਾਣੀਆਂ, ਆਪਾ-ਵਿਰੋਧੀ ਤੇ ਬੋਸੀਦਾ ਦਲੀਲਾਂ ਨੂੰ, ਮੁੜ ਦੁਹਰਾਉਂਦਿਆਂ ਹੋਇਆਂ, ਅਛੋਪਲੇ ਜਿਹੇ, ਸ. ਹੁਕਮ ਸਿੰਘ ਜੀ ਪ੍ਰਧਾਨ ਨਾਲ ਹੋਏ ਸਮਝੌਤੇ ਵਿਰੁਧ, 'ਗੁਰਬਾਣੀ ਦਾ ਮਹਲਾ ਸ਼ਬਦ ਤੇ ਇਸ ਦਾ ਸਹੀ ਉਚਾਰਣ' ਨਾਮ ਦਾ ਇਕ ਟਰੈਕਟ ਛਾਪ ਮਾਰਿਆ, ਤੇ 16 ਪੰਨੇ ਦੇ ਇਸ ਟਰੈਕਟ ਨੂੰ ਸੰਗਤਾਂ ਵਿਚ ਇਕ ਰੁਪੈਆ ਪ੍ਰਤੀ ਕਾਪੀ ਵੇਚਿਆ ਗਿਆ।

ਵਿਚਾਰ-ਵਿਸ਼ਾ :

ਇਸ ਬਹਸ ਵਿਚ ਵਿਚਾਰ ਅਧੀਨ ਨੁਕਤਾ ਕੇਵਲ ਇਹ ਹੈ ਕਿ ਗੁਰਬਾਣੀ ਵਿਚ ਗੁਰੂ ਸਾਹਿਬਾਨ ਤੇ ਉਨ੍ਹਾਂ ਦੀਆਂ ਰਚਨਾਵਾਂ ਨਾਲ ਆਏ ਅਰਬੀ ਮੂਲਕ ਸ਼ਬਦਾਂ – ਮਹਲ, ਮਹਲੁ, ਮਹਲੀਂ, ਮਹਲਾ, ਮਹਲਾਂ, ਮਹਲੇ ਤੇ ਮਹਲਤ ਦਾ ਸ਼ੁੱਧ ਉਚਾਰਣ ਕਿਵੇਂ ਕਰਨਾ ਹੈ। ਇਸ ਸੰਬੰਧ ਵਿਚ ਇਹ ਗਲ ਵਿਸ਼ੇਸ਼ ਕਰਕੇ ਚੇਤੇ ਰਖਣੀ ਹੈ ਕਿ ਇਨ੍ਹਾਂ ਸਭਨਾਂ ਸ਼ਬਦਾਂ ਦੇ ਸ਼ੁੱਧ ਉਚਾਰਣ ਲਈ ਇਕੋ ਮਾਪ-ਛੜੀ ਵਰਤਣੀ ਪਵੇਗੀ। ਐਸੀ ਸੂਰਤ ਵਿਚ ਗੁਰਬਾਣੀ ਵਿਚ ਹਰ ਥਾਂ ਇਨ੍ਹਾਂ ਪਦਾਂ ਦਾ, ਉਚਾਰਣ ਆਵੱਸ਼ ਅਧਿਕ-ਰਹਿਤ ਹੀ ਹੋਵੇਗਾ। ਹਾਂ, ਜੇ ਦੋਹੂੰ ਚੋਹੂੰ ਥਾਈਂ ਕਿਤੇ, ਕਵਿਤਾ-ਪੱਖੋਂ, ਮਾਤ੍ਰਾ

ਵਧਾਉਣ ਲਈ ਜਾਂ ਕੇਵਲ ਤੁਕਾਂਤ ਮੇਲਣ ਲਈ, ਅਧਿਕ ਵਰਤ ਲਿਆ ਗਿਆ ਹੋਵ, ਤਾਂ ਉਹ ਉਲੰਘਣਾ, ਕਦਾਚਿੱਤ, ਨੇਮ ਨਹੀਂ ਬਣ ਸਕਦੀ। ਸਗੋਂ ਅੰਗਰੇਜ਼ੀ ਮੁਹਾਵਰਾ ਹੈ ਕਿ : Exception proves the rule (ਉਲੰਘਣਾਂ ਨੇਮ ਨੂੰ ਸਿੱਧ ਕਰਦੀ ਹੈ।)

ਇਸ ਵਿਚਾਰ ਵਿਚ 'ਮਹਲਾ' ਸ਼ਬਦ ਨੂੰ 'ਮਹੱਲਾ' ਉਚਾਰਣ ਦਾ ਵਿਰੋਧੀ ਪੱਖ, ਹੱਠ-ਅਧੀਨ, ਰੋਲ ਇਹ ਮਾਰ ਰਿਹਾ ਹੈ ਕਿ ਰਾਗਾਂ ਦੇ ਸਿਰਲੇਖਾਂ ਵਿਚ ਗੁਰੂ ਵਿਅਕਤੀਆਂ "ਨਾਲ ਆਏ 'ਮਹਲਾ' ਤੇ 'ਮਹਲੁ' ਪਦਾਂ ਨੂੰ ਤਾਂ ਉਹ ਸਾਰਾ ਜ਼ੋਰ ਲਾ ਕੇ 'ਮਹੱਲਾ ੧' ਉਚਾਰਦਾ ਹੈ, ਪ੍ਰੰਤੂ ਜਦ ਇਹੀ ਤੇ ਇਨ੍ਹਾਂ ਦੇ ਹੋਰ ਸਾਥੀ ਸ਼ਬਦ ਹੇਠਾਂ, ਗੁਰਬਾਣੀ ਦੇ ਪਾਠ ਵਿਚ ਆਉਂਦੇ ਹਨ ਤਾਂ ਉਹ ਸਭ ਥਾਈਂ, ਅਧਿਕ ਤੋਂ ਬਿਨਾ, ਮਹਲਾ (ਮੈਹਲਾ) ਮਹਲੁ (ਮੈਹਲ) ਮਹਿਲ (ਮੈਹਲਿ), ਮਹਲੇ (ਮੈਹਲੇ) ਤੇ ਮਹਲਤ (ਮੈਹਲਤ) ਕਰਕੇ ਸਪਸ਼ਟ ਸ਼ੁੱਧ ਪਾਠ ਕਰਦਾ ਹੈ। ਪੁੱਛਿਆ ਜਾ ਸਕਦਾ ਹੈ ਕਿ ਇਹ ਦੋਗਲੀ (ਦੋ ਅਮਲੀ) ਕਿਉਂ ?

ਮੇਰੇ ਇਸ ਕਥਨ ਦੀ ਸਚਾਈ ਦੀ ਪ੍ਰੋੜਤਾ ਮਹੱਲਾ ਤੇ ਮਹੱਲੁ ਉਚਾਰਣ ਦੇ ਹਾਮੀ ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ, ਅਤੇ ਉਨ੍ਹਾਂ ਦੇ ਹਮ-ਖਿਆਲ ਸਾਥੀ ਸੱਜਣਾਂ ਦੇ ਉਸ ਪਾਠ ਤੋਂ ਕੀਤੀ ਜਾ ਸਕਦੀ, ਜੋ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਪਾਠ-ਬੋਧ ਸਮਾਗਮ ਸਮੇਂ, ਨਾਲੋ ਨਾਲ, ਟੇਪ-ਰੀਕਾਰਡ ਕਰੀ ਜਾਂਦੀ ਸੀ। ਉਥੇ ਕਿਸੇ ਦੇ ਰੋਲ ਮਾਰਨ ਜਾਂ ਮੁੱਕਰਨ ਦੀ ਕੋਈ ਗੁੰਜਾਇਸ਼ ਨਹੀਂ। ਇਹ ਟੇਪ ਹੋਇਆ ਪਾਠ ਕੇਂਦਰੀ ਸਿੰਘ ਸਭਾ ਪਾਸ ਮੌਜੂਦ ਹੈ।

ਦੂਜੀ ਗੱਲ :

ਅਫਸੋਸ ਹੈ ਕਿ ਅਸ਼ੋਕ ਜੀ, ਆਪਣੇ ਵਲੋਂ, ਅਗਸਤ 1979 ਨੂੰ ਛਾਪੇ ਟਰੈਕਟ ਵਿਚ ਇਹ ਗੱਲ ਨਿਰਧਾਰਤ ਨਹੀਂ ਕਰ ਤੇ ਸਮਝ ਸਕੇ ਕਿ ਗੁਰੂ ਵਿਅਕਤੀਆਂ ਨਾਲ ਆਏ 'ਮਹਲਾ' ਪਦ ਦੇ ਅਰਥ ਕੀ ਹਨ। ਉਸ ਵਿਚ ਉਨ੍ਹਾਂ ਦੀਆਂ ਆਪਾ-ਵਿਰੋਧੀ ਲਿਖਤਾਂ ਦੀ ਖਿਚੜੀ ਇਸ ਪ੍ਰਕਾਰ ਹੈ :

(ੳ) ਵੇਖੋ, ਉਨ੍ਹਾਂ ਦੇ ਟਰੈਕਟ ਦਾ ਪੰਨਾ 2 – 'ਮਹਲੇ' ਦਾ ਸਹੀ ਅਰਥ-ਭਾਵ :

'ਮਹਲ' ਲਫਜ਼ ਦਾ ਸਹੀ ਅਰਥ-ਭਾਵ ਹੈ ਇਕ ਰੂਹਾਨੀ ਜੋਤਿ ਦਾ ਦੂਜੀ ਵਿਚ ਲੀਨ ਹੋਣਾ।

(ਟਿਪਣੀ- ਖਿਮਾ ਕਰਨਾ, ਅਸ਼ੋਕ ਜੀ, ਇਹ ਅਰਥ ਤਾਂ 'ਹਲੂਲ' ਸ਼ਬਦ ਦੇ ਹਨ, 'ਮਹਲਾ' ਦੇ ਨਹੀਂ)।

ਮਹਲੁ, ਮਹਲਾ :

ਜਿਸ ਵਜੂਦ ਵਿਚ ਵਾਹਿਗੁਰੂ ਦੀ ਗੁਰੂ-ਜਯੋਤਿ ਉੱਤਰੀ, ਅਰਥਾਤ ਗੁਰੂ ਨਾਨਕ ਸਾਹਿਬ ਜੀ, ਉਨ੍ਹਾਂ ਤੋਂ ਫਿਰ ਜਿਨ੍ਹਾਂ ਵਿਚ ਉੱਤਰੀ, ਅਰਥਾਤ ਅਗਲੇ ਗੁਰੂ ਸਾਹਿਬ।' (ਟਿੱਪਣੀ—ਏਥੇ ਅਸ਼ੋਕ ਜੀ ਨੇ ਆਪੇ ਹੀ 'ਮਹਲੁ' ਤੇ 'ਮਹਲਾ' ਦੇ ਅਰਥ ਵਜੂਦ (ਕਾਇਆ, ਸਰੀਰ, ਦੇਹ) ਮੰਨ ਲਏ ਹਨ। ਧੰਨਵਾਦ।) ਪੰਨਾ 12 : ਮੁਹਸਿਨ ਫਾਨੀ ਦੀ ਪੁਸਤਕ 'ਦਬਿਸਤਾਨਿ ਮਜ਼ਾਹਿਬ' ਵਿਚੋਂ :

'ਜਦ ਗੁਰੂ ਨਾਨਕ ਨੇ ਆਪਣੀ ਜੋਤ ਗੁਰੂ ਅੰਗਦ ਵਿਚ ਰੱਖੀ, ਅਥਵਾ ਹਲੂਲ ਕੀਤੀ ਤੇ ਫੇਰ ਉਸੇ ਤਰ੍ਹਾਂ ਗੁਰੂ ਅੰਗਦ ਤੇ ਗੁਰੂ ਅਮਰ ਦਾਸ ਤੋਂ ਗੁਰੂ ਰਾਮਦਾਸ ਜੀ ਦੁਆਰਾ ਫੇਰ ਉਹ ਜੋਤਿ ਗੁਰੂ ਅਰਜਨ ਦੇਵ ਜੀ ਵਿਚ ਪ੍ਰਵੇਸ਼ ਹੋਈ।

(ਟਿੱਪਣੀ --ਏਥੇ ਮੁਹਸਿਨ ਫ਼ਾਨੀ ਵੀ ਇਕ ਜੋਤਿ ਦਾ ਦੂਜੀ ਜੋਤਿ ਵਿਚ ਹਲੂਲ ਹੋਣਾ ਲਿਖਦੇ ਹਨ, ਅਤੇ ਜਿਥੇ ਗੁਰੂ ਵਿਅਕਤੀ ਵਿਚ ਅੱਗੇ ਜਾ ਕੇ ਇਹ ਜੋਤਿ ਟਿਕੀ, ਉਸ ਨੂੰ 'ਮਹਲਾ ਕਿਹਾ ਗਿਆ ਹੈ, ਨਾ ਕਿ ਜੋਤਿ ਨੂੰ। ਇਹ ਨੁਕਤਾ ਇਸ ਲੇਖਕ ਨੇ ਅਗੇ ਜਾ ਕੇ ਸਵਿਸਥਾਰ ਸਪਸ਼ਟ ਕੀਤਾ ਹੈ। ਅਸ਼ੋਕ ਜੀ ਕਿਰਪਾ ਪੂਰਬਕ ਕਿਸੇ ਇਕ ਲੁਗਾਤ ਅਥਵਾ ਅਰਬੀ ਫ਼ਾਰਸੀ ਦੀ ਡਿਕਸ਼ਨਰੀ (ਕੋਸ਼) ਦਾ ਹਵਾਲਾ ਦੇ ਕੇ ਦੱਸਣ ਦੀ ਕਿਰਪਾ ਕਰਨ, ਜਿਥੇ ਮਹਲਾ ਜਾਂ ਮਹੱਲਾ ਦੇ ਦੇ ਅਰਥ ਜੋਤਿ ਕੀਤੇ ਗਏ ਹੋਣ। ਏਵੇਂ, ਕਲੋਂ ਮਨਘੜਤ ਜੱਕੜ ਮਾਰਨ ਤੇ ਅਢੁੱਕਵੇਂ ਪ੍ਰਮਾਣ ਦੇਣ ਦਾ ਕੀ ਲਾਭ? ਇਸ ਤਰ੍ਹਾਂ ਕਰ ਕੇ ਉਹ ਸਭ ਨੂੰ ਸਦਾ ਲਈ ਹਨੇਰੇ ਵਿਚ ਨਹੀਂ ਰੱਖ ਸਕਦੇ। ਪਤਾ ਨਹੀਂ ਉਹ ਅਰਬੀ-ਫ਼ਾਰਸੀ ਕੋਸ਼ਾਂ ਦੇ ਹਵਾਲੇ ਦੇਣੋਂ ਕਿਉਂ ਕਤਰਾਂਦੇ ਹਨ, ਜਦ ਕਿ ਉਹ ਮਹਲਾ ਸ਼ਬਦ ਨੂੰ ਅਰਬੀ-ਮੂਲਕ ਪਦ ਮੰਨਦੇ ਹਨ। ਖ਼ੈਰ, ਉਨ੍ਹਾਂ ਦੀ ਇਹ ਕਸਰ ਮੈਂ, ਅੱਗੇ ਜਾ ਕੇ, ਲੇਖ ਵਿਚ ਪੂਰੀ ਕਰ ਦਿੱਤੀ ਹੈ।

ਇਕ ਗੱਲ ਹੋਰ : ਅਸ਼ੋਕ ਜੀ ਨੇ ਟਰੈਕਟ ਦੇ ਕਈ ਪੰਨੇ ਇਸ ਗੱਲ ਉਤੇ ਕਾਲੇ ਕੀਤੇ ਹਨ ਕਿ 'ਮਹਲਾ' ਸ਼ਬਦ ਦਾ ਸੰਸਕ੍ਰਿਤ ਦੇ 'ਮਹਿਲਾ' (ਇਸਤ੍ਰੀ) ਸ਼ਬਦ ਨਾਲ ਕੋਈ ਸੰਬੰਧ ਨਹੀਂ। ਅਸਾਂ ਕਦੋਂ ਆਖਿਆ ਜਾਂ ਲਿਖਿਆ ਹੈ ਕਿ ਮਹਲਾ ਸ਼ਬਦ ਦਾ ਮਹਿਲਾ (ਸੰਸਕ੍ਰਿਤ) ਨਾਲ ਸੰਬੰਧ ਹੈ ਅਤੇ ਇਹ ਇਸਤ੍ਰੀ-ਲਿੰਗ ਹੈ?

ਅਗਲੀ ਗੱਲ : ਅਸ਼ੋਕ ਜੀ ਇਹ ਦਾਵਾ ਤਾਂ ਕਰਦੇ ਹਨ ਕਿ ਮੇਰੀਆਂ ਦਿੱਤੀਆਂ ਦਲੀਲਾਂ ਜਾਂ ਸਬੂਤ ਠੋਸ ਨਹੀਂ, ਪਰ ਸੁਵਾਦਲੀ ਗੱਲ ਇਹ ਹੈ ਕਿ ਉਨ੍ਹਾਂ ਪੰਦਰਾਂ, ਵੀਹਾਂ ਨੁਕਤਿਆਂ (ਸਬੂਤਾਂ) 'ਚੋਂ, ਜੋ ਮੈਂ ਆਪਣੇ ਪੱਖ ਵਿਚ ਪਹਿਲਾਂ ਲਿਖੇ ਲੇਖ ਵਿਚ ਦਿੱਤੇ ਸਨ, ਅਸ਼ੋਕ ਜੀ ਨੇ ਇਕ ਦਾ ਵੀ ਹਵਾਲਾ ਦੇ ਕੇ ਉੱਤਰ ਦੇਣ ਦਾ ਹੀਆ ਨਹੀਂ ਕੀਤਾ। ਅਸਲ ਗੱਲ ਇਹ ਹੈ ਕਿ ਉਨ੍ਹਾਂ ਪਾਸ ਮੇਰੇ ਵਲੋਂ ਉਠਾਏ ਗਏ ਹੱਕੀ ਨੁਕਤਿਆਂ ਦਾ ਕੋਈ ਜਵਾਬ ਨਹੀਂ। ਹਾਂ, ਮੈਂ ਉਨ੍ਹਾਂ ਵਲੋਂ, ਹਵਾਲੇ ਵਾਲੇ ਟਰੈਕਟ ਵਿਚ, ਉਠਾਏ ਗਏ ਹਰੇਕ ਨੁਕਤੇ ਦਾ ਬਾ-ਦਲੀਲ ਤੇ ਠੋਕਵਾਂ ਉੱਤਰ ਦਿੱਤਾ ਹੈ, ਤਾਂ ਜੋ ਗਲ ਸਾਫ਼ ਹੋ ਜਾਏ।

ਸੁਯੋਗ ਪਾਠਕ-ਜਨ ਠਰੰਮ੍ਹੇ ਤੇ ਖੋਜ-ਭਰਪੂਰ ਬਿਰਤੀ ਨਾਲ ਇਨ੍ਹਾਂ ਨੂੰ ਵਾਚਣ ਦੀ ਪਰਮ ਕ੍ਰਿਪਾਲਤਾ ਕਰਨ।

ਲਉ ਆਓ, ਤੇ ਹੁਣ ਵਾਚੋ ਅਸ਼ੋਕ ਜੀ ਦੇ ਆਪਾ-ਵਿਰੋਧੀ, ਕੱਚੇ ਤੇ ਨਵੇਂ ਘੜੇ 'ਸਬੂਤਾਂ' ਵਿਰੁੱਧ ਇਹ ਅਕੱਟ ਦਲੀਲਾਂ ਤੇ ਸਬੂਤ :

1. ਆਪਣੇ ਹਵਾਲੇ ਵਾਲੇ ਟਰੈਕਟ ਦੇ ਮੁੱਖ-ਸ਼ਬਦ ਦੇ ਮੁੱਢ ਵਿਚ ਸਤਿਕਾਰ ਯੋਗ ਅਸ਼ੋਕ ਜੀ ਬਾਰ ਬਾਰ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਇਹ 'ਮਹਲਾ' ਅਰਬੀ ਮੂਲਕ ਸ਼ਬਦ ਹੈ। ਇਹ ਨਿਰਣਾ ਤਾਂ ਅਰਬੀ ਡਿਕਸ਼ਨਰੀਆਂ 'ਚੋਂ, ਕਈ ਕਈ ਹਵਾਲੇ ਦੇ ਕੇ, ਲੇਖਕ ਵੀ ਸਿੱਧ ਕਰ ਚੁੱਕਿਆ ਹੈ ਕਿ ਗੁਰ-ਵਿਅਕਤੀਆਂ ਨਾਲ ਆਇਆ ਇਹ ਸ਼ਬਦ 'ਅਰਬੀ' ਬੋਲੀ ਦਾ ਪਦ ਹੈ, ਅਤੇ ਸੰਸਕ੍ਰਿਤ ਦੇ ਪਦ ਮਹਿਲਾ (ਇਸਤ੍ਰੀ) ਨਾਲ ਇਸ ਦਾ, ਕੋਈ ਸੰਬੰਧ ਨਹੀਂ ਹੈ; ਪ੍ਰੰਤੂ, ਅਸ਼ੋਕ ਜੀ ਇਸ ਹਕੀਕਤ ਉਤੇ ਕਿ ਅਰਬੀ ਬੋਲੀ ਵਿਚ ਇਸ ਦੇ ਦੋ ਸਰੂਪ ਹਨ : ਜਿਵੇਂ ਮਹੱਲਾ **(Mahalla)** ਅਤੇ 'ਮਹਲਾ' **(Mahala)**, ਪਰਦਾ ਪਾਉਣ ਦਾ ਜਾਣ ਬੁੱਝ ਕੇ ਅਸਫਲ ਛਲ

ਕਰਦੇ ਹਨ। ਇਸ ਦਾ ਸਵਿਸਥਾਰ ਜ਼ਿਕਰ ਤੇ ਹਵਾਲਾ ਅਗੇ ਲੇਖ ਵਿਚ ਦਿਤਾ ਗਿਆ। ਦੂਜਾ, ਮਹਲਾ ਪਦ, ਮਹੱਲਾ ਦਾ 'ਅਪਭ੍ਰੰਸ਼ ਰੂਪ (ਤਦ ਭਵ ਰੂਪ) ਕਰ ਕੇ ਮੰਨਿਆ ਜਾ ਸਕਦਾ ਹੈ।

2. ਅਸ਼ੋਕ ਜੀ ਨੇ ਇਕ ਪਾਕਿਸਤਾਨੀ, ਗਿਆਨੀ ਅਬਦੁੱਲਾ ਕਾਦੀਆਨੀ (ਅਹਮਦੀਆ), ਦੇ ਇਕ ਪੱਤਰ ਦਾ ਹਵਾਲਾ ਦੇ ਕੇ ਇਉਂ ਸਮਝ ਲਿਆ ਹੈ ਕਿ ਜਿਵੇਂ ਇਸ ਨਾਲ ਉਨ੍ਹਾਂ ਨੇ ਕੱਦੂ ਵਿਚ ਤੀਰ ਮਾਰਨ ਵਾਲਾ ਕਮਾਲ ਕੀਤਾ ਹੋਵੇ। ਉਨ੍ਹਾਂ ਦੇ ਵਿਚਾਰ ਵਿਚ ਮਹਾਨ ਸਿੱਖ ਵਿਦਵਾਨਾਂ ਨਾਲੋਂ, ਇਹ ਕਾਦਿਆਨੀ ਭਾਈ ਇਸ ਮਸਲੇ ਨੂੰ ਵਧੇਰੇ ਸਮਝਦਾ ਹੈ। ਆਖ਼ਰ, ਇਸ 'ਮੁਸਲਮਾਨ ਆਲਮ' ਨੇ ਇਸ ਪੱਤਰ ਵਿਚ ਅਸ਼ੋਕ ਜੀ ਤੇ ਮੇਰੇ ਵਲੋਂ, ਬਾਰ ਬਾਰ ਦੁਹਰਾਈ ਇੰਨੀ ਕੁ ਗੱਲ ਹੀ ਲਿਖੀ ਹੈ ਕਿ 'ਮਹੱਲਾ' ਅਰਬੀ ਮੂਲਕ ਸ਼ਬਦ ਹੈ, ਅਤੇ ਸਤਿਗੁਰੂਆਂ ਦੀ ਜੋਤ ਇਕੋ ਸੀ, ਜੋ ਕਾਇਆਂ ਬਦਲਣ ਸਮੇਂ ਇਕ ਸਰੀਰ ਤੋਂ ਦੂਸਰੇ ਸਰੀਰ ਵਿਚ ਜਾ ਟਿਕਦੀ ਰਹੀ।'

ਅਸ਼ੋਕ ਜੀ ਦੀ ਸਾਹਿਤਕ (ਸਹਾਫਤੀ) ਈਮਾਨਦਾਰੀ ਦਾ ਇਹ ਆਲਮ ਹੈ ਕਿ ਆਪਣੇ ਪੱਤਰ ਵਿਚ ਇਸ ਮੁਸਲਮਾਨ 'ਆਲਮ' ਨੇ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਜੋ—'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ' ਵਾਲੀ ਤੁੱਕ ਦਾ ਹਵਾਲਾ ਦਿੱਤਾ ਹੈ, ਉਸ ਨੂੰ ਅਸ਼ੋਕ ਜੀ ਨੇ ਇਸ ਲਈ ਛੱਡ ਦਿਤਾ ਹੈ ਕਿ ਇਸ ਨਾਲ ਉਨ੍ਹਾਂ ਦੀ ਵਿਚਾਰਧਾਰਾ ਦੇ ਉਲਟ, 'ਮਹਲਾ' ਦੇ ਅਰਥ ਕਾਇਆਂ, ਸਰੀਰ ਜਾਂ ਵਜੂਦ ਸਿੱਧ ਹੋ ਜਾਂਦੇ ਹਨ, ਜਦ ਕਿ ਉਹ, ਅਸ਼ੁੱਧ ਧਾਰਨਾ ਅਧੀਨ, 'ਮਹਲਾ' ਦਾ ਮਨਘੜਤ ਅਰਥ, ਜੋਤਿ ਸਮਝਦੇ ਹਨ।

ਭਲਾ ਸੋਚੋ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਤਮਾ ਤਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਤਮਾ ਨਾਲ, ਜਾਂ ਵਿਚ ਹਲੂਲ ਹੋ ਗਈ; ਪ੍ਰੰਤੂ, ਹੋਈ ਕਿੱਥੇ? ਉੱਤਰ ਹੈ: ਪਹਿਲੀ ਕਾਇਆ ਬਿਨਸ ਜਾਣ ਉਤੇ ਆਪਣੇ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਕਾਇਆਂ (ਵਜੂਦ) ਅਥਵਾ 'ਮਹਲ' ਵਿਚ।

ਸੋ, ਮਹੱਲਾ (ਅਰਬੀ) ਪਦ ਦੇ ਅਰਥ ਹਨ—ਉਹ ਮੁਕਾਮ, ਟਿਕਾਣਾ, ਅਸਥਾਨ, ਮੰਜ਼ਲ, ਕਾਇਆਂ, ਅੰਤਰਕਰਣ ਆਦਿ, ਜਿਥੇ 'ਗੁਰੂ ਜੋਤੀ' ਉੱਤਰੀ ਜਾਂ ਟਿਕੀ। ਇਹੀ ਕਾਰਨ ਹੈ ਕਿ ਭਾਈ ਸਾਹਿਬ ਵੀਰ ਸਿੰਘ ਜੀ, ਪ੍ਰੋ. ਤੇਜਾ ਸਿੰਘ ਜੀ ਤੇ ਪ੍ਰੋ. ਸਾਹਿਬ ਸਿੰਘ ਜੀ ਆਦਿ ਪ੍ਰਸਿੱਧ ਤੇ ਸੂਝਵਾਨ ਵਿਦਵਾਨਾਂ ਨੇ ਗੁਰੂ ਵਿਅਕਤੀਆਂ ਨਾਲ ਆਏ ਪਦਾਂ—'ਮਹਲੁ' ਤੇ 'ਮਹਲਾ' ਦੇ ਅਰਥ ਕਾਇਆਂ, ਸਰੀਰ ਜਾਂ ਵਜੂਦ ਕੀਤੇ ਹਨ। ਵੈਸੇ, ਪਾਠਕਾਂ ਦੇ ਲਾਭ ਤੇ ਜਾਣਕਾਰੀ ਲਈ ਇਸ ਲੇਖ ਦੇ ਅੰਤ ਵਿਚ ਪ੍ਰੋ: ਸਾਹਿਬ ਸਿੰਘ ਜੀ ਵਲੋਂ 'ਮਹਲਾ' ਤੇ 'ਮਹਲੁ' ਪਦ ਦੇ ਕੀਤੇ ਚਾਰ ਪ੍ਰਕਾਰ ਦੇ ਅਰਥ ਅੰਕਿਤ ਕਰ ਦਿਤੇ ਗਏ ਹਨ।

3. ਅੱਗੇ ਜਾ ਕੇ, ਅਸ਼ੋਕ ਜੀ, ਆਪਣੇ ਪੱਖ ਦੇ ਹੱਕ ਵਿਚ 'ਮਹੱਲਾ ਸ਼ਬਦ ਦੇ ਅਰਥ ਤੇ ਉਚਾਰਣ ਬਾਰੇ ਭਾਈ ਵੀਰ ਸਿੰਘ ਜੀ ਦਾ ਅੰਤਿਮ ਫੈਸਲਾ' ਦਿੰਦੇ ਹਨ। ਇਹ ਫੈਸਲਾ ਕੀ ਹੈ? ਜ਼ਰਾ ਤੁਸੀਂ ਵੀ ਗਹੁ ਨਾਲ ਵਾਚ ਲਵੋ:

'ਮਹਲੁ, ਮਹਲਾ : ਜਿਸ ਵਜੂਦ ਵਿਚ ਵਾਹਿਗੁਰੂ ਦੀ 'ਗੁਰੂ ਜੋਤਿ' ਉਤਰੀ, ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ, ਉਨ੍ਹਾਂ ਤੋਂ ਫਿਰ ਜਿਨ੍ਹਾਂ ਵਿਚ ਉੱਤਰੀ, ਅਰਥਾਤ—ਅਗਲੇ ਗੁਰੂ ਸਾਹਿਬ।... ਗੁਰੂ ਸਾਹਿਬਾਂ ਦੇ ਸਮੇਂ ਇਕ ਫਾਰਸੀ ਦਾ ਲੇਖਕ 'ਮਹਲ' ਦਾ ਇਹੋ ਅਰਥ ਲਿਖ ਗਿਆ ਹੈ,

(ਏਥੇ ਇਸ਼ਾਰਾ ਮੁਹਸਿਨ-ਫ਼ਾਨੀ ਵੱਲ ਹੈ।)...ਮਹਲ ਪਦ ਅਰਬੀ ਮੂਲਕ ਹੈ, ਪਰ ਪੰਜਾਬੀ ਲਹਿਜੇ ਵਿਚ ਪਦ 'ਮਹੱਲ' ਅਕਸਰ ਅਧਿਕ ਤੋਂ ਬਿਨਾਂ 'ਮਹਲ' ਉਚਾਰਣ ਹੁੰਦਾ ਹੈ।...'

ਪਾਠਕ ਜੀ! ਹੁਣ ਆਪ ਹੀ ਨਿਰਣਾ ਕਰ ਲਵੋ ਕਿ ਅਸ਼ੋਕ ਜੀ ਕਿਵੇਂ ਭਾਈ ਸਾਹਿਬ ਭਾਈ ਵੀਰ ਜੀ ਦਾ ਹਵਾਲਾ ਦੇ ਕੇ, ਕੁੜਿੱਕੀ ਵਿਚ ਫਸ ਗਏ ਹਨ। ਭਾਈ ਸਾਹਿਬ ਤਾਂ ਸਪੱਸ਼ਟ ਲਿਖ ਰਹੇ ਹਨ ਕਿ ਪੰਜਾਬੀ ਲਹਿਜੇ ਵਿਚ ਪਦ 'ਮਹੱਲ' ਅਕਸਰ ਅਧਿਕ ਤੋਂ ਬਿਨਾਂ, 'ਮਹਲ' ਉਚਾਰਣ ਹੁੰਦਾ ਹੈ, ਅਤੇ ਇਸ ਦੇ ਅਰਥ ਵਜੂਦ, ਕਾਇਆਂ, ਸਰੀਰ ਹਨ।

(ਵੇਖੋ ਸੰਥਯਾ, ਸ੍ਰੀ ਗੁਰੂ ਗਰੰਥ ਸਾਹਿਬ, ਪੋਥੀ 1, ਸੰਨ 1972, ਸਫਾ 180)

ਫੇਰ ਝਗੜਾ ਕਿਸ ਗੱਲ ਦਾ ਰਿਹਾ ? ਅਸੀਂ ਵੀ ਤਾਂ ਬਾਰ ਬਾਰ ਇਹੋ ਹੀ ਬੇਨਤੀ ਕਰਦੇ ਹਾਂ ਕਿ ਮਹਲ ਤੇ ਇਸ ਦੇ ਸਾਥੀ ਸ਼ਬਦ, ਪੰਜਾਬੀ ਅਥਵਾ ਗੁਰਬਾਣੀ ਵਿਚ ਉਚਾਰਣ ਸਮੇਂ ਅਧਿਕ ਤੋਂ ਬਿਨਾਂ ਮਹਿਲਾ, ਮਹਲ, ਮਹਲੁ, ਮਹਲਿ, ਮਹਲੀ, ਮਹਲਤ ਕਰਕੇ ਉਚਾਰੇ ਜਾਣੇ ਸ਼ੁੱਧ ਹਨ।

ਅਸ਼ੋਕ ਜੀ ਦੇ ਏਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ 'ਅੰਤਿਮ ਫੈਸਲੇ' ਅਨੁਸਾਰ ਆਪ ਹੀ 'ਮਹਲਾ ਜਾਂ ਮਹਲ' ਸ਼ਬਦ ਦੇ ਉਚਾਰਣ ਨੂੰ ਅਧਿਕ (ਤਸ਼ਦੀਦ) ਰਹਿਤ ਮੰਨ ਲੈਣ ਨਾਲ ਇਹ ਅਹਿਮ ਮਸਲਾਂ ਹਲ ਹੋ ਜਾਂਦਾ ਹੈ। ਉਨ੍ਹਾਂ ਦਾ ਬਹੁਤ ਬਹੁਤ ਧੰਨਵਾਦਿ, ਜੋ ਉਹ ਸਾਡੀ ਹੱਕੀ ਗੱਲ ਨੂੰ ਆਪੇ ਹੀ ਮੰਨ ਗਏ ਹਨ। ਜੇ ਉਨ੍ਹਾਂ ਦੇ ਹਮ-ਖਿਆਲ ਵੀ ਹੱਠ ਨਾ ਕਰਨ ਤਾਂ ਕਿਆ ਕਹਿਣੇ।

ਏਸੇ ਤਰ੍ਹਾਂ ਅਸ਼ੋਕ ਜੀ, ਡਾ. ਗੰਡਾ ਸਿੰਘ ਜੀ ਦੀ ਪੁਸਤਕ **Nanak Panthies** ਵਿਚ ਜੋ 'ਦਬਿਸਤਾਨਿ ਮਜ਼ਾਹਿਬ' ਦੇ ਸਿਖਾਂ ਨਾਲ ਸੰਬੰਧਤ ਹਿੱਸੇ ਦਾ ਅਨੁਵਾਦ ਹੈ, ਵਿਚੋਂ ਹਵਾਲਾ ਦਿੰਦੇ ਹਨ ਕਿ 'ਡਾਕਟਰ ਸਾਹਿਬ ਨੇ ਓਥੇ ਹਰੇਕ ਥਾਂ ਮਹਲ ਨੂੰ **Mahal** ਲਿਖਿਆ ਹੈ।' ਸ੍ਰੀ ਮਾਨ ਜੀ, 'ਮਹਲ' ਨੂੰ **Mahal** ਕਰਕੇ ਲਿਖਿਆ ਜਾਂਦਾ ਹੈ, ਨਾ ਕਿ ਮਹੱਲ ਨੂੰ। ਮਹੱਲ ਨੂੰ ਤਾਂ ਅੰਗਰੇਜ਼ੀ ਵਿਚ ਸਦਾ **Mahall** (ਡਬਲ ਐਲ) ਨਾਲ ਲਿਖਣਾ ਦਰੁਸਤ ਹੈ। ਸੋ, ਡਾ. ਸਾਹਿਬ ਨੇ **Mahal** ਮਹਲ ਲਿਖ ਕੇ ਦਰੁਸਤ ਬਾਤ ਕੀਤੀ ਹੈ।

5. ਅਸਾਂ ਗੁਰਮਤਿ ਪ੍ਰਕਾਸ਼ ਦੇ ਅੰਕ ਮਾਰਚ 1979, ਪੰਨਾ 36 ਉੱਤੇ ਛਪੇ ਲੇਖ ਵਿਚ ਗੁਰਬਾਣੀ ਦੀ ਲਿਖਣ ਸ਼ੈਲੀ ਅਨੁਸਾਰ, ਹੋਰ ਬਹੁਤ ਸਾਰੇ ਅਜਿਹੇ ਸ਼ਬਦ ਦਿਤੇ ਗਏ ਸਨ, ਜਿਨ੍ਹਾਂ ਦਾ ਉਚਾਰਣ ਗੁਰਬਾਣੀ ਲਿਖਣ-ਵਿਧੀ ਜਾਂ ਸ਼ੈਲੀ ਅਨੁਸਾਰ, ਮਹਲ ਜਾਂ ਮਹਲੇ ਵਾਂਗ ਹੀ ਹੁੰਦਾ ਹੈ; ਜਿਵੇਂ - ਹੋਰ ਸ਼ਬਦ ਗਹਣਾ, ਕਹਣਾ, ਗਹਲਾ, ਟਹਲ, ਰਹਤ, ਬਹਤ, ਪਹਰ, ਸ਼ਹਰ, ਕਹਰ ਆਦਿ; ਪ੍ਰੰਤੂ, ਅਸ਼ੋਕ ਜੀ ਨੂੰ ਇਤਰਾਜ਼ ਇਹ ਹੈ ਕਿ ਇਹ ਪੰਜਾਬੀ ਤੇ ਹੋਰ ਬੋਲੀਆਂ ਦੇ ਸ਼ਬਦ ਹਨ (ਹਾਲਾਂਕਿ ਇਨ੍ਹਾਂ ਵਿਚ ਅਰਬੀ, ਫ਼ਾਰਸੀ ਦੇ ਪਦ ਵੀ ਹਨ) ਜਦ ਕਿ 'ਮਹਲਾ' ਅਰਬੀ ਦਾ ਸ਼ਬਦ ਹੈ। ਵੈਸੇ, ਹੈ ਤਾਂ ਇਹ ਇਤਰਾਜ਼ ਉੱਕਾ ਹੀ ਨਿਰਮੂਲ; ਪ੍ਰੰਤੂ, ਫੇਰ ਵੀ ਅਸੀਂ ਆਪਣੇ ਵੱਡੇ ਵੀਰ 'ਅਸ਼ੋਕ' ਜੀ ਦੀ ਤਸੱਲੀ ਲਈ, ਬਹੁਤ ਕਰ ਕੇ ਗੁਰਬਾਣੀ 'ਚੋਂ ਹੀ, ਅਰਬੀ ਫ਼ਾਰਸੀ ਦੇ ਐਸੇ ਸ਼ਬਦ ਪੇਸ਼ ਕਰਦੇ ਹਾਂ, ਜਿਨ੍ਹਾਂ ਦਾ ਦੂਜਾ ਅੱਖਰ 'ਹ' ਮੁਕਤਾ ਹੈ ਅਤੇ ਉਚਾਰਣ ਐਨ ਮਹਲਾ (ਮੈਹਲਾ) ਮਹਲ (ਮੈਹਲ) ਜਾਂ ਮਹਲੇ (ਮੈਹਲੇ) ਸਮਾਨ ਹੈ। ਇਹ ਪਦ ਹਨ :

1. ਮਹਜਰ —(ਅ) 'ਮਹਜਰੁ ਝੂਠਾ ਕੀਤੋਨੁ ਆਪਿ' (ਮ. 5)

2. ਸ਼ਹਨਾਈ (ਫ) 'ਤੂਤੀ, ਨਫ਼ੀਰੀ। (...ਕਹਾ ਫੇਰੀ ਸ਼ਹਨਾਈ) 417 (ਨਾਮਦੇਵ)
3. ਸਹਨਕ (ਫ) ਰਕੇਬ, ਥਾਲੀ—'ਸਹਨਕ ਸਭ ਸੰਸਾਰ।'
4. ਜ਼ਹਰ (ਫ)
5. ਸ਼ਹਰ (ਫ) 'ਸਹਰੁ ਜਹਰੁ ਕਹਰੁ ਸਵਾ ਪਹਰੁ' (ਮ. 4)
6. ਕਹਰ (ਅ)
7. ਸਹਰਾ (ਅ) (ਰੇਗਿਸਤਾਨ) 8. ਸਹਲ (ਅ) ਸੌਖਾ।
9. ਤਹਕੀਕ (ਅ) 'ਤਹਕੀਕ ਦਿਲ ਦਾਨੀ.. (ਮ. 1) 10. ਤਹਰੀਰ (ਅ) ਲਿਖਤ।
11. ਦਹਨ, ਦਹਨੁ (ਅ) ਦੂਤਹ ਦਹਨੁ ਭਇਆ...(ਮ. 5) 12. ਅਹਸਾਨ (ਅ)।
13. ਅਹਦੀ (ਅ) ਸਵਾਰਾਂ ਦਾ ਇਕ ਖ਼ਾਸ ਟੁਕੜਾ। 14. ਅਹਮ (ਅ)।
15. ਅਹਮਦ (ਅ) (ਸਲਾਹਿਆ ਗਿਆ)। 16. ਮਹਬੂਸ (ਕੈਦੀ) ਅ।
17. ਮਹਮਿਲ (ਅ) ਕਚਾਵਾ (ਊਠ ਦੀ ਕਾਠੀ)।
18. ਬਹਰ (ਅ)। 19. ਰਹਮ (ਅਰਬੀ) 20. ਰਹਮਤ (ਅ)।
21. ਰਹਮਾਨ (ਅ) ਭਿਸਤੁ ਨਜ਼ੀਕਿ ਰਾਖੁ ਰਹਮਾਨਾ ॥ (ਕਬੀਰ)
22. ਰਹਰਾਸ (ਅ) ਤਿਸ ਆਗੈ ਰਹਰਾਸਿ ਹਮਾਰੀ ਸਾਚਾ ਅਪਰ ਅਪਾਰੋ ॥ (ਸਿਧ ਗੋਸ਼ਟਿ)

ਨੋਟ: 1 ਅਸ਼ੋਕ ਜੀ ਨੂੰ ਇਤਰਾਜ਼ ਸੀ ਕਿ ਪਹਿਲੇ ਲੇਖ ਵਿਚ ਅਰਬੀ ਫ਼ਾਰਸੀ ਤੋਂ ਭਿੰਨ ਬੋਲੀਆਂ ਦੇ ਸਮਾਨ ਉਚਾਰਣ ਵਾਲੇ ਸ਼ਬਦ ਦੇ ਕੇ ਅਸਾਂ ਵੱਖ ਵੱਖ ਬੋਲੀਆਂ ਤੇ ਦੇਸ਼ਾਂ ਦੇ ਸਿਪਾਹੀ, ਇਕ ਥਾਂ ਇਕੱਠੇ ਕਰਨ ਵਾਲੀ ਗੱਲ ਕੀਤੀ ਹੈ। ਸੀ ਤਾਂ ਇਹ ਇਤਰਾਜ਼ ਫ਼ਜ਼ੂਲ, ਪਰ ਫਿਰ ਵੀ ਅਸਾਂ ਕੇਵਲ ਅਰਬੀ ਫ਼ਾਰਸੀ ਦੇ ਸ਼ਬਦ ਦੇ ਕੇ, ਉਨ੍ਹਾਂ ਦਾ ਘਰ ਪੂਰਾ ਕਰਨ ਦਾ ਨਿਮਾਣਾ ਜਿਹਾ ਜਤਨ ਕੀਤਾ ਹੈ। ਆਸ ਹੈ ਕਿ ਖਿਡਾਰੀ-ਭਾਵਨਾ ਅਧੀਨ ਹੁਣ ਉਹ ਆਪਣਾ ਗਲਤ ਹੱਠ ਛੱਡ ਦੇਣਗੇ, ਅਤੇ ਅੱਗੇ ਲਈ ਨਾ ਕੇਵਲ ਆਪ ਹੀ ਰਾਹਿ-ਰਾਸਤ ਉਤੇ ਆਉਣ ਦਾ ਪੁੰਨ-ਕਰਮ ਕਰਨਗੇ, ਸਗੋਂ ਹੋਰ ਅਨੇਕਾਂ ਭੋਲੇ ਭਾਲੇ ਤੇ ਵਿਸ਼ਵਾਸੀ ਵੀਰਾਂ ਨੂੰ ਵੀ ਅਸ਼ੁੱਧ-ਉਚਾਰਣ ਦੀ ਗੁਰੂ-ਅਵੱਗਿਆ ਤੋਂ ਬਚਾਉਣਗੇ।

ਨੋਟ: 2 ਮਹਾਨ ਕੋਸ਼ ਵਿਚੋਂ ਲਏ ਗਏ ਉਪ੍ਰੋਕਤ ਪਦਾਂ ਅੱਗੇ ਲਿਖੇ ਅੱਖਰ 'ਅ' ਤੋਂ ਮੁਰਾਦ ਅਰਬੀ ਹੈ ਅਤੇ 'ਫ' ਤੋਂ ਫ਼ਾਰਸੀ।

ੳ) ਅਸ਼ੋਕ ਜੀ ਦੂਜੇ ਸਬੂਤ ਵਜੋਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 48ਵੀਂ ਪਉੜੀ ਦੀ ਇਕ ਤੁਕ ਦਾ ਹਵਾਲਾ ਦਿੰਦੇ ਲਿਖਦੇ ਹਨ ਕਿ ਹੱਥ ਲਿਖਤਾਂ ਵਿਚ ਇਹ ਤੁਕ—ਪੁਛਨਿ ਸਿੱਖ ਅਰਦਾਸ ਕਰ 'ਛਿਅ ਮਹੱਲਾ' ਤਕਿ ਦਰਸੁ ਨਿਹਾਰੀਂ' ਹੈ, ਤੇ ਇਸ ਵਿਚ 'ਮਹਲਾ' ਦੇ 'ਹ' ਨੂੰ ਸਿਹਾਰੀ ਨਹੀਂ ਹੈ।

ਵੇਖੋ, ਛਿਅ ਮਹੱਲਾ ਕੋਈ ਪਾਠ ਨਹੀਂ ਬਣਦਾ। 'ਛਿਅ ਬਹੁਵਚਨ ਗਿਣਤੀ-ਵਾਚਕ ਵਿਸ਼ੇਸ਼ਣ ਹੈ, ਅਤੇ ਇਸ ਨਾਲ 'ਛਿਅ ਮਹਲੇ' ਜਾਂ ਮਹੱਲੇ ਤਾਂ ਆ ਸਕਦਾ ਹੈ, ਮਹੱਲਾ (ਇਕ ਵਚਨ) ਕਿਸੇ ਸੂਰਤ ਵਿਚ ਨਹੀਂ ਆ ਸਕਦਾ। ਹਾਂ, ਮਹਲਾ ਛੇਵਾਂ, ਪੰਜਵਾਂ ਜਾਂ ਨੌਵਾਂ ਸ਼ੁੱਧ ਪਾਠ ਹੈ। ਪ੍ਰੰਤੂ, ਅਸ਼ੋਕ ਜੀ ਵਾਲੇ ਖਰੜਿਆਂ ਵਿਚ ਤਾਂ 'ਛਿਅ' ਪਦ ਪਹਿਲੇ ਛਿਆਂ ਗੁਰੂ ਸਾਹਿਬਾਨ ਦਾ ਸੂਚਕ ਹੈ।

ਹਰੇਕ ਭਾਸ਼ਾ ਵਿਗਿਆਨ ਜਾਂ ਵਿਆਕਰਣ ਦਾ ਸਾਧਾਰਣ ਬੋਧ ਰੱਖਣ ਵਾਲਾ ਸੱਜਣ ਵੀ ਏਥੇ ਸਾਡੇ ਵਿਚਾਰਾਂ ਨਾਲ ਸਹਿਮਤ ਹੋਵੇਗਾ।

ਇਸ ਸੰਬੰਧ ਵਿਚ ਬਿਨੈ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੇ ਨਾਨਾ ਸਾਹਿਬ, ਗਿਆਨੀ ਹਜ਼ਾਰਾ ਸਿੰਘ, ਅਤੇ ਭਾਈ ਸਾਹਿਬ ਨੇ ਵਾਰਾਂ ਭਾਈ ਗੁਰਦਾਸ ਦਾ ਟੀਕਾ (ਸਤਵੀਂ ਐਡੀਸ਼ਨ, 1962) ਕੀਤਾ ਹੈ, ਉਸ ਵਿਚ ਪਦ 'ਮਹਿਲਾ' (ਬਹੁ ਵਚਨ) ਸਪਸ਼ਟ ਸ਼ੁੱਧ ਸਰੂਪ ਵਿਚ ਅੰਕਿਤ ਹੈ। ਏਥੇ ਇਸ ਪਦ ਦਾ ਉਚਾਰਣ ਤਰੈਕਾਲ 'ਮਹੱਲਾ' ਨਹੀਂ ਹੋ ਸਕਦਾ, ਕਿਉਂਕਿ ਏਥੇ ਇਸ ਵਿਚ 'ਹ' ਨੂੰ ਸਿਹਾਰੀ (ਿ) ਲੱਗੀ ਹੋਈ ਹੈ, ਅਤੇ ਕੰਨੇ ਨਾਲ ਬਿੰਦੀ ਵੀ। ਹੁਣ ਜ਼ਰਾ ਅਸ਼ੋਕ ਜੀ ਦੇ ਖਰੜਿਆਂ ਦੀ ਇਸ ਤੁੱਕ ਨੂੰ ਇਉਂ ਪੜ੍ਹ ਕੇ ਵੇਖੋ:

ਪੂਛਨਿ ਸਿਖ ਅਰਦਾਸਿ ਕਰਿ, ਛਿਅ ਮਹੱਲਾ ਤਕਿ ਦਰਸੁ ਨਿਹਾਰੀ॥

ਕਿ ਬੋਲੀ, ਕਵਿਤਾ ਤੇ ਵਿਆਕਰਣ ਪੱਖੋਂ ਇਹ ਪਾਠ ਸ਼ੁੱਧ ਹੈ? ਕੀ ਇਸ ਦੀ ਰਵਾਨੀ (ਚਾਲ) ਠੀਕ ਹੈ? ਨਹੀਂ, ਕਦਾਚਿਤ ਨਹੀਂ। ਇਹ ਤਾਂ 'ਤੇਲੀ ਰੇ ਤੇਲੀ' ਤੇਰੇ ਸਿਰ ਪਰ ਕੋਹਲੂ ਵਾਲੀ' ਗੱਲ ਹੈ। ਅਸ਼ੋਕ ਜੀ ਜਿਹੇ ਬਜ਼ੁਰਗ ਵਿਦਵਾਨ ਨੂੰ ਸ਼ੁੱਧ ਬੋਲੀ-ਨੇਮਾਂ ਦੀਆਂ ਸਭ ਕੀਮਤਾਂ ਛਿੱਕੇ ਉਤੇ ਟੰਗ ਕੇ ਇਉਂ ਜ਼ਿਦ ਤੇ ਧਰਮ ਨਾਲੋਂ ਧੜਾ ਪਿਆਰਾ ਕਰਨਾ ਨਹੀਂ ਸੋਭਦਾ।

ਹਾਂ, 'ਮਹਿਲਾਂ' (ਮੈਹਲਾਂ) ਉਚਾਰਣ ਕਰਨ ਨਾਲ ਕਿਸੇ ਪੱਖੋਂ ਕੋਈ ਵੀ ਦੋਸ਼ ਇਸ ਤੁੱਕ ਵਿਚ ਨਹੀਂ ਆਉਂਦਾ। ਕਿਉਂ, ਵੀਰ ਅਸ਼ੋਕ ਜੀ, ਹੈ ਨਾ ਇਹ ਭਾਈ ਸਾਹਿਬ ਵੀਰ ਸਿੰਘ ਜੀ ਦਾ 'ਮਹਲਾ' ਪਦ ਦੇ ਸੌ ਹੀ ਸਦੀ ਸ਼ੁੱਧ ਉਚਾਰਣ ਬਾਰੇ ਅੰਤਿਮ ਫੈਸਲਾ? ਵੇਖਣਾ, ਹੁਣ ਇਸ ਫੈਸਲੇ ਤੋਂ ਭੱਜਣਾ ਨਹੀਂ ਜੇ।

ਏਥੇ ਹੀ ਦੂਜੀ ਤੁਕ 'ਅਰਜਨ ਕਾਇਆਂ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ' ਵੀ ਖਾਸ ਨੋਟ ਕਰਨ ਯੋਗ ਹੈ। 'ਕਾਇਆਂ' ਦਾ ਅਰਥ ਹੈ: ਸਰੀਰ, ਦੇਹ, ਵਜੂਦ।

(ੳ) ਸਟੀਕ ਵਾਰਾਂ ਭਾਈ ਗੁਰਦਾਸ ਜੀ ਦੀ ਛੇਵੀਂ ਐਡੀਸ਼ਨ, ਦਸੰਬਰ, 1951 ਦੀ ਅਰੰਭਕ ਬੇਨਤੀ ਵਿਚ ਭਾਈ ਸਾਹਿਬ ਦੇ ਇਹ ਸ਼ਬਦ ਵਾਚਨਯੋਗ ਹਨ:

"ਇਸ ਐਡੀਸ਼ਨ ਦੇ ਪ੍ਰਕਾਸ਼ਨ ਸਮੇਂ ਵਾਰਾਂ ਦੇ ਮੂਲ ਪਾਠ, ਇਕ ਅਤੀ ਪੁਰਾਤਨ ਲਿਖਤੀ ਨੁਸਖੇ ਨਾਲ ਸੋਧ ਕੇ ਛਾਪੇ ਗਏ ਹਨ।"

ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਛਾਪੀਆਂ ਵਾਰਾਂ ਭਾਈ ਗੁਰਦਾਸ ਜੀ (ਦੂਜੀ ਵਾਰ, ਜੂਨ 1964) ਵਿਚ ਵੀ ਇਸ ਤੁਕ ਦਾ ਜੋੜ 'ਮਹਿਲਾਂ' (ਬਹੁ-ਵਚਨ) ਕਰਕੇ ਹੀ ਸ਼ੁੱਧ ਮੰਨਿਆ ਤੇ ਛਾਪਿਆ ਗਿਆ ਹੈ।

(ਅ) ਹੋਰ ਵੇਖੋ: ਮੇਰੇ ਭੋਲੇ ਵੀਰ ਅਸ਼ੋਕ ਜੀ ਆਪਣੇ ਪੱਖ ਵਿਚ ਆਪਾ-ਵਿਰੋਧੀ ਪਹਿਲਾ ਸਬੂਤ ਅੰਕਿਤ ਕਰਨ ਤੋਂ ਪਹਿਲਾਂ ਉਪਰਲੇ ਪਹਿਰੇ ਵਿਚ ਸਪਸ਼ਟ ਲਿਖਦੇ ਹਨ:

"...ਇਸ ਲਈ ਇਸ 'ਮਹਲਾ' ਸ਼ਬਦ ਦਾ ਅਰਥ-ਭਾਵ, ਦੇਹ ਨਹੀਂ, ਸਗੋਂ ਜੋਤਿ ਨਾਲ ਜੋਤ ਰਲਣੀ ਹੈ।"

ਸਾਰੇ ਅਰਬੀ ਫਾਰਸੀ ਦੇ ਵਿਦਵਾਨ, ਅਰਬੀ-ਫਾਰਸੀ ਡਿਕਸ਼ਨਰੀਆਂ, ਭਾਈ ਸਾਹਿਬ ਕਾਨ੍ਹ

ਸਿੰਘ, ਭਾਈ ਵੀਰ ਸਿੰਘ ਜੀ, ਪ੍ਰਿੰ. ਤੇਜਾ ਸਿੰਘ ਜੀ ਅਤੇ ਪ੍ਰੋ. ਸਾਹਿਬ ਸਿੰਘ ਜੀ ਆਦਿ ਵਿਦਵਾਨ ਤਾਂ ਮਹਲਾ ਦੇ ਇਹ ਅਰਥ ਕਰਦੇ ਹਨ :

(ੳ) ਲੁਗਾਤਿ ਫੀਰੋਜ਼ੀ : ਉਤਰਨ ਕੀ ਜਗਹ, ਮੰਜ਼ਿਲ, ਆਦਮੀਓਂ ਕਾ ਮੁਕਾਮ, ਮਜ਼ਾਜ਼ਨ-ਸ਼ਹਿਰ ਦਾ ਕੋਨਾ, ਕੂਚਾ, ਗਲੀ ਕੂਚਾ, ਸ਼ਹਿਰ ਦਾ ਹਿੱਸਾ।

(ਅ) ਐਫ ਸਟੈਨਗਾਸ ਦੀ ਫ਼ਾਰਸੀ ਅੰਗਰੇਜ਼ੀ ਡਿਕਸ਼ਨਰੀ ਦੇ ਪੰਨਾ 1189 ਅਤੇ ਮਿਸਟਰ ਜੋਹਨ ਐਫ ਪਲੈਟਸ ਦੀ ਡਿਕਸ਼ਨਰੀ ਦੇ ਪੰਨਾ 1010 ਉਤੇ ਮਹਲ (Mahal) ਤੇ ਮਹੱਲ (Mahall) ਦੋਵੇਂ ਸਰੂਪ ਦਿਤੇ ਗਏ ਹਨ। ਅਰਥ ਹਨ :

ਉਤਰਨ ਦੀ ਥਾਂ, ਠਹਿਰਨਾ, ਜਗਹ, ਰਿਹਾਇਸ਼ ਦੀ ਥਾਂ, ਮਕਾਨ, ਘਰ ਸ਼ਾਨ, ਵੱਡਾ ਰੁਤਬਾ, ਬਿਲਡਿੰਗ ਆਦਿ।

(ੲ) ਉਪ੍ਰੋਕਤ ਲਿਖੇ ਸਿਖ-ਵਿਦਵਾਨ ਵੀ ਮਹਲਾ ਦੇ ਅਰਥ – ਵਜੂਦ, ਸਰੀਰ ਦੇਹ ਤੇ ਕਾਇਆਂ ਵੀ ਕਰਦੇ ਹਨ, ਜੋ ਮਕਾਨ, ਘਰ ਆਦਿ ਵਾਂਗ ਜੋਤ ਦੇ ਠਹਿਰਨ ਦੀ ਥਾਂ ਹੈ। ਦੂਜੇ, ਇਹ ਸਭ ਵਿਦਵਾਨ ਜਿਥੇ ਇਹ ਜਾਣਦੇ ਹਨ ਕਿ 'ਮਹਲਾ' ਅਰਬੀ ਮੂਲ ਦਾ ਸ਼ਬਦ ਹੈ, ਓਥੇ ਇਹ ਵੀ ਜਾਣਦੇ ਹਨ ਕਿ 'ਬਾਣੀ' ਵਿਚ ਇਹ ਤਦਭਵ ਰੂਪ ਵਿਚ ਵਰਤਿਆ ਗਿਆ ਹੈ, ਅਤੇ ਇਸ ਦਾ ਉਚਾਰਣ 'ਮਹਿਲਾ' (Mahala) ਹੈ। ਏਸੇ ਤਰ੍ਹਾਂ ਹੀ 'ਮਹਲ, ਮਹਲੁ' ਦਾ ਵੀ ਮਹਿਲ (Mahal) ਕਰਨਾ ਸ਼ੁਧ ਹੈ।

ਉਪ੍ਰੋਕਤ ਪ੍ਰਮਾਣੀਕ ਅਰਬੀ-ਫ਼ਾਰਸੀ ਕੋਸ਼ਾਂ ਵਿਚ ਦਿੱਤੇ ਅਰਥਾਂ ਅਤੇ ਭਾਈ ਸਾਹਿਬ ਭਾਈ ਵੀਰ ਸਿੰਘ, ਭਾਈ ਸਾਹਿਬ ਕਾਨ੍ਹ ਸਿੰਘ ਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਵਲੋਂ ਕੀਤੇ ਅਰਥਾਂ ਵਿਚ ਕਿਤੇ ਵੀ ਇਹ ਅਰਥ ਨਹੀਂ ਮਿਲਦੇ ਕਿ ਮਹਲ ਜਾਂ ਮਹਲਾ ਦੇ ਅਰਥ ਜੋਤਿ ਹਨ, ਅਤੇ ਥਾਂ, ਘਰ ਮਕਾਨ ਦੇਹ, ਕਾਇਆਂ, ਅੰਤਹਕਰਣ ਜਾਂ ਵਜੂਦ ਆਦਿ ਨਹੀਂ ਹਨ।

ਐਸੀ ਸੂਰਤ ਵਿਚ ਅਸ਼ੋਕ ਜੀ ਦੀ, ਮਹਲ ਜਾਂ ਮਹਲਾ ਦੇ ਅਰਥਾਂ ਬਾਰੇ ਕੱਢੀ ਕਾਢ ਬਾਰੇ ਕੀ ਆਖੀਏ ? ਜਦ 'ਮਹਲਾ' ਦੇ ਸਹੀ ਅਰਥਾਂ ਬਾਰੇ ਉਨ੍ਹਾਂ ਦੀ ਬਿਸਮਿੱਲਾ ਹੀ ਗਲਤ ਹੈ ਤਾਂ ਅੱਗੇ ਇਸ ਦੇ ਸਹੀ ਉਚਾਰਣ ਬਾਰੇ ਉਨ੍ਹਾਂ ਦੇ ਵਿਚਾਰ ਕਿਵੇਂ ਦਰੁਸਤ ਹੋ ਸਕਦੇ ਹਨ ?

(ਸ) ਏਸੇ ਤਰ੍ਹਾਂ ਦਾ ਸਬੂਤ ਡਾ. ਟਰੰਪ ਦਾ ਦਿਤਾ ਗਿਆ ਹੈ। ਪ੍ਰਤੀਤ ਹੁੰਦਾ ਹੈ ਕਿ ਹਵਾਲਾ ਅੰਗਰੇਜ਼ੀ ਵਿਚ ਹੋਣ ਕਰ ਕੇ ਅਸ਼ੋਕ ਜੀ ਤੋਂ ਅਰਥ ਸਮਝਣ ਵਿਚ ਉਕਾਈ ਹੋਈ ਹੈ। ਡਾ. ਅਰਨਿਸਟ ਟਰੰਪ ਲਿਖਦਾ ਹੈ :

Mahala (ਮਹਲਾ) (Mahalla) always denotes the authorship of a piece, as Mahala Pahila, (ਮਹਲਾ ਪਹਿਲਾ) first quarter—Baba Nanak ; Mahala duja—(ਮਹਲਾ ਦੂਜਾ) Angad etc.

ਹੁਣ ਵੇਖੋ, ਮਿਸਟਰ ਟਰੰਪ ਤਾਂ ਏਥੇ ਤਿੰਨੀ ਥਾਈਂ ਸ਼ਬਦ ਮਹਲਾ (Mahala) ਲਿਖਦਾ ਤੇ ਉਚਾਰਦਾ ਹੈ, ਪ੍ਰੰਤੂ ਇਸ ਸ਼ਬਦ ਦਾ ਅਰਬੀ ਮੂਲ ਦੱਸਣ ਲਈ ਆਰੰਭ ਵਿਚ ਬਰੈਕਟ ਪਾ ਕੇ Mahalla (ਮਹੱਲਾ) ਵੀ ਅੰਕਿਤ ਕਰ ਦਿੰਦਾ ਹੈ। ਇਸ ਉਪਰੰਤ ਉਹ ਹਰ ਵਾਰੀ ਅਧਿਕ-

ਰਹਿਤ ਮਹਲਾ (Mahala) ਲਿਖਦਾ ਹੈ, ਕਿਉਂਕਿ ਗੁਰਬਾਣੀ ਵਿਚ ਇਸ ਦਾ ਸਹੀ ਤੇ ਸ਼ੁੱਧ
ਉਚਾਰਣ ਇਹੀ ਹੈ।

ਅਸ਼ੋਕ ਜੀ ਨੇ ਆਪਣੇ ਪੰਜਵੇਂ ਸਬੂਤ ਵਿਚ ਮਿਸਟਰ ਮੈਕਾਲਿਫ ਦਾ ਇਹ ਹਵਾਲਾ ਤਾਂ ਦੇ
ਦਿਤਾ ਹੈ, ਪ੍ਰੰਤੂ, ਇਹ ਨਹੀਂ ਸੋਚਿਆ ਕਿ ਉਸ ਦੀ ਸਾਰੀ ਲਿਖਤ ਮੰਨਿਆਂ ਕੀ ਉਲਝਣ
ਪੈ ਜਾਵੇਗੀ :

"...The first nine Gurus adopted the name Nanak as their nom-
de-plume and their compositions are distinguished by Mahallas or
quarters. The Granth Sahib is likened to a city and hymns of the
each Guru to a ward or a division of it Thus, the compositions of
Guru Nanak are styled Mahalla one, the first ward, and the
compositions of Guru Angad, the second ward, so on."

ਵਿਚਾਰ—ਜਿਹਾ ਕਿ ਪਿੱਛੇ ਵੀ ਦਸਿਆ ਜਾ ਚੁੱਕਾ ਹੈ; ਏਥੇ ਨੋਟ ਕਰਨ ਵਾਲੀ ਪਹਿਲੀ ਗੱਲ
ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਇਕ ਸ਼ਹਿਰ ਨਾਲ ਤਸ਼ਬੀਹ (ਸਮਾਨਤਾ) ਦੇਣ ਨਾਲ
ਕਈ ਅਨੁਚਿਤ ਇਤਰਾਜ਼ ਉਤਪੰਨ ਹੁੰਦੇ ਹਨ, ਜਿਨ੍ਹਾਂ ਦਾ ਸਾਡੇ ਪਾਸ ਕੋਈ ਉੱਤਰ ਨਹੀਂ।
ਸ੍ਰੀ ਗੁਰੂ ਗਰੰਥ ਸਾਹਿਬ ਥਾਲ ਜੀ ਨੂੰ ਤਾਂ ਪੰਚਮ ਗੁਰੂਦੇਵ ਐਸੇ ਥਾਲ ਨਾਲ ਤਸ਼ਬੀਹ (ਉਪਮਾ)
ਦਿੰਦੇ ਹਨ, ਜਿਸ ਵਿਚ ਸੱਤ, ਸੰਤੋਖ, ਬਿਬੇਕ-ਵਿਚਾਰ ਅਤੇ ਸਭ ਦਾ ਆਧਾਰ ਨਾਮ ਪਰੋਸਿਆ
ਪਿਆ ਹੈ। ਹੁਣ ਦੱਸੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੱਲ ਮੰਨੀਏ ਕਿ ਮੈਕਾਲਿਫ ਜੀ ਤੇ
ਅਸ਼ੋਕ ਜੀ ਦੀ ?

ਸੰ, ਭਾਈ ਸਾਹਿਬ ਵੀਰ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ, ਪ੍ਰਿੰਸੀਪਲ ਸਾਹਿਬ ਸਿੰਘ ਜੀ ਤੇ
ਪੰਡਿਤ ਤਾਰਾ ਸਿੰਘ ਜੀ ਨਰੋਤਮ (ਨਿਰਮਲੇ) ਆਦਿ ਸਮੂਹ ਵਿਦਵਾਨਾਂ ਨੇ ਮੈਕਾਲਿਫ ਵਾਲੇ
ਅਰਥ, ਉਚਾਰਣ ਜਾਂ ਵਿਆਖਿਆ ਪ੍ਰਵਾਨ ਕਰਨੋਂ ਸਾਫ ਇਨਕਾਰ ਕੀਤਾ ਹੈ। ਸਗੋਂ, ਪ੍ਰਭੂ ਜੋਤਿ
ਜਾਂ ਇਕ ਜੋਤਿ ਦੇ ਦੂਜੀ ਜੋਤਿ ਨਾਲ ਹਲੂਲ ਹੋਣ ਤੇ ਟਿਕਣ-ਅਸਥਾਨ, ਵਜੂਦ ਜਾਂ ਕਾਇਆਂ ਨੂੰ
'ਮਹਲਾ' ਕਰਕੇ ਮੰਨਿਆ ਹੈ, ਮਹੱਲਾ ਕਰਕੇ ਨਹੀਂ ਕਬੂਲਿਆ।

ਇਸ ਲਈ ਜਿਥੇ ਮੈਕਾਲਿਫ ਦੀ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਸ਼ਹਿਰਾਂ ਮਹੱਲਿਆਂ, ਕੂਚਿਆਂ,
ਗਲੀਆਂ, ਬਾਜ਼ਾਰਾਂ ਵਿਚ ਵੰਡਣ ਵਾਲੀ ਵਿਆਖਿਆ ਗਲਤ ਹੈ, ਓਥੇ 'ਮਹਲੇ' ਦਾ ਉਚਾਰਣ ਵੀ
ਅਸ਼ੁੱਧ ਹੈ; ਦੋਸ਼ ਗ੍ਰਸਤ ਹੈ।

ਦੂਜੇ, ਇਹ ਇਕ ਇਕੱਲਾ ਅਢੁੱਕਵਾਂ ਵਿਚਾਰ ਬਾਕੀ ਸਮੂਹ ਵਿਦਵਾਨਾਂ ਦੇ ਠੋਕੀ ਪ੍ਰਮਾਣਾਂ ਨੂੰ
ਕਿਵੇਂ ਕੱਟ ਸਕਦਾ ਹੈ ?

ਅੰਤਿਮ ਬਿਨੈ ਹੈ ਕਿ ਅਸ਼ੋਕ ਜੀ ਆਪਣੀ ਲਿਖਤ ਵਿਚ ਇਤਨਾ ਬਲ, ਸਾਵਧਾਨ ਖੋਜ ਉਪ੍ਰੰਤ,
ਅਕੱਟ ਸਬੂਤਾਂ ਤੇ ਦਲੀਲਾਂ ਦੇਣ ਉਤੇ ਨਹੀਂ ਦਿੰਦੇ, ਜਿੰਨਾ ਇਹ ਲਿਖਣ ਉਤੇ ਲਾਉਂਦੇ ਹਨ
ਕਿ ਉਨ੍ਹਾਂ ਨਾਲ ਮਤ-ਭੇਦ ਰੱਖਣ ਵਾਲੇ 'ਸੋਲਾਂ ਆਨੇ', 'ਸੌ ਫੀ ਸਦੀ' ਗਲਤ ਹਨ, ਉਨ੍ਹਾਂ ਦੇ
ਵਿਚਾਰਾਂ ਉਤੇ ਪਾਬੰਦੀ ਲਗਣੀ ਚਾਹੀਦੀ ਹੈ', ਆਦਿ ਆਦਿ। ਕੀ ਅਜਿਹੀਆਂ ਹੋਛੀਆਂ ਗੱਲਾਂ

ਤੇ ਮੰਗਾਂ ਆਪਣੇ ਵੀਚਾਰਾਂ ਦੇ ਪ੍ਰਬਲ ਹੋਣ ਦਾ ਸਬੂਤ ਹਨ ?

ਪੂਰਨ ਆਸ ਹੈ ਕਿ ਸਾਡੇ ਸੁਜਾਨ ਪਾਠਕ ਖੋਜੀ ਸੱਜਣ ਇਸ ਮੁਕੱਦਮੇ ਵਿਚ ਪੂਰੀ ਛਾਣ ਬੀਣ ਉਪਰੰਤ ਨਿਰਪੱਖ ਨਿਰਣਾ ਦੇਣਗੇ।

ਇਸ ਕੀਟ ਨੇ ਇਹ ਤੁਛ ਵਿਚਾਰ, ਸਤਿਗੁਰਾਂ ਵਲੋਂ ਬਖਸ਼ੀ ਸੂਝ ਬੂਝ ਅਨੁਸਾਰ, ਪੂਰੀ ਈਮਾਨਦਾਰੀ ਤੇ ਸਿਦਕ ਨਾਲ, ਆਪ ਦੀ ਭੇਟ ਕਰ ਦੇਣ ਦਾ ਨਿਮਾਣਾ ਜਿਹਾ ਜ਼ਤਨ ਕੀਤਾ ਹੈ। ਆਪ ਜੀ ਨੇ, ਫਾਰਸੀ ਦਾ, ਇਸੇ ਭਾਵ ਦਾ ਇਹ ਕਥਨ, ਮੇਰੇ ਉਤੇ ਸਾਦਕ ਕਰਨ ਦੀ ਪਰਮ ਕ੍ਰਿਪਾਲਤਾ ਕਰਨੀ ਜੀ :

ਸਪੁਰਦਮ ਬ ਤੋ ਮਾਯਾਇ ਖੇਸ਼ ਰਾ। ਤੂ ਦਾਨੀ ਹਿਸਾਬੇ ਕਮੋ ਬੇਸ਼ ਰਾ।

(ਹੇ ਵਾਹਿਗੁਰੂ ਸਰੂਪ ਗੁਰ-ਸੰਗਤ) ਮੈਂ ਆਪਣਾ ਸਭ ਕੁਝ ਤੁਹਾਡੇ ਚਰਨਾਂ ਵਿਚ ਸਮਰਪਣ ਕਰਦਾ ਹਾਂ; ਇਹ ਥੋੜਾ ਹੈ ਜਾਂ ਬਹੁਤਾ, ਆਪ ਹੀ ਜਾਣਦੇ ਹੋ।

(ਭਾਗ ਦੂਜਾ)

ਜਿਹਾ ਕਿ ਪਿੱਛੇ ਜ਼ਿਕਰ ਕੀਤਾ ਹੈ, ਨਵੰਬਰ 1978 ਦੇ ਗੁਰਦੁਆਰਾ ਗਜ਼ਟ ਤੇ ਗੁਰਮਤਿ ਪ੍ਰਕਾਸ਼ ਜਨਵਰੀ, 1979 ਵਿਚ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਏ ਪਦ 'ਮਹਲਾ' ਦੇ ਸ਼ੁੱਧ ਉਚਾਰਣ ਸੰਬੰਧੀ ਸ. ਸ਼ਮਸ਼ੇਰ ਸਿੰਘ ਜੀ 'ਅਸ਼ੋਕ' ਦਾ ਇਕ ਲੇਖ ਛਪਿਆ ਸੀ। ਇਸ ਵਿਚ ਉਨ੍ਹਾਂ ਨੇ ਇਹ ਸਿੱਧ ਕਰਨ ਦਾ ਅਸਫਲ ਜਤਨ ਕੀਤਾ ਹੈ ਕਿ ਗੁਰਬਾਣੀ ਵਿਚ ਵਰਤੇ 'ਮਹਲਾ' ਸ਼ਬਦ ਦਾ ਉਚਾਰਣ 'ਮਹੱਲਾ' ਹੈ, ਅਤੇ ਇਹ ਅਰਬੀ ਸ਼ਬਦ 'ਹਲੂਲ' ਦਾ ਮੁਖੱਫ਼ਫ਼ ਹੈ। ਸਾਡੇ ਵਿਚਾਰ ਵਿਚ ਇਹ ਦੋਵੇਂ ਨਿਰਣੇ ਠੀਕ ਨਹੀਂ। ਅਸ਼ੋਕ ਜੀ ਨੂੰ ਮੁਖੱਫ਼ਫ਼ ਸ਼ਬਦ ਦੇ ਅਰਥ ਸਮਝਣ ਵਿਚ ਭੁਲੇਖਾ ਲੱਗਾ ਹੈ। ਮੁਖੱਫ਼ਫ਼ ਅਰਬੀ ਬੋਲੀ ਦਾ ਸ਼ਬਦ ਹੈ ਅਤੇ 'ਲੁਗਾਤਿ ਫ਼ੀਰੋਜ਼ੀ' ਅਨੁਸਾਰ ਇਸ ਦੇ ਅਰਥ ਹਨ :

ਮੁਖੱਫ਼ਫ਼ : ਹਲਕਾ (ਹੌਲਾ) ਕੀਆ ਗਿਆ, ਤਖ਼ਫ਼ੀਫ਼ (ਘੱਟ) ਕੀਆ ਗਿਆ, ਵੁਹ ਲਫ਼ਜ਼ ਜਿਸ ਮੇਂ ਸੇ ਕੋਈ ਹਰਫ਼ ਕਮ ਕੀਆ ਜਾਵੇ, ਜਿਵੇਂ :

(ੳ) 'ਕਾਂ' ਮੁਖੱਫ਼ਫ਼ ਹੈ 'ਕਿ ਆਂ' ਦਾ ਅਰਥ ਹੈ ਕਿ—ਉਹ "ਕਾਂ (ਕਿ+ਆਂ) ਬਿਨਾ ਬੀਨਾਈ ਅਜ਼ ਰਾਹ ਓਫ਼ਤਾਦ"—ਸ਼ੇਖ ਸਾਅਦੀ (ਕਿ ਉਹ, ਅੱਖਾਂ ਦੀ ਜੋਤ ਨ ਹੋਣ ਕਰ ਕੇ, ਰਾਹੋਂ ਭਟਕ ਗਿਆ)

(ਅ) 'ਜ਼ੀ' ਮੁਖੱਫ਼ਫ਼ ਹੈ, ਅਜ਼ਦੀ ਦਾ, ਅਰਥ ਹਨ : ਇਸ ਤੋਂ

(ੲ) ਪਾਕਸਤ=ਪਾਕ+ਅਸਤ=ਪਵਿੱਤਰ ਹੈ।

ਉਪ੍ਰੋਕਤ ਵਿਆਖਿਆ ਦੀ ਰੋਸ਼ਨੀ ਵਿਚ ਕਿਸੇ ਕੋਸ਼ ਜਾਂ ਕਾਇਦੇ ਕਾਨੂੰਨ ਅਨੁਸਾਰ ਵੀ 'ਮਹਲਾ' ਨੂੰ 'ਹਲੂਲ' ਦਾ ਮੁਖੱਫ਼ਫ਼ (ਸੰਖੇਪ) ਨਹੀਂ ਮੰਨਿਆ ਜਾ ਸਕਦਾ ਹੈ ? 'ਹਲੂਲ' ਸ਼ਬਦ ਵਿਚੋਂ ਕਿਹੜਾ ਅੱਖਰ ਘਟ ਕਰੀਏ ਕਿ 'ਮਹੱਲਾ' ਸ਼ਬਦ ਬਾਕੀ ਰਹਿ ਜਾਵੇ ? ਸਪਸ਼ਟ ਹੈ ਕਿ ਅਸ਼ੋਕ ਜੀ

ਨੇ ਮੂਲ ਜਾਂ ਵਿਉਂਤਪਤੀ ਦੱਸਣ ਲਈ 'ਮੁਖੱਫ਼ਫ਼' ਸ਼ਬਦ ਦੀ ਐਵੇਂ ਵਰਤੋਂ ਲਈ ਹੈ ਜੋ ਠੀਕ ਨਹੀਂ।

ਅਗਲੀ ਵਿਚਾਰ :

'ਮਹਲਾ' ਸ਼ਬਦ ਦੇ ਸ਼ੁੱਧ ਉਚਾਰਣ ਨੂੰ ਪੂਰੀ ਤਰ੍ਹਾਂ ਸਮਝਣ ਲਈ ਜ਼ਰੂਰੀ ਹੈ ਕਿ ਇਸ ਸ਼ਬਦ ਦੇ ਮੂਲ ਤੇ ਇਸ ਨਾਲ ਜੁੜਦੇ ਸ਼ਬਦਾਂ ਨੂੰ ਸਮਝਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਪਦ ਮਹਲਾ, ਮਹਲੁ, ਮਹਲ, ਮਹਲੀ ਤੇ ਮਹਲਤ ਆਦਿ ਸਾਰੇ ਹੀ ਅਰਬੀ ਮੂਲ ਦੇ ਹਨ। ਆਓ ਵੇਖੀਏ ! ਜੋ, ਇਨ੍ਹਾਂ ਦਾ ਕੀ ਸਰੂਪ ਹੈ, ਅਤੇ ਇਹ ਕਿਨ੍ਹਾਂ ਕਿਨ੍ਹਾਂ ਅਰਥਾਂ ਵਿਚ, ਕਿਵੇਂ ਵਰਤੇ ਗਏ ਹਨ :

1. (ੳ) ਮਹੱਲਾ (ਮਹੱਲਾ) ਤੇ ਮਹਲਾ (ਮੈਹਲਾ)

ਇਸ ਦੇ ਅਰਬੀ ਸਰੂਪ ਵਿਚ ਮੀਮ+ਹਾਇ (ਹੁੱਤੀ)+ਲਾਮ (ਲ) ਤੋਂ ਬਾਦ ਕੰਨਾ (ਅਲਿਫ਼) ਨਹੀਂ ਹੈ; ਸਗੋਂ ਛੋਟੀ 'ਹਾਇ' (ਹੱਵਜ਼ੀ) ਹੈ, ਜਿਸ ਨੂੰ ਹਿੰਦੀ ਸੰਸਕ੍ਰਿਤ ਤੇ ਪੰਜਾਬੀ ਵਿਚ ਵਿਸਰਗ (:) ਦੁਆਰਾ ਪ੍ਰਗਟ ਕੀਤਾ ਜਾ ਸਕਦਾ ਹੈ। ਸੋ, ਗੁਰਬਾਣੀ ਵਿਚ 'ਮਹਲਾ' ਪਦ, ਜੋੜ ਕਰਕੇ ਆਪਣੇ ਅਰਬੀ ਸਰੂਪ ਨਾਲੋਂ, ਵੱਖਰਾ (ਤਦਭਵ ਰੂਪ ਵਿਚ) ਹੈ। ਲੁਗ਼ਾਤਿ ਫ਼ੀਰੋਜ਼ੀ' ਅਨੁਸਾਰ ਇਸ ਦੇ ਅਰਥ ਹਨ :

ਉਤਰਨੇ ਕੀ ਜਗਹ, ਮੰਜ਼ਿਲ, ਆਦਮੀਓਂ ਕਾ ਮਕਾਮ; ਮਜਾਜ਼ਨ-ਸ਼ਹਿਰ ਕਾ ਕੋਨਾ, ਕੂਚਾ।

(ਅ) Persian-English Dictionary by F. Steingass ਅਨੁਸਾਰ ਇਸ ਦੇ ਅਰਥ ਹਨ :

A street or quarter of a city, etc.

ਨੋਟ—ਅਰਬੀ ਵਿਚ ਮਹੱਲ ਤੇ ਮਹੱਲਤ ਦੋਵੇਂ ਪਦ, ਸਮਾਨਾਰਥਕ ਹਨ। ਗੁਰਬਾਣੀ ਵਿਚ 'ਮਹਲਤ', ਮਹਲੁ ਦਾ ਬਹੁ ਵਚਨ ਹੈ, ਅਤੇ ਉਚਾਰਣ ਦੋਵੇਂ ਥਾਂ ਹੀ ਅਧਿਕ-ਰਹਿਤ ਹੈ।

2. ਮਹੱਲ (ਅਰਬੀ)

(ੳ) ਅਰਥ ਹਨ—ਜਗਹ, ਮਕਾਨ, ਮੰਜ਼ਿਲ, ਬਾਦਸ਼ਾਹ ਯਾ ਅਮੀਰ ਕਾ ਮਕਾਨ, ਕਦਰੋ-ਮੰਜ਼ਲਿਤ।

ਉਪ੍ਰੋਕਤ ਅੰਗਰੇਜ਼ੀ-ਫ਼ਾਰਸੀ ਡਿਕਸ਼ਨਰੀ ਅਨੁਸਾਰ ਅਰਥ ਹਨ :

A place, dignity, high station, dwelling place, building house, a palace, etc.

(ਅ) ਮਹੱਲਾਤ—ਮਹੱਲ ਦਾ ਬਹੁ ਵਚਨ ਹੈ।

3. ਮੁਹੱਲਾ (ਅਰਬੀ)

ਅਰਥ ਹਨ—ਆਰਾਸਤਾ ਸ਼ੁਦਾ—ਜ਼ੇਵਰ ਪਹਿਨਾਇਆ ਗਿਆ, ਸਿਫ਼ਤ ਕਰਦ। ਸ਼ੁਦ :।

(ਦ) ਮੁਹੱਲੀ (ਅਰਬੀ) (ਕਰਤਾ ਕਾਰਕ) ਮਿੱਠਾ ਕਰਨ ਵਾਲੀ।

4. ਹੱਲ—ਹੱਲ (ਅਰਬੀ) ਖੋਲ੍ਹਣਾ, ਮੁਸ਼ਕਿਲ ਚੀਜ਼ ਨੂੰ ਆਸਾਨ ਕਰ ਦੇਣਾ, ਉਤਰਨਾ, ਹਲੂਲ ਹੋਣਾ, ਜਾਇਜ਼ ਹੋਣਾ, ਤਿਲੋਂ ਕਾ ਤੇਲ ।

5. ਹਲੂਲ (ਅਰਬੀ)—'ਏਕ ਚੀਜ਼ ਕਾ ਦੂਸਰੀ ਚੀਜ਼ ਮੇਂ ਇਸ ਤਰ੍ਹਾਂ ਘੁਸ ਜਾਣਾ ਕਿ ਤਮੀਜ਼ ਨਾ ਰਹੇ ।'

6. ਮਹਲੂਲ—ਹੱਲ ਕੀਆ ਹੂਆ ।

ਏਸੇ ਪਰਿਵਾਰ ਦਾ ਹੀ ਇਕ ਨੋਟ ਕਰਨ ਯੋਗ ਸ਼ਬਦ ਹੈ—'ਹਾਲ', ਜਿਸ ਦੇ ਅਰਥ ਹਨ—ਉਤਰਨੇ ਵਾਲਾ, ਸਮਾ ਜਾਨੇ ਵਾਲਾ, ਹਲੂਲ ਕਰਨੇ ਵਾਲਾ ।

ਅਸ਼ੋਕ ਜੀ, ਆਪਣੇ ਲੇਖ ਵਿਚ ਲਿਖਦੇ ਹਨ ਕਿ 'ਮਹਲਾ' ਸ਼ਬਦ 'ਹਲੂਲ' ਦਾ ਮੁਖੱਫਫ਼ ਹੈ । ਹਕੀਕਤ ਇਹ ਹੈ ਕਿ ਉਪ੍ਰੋਕਤ ਸਾਰੇ ਪਦਾਂ ਦਾ ਮੂਲ, ਇਕੋ ਪਦ ਹੈ 'ਹੱਲ', ਜਿਸ ਦੇ ਅਰਥ ਉੱਪਰ ਅੰਕ ਚਾਰ ਵਿਚ ਦਿਤੇ ਗਏ ਹਨ । ਇਸ ਸਚਾਈ ਦੀ ਪ੍ਰੋੜਤਾ ਅਸ਼ੋਕ ਜੀ ਦੇ ਪਾਕਿਸਤਾਨੀ 'ਮੁਸਲਮਾਨ ਆਲਮ' ਮਿੱਤਰ ਨੇ ਵੀ ਇਕ ਪੱਤਰ ਵਿਚ ਕੀਤੀ ਹੈ ।

ਅਰਬੀ ਧਾਤੂ :

ਅਰਬੀ ਵਿਆਕਰਣ ਦੇ ਨਿਯਮਾਂ ਅਨੁਸਾਰ, ਆਮ ਕਰਕੇ ਹਰੇਕ, ਧਾਤੂ ਤਿੰਨਾਂ ਅੱਖਰਾਂ ਦਾ ਹੁੰਦਾ ਹੈ; ਜਿਵੇਂ—ਹੱਲ—ਹੇ+ਲਾਮ+ਲਾਮ । ਮਹੱਲਾ ਜਾਂ ਹਲੂਲ ਲਫ਼ਜ਼ਾਂ ਨੂੰ ਅਰਬੀ ਲਿਪੀ ਦੇ ਤਿੰਨ ਤੋਂ ਵੱਧ ਅੱਖਰ ਲਗਦੇ ਹਨ । ਇਸ ਲਈ ਇਨ੍ਹਾਂ 'ਚੋਂ ਕੋਈ ਵੀ ਇਕ ਦੂਜੇ ਲਈ ਮੂਲਕ ਸ਼ਬਦ, ਧਾਤੂ ਨਹੀਂ ਹੋ ਸਕਦਾ ।

ਇਸ ਪ੍ਰਸੰਗ ਵਿਚ ਇਕ ਹੋਰ ਸਵਾਦਲੀ ਗੱਲ ਇਹ ਹੈ ਕਿ ਅਸ਼ੋਕ ਜੀ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਵਿਚ 'ਮਹਾਨ ਕੋਸ਼' ਦੀ ਟੇਕ ਲਈ ਹੈ, ਪਰੰਤੂ, ਉਸ ਦਾ ਹਵਾਲਾ ਨਹੀਂ ਦਿਤਾ । ਉਨ੍ਹਾਂ ਨੇ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਵਲੋਂ ਪਦ 'ਮਹਲੁ' ਦਾ 'ਹਲੂਲ' ਵਾਲਾ ਹਿੱਸਾ ਤਾਂ ਲੈ ਲਿਆ ਹੈ, ਪਰੰਤੂ, ਦੂਜਾ ਹਿੱਸਾ ਛੱਡ ਦਿਤਾ ਹੈ । ਭਾਈ ਕਾਨ੍ਹ ਸਿੰਘ ਸਾਹਿਬ, ਜਿਥੇ ਇਨ੍ਹਾਂ ਦੋਹਾਂ ਸ਼ਬਦਾਂ ਦੇ ਅਰਥ—'ਹਲੂਲ' : ਉਤਰਨ ਦੀ ਥਾਂ, ਘਰ ਰਹਿਣ ਦਾ ਅਸਥਾਨ, ਅੰਤਹ ਕਰਣ, ਯੋਗ ਸਮਾਂ, ਜਗ੍ਹਾ, ਨਿਜ-ਪਦ, ਅਧਿਕਾਰ ਕਰਦੇ ਹਨ, ਓਥੇ ਆਪ 'ਮਹਲ' ਦੇ ਅਰਥਾਂ ਬਾਰੇ 'ਦਬਿਸਤਾਨਿ ਮਜ਼ਾਹਿਬ' ਦੇ ਕਰਤਾ ਮੁਹਸਿਨ ਫ਼ਾਨੀ ਦੇ ਹਵਾਲੇ ਨਾਲ ਲਿਖਦੇ ਹਨ ਕਿ—'ਹਲੂਲ' ਦਾ ਥਾਂ 'ਮਹਲ' ਹੈ । ਏਸੇ ਲਈ ਗੁਰੂ ਨਾਨਕ ਦੇਵ ਜੀ ਦੇ ਜਾਂ-ਨਸ਼ੀਨ 'ਮਹਲਾ' ਕਹੇ ਜਾਂਦੇ ਹਨ । ਏਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਮਹਾਂ ਕੋਸ਼ ਵਿਚ ਵੀ ਪ੍ਰਤੱਖ ਦਿਸਦੇ ਸਰੂਪ ਅਨੁਸਾਰ ਉਚਾਰਣ ਮਹਲ ਤੇ ਮਹਲਾ ਹੈ, ਮਹੱਲ ਜਾਂ ਮਹੱਲਾ ਨਹੀਂ ।

ਅਗੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ 'ਮਹਲਾ' ਦੇ ਅਰਥ ਇਉਂ ਕੀਤੇ ਹਨ :

'ਮਹਿਲ ਵਿਚ ਰਹਿਣ ਵਾਲੀ ਨਾਰੀ, ਇਸਤ੍ਰੀ, ਪਤਨੀ । ਗੁਰਬਾਣੀ ਵਿਚ ਸਤਿਗੁਰਾਂ ਨੇ 'ਮਹਲਾ' ਸ਼ਬਦ ਵਰਤਿਆ ਹੈ । 'ਮਹਲ' ਸ਼ਬਦ ਦੇ ਅੰਤ ਜੋ ਅੰਗ ਹੋਵੇ, ਉਸ ਤੋਂ ਗੁਰੂ ਸਾਹਿਬ ਦਾ ਨਾਮ ਜਾਨਣਾ ਚਾਹੀਏ, ਜਿਵੇਂ : ਮਹਲਾ 1 ਸ੍ਰੀ ਗੁਰੂ ਨਾਨਕ ਦੇਵ ਜੀ, ਮਹਲਾ 9 ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਦਿ ।

ਹੁਣ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਅਨੁਸਾਰ ਤਾਂ ਇਤਿਹਾਸਕਾਰ ਮੁਹਸਿਨ ਫ਼ਾਨੀ ਨੇ ਮਹਲ ਤੇ 'ਮਹਲਾ' ਨੂੰ 'ਹਲੂਲ' ਦੀ ਥਾਂ 'ਮਹਲ', ਕਰਕੇ ਮੰਨਿਆ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨ 'ਮਹਲ' ਕਹੇ ਜਾਂਦੇ ਹਨ; ਕਿਉਂਕਿ ਇਕ ਗੁਰੂ ਆਪਣੇ ਤਾਂਈਂ ਦੂਜੇ ਵਿਚ ਹਲੂਲ ਹੁੰਦਾ (ਉਤਰਦਾ) ਹੈ, (ਭਾਵ—ਲੀਨ ਕਰਦਾ ਹੈ।)

(ਮਹਾਂ ਕੋਸ਼, ਪੰਨਾ 699, ਛਾਪ 1960)

ਗੁਰੂ-ਵਿਅਕਤੀਆਂ ਨਾਲ ਆਇਆ ਪਦ 'ਮਹਲਾ ਜਾਂ ਮਹਲੁ' ਪੁਲਿੰਗ ਵਾਚਕ ਹੈ। ਅਸ਼ੋਕ ਜੀ ਦੇ ਇਸ ਨਿਰਣੇ ਨਾਲ ਇਸ ਲੇਖਕ ਦੀ ਸੰਮਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂ ਸਾਹਿਬਾਨ ਇਕ ਜੋਤਿ ਸਨ। ਕੇਵਲ ਕਾਇਆ, ਸਰੀਰ, ਵਜੂਦ, ਸਰੂਪ ਬਦਲਦੇ ਰਹੇ।

ਉਪ੍ਰੋਕਤ ਤੱਥਾਂ ਨੂੰ ਪ੍ਰੋ: ਸਾਹਿਬ ਸਿੰਘ ਜੀ ਨੇ 'ਗੁਰਬਾਣੀ ਵਿਆਕਰਣ' ਵਿਚ ਅਤੇ ਦਾਸ ਨੇ ਲੇਖ 'ਖਾਲਸੇ ਦੀ ਸਿਰਜਣਾ' (ਪੁਸਤਕ-ਵਿਸ਼ੇਸ਼ ਗੁਰਮਤਿ ਲੇਖ) ਵਿਚ ਵੀ ਸਪਸ਼ਟ ਕੀਤਾ ਗਿਆ ਹੈ।

ਏਥੇ, ਇਹ ਗੱਲ ਵੀ ਵਿਸ਼ੇਸ਼ ਤੌਰ ਉਤੇ ਨੋਟ ਕਰਨ ਵਾਲੀ ਹੈ ਕਿ ਗੁਰਬਾਣੀ ਵਿਚ 'ਮਹਲਾ' ਸ਼ਬਦ ਨੂੰ 'ਮਹਲੁ' ਦਾ ਬਹੁ ਵਾਚਕ ਕਰਕੇ, 'ਮਹਲਾ' (ਵਡੇ ਵਡੇ ਘਰਾਂ) ਦੇ ਅਰਥਾਂ ਵਿਚ ਵੀ ਅੰਕਿਤ ਕੀਤਾ ਗਿਆ ਹੈ; ਪਰੰਤੂ, ਸੰਸਕ੍ਰਿਤ ਪਦ ਮਹਿਲਾ (ਇਸਤ੍ਰੀ) ਨੂੰ ਬਤੌਰ ਪੁਲਿੰਗ ਤੇ ਇਨ੍ਹਾਂ ਅਰਥਾਂ ਵਿਚ ਕਿਤੇ ਇਕ ਵੇਰ ਵੀ ਵਰਤਿਆ ਨਹੀਂ ਮਿਲਦਾ। ਹਾਂ, ਮਹਲ ਤੇ ਮਹਲੀ ਕਰਕੇ ਅਵੱਸ਼ ਲਿਖਿਆ ਮਿਲਦਾ ਹੈ।

ਗੁਰਬਾਣੀ ਵਿਚ ਕਿਸੇ ਥਾਂ ਵੀ ਦੁੱਤ ਜਾਂ ਧੁਨੀ ਦੀ ਦੂਹਰ ਨੂੰ ਪ੍ਰਗਟ ਕਰਨ ਲਈ 'ਅਧਿਕ' ਦੀ ਵਰਤੋਂ ਨਹੀਂ ਕੀਤੀ ਗਈ। ਇਸ ਲਈ ਹੱਲ, ਮਹੱਲ, ਮਹੱਲਾ, ਮਹੱਲਾਤ, ਮਹੱਲਤ ਨੂੰ ਗੁਰੂ ਗਰੰਥ ਸਾਹਿਬ ਵਿਚ ਮਹਲ, ਮਹਲੁ, ਮਹਲਿ, ਮਹਲੀਂ, ਮਹਲਾ, ਮਹਲਤ ਕਰਕੇ ਲਿਖਿਆ ਗਿਆ ਹੈ। ਇਹ ਨਹੀਂ ਹੋ ਸਕਦਾ ਕਿ ਗੁਰੂ-ਵਿਅਕਤੀਆਂ ਨਾਲ ਆਏ ਪਦ 'ਮਹਲਾ' ਤੇ 'ਮਹਲੁ' ਵਿਚੋਂ ਕੇਵਲ 'ਮਹਲਾ' ਨੂੰ ਤਾਂ 'ਮਹੱਲਾ' ਕਰਕੇ ਪੜ੍ਹ ਲਿਆ ਜਾਵੇ ਤੇ ਬਾਕੀ ਦੇ ਕੁ ਸੌ ਥਾਈਂ ਵਰਤੇ ਇਨ੍ਹਾਂ ਇਕੋ ਪ੍ਰਕਾਰ, ਪਰਵਾਰ ਤੇ ਮੂਲ ਦੇ ਸ਼ਬਦਾਂ ਦਾ ਪਾਠ ਅੱਧਕ ਤੋਂ ਬਿਨਾਂ ਕਰ ਲਿਆ ਜਾਵੇ। ਇਨ੍ਹਾਂ ਦੇ ਉਚਾਰਣ ਵਿਚ ਦੋ ਮਾਪ-ਛੜੀਆਂ ਨਹੀਂ ਵਰਤੀਆਂ ਜਾ ਸਕਦੀਆਂ।

ਅਸ਼ੋਕ ਜੀ ਨੇ ਸਤਿਗੁਰਾਂ ਦੇ ਇਕ ਜੋਤਿ ਤੇ ਪੁਲਿੰਗ ਵਾਚਕ ਹੋਣ ਦੀ ਹਕੀਕਤ ਨੂੰ ਇਉਂ ਅੰਕਿਤ ਕੀਤਾ ਹੈ; ਜਿਵੇਂ ਇਹ ਉਨ੍ਹਾਂ ਦੀ ਹੀ ਲੱਭਤ ਹੋਵੇ, ਅਤੇ ਉਹ ਪਹਿਲੀ ਵਾਰ ਹੀ ਇਸ ਹਕੀਕਤ ਨੂੰ ਪ੍ਰਗਟਾ ਰਹੇ ਹੋਣ। ਹਾਲਾਂਕਿ ਪ੍ਰਿੰਸੀਪਲ ਸਾਹਿਬ ਸਿੰਘ ਵਰਗੇ ਗੁਰਬਾਣੀ ਤੇ ਸੰਸਕ੍ਰਿਤ ਦੇ ਵਿਦਵਾਨਾਂ ਤੇ ਪ੍ਰਿੰਸੀਪਲ ਤੇਜਾ ਸਿੰਘ ਵਰਗੇ ਰਸਿਕ ਵਿਦਿਆ-ਰਤਨਾਂ ਨੇ, ਪਹਿਲਾਂ ਹੀ ਜਿਸ ਮਿਹਨਤ ਤੇ ਵਿਦਵਤਾ ਨਾਲ ਸ਼ਬਦਾਂਤਕ, ਲਗਾਂ ਮਾਤ੍ਰਾਂ ਤੇ 'ਗੁਰਬਾਣੀ ਵਿਆਕਰਣ' ਅਤੇ 'ਸ੍ਰੀ ਗੁਰੂ ਗਰੰਥ ਦਰਪਣ' (ਸੰਪੂਰਣ ਸਟੀਕ ਸ੍ਰੀ ਗੁਰੂ ਗਰੰਥ ਸਾਹਿਬ) ਵਿਚ ਇਨ੍ਹਾਂ ਤੱਥਾਂ ਨੂੰ ਬਾ-ਦਲੀਲ ਅੰਕਿਤ ਕੀਤਾ ਹੈ, ਉਸ ਲਈ, ਅਸ਼ੋਕ ਜੀ ਸਮੇਤ, ਸਮੂਹ ਹੱਕ-ਮੁਤਲਾਸ਼ੀ ਤੇ ਖੋਜੀ ਸੱਜਣ, ਸਦਾ ਲਈ, ਉਨ੍ਹਾਂ ਦੇ ਰਿਣੀ ਰਹਿਣਗੇ।

ਹੁਣ ਸ਼ਬਦ 'ਮਹਲੁ' ਤੇ 'ਮਹਲਾ' ਦੇ ਉਚਾਰਣ ਦੀ ਸ਼ੁੱਧਤਾ ਸਿੱਧ ਕਰਨ ਲਈ ਹੇਠ ਲਿਖੇ ਕੁਝ ਹੋਰ ਪ੍ਰਮਾਣ ਵਾਚਣੇ ਲਾਭਦਾਇਕ ਰਹਿਣਗੇ :

ਮਹਲ :

1. ਅੰਦਰਿ ਮਹਲ ਰਤਨੀ ਭਰੇ ਭੰਡਾਰਾ ॥ (ਮਹਲ (ਰਿਦੈ) ਦੇ ਅੰਦਰ) (ਮ. 3, ਪੰਨਾ 126)

('ਮਹਲ' ਇਕ ਵਚਨ ਹੈ; ਪਰ ਇਸ ਤੋਂ ਪਹਿਲਾ ਪਦ 'ਅੰਦਰਿ' ਆ ਜਾਣ ਕਾਰਨ 'ਮਹਲ' ਦਾ ਔਕੜ ਉਡ ਗਿਆ ਹੈ। ਵਰਨਾ, ਇਸ ਦਾ ਰੂਪ ਵੀ 'ਮਹਲੁ' ਹੁੰਦਾ।

2. ਮੋਹਨ ਤੇਰੇ ਊਚੇ ਮੰਦਰ 'ਮਹਲ' (ਬਹੁਵਚਨ) ਅਪਾਰਾ ॥ (ਵਡੇ ਵਡੇ ਮਹੱਲ) (ਮਹਲਾ 5, ਪੰਨਾ 248)

3. ਊਚੇ ਮੰਦਰ 'ਮਹਲ' (ਬਹੁਵਚਨ) (ਮੰਦਰ ਤੇ ਮਹੱਲ) ਅਰੁ ਰਾਨੀ ॥ (ਮ. 5, ਪੰ. 392)

4. ਅੰਦਰਿ 'ਮਹਲ' ਅਨੇਕ ਹਹਿ, ਜੀਉ ਕਰੇ ਬਸੇਰਾ ॥ (ਮਹਲੁ ਦਾ ਬਹੁਵਚਨ) (ਮ. 3, ਪੰਨਾ 425)

5. 'ਮਹਲ' ਭਗਤੀ ਘਰ ਸਰੈ, ਸਜਣ ਪਾਹੁਣਿਅਉ ॥ (ਮ. 3, ਪੰ. 517)
(ਜਦ ਮਹਲ (ਇਸਤ੍ਰੀ) ਦੇ ਘਰ (ਮਨ) ਵਿਚ ਭਗਤੀ ਬਣ ਆਉਂਦੀ ਹੈ ਤਾਂ ਪ੍ਰੀਤਮ ਪਿਆਰਾ ਪ੍ਰਾਹੁਣਾ ਬਣ ਕੇ ਆਉਂਦਾ ਹੈ।)

6. ਸੁਰਤਿ ਮੁਈ ਮਰੁ, ਮਾਈਏ, 'ਮਹਲ' (ਇਸਤ੍ਰੀ) ਰੁੰਨੀ ਦਰਬਾਰੇ ॥

7. 'ਮਹਲ' (ਇਸਤ੍ਰੀ) ਕੁਚਜੀ ਮੜਵੜੀ, ਕਾਲੀ ਮਨਹੁ ਕਸੁਧ ॥ (ਮਾਰੂ ਮਹਲਾ 1)

ਵੇਖੋ : ਉਪਰਲਿਆਂ ਪ੍ਰਮਾਣਾਂ ਵਿਚ 'ਮਹਲ' ਪਦ ਦੇ ਅਰਥ ਕਿਤੇ ਘਰ-ਮੰਦਰ ਦੇ ਹਨ ਤੇ ਕਿਤੇ ਇਸਤ੍ਰੀ; ਪਰੰਤੂ ਜੋੜ ਤੇ ਉਚਾਰਣ ਇਕ-ਸਮਾਨ 'ਮਹਲ' ਹੀ ਹੈ, ਕਿਤੇ ਮਹੱਲ ਨਹੀਂ ਹੈ।

ਸਾਧਾਰਣ ਤੋਂ ਸਾਧਾਰਣ ਪਾਠੀ ਇਨ੍ਹਾਂ ਤੁਕਾਂ ਵਿਚ ਮਹਲ ਦੇ ਮੈਹਲ ਜਾਂ ਮਹਿਲ ਵਾਲਾ ਸੁਧ ਉਚਾਰਣ ਕਰਦਾ ਹੈ, ਮਹੱਲ ਕਰਕੇ ਨਹੀਂ।

ਮਹਲੁ : (ਇਕ ਵਚਨ ਪੁਲਿੰਗ) ਕੁਝ ਹੋਰ ਉਦਾਹਰਣ :

1. ਗੁਰ ਬਿਨੁ 'ਮਹਲੁ' ਨ ਪਾਈਐ ॥ (ਟਿਕਾਣਾ, ਟਿਕਾਉ ਵਾਲੀ ਅਵਸਥਾ ਆਦਿ) (ਮ. 3, ਪੰਨਾ 243)

2. ਸਾਧਨ (ਇਸਤ੍ਰੀ) 'ਮਹਲੁ' ਨ ਪਾਈ...॥ (" ") (ਮ. 3, ਪੰਨਾ 244)

3. ਸਬਦਿ ਭੇਦਿ ਕੋਈ 'ਮਹਲੁ' ਪਾਏ, 'ਮਹਲੇ' 'ਮਹਲਿ' ਬੁਲਾਵਣਿਆ ॥ (ਮ. 3, ਪੰ. 117)

4. ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ..। (ਸੋਹਿਲਾ)

ਨੋਟ 'ਮਹਲੁ' (ਪੁਲਿੰਗ ਇਕ ਵਚਨ) ਸ੍ਰੀ ਗੁਰੂ ਗਰੰਥ ਸਾਹਿਤ ਵਿਚ 'ਮਹਲੁ' ਸ਼ਬਦ ਦੀ ਵਰਤੋਂ 140 ਕੁ ਵੇਰ ਹੋਈ ਹੈ, ਪਰੰਤੂ, ਵਿਸਤਾਰ ਦੇ ਡਰ ਤੋਂ ਉਪਰ ਕੇਵਲ ਚਾਰ ਹਵਾਲੇ ਹੀ ਦਿਤੇ ਗਏ ਹਨ।

ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਏਥੇ ਵੀ ਉਚਾਰਣ ਇਕ-ਸਮਾਨ 'ਮਹਲੁ' (ਮਹਿਲ ਜਾਂ ਮੈਹਲ) ਹੈ, ਕਿਤੇ ਵੀ 'ਮਹੱਲ' ਨਹੀਂ।

ਹੁਣ ਵੀਚਾਰੀਏ, ਸ਼ਬਦ 'ਮਹਲਾ', ਜਿਸ ਦਾ ਸ਼ੁੱਧ ਉਚਾਰਣ ਇਸ ਲੇਖ ਦਾ ਮੂਲ ਵਿਸ਼ਾ ਹੈ :

ਮਹਲਾ :

1. ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥ (ਮ. 1, ਪੰਨਾ 63)

(ਨੋਟ : ਨਾਰੀ ਤੇ ਸੇਜ ਭਤਾਰ ਦਾ ਜ਼ਿਕਰ ਅਗਲੀ ਤੁਕ ਵਿਚ ਆਉਂਦਾ ਹੈ। ਏਥੇ ਮਹਲਾ ਦੇ ਅਰਥ ਮਹਲ (ਘਰ, ਮੰਦਰ) ਹੀ ਹਨ। 'ਮਹਲ' ਪਦ, ਮਹਲੁ ਦਾ ਬਹੁ ਵਚਨ ਹੈ।)

2. ਮਹਲਾ (ਮਹਿਲਾਂ) ਮੰਝਿ ਨਿਵਾਸੁ ਸਬਦਿ ਸਵਾਰੀਆ ॥

(ਮਹਿਲਾਂ ਵਿਚ) (ਮ. 1, ਪੰਨਾ 225)

3. ਦਰ ਘਰ ਮਹਲਾ ਸੇਜ ਸੁਖਾਲੀ ॥ (ਗਉੜੀ ਮ. 1, ਪੰਨਾ 225)

ਨੋਟ : ਇਸ ਸ਼ਬਦ ਵਿਚ ਪਹਿਲਾਂ—'ਨੈਨ ਸਲੋਨੀ ਸੁੰਦਰ ਨਾਰੀ' ਦਾ ਜ਼ਿਕਰ ਆ ਚੁੱਕਾ ਹੈ। ਇਸ ਲਈ, ਦਰ ਘਰ ਮਹਲਾ ਦੇ ਅਰਥ ਹਨ—(ਘਰਾਂ ਤੇ ਮਹਿਲਾਂ ਵਿਚ।)

4. ਦਰ ਘਰ ਮਹਲਾਂ (ਮਹਲ) ਹਸਤੀ ਘੋੜੇ, ਛੋਡਿ ਵਿਲਾਇਤ ਦੇਸ ਗਏ ॥ (ਬਹੁਤੇ ਮਹਲ)

(ਆਸਾ ਮ. 1, ਪੰ. 358)

5. ਗ੍ਰਿਹ ਮੰਦਰ ਮਹਲਾ (ਵਡੇ ਵਡੇ ਘਰ) ਜੋ ਦੀਸਹਿ, ਨ ਕੋਈ ਸੰਗਾਰਿ ॥

(ਆਸਾ ਮ. 5, ਪੰ. 379)

6. ਮਹਲਾਂ (ਮਹਿਲਾਂ) ਅੰਦਰਿ ਹੋਂਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥
(ਜਿਹੜੀਆਂ ਮਹੱਲਾਂ ਅੰਦਰਿ (ਵਿਚ) ਰਹਿੰਦੀਆਂ ਸਨ।)

7. ਕਹਾਂ ਸੁ ਘਰ ਦਰ ਮੰਡਪ 'ਮਹਲਾ' (ਮਹਲ ਮਾੜੀਆ) ਕਹਾਂ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ, ਜਿਸੁ ਵੇਖਿ ਨੀਦ ਨ ਪਾਈ ॥

(ਮ. 1, ਪੰਨਾ 417 ਆਸਾ)

ਨੋਟ : ਉਪ੍ਰੋਕਤ ਉਦਾਹਰਣਾਂ ਵਿਚ ਕਿਤੇ ਵੀ 'ਮਹਲਾ' ਪਦ ਨੂੰ 'ਮਹਿਲਾ' (ਇਸਤਰੀ) ਦੇ ਅਰਥਾਂ ਵਿਚ ਨਹੀਂ ਵਰਤਿਆ ਗਿਆ। ਹਾਲਾਂਕਿ ਉਚਾਰਣ ਮਹਲ ਜਾਂ ਮਹਲਾਂ (ਅਧਿਕ ਰਹਿਤ), ਇਸਤ੍ਰੀ-ਲਿੰਗ ਜਾਂ ਪੁਲਿੰਗ ਲਈ ਇਕ ਸਮਾਨ ਹੈ। ਏਥੇ ਵਿਚਾਰਨ ਤੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਕੇਵਲ ਉਚਾਰਣ ਇਕ ਸਮਾਨ ਹੋਣ ਨਾਲ ਅਰਥ ਇਕਸਮਾਨ ਨਹੀਂ ਹੋ ਜਾਂਦਾ। ਅਸ਼ੋਕ ਜੀ ਐਂਵੇਂ ਭੁਲੇਖੇ ਵਿਚ, ਇਸ ਗੱਲ ਤੋਂ ਤਰੀਹਕਦੇ ਹਨ ਕਿ ਜੇ ਮਹੱਲਾਂ ਨੂੰ ਅਧਿਕ ਰਹਿਤ ਕਰਕੇ 'ਮਹਲਾ' ਉਚਾਰਣ ਕਰ ਲਿਆ ਤਾਂ ਇਸ ਦੇ ਅਰਥ ਅਵੱਸ਼ ਇਸਤ੍ਰੀ (ਸੰਸ. ਮਹਿਲਾ) ਹੋ ਜਾਣਗੇ। 'ਮਹਾਂ ਕੋਸ਼' ਵਿਚ 'ਸਾਰੰਗ' ਦੇ 60 ਅਰਥ ਹਨ, ਪਰ ਉਚਾਰਣ ਇਕ ਸਮਾਨ 'ਸਾਰੰਗ' ਹੀ ਹੈ। ਅੱਗੇ ਜਾ ਕੇ ਲੇਖ ਵਿਚ ਥਾਂ ਸਿਰ ਇਸ ਗੱਲ ਨੂੰ ਹੋਰ ਸਪਸ਼ਟ ਕੀਤਾ ਗਿਆ ਹੈ।

ਮਹਲਿ (ਅਧਿਕਰਣ ਕਾਰਕ) :

1. ਆਪੇ ਮੇਲਿ ਮਿਲਾਵਹੀ, ਸਾਚੈ 'ਮਹਲਿ' ਹਦੂਰਿ ॥

(ਮਹਲ ਵਿਚ, ਅਧਿਕਰਣ ਕਾਰਕ)

2. ਮਹਲੀ (ਇਸਤ੍ਰੀ) ਮਹਲਿ (ਮਹਲ ਵਿਚ) ਬੁਲਾਇਐ, ਸੁ ਪਿਰੁ ਰਾਵੈ ਰੰਗ ॥

(ਮ. 1, ਪੰਨਾ 57)

3. ਜਿਨੀ ਆਪੁ ਪਛਾਣਿਆ, ਘਰ ਮਹਿ ਮਹਲੁ ਸੁ ਥਾਇ ॥

(ਕਰਮ ਕਾਰਕ (ਮ. 1, ਪੰਨਾ 55)

ਨੋਟ—ਏਥੇ ਵੀ ਉਚਾਰਣ ਮਹੱਲੁ ਜਾਂ ਮਹਲੀ ਨਹੀਂ ।

ਮਹਲਤ :

1. ਨਉ ਸਤ, ਚਉਦਹ ਤੀਨਿ ਚਾਰਿ ਕਰਿ, ਮਹਲਤਿ ਚਾਰਿ ਬਹਾਲੀ ॥

(ਮ. 1, ਪੰਨਾ 1190)

ਮਹਲਤਿ 'ਮਹਲੁ' ਦਾ ਬਹੁ ਵਚਨ ਹੈ – ਸ਼ਬਦਾਰਥ—1190)

2. ਕਰਿ ਫੁਰਮਾਇਸ ਖਾਇਆ, ਵੇਖ 'ਮਹਲਤਿ' ਮਰਣੁ ਵਿਸਾਰਿਆ ॥ (ਵਾਰ ਆਸਾ)

ਨੋਟ - ਏਥੇ ਵੀ 'ਮਹਲਤਿ ਦਾ ਉਚਾਰਣ 'ਮਹੱਲਤਿ' (ਮਹੱਲਾਤ) ਨਹੀਂ ।

ਜ਼ਰੂਰੀ ਨੋਟ : ਉਪਰ ਦਿਤੇ ਪ੍ਰਮਾਣਾਂ ਨੂੰ ਵਾਚ, ਵਿਚਾਰ ਕੇ ਅਸੀਂ ਇਸ ਸਿੱਟੇ ਉਤੇ ਪੁੱਜਦੇ ਕਿ ਬਾਣੀ ਵਿਚ ਕਿਤੇ ਵੀ 'ਮਹਲਾ', 'ਮਹਲੁ', 'ਮਹਲਿ' 'ਮਹਲੀਂ' ਤੇ 'ਮਹਲਤ' ਆਦਿ ਉਪਰ ਅੱਧਕ ਦੀ ਵਰਤੋਂ ਨਹੀਂ ਹੈ, ਜਦ ਕਿ ਇਨ੍ਹਾਂ ਦੇ ਮੁੱਢਲੇ ਅਰਬੀ ਸਰੂਪਾਂ ਵਿਚ ਸਾਰੀ ਥਾਂਈਂ 'ਅਧਿਕ' ਦੀ ਵਰਤੋਂ ਮੌਜੂਦ ਹੈ, ਜਿਵੇਂ - ਮਹੱਲ, ਮਹੱਲਾ, ਮਹੱਲ, ਮਹੱਲਤ, ਮਹੱਲੀ ।

ਉਪ੍ਰੋਕਤ ਪ੍ਰਮਾਣਾਂ ਵਿਚ ਮਹਲ, ਮਹਲੁ, ਜਾਂ ਮਹਲਾ ਆਦਿ ਪਦਾਂ ਦੇ ਅਰਥ ਗੁਰੂ-ਜੋਤੀ ਨਹੀਂ । ਸੋ, 'ਅਸ਼ੋਕ' ਜੀ ਦੇ ਦਾਅਵੇ ਦੇ ਢੋਲ ਦਾ ਪੋਲ ਖੁਲ੍ਹ ਜਾਂਦਾ ਹੈ ਕਿ ਮਹਲਾ ਦਾ ਅਰਥ ਜੋਤਿ ਹੈ ।

ਸੋ, ਇਨਸਾਫ਼ ਦਾ ਤਕਾਜ਼ਾ ਇਹੀ ਹੈ ਕਿ ਇਨ੍ਹਾਂ ਦੇ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਆਏ ਸਰੂਪਾਂ ਨੂੰ ਇਕਸਾਰ, ਅਧਿਕ ਰਹਿਤ, ਉਚਾਰਿਆ ਜਾਏ ਅਤੇ ਮਹਲ, ਮਹਲੀ, ਮਹਲਿ, ਮਹਲੁ, ਮਹਲਾ ਤੇ ਮਹਲਤਿ ਨੂੰ ਕੋਈ ਸੱਜਣ ਵੀ ਮਹੱਲ, ਮਹੱਲ: (ਮਹੱਲਾ), ਮਹੱਲੀ ਮਹੱਲਤ ਉਚਾਰ ਕੇ 'ਪਿੰਗਲ' ਪੱਖੋਂ ਕਵਿਤਾ ਦੀ ਰਵਾਨੀ, (Rhythm) ਚਾਲ ਨੂੰ ਦੋਸ਼-ਗ੍ਰਿਸਤ ਨ ਕਰੇ। ਸੋਚਣ ਵਿਚਾਰਣ ਵਾਲੀ ਗੱਲ ਹੈ ਕਿ ਜਦ ਗੁਰਬਾਣੀ ਵਿਚ ਦੋ ਸੌ ਵੇਰ ਦੇ ਕਰੀਬ—ਇਨ੍ਹਾਂ ਦਾ ਉਚਾਰਣ ਅਧਿਕ ਰਹਿਤ ਹੈ ਤਾਂ ਕੇਵਲ ਗੁਰੂ-ਵਿਅਕਤੀਆਂ ਨਾਲ ਆਏ 'ਮਹਲਾ' ਸ਼ਬਦ ਨੂੰ ਉਚੇਚੇ ਤੌਰ ਉਤੇ ਆਪਣੇ ਪਾਸੋਂ ਅੱਧਕ ਦੀ ਵਰਤੋਂ ਕਰਕੇ 'ਮਹੱਲਾ' ਕਿਉਂ ਉਚਾਰਿਆ ਜਾਏ ?

23 ਅਗਸਤ 79 ਤੋਂ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਗੁਰਬਾਣੀ ਸ਼ੁਧ ਉਚਾਰਣ ਲਈ ਪਾਠ-ਬੋਧ ਸਮਾਗਮ ਹੋ ਰਿਹਾ ਸੀ । ਏਥੇ ਕੁਝ ਪਾਠੀ ਰਾਗਾਂ ਦੇ ਸਿਰਲੇਖਾਂ ਨਾਲ ਆਏ 'ਮਹਲਾ' ਪਦ ਨੂੰ ਮਹਲਾ ਕਰਕੇ ਪੜ੍ਹਦੇ ਸਨ, ਤੇ ਕੁਝ ਮਹੱਲਾ ਕਰਕੇ; ਪਰੰਤੂ ਗੁਰਬਾਣੀ ਪਾਠ ਵਿਚ ਆਏ ਪਦ ਮਹਲੁ, ਮਹਿਲਾ, ਮਹਲੀ, ਮਹਲਤ ਆਦਿ ਨੂੰ ਸਭ ਅਧਿਕ-ਰਹਿਤ ਹੀ ਵਾਚਦੇ ਸਨ । ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵਲੋਂ ਕੀਤੀ ਜਾ ਰਹੀ ਟੇਪ ਰੀਕਾਰਡਿੰਗ ਇਸ ਦੀ ਗਵਾਹ ਹੈ ।

ਨੇਮ : ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਲਿਖਣ ਤੇ ਉਚਾਰਣ ਦੀ ਇਕ ਵਿਸ਼ੇਸ਼ ਸ਼ੈਲੀ ਹੈ, ਜਿਸ ਅਨੁਸਾਰ ਜਿਨ੍ਹਾਂ ਸ਼ਬਦਾਂ ਦਾ ਦੂਜਾ ਅੱਖਰ 'ਹ' ਮੁਕਤਾ ਜਾਂ ਸਿਹਾਰੀ-ਸਹਿਤ ਹੈ, ਉਨ੍ਹਾਂ ਦਾ

ਉਚਾਰਣ ਅਧਿਕ-ਰਹਿਤ ਹੁੰਦਾ ਹੈ। ਗੁਰਬਾਣੀ ਵਿਚ ਆਏ ਅਜਿਹੇ ਹਜ਼ਾਰਾਂ ਸ਼ਬਦਾਂ 'ਚੋਂ, ਵੰਨਗੀ ਮਾਤਰ, ਕੁਝ ਕੁ ਹੇਠਾਂ ਦਿਤੇ ਜਾਂਦੇ ਹਨ :

ਮਹਰਮ, ਮਹਜਰ, ਮਹਕ, ਮਹਤਰੀ, ਮਹਗੀ, ਟਹਲ. ਸਹਲ, ਮਹਲ, ਮਹਲੁ, ਮਹਲਿ, ਮਹਲੀ, ਗਹਲਾ, ਪਹਲਾਂ, ਪਹਿਲਾਂ, ਪਹਰਿ, ਪਹਰ, ਪਹਿਰਾ, ਰਹਤ, ਕਹਤ, ਸਹਤ, ਬਹਤ, ਬਹਤਾ, ਬਹਤੀ, ਮਹਤਾਰੀ, ਸਹਮ, ਸਹਮਤ, ਸਹਰ, ਬਹਰੇ, ਸਹਲੰਗਾ, ਸਹਨਸ਼ੀਲ. ਕਹਣ, ਕਹਨ, ਗਹਣਾ, ਲਹਣਾ, ਕਹਤਉ, ਲਹਣੇ, ਜਹਰ, ਕਹਰ, ਸ਼ਹਰ, ਸਹਜ, ਸਹਜੇ ਆਦਿ :

'ਗੁਰਬਾਣੀ ਵਿਆਕਰਣ' ਦੇ ਲੇਖਕ ਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਟੀਕਾਕਾਰ ਪ੍ਰੋ: ਸਾਹਿਬ ਸਿੰਘ, ਭਾਈ ਸਾਹਿਬ ਭਾਈ ਵੀਰ ਸਿੰਘ, ਹੋਰ ਵਿਦਵਾਨ ਲੇਖਕਾਂ ਨੇ 'ਮਹਲਾ' ਤੇ 'ਮਹਲੁ' ਸ਼ਬਦਾਂ ਦਾ ਉਚਾਰਣ 'ਮੌਹਲਾ' ਕਰਕੇ ਹੀ ਸ਼ੁੱਧ ਮੰਨਿਆ ਹੈ। ਇਹ ਉਦਾਹਰਣ ਸ੍ਰੀ ਗੁਰੂ ਗਰੰਥ ਜੀ ਦੀ ਲਿਖਣ-ਸ਼ੈਲੀ, ਬੋਲੀ, ਕਵਿਤਾ-ਚਾਲ, ਸੰਗੀਤਕ ਲੈਅ ਅਤੇ ਕਵਿਤਾ-ਮਾਤ੍ਰਾ ਪੱਖੋਂ ਸੌ ਫ਼ੀ ਸਦੀ ਦਰੁਸਤ ਹੈ। ਇਸ ਦਾ ਖੰਡਨ ਕਰਨ ਦਾ ਹੱਠ ਕਰਨਾ ਸਚਾਈ ਤੋਂ ਮੂੰਹ ਮੋੜਨ ਤੇ ਗੁਰਬਾਣੀ ਦਾ ਨਿਰਾਦਰ ਕਰਨ ਵਾਲੀ ਭੁਲ ਹੈ।

ਪੁਸ਼ਟੀ ਲਈ ਹੇਠ ਲਿਖੇ ਦੋ ਪ੍ਰਮਾਣ ਕਾਫ਼ੀ ਹਨ :

(ੳ) ਓਹੁ ਅਬਿਨਾਸੀ ਰਾਇਆ ॥
ਨਿਰਭਉ ਸੰਗਿ ਤੁਮਾਰੈ ਬਸਤੇ ਇਹੁ ਡਰਨੁ ਕਹਾ ਤੇ ਆਇਆ ॥੧॥ਰਹਾਉ॥
ਏਕ 'ਮਹਲਿ' ਤੂੰ ਹੋਹਿ ਅਫਾਰੋ. ਏਕ 'ਮਹਲਿ' ਨਿਮਾਨੋ ॥
ਏਕ 'ਮਹਲਿ' ਤੂੰ ਆਪੇ ਆਪੇ, ਏਕ 'ਮਹਲਿ' ਗਰੀਬਾਨੋ ॥੧॥
ਏਕ 'ਮਹਲਿ' ਤੂੰ ਪੰਡਿਤੁ ਬਕਤਾ, ਏਕ 'ਮਹਲਿ' ਖਲੁ ਹੋਤਾ ॥
ਏਕ 'ਮਹਲਿ' ਤੂੰ ਸਭੁ ਕਿਛੁ ਗ੍ਰਾਹਜੁ ਏਕ 'ਮਹਲਿ' ਕਛੂ ਨ ਲੇਤਾ ॥੨॥

(ਮ. 5, ਪੰਨਾ 206)

(ਅ) ਅਰਜਨ 'ਕਾਇਆ' ਪਲਟਿ ਕੈ, ਮੂਰਤਿ ਹਰਿਗੋਬਿੰਦ ਸਵਾਰੀ ॥

ਨੋਟ : ਏਥੇ 'ਮਹਲਿ' (ਅਧਿਕਰਣ ਕਾਰਕ, ਪੁਲਿੰਗ ਵਾਚਕ) ਦੇ ਅਰਥ ਹਨ—ਸਰੀਰ, ਸਰੂਪ, ਵਿਅਕਤੀ ਜਾਂ ਕਾਇਆ ਵਿਚ। ਅਤੇ, ਕਦਾਚਿਤ ਮਹੱਲ, ਮਕਾਨ ਤੇ ਵੱਡੀਆਂ ਇਮਾਰਤਾਂ ਆਦਿ ਨਹੀਂ।

ਉਪਰਲੇ ਪ੍ਰਮਾਣਾਂ ਨੂੰ ਗਹੁ ਨਾਲ ਵਾਚਿਆਂ ਸ਼ਬਦ 'ਮਹਲਾ' ਦਾ ਅਰਥ ਸਾਫ਼ ਹੋ ਜਾਂਦਾ ਹੈ। ਸਤਿਗੁਰਾਂ ਦੀ ਉਚਾਰੀ ਹੋਈ ਬਾਣੀ ਵਿਚ, ਨਾਮ ਕੇਵਲ 'ਨਾਨਕ' ਹੀ ਆਉਂਦਾ ਹੈ। ਇਹ ਨਿਰਣਾ ਕਰਨ ਲਈ ਕਿ ਅਮੁਕੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ, ਸ਼ਬਦ 'ਮਹਲੁ' ਜਾਂ 'ਮਹਲਾ' ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ : ਵਿਅਕਤੀ, ਕਾਇਆ, ਸਰੀਰ ਜਾਂ ਸਰੂਪ।

ਗੁਰਬਾਣੀ ਵਿਚ 'ਮਹਲਾ' ਸ਼ਬਦ ਨੂੰ 'ਮਹਲੁ' ਕਰਕੇ ਵੀ ਲਿਖਿਆ ਗਿਆ ਹੈ : ਵੇਖੋ, ਸ੍ਰੀ ਰਾਗ ਮਹਲ 1, ਪੰਨਾ 16 ਤੇ 18।

ਹੁਣ, ਜੇ 'ਮਹਲਾ' ਦਾ ਉਚਾਰਣ 'ਮਹੱਲਾ' ਕੀਤਾ ਜਾਣਾ ਹੈ ਤਾਂ 'ਮਹਨੁ' ਦਾ ਉਚਾਰਣ ਅਵੱਸ਼

'ਮਹੱਲੁ' ਕਰਨਾ ਪਵੇਗਾ, ਜੋ ਨਾ ਸ਼ੁੱਧ ਹੈ ਅਤੇ ਨਾ ਹੀ ਕੋਈ ਸੂਝਵਾਨ, ਸਿਆਣਾ ਤੇ ਹਠ-ਰਹਿਤ ਵਿਦਵਾਨ ਪਾਠੀ ਕਰਦਾ ਹੈ; ਚਾਹੇ ਉਹ ਵਿਅਕਤੀ 'ਮਹੱਲਾ' ਉਚਾਰਨ ਦਾ ਮੁਦੱਈ ਹੀ ਕਿਉਂ ਨਾ ਹੋਵੇ। ਜਦ ਗੁਰਬਾਣੀ ਵਿਚ 120 ਕੁ ਵੇਰ ਆਏ ਸ਼ਬਦ ਮਹੱਲ' (ਅਰਬੀ) ਨੂੰ 'ਮਹਲੁ' (ਮੈਹਲ) ਕਰਕੇ ਅਧਿਕ-ਰਹਿਤ ਉਚਾਰਿਆ ਜਾਂਦਾ ਹੈ, ਤਾਂ ਗੁਰੂ ਵਿਅਕਤੀਆਂ ਨਾਲ ਆਏ ਪਦ ਮਹਲਾ ਜਾਂ ਮਹਲੁ ਦਾ, ਅੱਧਕ ਲਾਕੇ ਉਚੇਚਾ ਤੇ ਵੱਖਰਾ ਉਚਾਰਣ ਕਿਉਂ ਹੋਵੇ, ਜਦ ਕਿ ਇਹ ਸਾਰੇ ਪਦ ਅਰਬੀ ਦੇ ਹੱਲ ਸ਼ਬਦ ਤੋਂ ਬਣੇ ਹਨ ?

'ਮਹੱਲਾ' ਉਚਾਰਣ ਦੇ ਹਾਮੀ ਇਸ ਸੰਬੰਧ ਵਿਚ ਇਹ ਦਲੀਲ ਦੇਂਦੇ ਹਨ ਕਿ 'ਮਹੱਲੁ' ਲਿਖਣ ਸਮੇਂ ਲਿਖਾਰੀ ਤੋਂ ਕੰਨਾ ਪਾਉਣਾ ਰਹਿ ਗਿਆ ਹੈ, ਅਤੇ ਅਮਕੀ ਅਮਕੀ ਬੀੜ ਵਿਚ ਪਾਠ 'ਮਹਲੁ' ਨਹੀਂ, 'ਮਹਲਾ' ਹੀ ਹੈ।' ਪ੍ਰੰਤੂ, ਇਹ ਦਲੀਲ ਨਿਰਾਰਥ ਤੇ ਥੋਥੀ ਹੈ, ਕਿਉਂਕਿ 'ਮਹਲੁ' ਪਦ ਦੇ 'ਲ' ਨੂੰ ਜਾਣ ਬੁੱਝ ਕੇ ਸਪੱਸ਼ਟ ਤੇ ਸਹੀ ਤੌਰ ਉਤੇ ਔਂਕੜ ਲਾਇਆ ਗਿਆ ਹੈ, ਅਤੇ ਇਹ ਇਕ ਵਚਨ ਪੁਲਿੰਗ ਹੈ ਤੇ ਹਰ ਪੱਖੋਂ ਸ਼ੁੱਧ ਹੈ।

ਹਾਂ, ਜਿਨ੍ਹਾਂ ਦੋ ਚਾਰ ਲਿਖਤੀ ਬੀੜਾਂ ਵਿਚ 'ਮਹਲੁ' ਦੀ ਥਾਂ 'ਮਹਲਾ' ਕਰਕੇ ਲਿਖਿਆ ਹੈ, ਓਥੇ ਲਿਖਾਰੀਆਂ ਨੇ ਆਪਣੀ ਨਿੱਜ ਮੱਤ ਵਰਤ ਲਈ ਹੈ ਤੇ ਸ੍ਰੀ ਕਰਤਾਰਪੁਰ ਵਾਲੀ ਪਾਵਨ ਆਦਿ ਬੀੜ ਵਿਚ, ਇਕ ਉਕਾਈ ਸਮਝ ਕੇ, ਆਪਣੇ ਵਲੋਂ ਦਰੁਸਤ ਕਰ ਲੈਣ ਦੀ ਚਤੁਰਾਈ ਕੀਤੀ ਹੈ। ਇਹ ਉਸੇ ਤਰ੍ਹਾਂ ਦੀ ਹੀ ਗੱਲ ਹੈ ਜਿਵੇਂ ਅਸ਼ੋਕ ਜੀ ਆਪਣੇ ਹਵਾਲੇ ਵਾਲੇ ਲੇਖ ਵਿਚ ਲਿਖਦੇ ਹਨ—'ਨਾਭੇ ਦੇ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਵਿਚ, ਇਕ ਐਸੀ ਬੀੜ ਮੌਜੂਦ ਹੈ, ਜਿਸ ਵਿਚ ਇਸ ਦੇ ਚਤੁਰ ਲਿਖਾਰੀ ਨੇ 'ਮਹਲਾ' 'ਪੁਲਿੰਗ) ਦੀ ਥਾਵੇਂ 'ਮਹਿਲਾ' (ਇਸਤ੍ਰੀ-ਲਿੰਗ) ਦੇ ਗਲਤ ਉਚਾਰਣ ਤੋਂ ਗ਼ਲਤ-ਫਹਿਮੀ ਦੂਰ ਕਰਨ ਲਈ ਇਸ ਬੀੜ ਵਿਚ ਹਰੇਕ ਥਾਵੇਂ 'ਮਹਲਾ' 1, 2, 3, ਆਦਿ ਥਾਵੇਂ ਪਾਤਸ਼ਾਹੀ 1, 2, 3 ਲਿਖ ਦਿਤਾ।

'ਉਸ਼ਟ ਲਿਸ਼ਟਿਕ ਨਿਆਇ' ਅਨੁਸਾਰ ਅਸ਼ੋਕ ਜੀ ਦਾ ਉਪਰਲਾ ਹਵਾਲਾ ਤੇ ਦਲੀਲ ਏਥੇ ਉਹਨਾਂ ਵਿਰੁਧ ਵਰਤੇ ਜਾ ਸਕਦੇ ਹਨ :

8. ਗੜ ਮੰਦਰ ਮਹਲਾ ਕਹਾ, ਜਿਉ ਬਾਜੀ ਦੀਬਾਣੁ ॥

(ਰਾਮਕਲੀ ਮ: 1. ਪੰ: 836)

9. ਮਹਲਾ ਅੰਦਰਿ ਗੈਰ ਮਹਲੁ ਪਾਏ ਭਾਣਾ ਬੁਝਿ ਸਮਾਹਾ ਹੇ ॥

(ਮਾਰੂ ਮ: 3, ਪੰ: 1058)

10. (ੳ) ਗੁਰ ਮਹਲੀ (ਮਹਲੀਂ=ਮਹਿਲਾਂ ਵਿਚ)
ਘਰਿ ਆਪਣੈ, ਸੋ ਭਰਪੁਰ ਲੀਣਾ ॥ (ਮ: 1, ਪੰਨਾ 767)

(ਜੋ ਗੁਰੂ-ਘਰ ਦੁਆਰਾ) ਆਪਣੇ ਹਿਰਦੇ ਰੂਪ ਵਿਚ ਹਰੀ ਨੂੰ ਭਾਲਦਾ ਹੈ, ਉਹ ਉਸ, ਸਭ ਥਾਈਂ ਭਰਪੂਰ, ਹਰੀ ਵਿਚ ਲੀਨ ਹੁੰਦਾ ਹੈ।

(ਅ) .. ਸਬਦੇ ਪਤੀਜੈ ਅੰਕੁ ਭੀਜੈ ਸੁ 'ਮਹਲੁ' ਮਹਲਾ ਅੰਤਰੇ ॥

ਹੋਰ ਵੀਚਾਰ :

1. ਗੁਰਬਾਣੀ ਵਿਚ ਆਏ ਪਦ 'ਮਹਲ' ਦੇ ਸਾਰੇ ਸਰੂਪਾਂ ਨਾਲ ਅਧਿਕ ਲਾ ਕੇ

ਉਚਾਰਣ ਕਰਨਾ ਕਵਿਤਾ ਅਥਵਾ ਛੰਦ ਦੀ ਚਾਲ ਤੇ ਰਵਾਨੀ ਵਿਚ ਫਰਕ ਪਾਉਂਦਾ ਤੇ ਕਵਿਤਾ ਨੂੰ ਵਿਗਾੜਦਾ ਹੈ। ਵਿਦਵਾਨ ਪਾਠਕ ਮਹਲ, ਮਹਲਾ, ਮਹਲੀ, ਮਹਲਤ ਆਦਿ ਪਦਾਂ ਦਾ ਪਾਠ ਆਪ ਕਰਕੇ ਵੇਖ ਜੋਖ ਲੈਣ, ਤੇ ਫੇਰ ਦੱਸਣ ਕਿ ਅਧਿਕ ਲਾ ਕੇ ਪਾਠ ਰਵਾਂ ਬਣਦਾ ਤੇ ਪਿੰਗਲ-ਪੱਖੋਂ ਦਰੁਸਤ ਹੈ ?

2. ਗੁਰਬਾਣੀ ਵਿਚ ਅਰਬੀ-ਫਾਰਸੀ ਦੇ ਬਹੁਤ ਸਾਰੇ ਸ਼ਬਦਾਂ ਦਾ ਉਚਾਰਣ ਪੰਜਾਬੀ ਹੈ ਅਤੇ ਉਹ ਤਦਭਵ ਰੂਪ ਵਿਚ ਜਿਵੇਂ ਲਿਖੇ ਦਿਸਦੇ ਹਨ, ਓਵੇਂ ਹੀ ਪੜ੍ਹੇ ਜਾਣੇ ਦਰੁਸਤ ਹਨ; ਜਿਵੇਂ—

ਅਰਬੀ/ਫਾਰਸੀ ਰੂਪ ਤੇ ਉਚਾਰਣ	ਗੁਰਬਾਣੀ ਵਿਚ ਆਇਆ ਸਰੂਪ ਤੇ ਉਚਾਰਣ
(ੳ) ਮੁਸਿਲਮਾਨ	ਮੁਸਲਮਾਣੁ
(ਅ) ਕੁਰਆਨ	ਕੁਰਾਣ
(ੲ) ਨਮਾਜ਼	ਨਿਵਾਜ
(ਸ) ਪਲੀਦ	ਪਲੀਤ
(ਹ) ਸ਼ਨਾਖ਼	ਸਨਾਖਤ
ਤ	
(ਕ) ਕਸ਼ੀਦਹ (ਰਸ)	(ਰਸੁ) ਕਸੁ
(ਖ) ਅਸ਼	ਅਸਤ
ਤ	
(ਗ) ਦਾਮਨ	ਦਾਵਣਿ
(ਘ) ਸੁਬ੍ਹ	ਸਬਾਹ
(ਙ) ਸਰਦਾਰ	ਸਿਰਦਾਰ
(ਚ) ਵਕ੍ਤ (ਵਕ)	ਵਖਤ
ਤ	
(ਛ) ਪੁਲਿੱਸਿਰਾਤ	ਪੁਰਸਲਾਤ
(ਜ) ਪਨਾਹ	ਪਨਹ
(ਝ) ਉੱਮੀ	ਓਮੀ
(ਞ) ਪਰਵਰਦਿਗਾਰ	ਪਰਵਦਗਾਰ
(ਟ) ਕਰਾਮਾਤ	ਕਰਮਾਤ

ਨੋਟ :—

ਉਪਰੋਕਤ ਸ਼ਬਦਾਂ ਵਾਂਗ ਅਰਬੀ ਸ਼ਬਦ 'ਮਹੱਲ' ਜਾਂ ਮਹੱਲਾ ਵੀ ਬਾਣੀ ਅੰਦਰ ਮੂਲ ਰੂਪ ਵਿਚ ਅੰਕਿਤ ਨਹੀਂ। ਇਸ ਦਾ ਅਰਬੀ ਰੂਪ ਹੈ ਮੀਮ (ਮ)+(ਹੁੱਤੀ+ਲਾਮ (ਲ)+ਹਾਇ (ਹੱਵਜ਼)। ਲਾਮ ਦੇ ਵੇਰ ਬੋਲਣ ਕਰਕੇ ਉਸ ਦੇ ਉੱਪਰ ਅਧਿਕ ਹੈ, ਪਰੰਤੂ ਗੁਰਬਾਣੀ ਵਿਚਲੇ ਰੂਪ ਵਿਚ ਨਾ ਹੀ ਉਪਰ ਅਧਿਕ ਹੈ ਅਤੇ ਨਾ ਅੰਤ ਵਿਚ 'ਹੇ' (ਹਾਇ) (ਹੱਵਜ਼); ਸਗੋਂ 'ਹੇ'

ਦੀ ਥਾਂ ਕੰਨਾ (ਅਲਿਫ) ਹੈ। ਸੋ ਗੁਰਬਾਣੀ ਵਿਚ ਮਹਲਾ ਦਾ ਪਾਠ, ਮੂਲ ਰੂਪ ਪਿੱਛੇ ਲੱਗ ਕੇ ਮਹੱਲ ਜਾਂ ਮਹੱਲਾ ਕਰਨ ਦੀ ਲੋੜ ਨਹੀਂ।[1]

3. ਅੱਜ ਵੀ ਬਹੁਤੇ ਪਾਠੀ ਐਸੇ ਹਨ ਜੋ ਬਾਣੀ ਨੂੰ ਜਿਵੇਂ ਲਿਖਿਆ ਹੈ, ਤਿਵੇਂ ਪੜ੍ਹਨ ਦਾ ਫੋਕਾ ਦਾਅਵਾ ਕਰਦੇ ਹਨ। ਆਪਣੀ ਇਸ ਰਵਿਸ਼ ਦੀ ਪੁਸ਼ਟੀ ਵਿਚ ਉਹ :

'ਅੱਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ ॥'

(ਮ: 1, ਪੰਨਾ 1171)

ਤੁੱਕ ਦਾ ਪ੍ਰਮਾਣ ਪੇਸ਼ ਕਰਦੇ ਤੇ ਸਹਾਰਾ ਲੈਂਦੇ ਹਨ, ਹਾਲਾਂ ਕਿ 'ਰਾਗ ਬਸੰਤ ਹਿੰਡੋਲ' ਵਿਚ ਅੰਕਿਤ ਪਹਿਲੇ ਮਹਿਲੇ ਦੀ ਇਸ ਤੁਕ ਦੇ ਉੱਕੇ ਹੀ ਉਹ ਅਰਥ ਨਹੀਂ ਜੋ ਉਹ ਕੱਢਦੇ ਹਨ। (ਵੇਖੋ, ਲੇਖ 'ਸ਼ੁਧ ਗੁਰਬਾਣੀ ਉਚਾਰਣ', ਪੁਸਤਕ 'ਅੰਮ੍ਰਿਤ ਤੇ ਆਤਮਾ') ਹੈਰਾਨੀ ਇਹ ਹੈ ਕਿ ਇਹ ਸੱਜਣ, ਜੋ ਲਿਖੇ ਹੋਏ ਨੂੰ ਤਿਵੇਂ ਪਾਠ ਕਰਨਾ ਦਰੁਸਤ ਸਮਝਦੇ ਹਨ, **ਮਹਲਾ 5** ਨੂੰ 'ਪੰਜਵਾਂ ਪੜ੍ਹਨ ਦੀ ਥਾਂ 'ਪੰਜਵਾ' ਪੜ੍ਹਨ ਨੂੰ ਸ਼ੁਧ ਸਮਝਦੇ ਹਨ, ਉਹ 'ਮਹਲਾ' ਦੇ ਪਾਠ ਵੇਲੇ ਸਾਰਾ ਬਲ ਲਾ ਕੇ 'ਮਹੱਲਾ' ਪਾਠ ਕਰਦੇ ਦਿਸਦੇ ਹਨ। ਭਲਾ, ਇਹ ਦੋਗਲੀ ਕਿਉਂ ?

ਪੁੱਛਿਆ ਜਾ ਸਕਦਾ ਹੈ ਕਿ 'ਮਹਲਾ' ਦਾ ਪਾਠ ਕਰਨ ਵੇਲੇ ਉਹਨਾਂ ਦੀ 'ਅਖਰ ਲਿਖੇ ਸੇਈ ਗਾਵਾ' ਵਾਲੀ ਧਾਰਨਾ ਕਿਧਰ ਚਲੀ ਜਾਂਦੀ ਹੈ ? ਅਤੇ ਸਾਫ ਦਰਸ਼ਨ ਦਿੰਦਾ 'ਮਹਲਾ' ਪਦ ਮਹੱਲਾ' ਕਿਵੇਂ ਬਣ ਜਾਂਦਾ ਹੈ ?

4. ਭਾਈ ਸਾਹਿਬ ਭਾਈ ਕਾਨ੍ਹ ਸਿੰਘ ਮਹਾਨ ਕੋਸ਼ (ਪੰਜਾਬੀ ਵਿਭਾਗ, 1960) ਦੇ ਪੰਨਾ 699 ਉਤੇ **ਮਹੱਲ ਤੇ ਮਹੱਲਾ** (ਅਰਬੀ) ਨੂੰ ਸਪੱਸ਼ਟ ਅਧਿਕ ਲਾ ਕੇ ਅਰਬੀ ਉਚਾਰਣ ਵਿਚ ਵੀ ਲਿਖਿਆ ਹੈ। ਪਰ ਮਹੱਲਾ ਦੇ ਅਰਥ ਕੀਤੇ ਹਨ—"ਜਿਸ ਥਾਂ ਨੂੰ ਫ਼ਤਹ ਕਰਕੇ ਜਾ ਉਤਰੀਏ, ਹਲੂਲ ਦੀ ਥਾਂ ਅਥਵਾ ਦੌੜਨ ਦਾ ਅਸਥਾਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਚਲਾਏ ਮਸਨੂਈ ਜੰਗ ਦਾ ਅਭਿਆਸ।

'ਮਹੱਲਾ' ਦੇ ਉਪਰੋਕਤ ਅਰਥ ਕਰਦਿਆਂ ਭਾਈ ਸਾਹਿਬ ਨੇ ਗੁਰਬਾਣੀ ਦੀ ਤੁਕ ਦੁਆਰਾ ਕਿਤੇ ਇਹ ਸੰਕੇਤ ਨਹੀਂ ਦਿੱਤਾ ਕਿ ਗੁਰੂ-ਵਿਅਕਤੀਆਂ ਨਾਲ ਵਰਤਿਆ ਪਦ 'ਮਹੱਲਾ' ਇਸੇ ਤਰ੍ਹਾਂ ਨਾਲ, ਏਸੇ 'ਮਹੱਲਾ' ਸ਼ਬਦ ਨਾਲ, ਉਚਾਰਣ ਕਰਕੇ, ਸੰਬੰਧਿਤ ਹੈ।

ਹਾਂ, ਏਸੇ ਪੰਨੇ ਉਤੇ ਹੀ **ਮਹਲ**, ਮਹਲੁ, ਮਹਲਤ, ਮਹਲਤਿ, **ਮਹਲਾ**, ਮਹਲਾਤ, **ਮਹਲਿ**, **ਮਹਲੀ**, ਐਠਾਂ ਸ਼ਬਦਾਂ ਨੂੰ ਬਿਨਾਂ ਅਧਿਕ ਦੇ, ਉੱਪਰ ਦਿੱਤੇ ਰੂਪ ਵਿਚ ਸਪੱਸ਼ਟ ਕਰਕੇ ਲਿਖਿਆ ਹੈ। ਇਹਨਾਂ ਨਾਲ ਗੁਰਬਾਣੀ ਦੀਆਂ ਤੁਕਾਂ ਜਾਂ ਹੋਰ ਹਵਾਲੇ ਦੇ ਕੇ ਅਰਥਾਂ ਨੂੰ ਵੀ ਵਿਸਤਾਰ ਸਹਿਤ ਸਪੱਸ਼ਟ ਕੀਤਾ ਹੈ। ਜੇ ਇਹਨਾਂ ਦਾ ਉਚਾਰਣ ਮਹੱਲ ਜਾਂ ਮਹੱਲਾ ਕਰਨਾ ਹੁੰਦਾ ਤਾਂ

---

1. ਅੱਗੇ, ਫਾਰਸੀ-ਅਰਬੀ ਡਿਕਸ਼ਨਰੀਆਂ ਦੀ ਛਾਣ ਬੀਣ ਦੁਆਰਾ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਉਥੇ ਦੋਵੇਂ ਰੂਪ; ਮਹਲ, ਤੇ ਮਹੱਲ ਮਿਲਦੇ ਹਨ। ਇਹ ਗੱਲ ਅਗੇ ਜਾ ਕੇ ਅੰਕ 11 ਵਿੱਚ ਫੇਰ ਸਪੱਸ਼ਟ ਕੀਤੀ ਗਈ ਹੈ।

ਭਾਈ ਸਾਹਿਬ ਇਹਨਾਂ ਸਬੰਧੀ ਆਪਣੇ ਵਲੋਂ ਲੋੜੀਂਦੀ ਟਿੱਪਣੀ ਦਿੰਦੇ ਕਿ ਇਹਨਾਂ ਪਦਾਂ ਦਾ ਉਚਾਰਣ, ਉਪਰ ਅੱਧਕ ਲਾ ਕੇ ਕੀਤਾ ਜਾਵੇ।

5. ਗੁਰਬਾਣੀ ਵਿਚ ਆਏ **'ਮਹਲ ਜਾਂ ਮਹਲਾ'** ਪਦਾਂ ਦੇ ਸਹੀ ਉਚਾਰਣ ਸਬੰਧੀ ਭਾਈ ਕੇਸਰ ਸਿੰਘ ਜੀ 'ਛਿੱਬਰ' ''ਬੰਸਾਵਲੀ ਨਾਮਾ ਦਸ ਪਾਤਸ਼ਾਹੀਆਂ ਕਾ'' (ਸੰਨ 1769-70) ਵਿਚ ਇਉਂ ਸੇਧ ਬਖਸ਼ਦੇ ਹਨ :—

ਗਰੀਬ ਨਿਵਾਜ ਸਿਖ ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲ।
ਬਚਨ ਕੀਤਾ, ਗ੍ਰੰਥ ਹੈ ਗੁਰੂ, ਲੜ ਪਕੜੋ ਅਕਾਲ।650।।
ਸੁਣੋ ਵੇ ਭਾਈ ਸਿਖੋ, ਐਸਾ ਸੰਤ ਬਾਬਾ ਨਾਨਕ ਪਛਾਨੋ।
ਦਸੇ 'ਮਹਲ' ਬਾਬਾ ਨਾਨਕ ਜੀ ਜਾਨੋ ।। (ਚਰਨ ਦਸਵਾਂ)

ਵੇਖੋ, ਏਥੇ ਸਪੱਸ਼ਟ ਤੌਰ ਉਤੇ ਉਚਾਰਣ 'ਮਹਲ' ਹੈ, ਮਹੱਲ ਨਹੀਂ। ਅਰਥ ਹਨ – ਸਰੂਪ, ਵਜੂਦ, ਕਾਇਆਂ।

ਨੋਟ : ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਵਿਚ ਪੰਨਾ 16 ਤੇ 18 ਉਤੇ ਆਏ ਪਦ 'ਮਹਲੁ' ਬਾਰੇ ਤਾਂ ਆਪਣੇ ਪਾਸੋਂ ਇਹ ਦਲੀਲ ਘੜ ਲਈ ਜਾਂਦੀ ਹੈ ਕਿ ਉਥੇ 'ਲ' ਨਾਲ ਕੰਨਾ ਲਗਣੋਂ ਰਹਿ ਗਿਆ ਹੈ (ਹਾਲਾਂਕਿ 'ਲ' ਹੇਠ ਲੱਗਾ ਔਂਕੜ ਇਸ ਦਲੀਲ ਨੂੰ ਥੋਥੀ ਬਣਾ ਦਿੰਦਾ ਹੈ); ਪਰੰਤੂ ਏਥੇ ਸ਼ਬਦ ਸਪੱਸ਼ਟ 'ਮਹਲ' ਹੈ। ਦੱਸੋ, 'ਮਹੱਲਾ' ਉਚਾਰਣ ਦੇ ਮੁਦੱਈ ਸੱਜਣ ਹੁਣ ਆਪਣੇ ਪਾਸੋਂ ਨਾਲ ਕੰਨਾ ਜੋੜ ਕੇ ਇਸ ਨੂੰ ਕਿਵੇਂ ਪਹਿਲਾਂ 'ਮਹਲਾ' ਤੇ ਫੇਰ ਉਪਰ ਅਧਿਕ ਲਾ ਕੇ **'ਮਹੱਲਾ'** ਕਰ ਲੈਣ ਦੀ ਦੀਦਾ ਦਲੇਰੀ ਕਰ ਸਕਣਗੇ ? ਏਥੇ 'ਮਹਲ' ਬਹੁਵਚਨ ਹੈ। ਏਥੇ ਮਹੱਲਾ (ਇਕ ਵਚਨ) ਆ ਹੀ ਨਹੀਂ ਸਕਦਾ।

6. ਅਸਾਂ ਪਿਛਲੇ ਪੰਨਿਆਂ ਉਤੇ ਵੇਖਿਆ ਹੈ ਕਿ ਜਿਥੇ ਵੀ **ਗੁਰਬਾਣੀ ਵਿਚ** ਮਹਲ, ਮਹਲੁ, ਜਾਂ ਮਹਲੇ ਦਾ ਪ੍ਰਯੋਗ ਕੀਤਾ ਗਿਆ ਹੈ, ਉਥ ਛੰਦ ਦੀ ਚਾਲ ਤੇ ਮਾਤਰਾ ਤਦ ਸਹੀ ਰਹਿੰਦੀ ਹੈ, ਜੇ ਇਹਨਾਂ ਨਾਲ ਆਪਣੇ ਪਾਸੋਂ ਮਾਤਰਾਂ ਨਾ ਵਧਾਈਆਂ ਜਾਣ। ਹੋਰ ਤਾਂ ਛਡੋ, ਇਸ ਸਿਰਲੇਖ ਨੂੰ ਹੀ ਵਾਚ ਕੇ ਵੇਖ ਲਵੋ : **'ਸਲੋਕ ਭੀ ਮਹਲੇ ਪਹਿਲੇ'** ਜਿਵੇਂ ਲਿਖੇ ਦਿਸਦੇ ਹਨ, ਤਿਵੇਂ ਪੜ੍ਹਿਆ ਚਾਲ ਠੀਕ ਰਹਿੰਦੀ ਹੈ, ਜਾਂ 'ਸਲੋਕ' ਭੀ ਮਹੱਲੇ ਪਹਿਲੇ ਕੇ' ਪੜ੍ਹਿਆਂ ? ਦੂਜੇ, ਅਰਬੀ ਵਿਚ ''ਮਹੱਲੇ'' ਰੂਪ ਵਿਚ ਨਾ ਕੋਈ ਸ਼ਬਦ ਹੈ ਤੇ ਨ ਐਸੀ ਵਰਤੋਂ।

ਸੁਆਦਲੀ ਗਲ ਇਹ ਹੈ ਕਿ ਏਥੇ ਸਾਰੇ ਪਾਠੀ ਸ਼ੁਧ ਪਾਠ, ਮਹਲੇ ਹੀ ਕਰਦੇ ਹਨ, ਕੋਈ ਮਹੱਲੇ ਨਹੀਂ ਕਰਦਾ।

7. ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਦੇ ਪਤਰਾ (963/1 ਉਤੇ, ਫਾਰਸੀ ਅੱਖਰਾਂ ਵਿਚ 'ਪ੍ਰਾਣ ਸੰਗਲੀ' ਦਾ ਸਿਰਲੇਖ ਪਾ ਕੇ ਅੱਗੇ ਮਹਲਾ: 1 (Mahlah) ਫਾਰਸੀ ਅੱਖਰਾਂ ਵਿਚ ਲਿਖਿਆ ਹੋਇਆ ਹੈ; ਪਰੰਤੂ, ਅਗੇ ਪ੍ਰਾਣ ਸੰਗਲੀ ਲਿਖੀ ਨਹੀਂ। ਏਥੇ ਫਾਰਸੀ ਲਿੱਪੀ ਵਿਚ ਸ਼ਬਦ 'ਮਹੱਲਾ' ਨਹੀਂ ਸਗੋਂ 'ਮਹਲ:' ਕਰਕੇ ਲਿਖਿਆ ਹੋਇਆ ਹੈ। ਫਾਰਸੀ ਜੋੜ ਹਨ— ਮੀਮ+ਹੇ (ਹੁਤੀ) ਲਾਮ ਤੇ ਅਗੇ 'ਹੇ' (ਹਵੱਜ਼) ਹੈ, ਜਿਸ ਨੂੰ ਉਤੇ ਲ ਨਾਲ ਵਿਸਰਗ (:) ਪਾ ਕੇ ਲਿਖਿਆ ਗਿਆ ਹੈ।

ਮਹੱਲਾ ਪੱਖੀ ਸੱਜਣ ਇਸ ਲਿਖਤ ਨੂੰ ਆਪਣੇ ਹੱਕ ਵਿਚ ਪੇਸ਼ ਕਰਦੇ ਹਨ। ਅਸ਼ੋਕ ਜੀ ਨੇ ਆਪਣੇ ਹਵਾਲੇ ਵਾਲੇ ਟਰੈਕਟ ਦੇ ਪੰਨਾ 11 ਉਤੇ ਪਹਿਲਾ ਸਬੂਤ ਹੀ ਇਹ ਦਿੱਤਾ ਹੈ, ਪਰੰਤੂ, ਇਸ ਲਿਖਤ ਦੀ ਵਜ਼ਾਹਤ ਨਹੀਂ ਦਿਤੀ ਕਿ ਕਿਵੇਂ ਮਹਲ: (ਮੀਮ+ਹੇ+ਲਾਮ+ਹਾਏ (ਹਵਜ਼) ਦਾ ਪਾਠ ਮਹੱਲਾ ਬਣ ਗਿਆ। ਇਸ ਦੇ ਲਾਮ (ਲ) ਉਪਰ ਤਸ਼ਦੀਦ (ਅਧਿਕ) ਤਾਂ ਕਿਤੇ ਹੈ ਨਹੀਂ। ਇਸਦਾ ਰੂਪ ਮਹਲ: ਹੈ, ਅਤੇ ਵਿਚ ਕੰਨਾ ਨਹੀਂ।

ਪਹਿਲੀ ਗੱਲ ਤਾਂ ਇਹ ਹੈ ਕਿ ਮਹੱਲਾ ਪੱਖੀ ਸੱਜਣ ਇਹ ਮੰਨਣ ਲਈ ਤਿਆਰ ਨਹੀਂ ਕਿ ਅਰਬੀ ਬੋਲੀ ਵਿਚ ਮਹਲ (**Mahal**) ਅਤੇ ਮਹੱਲ (**Mahall**) ਦੋਵੇਂ ਸਰੂਪ ਉਚਾਰੇ ਜਾਂਦੇ ਹਨ, ਅਤੇ ਇਹਨਾਂ ਦੇ ਅਰਥ ਇਕ ਸਮਾਨ ਹਨ : ਜਦ ਪ੍ਰਾਨ ਸੰਗਲੀ ਨਾਲ ਆਏ ਮਹਲ: (ਤਸ਼ਦੀਦ) ਨਹੀਂ ਹੈ ਤੇ ਨ ਹੀ ਅੰਤ ਵਿਚ ਕੰਨਾ ਹੈ ਤਾਂ ਇਹ ਦਿਸਦੇ ਰੂਪ ਵਿਚ ਮਹਲ: (ਮਹਲਾ) ਕਿਉਂ ਨ ਪੜ੍ਹਿਆ ਜਾਵੇ ? ਮੇਰਾ ਦਾਅਵਾ ਹੈ ਕਿ ਫਾਰਸੀ ਅੱਖਰਾਂ ਵਿਚ ਲਿਖੇ ਇਸ ਪਦ ਦਾ ਉਚਾਰਣ ਮਹਲ: (ਮਹਲਾ) ਹੈ। ਜੇ ਇਸ ਨੂੰ ਮਹੱਲਾ ਉਚਾਰਣਾ ਹੁੰਦਾ ਤਾਂ ਇਸ ਦੇ ਉੱਪਰ ਤਸ਼ਦੀਦ (ਅਧਿਕ) ਅਵੱਸ਼ ਹੁੰਦੀ ਅੰਤ ਵਿਚ ਲਾ। ਪੰਜਾਬੀ ਅੱਖਰਾਂ ਵਿਚ ਅੰਕਿਤ ਗੁਰਬਾਣੀ ਵਿਖੇ ਜੇ ਅੱਧਕ ਦੀ ਵਰਤੋਂ ਦਾ ਅਭਾਵ ਸੀ ਤਾਂ ਫਾਰਸੀ-ਅਰਬੀ ਲਿੱਪੀ ਵਿੱਚ ਲਿਖੇ ਸ਼ਬਦਾਂ ਉਤੇ ਤਾਂ ਤਸ਼ਦੀਦ ਲਾਈ ਜਾ ਸਕਦੀ ਸੀ। ਇਸ ਉਤੇ ਤਸ਼ਦੀਦ (ਅਧਿਕ) ਨਾ ਲਾਉਣਾ ਇਸ ਗੱਲ ਦਾ ਸਬੂਤ ਹੈ ਕਿ ਇਸ ਦਾ ਉਚਾਰਣ ਮਹੱਲਾ ਨਹੀਂ; **ਸਗੋਂ ਮਹਲਾ (ਮਹਲ:) ਕਰਨਾ ਮਕਸੂਦ ਸੀ।**

ਦੂਜੀ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਅਰਬੀ ਵਿਚਲੇ ਪਦਾਂ ਉਤੇ ਤਸ਼ਦੀਦ (ਅਧਿਕ) ਲਾਈ ਹੀ ਨਹੀਂ ਜਾਂਦੀ, ਜਿਥੇ ਲੋੜ ਹੋਵੇ, ਆਪੇਂ ਉਚਾਰ ਲਈ ਜਾਂਦੀ ਹੈ।

ਇਹ ਕਿਸੇ ਅਸੂਲ ਜਾਂ ਪੱਕੇ ਕਾਇਦੇ ਦੀ ਗੱਲ ਨਹੀਂ। ਮੈਂ ਲੁਗਾਤਿ ਫੀਰੋਜ਼ੀ ਦੇ ਪੰਨਾ 334 ਉਤੇ ਅਰਬੀ ਦੇ ਕੁਝ ਸ਼ਬਦ, ਜਿਵੇਂ ਉਥੇ ਲਿਖੇ ਹਨ, ਪੇਸ਼ ਕਰਦਾ ਹਾਂ। ਸੁਯੋਗ ਪਾਠਕ ਜੀ ਵੇਖ ਲੈਣ ਕਿ ਕੀ ਉਥੇ ਲੋੜ ਅਨੁਸਾਰ (ਅੱਧਕ) ਲਾਈ ਗਈ ਹੈ ਜਾਂ ਇਹ ਸਾਰੇ ਪਦ ਇਸ ਤੋਂ ਸਖਣੇ ਹਨ ?

1. ਮਹੱਲ (ਅ) – ਜਗ੍ਹਾ, ਮਕਾਨ, ਬਾਦਸ਼ਾਹ ਜਾਂ ਅਮੀਰ ਕਾ ਮਕਾਨ, ਕਦਰੋ ਮੰਜ਼ਲਿਤ।
2. ਮਹੱਲਾਤ (ਅ) – ਮਹੱਲਾ ਦਾ ਬਹੁਵਚਨ।
3. ਮਹੱਲਤ, ਮਹੱਲਾ –ਉਤਰਨੇ ਕੀ ਜਗ੍ਹਾ, ਮੰਜ਼ਲ, ਆਦਮੀਓਂ ਕਾ ਮੁਕਾਮ।
4. ਮਹੱਲ ਨਜ਼ਰ—ਚਿੰਤਾ ਦਾ ਕਾਰਨ, ਕਿੰਤੂ ਦਾ ਕਾਰਨ।
5. ਮੁਹੱਲਾ - ਸਵਾਰਿਆ ਗਿਆ, ਸੋਹਣਾ ਬਣਾਇਆ ਗਿਆ।
6. ਮੁਹੱਮਦ – ਬਹੁਤ ਸਲਾਹਿਆ ਗਿਆ।

ਨੋਟ : ਲੁਗਾਤ ਵਿੱਚ ਹਰੇਕ ਉਸ ਥਾਂ, ਜਿਥੇ ਤਸ਼ਦੀਦ ਦੀ ਲੋੜ ਹੈ, ਬਾਕਾਇਦਾ ਤਸ਼ਦੀਦ (ਅਧਿਕ) ਲਾਇਆ ਗਿਆ ਹੈ, ਕਿਤੇ ਵੀ ਉਲੰਘਣਾ ਨਹੀਂ।

ਫੇਰ ਇਹ ਕਿਵੇਂ ਦਰੁਸਤ ਮੰਨਿਆ ਜਾ ਸਕਦਾ ਹੈ ਕਿ ਸ੍ਰੀ ਕਰਤਾਰਪੁਰ ਵਾਲੀ ਪਾਵਨ ਬੀੜ ਦੇ ਪੱਤ੍ਰਾਂ 931/1 ਉਤੇ ਫਾਰਸੀ ਲਿਪੀ ਵਿਚ ਲਿਖੇ ਪਦ ਦਾ ਉਚਾਰਣ ਮਹੱਲਾ ਹੈ। ਸਾਡੀ

ਉਪਰਲੀ ਵਿਚਾਰ ਸਪੱਸ਼ਟ ਸਿੱਧ ਕਰਦੀ ਹੈ ਕਿ ਕੰਨਾ ਤੇ ਅਧਿਕ-ਰਹਿਤ ਲਿਖਿਆ ਇਹ ਪਦ 'ਮਹਲ:' ਹੈ ਅਤੇ ਇਸ ਦਾ ਸ਼ੁੱਧ ਉਚਾਰਣ ਮਹਲ: (ਮੈਹਲ) ਕਰਕੇ ਕਰਨਾ ਹੀ ਸ਼ੁੱਧ, ਵਾਜਬ ਤੇ ਗੁਰੂ ਜੀ ਦੇ ਆਸ਼ੇ ਅਨੁਕੂਲ ਹੈ।

8. ਅਸ਼ੋਕ ਜੀ ਹੋਰਾਂ ਪੱਕੇ ਤੌਰ ਉਤੇ ਇਹ ਯਕਤਰਫਾ ਫੈਸਲਾ ਕਰ ਛੱਡਿਆ ਹੈ ਕਿ 'ਮਹਲਾ' ਦਾ 'ਮੈਹਲਾ' ਕਰਕੇ ਕੀਤਾ ਉਚਾਰਨ ਇਸ ਲਈ ਅਸ਼ੁੱਧ ਹੈ, ਕਿਉਂਕਿ ਸੰਸਕ੍ਰਿਤ ਦਾ ਪਦ ਮਹਿਲਾ (ਇਸਤ੍ਰੀ) ਇਸਤਰੀ ਲਿੰਗ ਦਾ ਉਚਾਰਣ ਇਵੇਂ ਹੈ, ਅਤੇ ਜਿਹੜਾ ਸ਼ਬਦ ਮਹਲਾ (ਮੈਹਲਾ) ਉਚਾਰਨ ਹੋਵੇਗਾ ਉਹ ਅਵੱਸ਼ ਇਸਤਰੀ ਲਿੰਗ ਹੋ ਜਾਵੇਗਾ, ਅਤੇ ਉਸ ਦਾ ਅਰਥ ਵੀ 'ਇਸਤਰੀ' ਤੋਂ ਸਿਵਾ ਹੋਰ ਹੋ ਹੀ ਨਹੀਂ ਸਕਦਾ। ਸਾਡੇ ਵਿਚਾਰ ਅਨੁਸਾਰ ਉਹਨਾਂ ਦੇ ਇਸ ਦਾਅਵੇ ਉੱਤੇ ਨਜ਼ਰ ਸਾਨੀ ਕਰਨ ਦੀ ਲੋੜ ਹੈ।

ਵਿਦਵਾਨ ਸੱਜਣ ਚੰਗੀ ਤਰ੍ਹਾਂ ਜਾਣਦੇ ਹਨ ਕਿ ਇੱਕੋ ਜਿਹਾ ਉਚਾਰਣ ਰੱਖਣ ਵਾਲੇ ਸ਼ਬਦਾਂ ਦੇ ਅਰਥ ਵੱਖ ਵੱਖ ਵੀ ਹੁੰਦੇ ਹਨ; ਜਿਵੇਂ :—

		ਸ਼ਬਦ		ਅਰਥ
(ੳ)	1.	ਸਾਰ	—	ਕਦਰ, ਸੰਭਾਲ, ਖ਼ਬਰ, ਜਲ, ਪਵਨ ਆਦਿ। (ਮਹਾਨ ਕੋਸ਼, ਪੰਨਾ 139)
	2.	ਸਾਰਿ	—	ਸਾਰ ਕੇ, ਵਿਤਾ ਕੇ, ਨਰਦ ਆਦਿ। (ਉਹੀ ਪੰਨਾ 140)
	3.	ਸਾਰ	—	(ਫ) ਇਕ ਖੁਸ਼-ਆਵਾਜ਼ ਪੰਛੀ।
(ਅ)	1.	ਗਉਹਰੁ	—	ਮੋਤੀ (ਮਹਾਨ ਕੋਸ਼ 219)
	2.	ਗਉਹਰੁ	—	ਖਾਨਦਾਨ
	3.	ਗਉਹਰ	—	ਗੰਭੀਰ, ਅਥਾਹ, ਡੂੰਘਾ (ਉਹੀ)
(ੲ)	1.	ਸੂਰ (ਅ)	—	ਭੱਟਾ, ਧਾਨਾ, ਧਾਨੀ
	2.	ਸੂਰ (ਅ)	—	ਕਿਲ੍ਹੇ ਦੀ ਕੰਧ, ਸ਼ਹਰ ਪਨਾਹ
	3.	ਸੂਰ (ਅ)	—	ਜਮਾਅ ਸੂਰਤ ਦੀ, ਕੁਰਾਨ ਸ਼ਰੀਫ ਦੀਆਂ ਸੂਰਤਾਂ
	4.	ਸੂਰ (ਅ)	—	ਨਰਸਿੰਘ
	5.	ਸੂਰ (ਫ਼ਾ)	—	ਖ਼ੁਸ਼ੀ, ਸ਼ਾਦੀ
	6.	ਸੂਰ (ਅ)	—	ਤਸਵੀਰ, ਸ਼ਕਲ
	7.	ਸੂਰ (ਸੰ)	—	ਕੰਡੇ ਵਾਂਗ ਚੁਭਣ ਵਾਲੀ ਚੀਜ਼
	8.	ਸੂਰ	—	ਕੰਡਾ, ਭਾਵ ਵੈਰੀ
	9.	ਸੂਰ	—	ਸੂਰਜ

10. ਸੂਰ — ਜੋਧਾ, ਸੂਰਮਾ
11. ਸੂਰ — ਸੂਅਰ, ਵਰਾਹ

(ਸ) 1. ਸਾਰਿਕ (ਅ) — ਚੋਰ
2. ਸਾਰਿਕ (ਫ਼ਾ) — ਇਕ ਖੁਸ਼ ਅਵਾਜ਼ ਪੰਛੀ

(ਹ) 1. ਜ਼ਲੀਲ (ਅ) — ਬਜ਼ੁਰਗ, ਬੜਾ
2. ਜ਼ਲੀਲ (ਫ਼) — ਪਰਦਾ, ਘੋੜੀ ਦੀ ਤਰੇਲ

ਏਸੇ ਤਰ੍ਹਾਂ ਗੁਰਬਾਣੀ ਵਿਚ ਧਨ (ਇਸਤ੍ਰੀ), ਧਨ (ਧਨ, ਦੌਲਤ) ਤੇ ਧੰਨ (ਧੰਨਤਾ ਯੋਗ) ਤਿੰਨਾਂ ਅਰਥਾਂ ਵਿਚ ਆਉਂਦਾ ਹੈ, ਪਰੰਤੂ, ਉਚਾਰਣ ਸਭ ਦਾ ਇਕ-ਸਮਾਨ ਹੈ ।

ਉੱਪਰ ਅੰਕਿਤ ਕੁਝ ਕੁ ਪ੍ਰਮਾਣਾਂ ਤੋਂ ਇਹ ਸਪੱਸ਼ਟ ਹੈ ਕਿ ਵੱਖ ਵੱਖ ਅਰਥਾਂ ਵਾਲੇ ਸ਼ਬਦ ਇਕੋ ਉਚਾਰਣ ਵਾਲੇ ਹੋ ਸਕਦੇ ਹਨ, ਅਤੇ ਜਿਸ ਪ੍ਰਸੰਗ ਵਿਚ ਉਹਨਾ ਦੀ ਵਰਤੋਂ ਹੋਵੇ ਉਹੋ ਉਹਨਾਂ ਦੇ ਅਰਥ ਹੋ ਜਾਂਦੇ ਹਨ ।

ਸੋ, ਅਸ਼ੋਕ ਜੀ ਦੀ ਇਸ ਗੱਲ ਬਾਰੇ ਘਬਰਾਹਟ ਕਿ ਜੇ ਗੁਰੂ-ਵਿਅਕਤੀਆਂ ਨਾਲ ਆਏ ਪਦ 'ਮਹਲਾ' ਨੂੰ 'ਮਹੱਲਾ' ਦੀ ਥਾਂ ਮਹਲ ਜਾਂ 'ਮੋਹਲਾ' ਕਰਕੇ ਉਚਾਰ ਲਿਆ, ਤਾਂ ਉਸ ਦੇ ਅਰਥ ਇਸਤ੍ਰੀ ਹੋ ਜਾਣਗੇ, ਅਸਲੋਂ ਬੇਬੁਨਿਆਦ ਹੈ ।

ਮਹਾਨ ਕੋਸ਼ ਵਿਚ 'ਸਾਰੰਗ' ਪਦ ਦੇ ਸੱਠ ਅਰਥ ਦਿਤੇ ਗਏ ਹਨ । ਕੀ ਹਰ ਵੱਖਰੇ ਅਰਥ ਨਾਲ ਸਾਰੰਗ ਸ਼ਬਦ ਦਾ ਉਚਾਰਣ ਬਦਲ ਜਾਵੇਗਾ ?

9. ਤਹਿਸੀਲ ਅਜਨਾਲਾ (ਅੰਮ੍ਰਿਤਸਰ) ਵਿਚ ਇਕ ਪਿੰਡ ਦਾ ਨਾਂ ਹੈ 'ਮਹਲਾਂ ਵਾਲਾ' । ਉਸ ਪਿੰਡ ਵਿਚ ਵੱਡੇ ਵੱਡੇ ਮਹਿਲ ਹਨ । ਕੋਈ ਵੀ ਏਸ ਪਿੰਡ ਦਾ ਨਾਮ **'ਮਹੱਲਾਂ ਵਾਲਾ'** ਕਰਕੇ ਨਹੀਂ ਸੱਦਦਾ ਤੇ ਨਾ ਹੀ ਇਹ ਨਾਉਂ ਕਿਤੇ ਰੀਕਾਰਡ ਵਿਚ "ਮਹੱਲਾਂ ਵਾਲਾ" ਕਰਕੇ ਲਿਖਿਆ ਮਿਲਦਾ ਹੈ। ਇਸ ਮਿਸਾਲ ਤੋਂ ਸਾਫ ਸਿੱਧ ਹੁੰਦਾ ਹੈ ਕਿ ਆਮ ਬੋਲ ਚਾਲ ਵਿਚ ਵੀ ਅਸੀਂ ਸ਼ਬਦ ਮਹੱਲ ਦਾ ਉਚਾਰਣ 'ਮਹਲ' ਕਰਕੇ ਹੀ ਕਰਦੇ ਹਾਂ, ਜਿਵੇਂ ਮਹਲ-ਮਾੜੀਆਂ, ਜਾਂ ਤਾਜ ਮਹਲ (Taj Mahal) । ਏਸੇ ਤਰ੍ਹਾਂ ਗੁਰਦੁਆਰਾ 'ਗੁਰੂ ਕੇ ਮਹਲ (ਮੋਹਲ) (ਅੰਮ੍ਰਿਤਸਰ) **'ਸ਼ੀਸ਼ ਮਹਲ'** (ਕਰਤਾਰਪੁਰ) ਵਿਚ ਇਸ 'ਮਹਲ' ਸ਼ਬਦ ਦਾ ਉਚਾਰਣ ਮਹੱਲ ਨਹੀਂ; ਸਗੋਂ, **ਮੋਹਲ** ਜਾਂ ਮਹਿਲ ਹੈ । ਗੁਰਬਾਣੀ ਵਿਚ ਆਏ ਸੈਂਕੜੇ ਅਜਿਹੇ ਪਾਠਾਂ ਵਿਚੋਂ ਇਕ ਇਹ ਪਾਠ ਵਾਚਣ ਯੋਗ ਹੈ :

ਦਾਤਾ ਦਾਨੁ ਕਰੇ ਤਹ ਨਾਹੀ **'ਮਹਲ'** ਉਸਾਰਿ ਨਾ ਬੈਠਾ ॥ (ਮ: 1)

(ਪਾਠ ਮੋਹਲ ਹੈ)

ਕੌਣ ਹੈ ਜੋ ਏਥੇ 'ਮਹਲੁ' (ਇਕ ਵਚਨ) ਪਾਠ ਕਰਕੇ ਪਾਠ ਦੀ ਚਾਲ ਤੇ ਛੰਦ ਦੀ ਖ਼ੂਬਸੂਰਤੀ ਨੂੰ ਵਿਗਾੜੇਗਾ ।

10. ਆਦਿ ਬੀੜ ਦੇ ਲਿਖਾਰੀ, ਮਹਾਨ ਵਿਦਵਾਨ ਤੇ ਪਰਮ ਪ੍ਰੀਤਵਾਨ ਗੁਰਸਿੱਖ, ਭਾਈ ਗੁਰਦਾਸ ਜੀ, ਜਿਥੇ ਗੁਰੂ ਅਰਜਨ ਦੇਵ ਜੀ ਦੇ ਕਾਇਆ ਪਲਟ ਕੇ ਸ੍ਰੀ ਗੁਰੂ ਹਰਿਗੋਬਿੰਦ

ਜੀ ਦੀ ਮੂਰਤ (ਸਰੂਪ, ਵਜੂਦ) ਧਾਰਨ ਦੀ ਗੱਲ ਕਰਦੇ ਹਨ, ਉਥੇ ਨਾਲ ਛਿਆਂ ਪਾਤਸ਼ਾਹੀਆਂ ਨੂੰ ਸਪੱਸ਼ਟ ਤੌਰ ਉਤੇ 'ਛਿਅ **ਮਹਲਾਂ**' (ਬਹੁਵਚਨ) ਕਰਕੇ ਹੀ ਲਿਖਦੇ ਹਨ, **'ਛਿਅ ਮਹੱਲਾ'** ਕਰਕੇ ਨਹੀਂ। ਅਜੇਹਾ ਲਿਖਣਾ ਬੋਲੀ ਦੇ, ਹਰ ਪੱਖੋਂ, ਉੱਕਾ ਹੀ ਨਿਰਮੂਲ ਤੇ ਅਸ਼ੁੱਧ ਹੈ। **ਅਸਲ ਲਿਖਤ** ਹੇਠਾਂ ਅੰਕਿਤ ਹੈ :

ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।
ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।
ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।
ਪੁਛਨਿ **ਸਿਖ ਅਰਦਾਸਿ ਕਰਿ 'ਛਿਅ ਮਹਿਲਾਂ'** ਤਕਿ ਦਰਸੁ ਨਿਹਾਰੀ।

(ਵਾਰ ਪਹਿਲੀ, ਪਉੜੀ 48)

(ਨੋਟ—ਮਹਿਲਾਂ ਦਾ ਪਾਠ ਮਹੱਲਾਂ ਕਿਵੇਂ ਹੋ ਸਕੇਗਾ)

ਏਥੇ ਨੋਟ ਕਰਨ ਵਾਲਾ ਨੁਕਤਾ ਇਹ ਹੈ ਕਿ ਇਸ ਪਉੜੀ ਦੀ ਤੁਕ ਨੰਬਰ ਦੋ ਵਿਚ ਜਿਥੇ **'ਅਰਜਨ ਕਾਇਆ ਪਲਟਿ ਕੈ'** ਦਾ ਜ਼ਿਕਰ ਹੈ, ਉਥੋਂ ਪੰਜਵੀਂ ਤੁਕ ਵਿਚ 'ਛਿਅ' ਮਹਲਾ (ਮਹਿਲਾਂ) ਤਕਿ ਦਰਸੁ ਨਿਹਾਰੀ' ਦਾ ਵੀ ਬਿਆਨ ਹੈ। ਏਥੇ ਉਚਾਰਣ ਸਪੱਸ਼ਟ 'ਮਹਿਲਾਂ' ਹੈ ਤੇ 'ਮਹਿਲਾਂ' ਦਾ ਅਰਥ ਕਾਇਆ, ਸਰੀਰ ਵਜੂਦ ਜਾਂ ਸਰੂਪ ਹੈ। ਛਿਅ ਬਹੁਵਚਨ ਹੋਣ ਕਰਕੇ ਪਦ 'ਮਹਿਲਾਂ' ਉਚਾਰਣ ਹੋਵੇਗਾ। **ਏਥੇ "ਹ" ਨੂੰ ਸਿਹਾਰੀ** ਲਾਕੇ ਸ਼ੁੱਧ ਪਾਠ ਵਲ ਸਹੀ ਸੰਕੇਤ ਕੀਤਾ ਗਿਆ ਹੈ।

ਏਥੇ ਪਦ 'ਮਹਿਲਾਂ' ਵਿਚ 'ਹ' ਨੂੰ ਲੱਗੀ 'ਸਿਹਾਰੀ' ਤਿੰਨ ਕਾਲ ਉੱਪਰ ਅਧਿਕ ਲਾ ਕੇ **ਮਹੱਲਾ (ਇਕ ਵਚਨ) ਕਰਕੇ ਅਸ਼ੁੱਧ ਪਾਠ ਨਹੀਂ ਕਰਨ ਦੇਵੇਗੀ।**

11. **ਐਫ. ਸਟੇਨਗਾਸ ਦੀ ਫ਼ਾਰਸੀ-ਅੰਗਰੇਜ਼ੀ ਡਿਕਸ਼ਨਰੀ** (ਤੀਜੀ ਛਾਪ) ਦੇ ਪੰਨਾ 1189 ਉਤੇ ਅਰਬੀ ਬੋਲੀ ਵਿਚ 'ਮਹਲ' ਸ਼ਬਦ ਨੂੰ **ਮਹੱਲ ਤੇ ਮਹਲ ਦੋਹਾਂ ਰੂਪਾਂ ਵਿਚ ਲਿਖਿਆ ਅਤੇ ਅੰਗਰੇਜ਼ੀ ਲਿੱਪੀ ਵਿਚ ਇਸ ਦੇ ਤਲੱਫਜ਼ (ਉਚਾਰਣ) ਨੂੰ ਇਉਂ ਸਪੱਸ਼ਟ ਕੀਤਾ ਗਿਆ ਹੈ :**

Mahall (ਮਹੱਲ) ਤੇ **Mahal** (ਮਹਲ)। ਦੋਵਾਂ ਦੇ ਅਰਥ ਹਨ— ਉਤਰਨਾ ਠਹਿਰਨਾ ਰਿਹਾਇਸ਼, ਜਗਹ, ਰਿਹਾਇਸ਼ ਦੀ ਥਾਂ, ਮਕਾਨ, ਘਰ, ਸ਼ਾਨ, ਵੱਡਾ ਰੁਤਬਾ ਆਦਿ।

ਏਥੇ ਵੇਖਣ ਵਾਲੀ ਗੱਲ ਇਹ ਹੈ ਕਿ ਇਸ ਸ਼ਬਦ ਦਾ ਵੱਖਰਾ ਵੱਖਰਾ ਉਚਾਰਣ ਤਾਂ ਮਹੱਲ' ਤੇ 'ਮਹਲ' ਮੰਨ ਲਿਆ; ਪਰੰਤੂ ਅਰਥਾਂ ਵਿਚ ਕੋਈ ਫਰਕ ਨਹੀਂ।

ਮਿਸਟਰ ਜੋਹਨ ਐਫ ਪਲੇਟਸ (Platts) ਦੀ ਆਪਣੀ ਉਰਦੂ, ਹਿੰਦੀ ਤੇ ਅੰਗਰੇਜ਼ੀ ਦੀ ਡਿਕਸ਼ਨਰੀ ਦੇ ਪੰਨਾ 1010 ਉਤੇ 'ਮਹਲ' ਦਾ ਧਾਤੂ ਹੱਲ ਦਸਦਾ ਹੋਇਆ ਇਸ ਸ਼ਬਦ ਦੇ ਉਚਾਰਣ—ਮਹੱਲ (Mahall) ਤੇ ਮਹਲ (Mahal) ਸਵੀਕਾਰਦਾ ਹੋਇਆ **ਮਹਲ ਨੂੰ ਮਹੱਲ ਦਾ ਅਪਭ੍ਰੰਸ਼ ਰੂਪ ਦਸਦਾ** ਤੇ ਇਉਂ ਅਰਥ ਕਰਦਾ ਹੈ :—

ਉਤਰਨਾ ਜਗਹ (ਉਤਰਨ ਦੀ ਥਾਂ), ਪਦਵੀ, ਰਿਹਾਇਸ਼, ਘਰ ਬਿਲਡਿੰਗ, ਮਹਲ।

ਇਸ ਦੇ ਨਾਲ ਹੀ ਇਸ ਦੇ ਮੈਟਾਫਾਰੀਕਲ (ਰੂਪਕੀ, ਰੂਪਕ ਵਾਲੇ, ਬਦਲੇ ਹੋਏ ਅਲੰਕਾਰਕ) ਅਰਥ ਕਰਦੇ ਹਨ—ਕਿਸੇ ਵਡੇ ਦੀ ਸੁਪਤਨੀ, (ਰਾਨੀ) ਇਹ ਇਸ ਲਈ ਕਿ ਹਰੇਕ ਰਾਨੀ ਆਪਣੀ ਰਿਹਾਇਸ਼ ਲਈ ਇਕ ਵਖਰਾ 'ਮਹਲ' ਰਖਦੀ ਹੈ।

ਮਹਲੇ-ਖਾਸ (Mahal-e-khas) ਪਟਰਾਨੀ। ਏਸੇ ਤਰ੍ਹਾਂ ਹਵਾਲੇ ਵਾਲੀ ਇਸ ਡਿਕਸ਼ਨਰੀ ਵਿਚ ਮਹਲ ਤੋਂ ਬਣੇ ਹੋਰ ਇਹ ਸ਼ਬਦ ਉਚਾਰਣ ਪੱਖੋਂ ਵਾਚਣਯੋਗ ਹਨ।

ਮਹਲਦਾਰ, ਮਹਲਦਾਰਨੀ, ਮਹਲ ਸਰਾਏ, ਮਹਲੇ ਮੁਜਾਰਾ ਆਦਿ। ਇਹਨਾਂ ਸਾਰੇ ਪਦਾਂ ਉਪਰ ਕਿਤੇ ਵੀ ਅਧਿਕ ਨਹੀਂ ਹੈ ਅਤੇ ਨਾ ਹੀ ਕਿਸੇ ਦਾ ਉਚਾਰਣ ਅਧਿਕ ਸਹਿਤ ਹੈ।

ਉੱਪਰਲੀ ਸਾਰੀ ਵਿਚਾਰ ਦਾ ਸਾਰ ਇਹ ਹੈ ਕਿ ਅਰਬੀ ਦੇ ਮਹੱਲ ਤੇ ਮਹਲ ਦੋਵੇਂ ਸ਼ਬਦ, ਵੱਖ ਵੱਖ ਉਚਾਰਣ ਰਖਦੇ ਹੋਏ ਵੀ ਸਮਾਨ ਅਰਥ ਰਖਦੇ ਹਨ।

12. ਮਹੱਲਾ ਉਚਾਰਣ ਦੇ ਹਾਮੀ ਇਕ ਦਲੀਲ ਇਹ ਦਿੰਦੇ ਹਨ ਕਿ ਚੂੰਕਿ ਕਾਫੀ ਸਮੇਂ ਤੋਂ ਇਸ ਸ਼ਬਦ ਨੂੰ 'ਮਹੱਲਾ' ਕਰਕੇ ਪੜ੍ਹੀਦਾ ਆ ਰਿਹਾ ਹੈ, ਇਸ ਲਈ ਇਸ ਦਾ ਇਹੀ ਉਚਾਰਨ ਸ਼ੁਧ ਹੈ। ਇਹ ਦਲੀਲ ਇਸ ਲਈ ਵਜ਼ਨਦਾਰ ਨਹੀਂ ਕਿ ਪੁਰਾਣੇ ਸਮਿਆਂ ਤੋਂ ਤਾਂ 'ਮਹੱਲਾ 5' ਨੂੰ 'ਮਹੱਲਾ ਪੰਜ' ਵੀ ਪੜ੍ਹੀਦਾ ਆ ਰਿਹਾ ਹੈ, ਪਰੰਤੂ, ਇਸ ਨੂੰ ਅਸ਼ੁੱਧ ਸਮਝ ਕੇ ਹੁਣ ਪੰਜਵਾਂ (ਕਰਮਵਾਚਕ ਸੰਖਿਅਕ ਵਿਸ਼ੇਸ਼ਣ) ਪਾਠ ਕਰਨਾ ਸ਼ੁਧ ਮੰਨ ਲਿਆ ਗਿਆ ਹੈ। ਏਸੇ ਤਰ੍ਹਾਂ - 'ਗੁਰਾਂ ਇਕ ਦੇਹਿ ਬੁਝਾਈ' ਨੂੰ 'ਗੁਰਾ ! ਇਕ ਦੇਹਿ ਬੁਝਾਈ' ਕਰਕੇ ਮੈਂ ਵੀ ਸਦੀ ਸ਼ੁੱਧ ਮੰਨ ਲਿਆ ਗਿਆ ਹੈ। ਪਿਛਲੇ ਪਾਠ ਵਿੱਚ 'ਗੁਰਾਂ' ਕਰਤਾ ਕਾਰਕ ਹੈ; ਪਰੰਤੂ, ਕਿਰਿਆ 'ਦੇਹਿ' ਸੰਬੋਧਕੀ ਹੈ, ਜੋ ਗੁਰਾਂ (ਗੁਰਾਂ ਨੇ) ਨਾਲ ਸਾਰਥਕ ਨਹੀਂ ਹੁੰਦੀ। ਹਾਂ, ਦੂਜੇ ਪਾਠ, 'ਗੁਰਾ ! ਹੇ ਸਤਿਗੁਰ ! (ਸੰਬੋਧਕ ਕਰਤਾ) ਨਾਲ ਦਰੁਸਤ ਬੈਠਦੀ ਹੈ , ਅਰਥ ਹਨ—ਹੇ ਸਤਿਗੁਰ, ਮੈਨੂੰ ਇੱਕ ਗੱਲ ਦੀ ਸੋਝੀ ਪਾ ਦੇਹ।'

ਇਸ ਤਰ੍ਹਾਂ ਪਹਿਲਾਂ ਬਾਣੀ ਤੇ ਵਿਆਕਰਣ ਨੇਮਾਂ ਦੇ ਵਿਚਾਰੇ ਬਿਨਾਂ ਹੀ ਤੁਕ ਦੇ ਲਫ਼ਜ਼ਾਂ ਨੂੰ ਏਧਰ ਓਧਰ ਜੋੜ ਕੇ ਮਨਮਰਜ਼ੀ ਦੇ ਪੰਜ ਪੰਜ, ਸਤ ਸਤ ਅਰਥ ਕਰਨ ਦੀ ਪਰਪਾਟੀ ਹੁਣ ਲਗਭਗ ਖਤਮ ਹੋ ਚੁੱਕੀ ਹੈ।

ਏਹੀ ਗੱਲ ਮਹਲਾ ਦੇ ਚਲੇ ਆ ਰਹੇ ਅਸ਼ੁੱਧ ਉਚਾਰਣ ਬਾਰੇ ਵੀ ਕਹੀ ਜਾ ਸਕਦੀ ਹੈ। ਅੱਜ ਪੰਜਵੇਂ ਗੁਰੂ ਜੀ ਦੀ ਸ਼ਹੀਦੀ ਦਾ ਕਾਰਨ, ਨਵੀਂ ਖੋਜ ਦੇ ਆਧਾਰ ਉਤੇ, ਚੰਦੂ ਦੀ ਥਾਂ, ਜਹਾਂਗੀਰ ਹੈ।

13. ਪ੍ਰੋ: ਧਰਮਾਨੰਤ ਸਿੰਘ ਜੀ, ਕਈ ਪੱਖੋਂ ਬੜੇ ਵਿਦਵਾਨ ਸੱਜਣ ਸਨ। ਉਹ ਸੰਸਕ੍ਰਿਤ ਤੇ ਯੂਨਾਨੀ ਜ਼ਬਾਨ ਦੇ ਪੰਡਿਤ ਸਨ। ਅੰਗਰੇਜ਼ੀ ਰਾਜ ਸਮੇਂ ਉਹਨਾਂ ਨੇ ਜਵਾਨੀ ਵਿਚ ਪੰਦਰਾਂ ਕੁ ਸਾਲ ਇਰਾਕ ਆਦਿ ਅਰਬ ਦੇਸ਼ਾਂ ਵਿਚ ਵੀ ਸਰਵਿਸ ਕੀਤੀ। ਇਸ ਕਾਰਨ ਉਹ ਅਰਬੀ ਬੋਲੀ ਤੋਂ ਵੀ ਚੰਗੇ ਜਾਣੂ ਸਨ।

ਮੈਂ, ਜਦੋਂ 10-1-1979 ਨੂੰ, ਉਹਨਾਂ ਦੇ ਘਰ [ਪਲੈਟੋਨੀਅਮ] (ਅੰਮ੍ਰਿਤਸਰ) ਵਿਖੇ ਹਾਜ਼ਰ ਹੋ ਕੇ 'ਮਹਲਾ' ਦੇ ਉਚਾਰਣ ਬਾਰੇ, ਆਪ ਦੇ ਵਿਚਾਰ ਜਾਨਣੇ ਚਾਹੇ, ਤਾਂ ਉਹਨਾਂ ਦੱਸਿਆ ਕਿ ਅਰਬੀ, ਲੋਕ-ਬੋਲੀ ਵਿੱਚ, ਕਿਸ਼ਤੀ, ਜਹਾਜ਼ ਨੂੰ 'ਮਹਲਾ' ਕਰਕੇ ਪੁਕਾਰਦੇ ਹਨ, ਇਸ ਲਈ

ਗੁਰੂ ਸਾਹਿਬਾਨ ਨਾਲ ਆਏ ਪਦ 'ਮਹਲਾ' ਦਾ ਅਰਬੀ ਦੇ 'ਮਹੱਲਾ' ਸ਼ਬਦ ਨਾਲ ਕੋਈ ਸਬੰਧ ਨਹੀਂ*, ਮਹਲਾ ਨਾਲ ਹੈ।

ਦੂਜੇ, ਆਪ ਨੇ ਦਸਿਆ ਕਿ ਗੁਰੂ ਸਾਹਿਬਾਨ ਨੂੰ ਗੁਰਬਾਣੀ ਵਿਚ ਬੋਹਿਥ ਕਰਕੇ ਲਿਖਿਆ ਹੈ। ਉਹਨਾਂ ਦਾ ਭਾਵ ਹੈ ਕਿ ਸਤਿਗੁਰੂ ਇਕ ਐਸਾ ਬੋਹਿਥ, ਜਹਾਜ਼ ਕਿਸ਼ਤੀ ਹਨ, ਜੋ ਮਨੁੱਖ ਨੂੰ ਸੰਸਾਰ-ਸਾਗਰ ਤੋਂ ਪਾਰ ਲਾਉਂਦੇ ਹਨ। ਬੋਹਿਥ ਪਦ ਦਾ ਮੂਲ ਲਾਤੀਨੀ ਹੈ, ਜਿਸ ਤੋਂ **Boat** ਦਾ ਅੰਗਰੇਜ਼ੀ ਪਦ ਬਣਿਆ ਹੈ।

14. ਹੋਰ ਸਪੱਸ਼ਟਤਾ :

ਜੇ ਅਸੀਂ 'ਮਹਲਾ' ਨੂੰ ਮੈਕਾਲਿਫ ਦੀ ਰੀਸੇ ਮਹੱਲਾ ਪੜ੍ਹਾਂਗੇ ਤਾਂ 'ਮਹਲ' ਨੂੰ ਅਵੱਸ਼ ਮਹੱਲ ਪੜ੍ਹਨਾ ਪਵੇਗਾ। ਪਰੰਤੂ, ਮਹਲ ਦਾ ਅਰਥ ਹੈ ਵੱਡਾ ਘਰ ਅਤੇ 'ਮਹੱਲਾ' ਦੇ ਅਰਥ ਹਨ : ਉਹ ਥਾਂ ਜਿਸ ਵਿਚ ਕਈ ਗਲੀਆਂ ਵਿਚ ਵੰਡੇ ਹੋਏ ਕਈ ਘਰ (ਮਹੱਲ, ਮਕਾਨ) ਹੋਣ। ਫੇਰ ਕੀ ਗੁਰੂ-ਵਿਅਕਤੀਆਂ ਨਾਲ ਆਏ, 'ਮਹਲਾ' ਜਾਂ 'ਮਹਲੁ' ਪਦਾਂ ਦੇ ਅਰਥ ਗੁਰਬਾਣੀ ਵਿਚੋਂ ਪਿਛੇ ਅੰਕਿਤ ਹਵਾਲਿਆਂ ਅਨੁਕੂਲ ਸਰੀਰ, ਕਾਇਆਂ, ਸਰੂਪ ਕਰਨੇ ਸ਼ੁਧ ਹਨ ਜਾਂ ਮਕਾਨ, ਮਹੱਲ, ਮਹੱਲਾ, ਕੂਚਾ, ਮੰਜ਼ਲ ਆਦਿ ਕਰਨੇ ?

ਮਹਲ 1, 2, 3, ਦਾ ਅਰਥ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਪਹਿਲਾ, ਦੂਜਾ, ਤੀਜਾ ਸਰੀਰ, ਸਰੂਪ ਜਾਂ ਸ੍ਰੀ ਗੁਰੂ ਨਾਨਕ ਦੇਵ ਜੀ ਪਹਿਲੇ, ਦੂਜੇ ਤੀਜੇ ਸਰੀਰ ਵਿਚ। ਪਰ ਮਹੱਲਾ 1 ਦਾ ਅਰਥ ਹੋਵੇਗਾ ਸ੍ਰੀ ਗੁਰੂ ਨਾਨਕ ਦੇਵ, ਪਹਿਲਾ ਮਹੱਲਾ, ਭਾਵ ਸ਼ਹਿਰ ਦਾ ਪਹਿਲਾ ਹਿੱਸਾ, ਕੋਨਾ, ਗਲੀ ਜਾਂ ਕੂਚਾ ਆਦਿ।

ਦੋਹਾਂ ਅਰਥਾਂ ਵਿਚ ਕਿਹੜਾ ਅਰਥ-ਭਾਵ 'ਗੁਰਬਾਣੀ ਦੇ ਹਵਾਲਿਆਂ ਉਤੇ ਆਧਾਰਿਤ ਹੋਣ ਕਰਕੇ ਸ਼ੁਧ ਤੇ ਯਥਾਰਥ ਹੈ। ਸਾਡੇ ਵਿਚਾਰ ਵਿਚ ਸਤਿਗੁਰਾਂ ਨੂੰ ਮਹੱਲਿਆਂ, ਗਲੀਆਂ, ਕੂਚਿਆਂ, ਸ਼ਹਿਰ ਦੇ ਕੋਨਿਆਂ ਜਾਂ ਵੱਡੇ ਤੇ ਮਾੜੇ ਚੰਗੇ ਹਿੱਸਿਆਂ ਨਾਲ ਜੋੜਨ ਵਾਲਾ ਅਰਥ ਦਰੁਸਤ ਨਹੀਂ, ਸਗੋਂ, ਸਰੀਰ, ਸਰੂਪ ਤੇ ਕਾਇਆ ਨਾਲ ਜੋੜਨ ਵਾਲਾ ਅਰਥ ਠੀਕ ਹੈ, ਕਿਉਂਕਿ ਕਾਇਆਂ ਵਿਚ ਜੋਤ ਦਾ ਟਿਕਾਉ ਤੇ ਪ੍ਰਕਾਸ਼ ਹੁੰਦਾ ਹੈ, ਜਿਵੇਂ :

ਅਰਜੁਨੁ ਕਾਇਆ ਪਲਟ ਕੈ ਮੂਰਤਿ ਹਰਿ ਗੋਬਿੰਦ ਸਵਾਰੀ ॥

(ਭਾ. ਗੁਰਦਾਸ, ਵਾਰ ਪਹਿਲੀ, ਪਉੜੀ 48)

15. ਪੰਡਿਤ ਤਾਰਾ ਸਿੰਘ ਜੀ ਨਰੋਤਮ (ਨਿਰਮਲੇ) ਨੇ ਜਿੱਥੇ ਮਹਲਾ ਤੋਂ ਇਸਤ੍ਰੀ ਦਾ ਸਹੀ ਭਾਵ ਲਿਆ ਹੈ, ਉਥੇ ਅੱਗੇ ਜਾ ਕੇ ਇਹ ਗੱਲ ਵੀ ਸਪੱਸ਼ਟ ਕਰ ਦਿਤੀ ਹੈ ਕਿ ਮਹਲ ਤੋਂ ਭਾਵ (ਗੁਰਾਂ ਦੀ) ਦੇਹ ਹੈ :

(ੳ) ਪ੍ਰਸ਼ਨ : ਦੋਹਰਾ-ਨਨੁ ਮਹਲ ਕੋ ਨਾਮ ਨਹਿ, ਧਾਮੇ ਭਾਖਯੋ ਜੋਨ।
ਤਹਾਂ-ਮਹਲ ਕਿਆ ਵਸਤ ਹੈ ? ਨਿਰਣ ਕਰੀਯੇ ਤੋਨ।
ਉੱਤਰ : ਸੁਨੀਯੇ ਮਹਲ ਸਰੀਰ ਕੋ, ਨਾਮ ਗੁਰੂ ਧਰ ਦੀਨ।
ਏਕ ਜੋਤਿ ਦਸ ਬਪੁਨ ਮੇਂ ਗੁਰੂ ਬਿਰਾਦਨ ਕੀਨ। (133)
(ਸ੍ਰੀ ਗੁਰਮਤ ਨਿਰਣਯ ਸਾਗਰ, ਪੰਨਾ 216, ਐਡੀ: 1779)

(ਅ) ''ਇਸ (ਦਸਮ) ਗ੍ਰੰਥ ਜੀ ਕੇ ਬਚਨ ਅਨੁਸਾਰ ਮਹਲ ਜੀਵ ਕੇ ਉਤਰਨੇ ਕੇ ਠਿਕਾਨੇ, ਦੇਹ ਬੋਧਕ ਅਰਬੀ ਪਦ ਹੈ। ਯਾ ਤੇ **ਮਹਲ ਪਹਲਾ ਗੁਰੂ ਕੀ ਪ੍ਰਥਮ ਦੇਹ,** ਮਹਲ ਦੂਜਾ ਉਸੀ ਜੋਤਿ ਵਾਲੀ ਗੁਰੋਂ ਕੀ ਦੂਜੀ ਦੇਹ, ਮਹਲ ਕਾ ਅਰਥ ਹੈ। ਤਾਂ ਤੇ ਪਾਤਸ਼ਾਹੀ ਕਾ ਬਚਨ ਕਹਨੇ ਵਤ ਪਹਲੇ ਮਹਲ ਕਾ, ਦੂਜੇ ਮਹਲ ਕਾ ਵਚਨ ਕਹਨੇ ਮੇਂ ਭੀ ਦੋਖ ਮਾਨੇ ! ਸਖੀ-ਭਾਵ ਤੇ ਹਟਾਨੇ ਹੇਤ ਪਾਤਸ਼ਾਹੀ ਨਾਮ ਬਦਲਾ ਹੈ। ਜੇਕਰ ਗੁਰੂ ਸਾਹਿਬ ਯਹ ਨਾਮ ਨ ਬਦਲਤੇ ਤਬ ਗੁਰੋਂ ਮੇਂ ਸਖੀ-ਭਾਵ ਕੇ ਖਯਾਲ ਸੇ ਅਨੇਕ ਗੁਰਮਤ ਕੇ ਲੋਕ ਨਥ 'ਚੂੜੀਆਂ ਪਹਰ ਸਦਾ ਸੁਹਾਗਨ ਬਨੇ ਫਿਰਤੇ। ਯਾ ਤੇ ਪਾਤਸ਼ਾਹੀ ਕਰਨਾ ਹੀ ਸ਼੍ਰੇਸ਼ਟ ਕਹਨਾ ਹੈ। **ਪੀਛੇ ਜੋ ਲਿਖਾ ਹੈ ਮਹਲ ਦੂਜਾ ਉਸੀ, ਜੋਤਿ ਵਾਲੀ ਗੁਰੂ ਕੀ ਦੂਜੀ ਦੇਹ...।'**

(ਦੇਖੋ, ਗੁਰੂ ਨਿਰਾਰਥ ਕੋਸ਼, ਭਾਗ ਦੂਜਾ, ਸਫ਼ੇ 513-514)

ਅਸ਼ੋਕ ਜੀ ਫੁਰਮਾਉਂਦੇ ਹਨ ਕਿ ''ਏਥੇ ਪੰਡਿਤ ਤਾਰਾ ਸਿੰਘ ਜੀ ਨੇ ਅਰਬੀ-ਫ਼ਾਰਸੀ ਦੇ ਸ਼ਬਦ-ਭੇਦ ਨੂੰ ਅਣਜਾਣ ਹੋਣ ਕਰਕੇ ਮਹਲ ਸ਼ਬਦ ਦਾ ਅਰਥ 'ਜੋਤਿ' ਦੀ ਥਾਵੇਂ 'ਦੇਹ' ਕੀਤਾ ਹੈ ਜੋ ਠੀਕ ਨਹੀਂ।

ਪੰਡਿਤ ਤਾਰਾ ਸਿੰਘ ਜੀ 'ਮਹਲ' ਤੇ 'ਮਹਲਾ' ਪਦਾਂ ਦੇ ਉਹੀ ਅਰਥ ਕਰਦੇ ਹਨ ਜੋ ਅਰਬੀ-ਫ਼ਾਰਸੀ ਦੇ ਸਭ ਕੋਸ਼ਾਂ ਅਤੇ ਸਮੂਹ ਮਹਾਨ ਸਿੱਖ ਵਿਦਵਾਨਾਂ ਨੇ ਕੀਤੇ ਹਨ ਅਤੇ ਇਹ ਅਰਥ ਹਨ :

ਠਹਿਰਣ ਜਾਂ ਟਿਕਣ ਦੀ ਥਾਂ, ਜਗਹ, ਘਰ, ਮੰਜ਼ਿਲ, ਉਤਰਨ ਦੀ ਥਾਂ, ਦੇਹ, ਕਾਇਆਂ, ਵਜੂਦ, ਅੰਤਹਕਰਣ, ਸ਼ਹਿਰ ਦਾ ਕੋਨਾ, ਕੂਚਾ ਆਦਿ। ਕਿਸੇ ਨੇ ਕਿਤੇ ਵੀ ਅਸ਼ੋਕ ਜੀ ਵਾਲੇ ਮਨਘੜਤ ਅਰਥ 'ਜੋਤਿ' ਨਹੀਂ ਕੀਤੇ।

1. **'ਪਰਚੀਆਂ ਸੇਵਾ ਦਾਸ'** (ਭਾਸ਼ਾ ਵਿਭਾਗ—ਦੂਜੀ ਵਾਰ, 1978)

(ੳ) ਫ਼ਿਰ ਦਸਾ ਮਹਲਾ (ਦਸਾਂ ਮਹਲਾਂ) ਕੀ ਉਸਤਤ ਕੇ ਸਲੋਕ ਲਿਖੇ। (ਪੰ: 49)

(ਅ) ਗੁਰੂ ਤੇਗ ਬਹਾਦਰ ਪਲਟੀਆ, ਆਪਣੀ ਜੋਤਿ ਅਥਾਹੁ ॥
ਗੁਰੂ ਗੋਬਿੰਦ ਸਿੰਘ ਨਾਮੁ ਜਿਹਿ, **ਦਸਵਾਂ ਮਹਲ ਪਾਤਸਾਹੁ** ॥ (ਪੰ: 51)

(ੲ) ਅਬ ਪ੍ਰਥਮੇ ਸਾਖੀ **ਪਹਿਲੇ ਮਹਲਿ** ਕੀ ਤੁਰੀ ॥ (ਪੰ 51)
ਜਬ ਗੁਰੂ ਨਾਨਕ ਜੀ **ਪਹਿਲੇ ਮਹਲਿ** ਰਮਤ ਕਰਤੇ ਥੇ :

ਸਤਿਗੁਰੂਆਂ ਦੀ ਜੋਤਿ ਆਪਸ ਵਿੱਚ ਕਿਵੇਂ ਮਿਲਦੀ ਅਥਵਾ ਹਲੂਲ ਹੁੰਦੀ ਸੀ।

(ੳ) ਗੁਰੂ ਅੰਗਦ ਅਮਰ ਨਿਵਾਜਿਆ, ਸੇਵਾ ਤੇ ਸੁਖ ਦੀਨ ॥
ਜਿਉ ਦੀਪਕ ਪ੍ਰਕਾਸੀਐ, ਦੋਨ ਸਮਸਰ ਕੀਨ ॥6॥49॥

(ਅ) ਗੁਰੂ ਹਰਿ ਰਾਇ ਹਰਿ ਕ੍ਰਿਸ਼ਨ ਪਰ, ਕੀਨੀ ਖੁਸੀ ਅਪਾਰ ॥
ਤੱਤ ਸਿਉ ਤਤੁ ਮਿਲਾਇਆ ਅਕਲ, ਕਲਾ ਨਿਰਧਾਰ ॥

(ਭਾਵ—ਜਿਵੇਂ ਇਕ ਦੀਵੇ ਤੋਂ ਦੂਸਰਾ ਦੀਵਾ ਜਗਮਗਾ ਜਾਂਦਾ ਹੈ ਤੇ ਦੋਹਾਂ ਦੀ ਰੌਸ਼ਨੀ ਬਰਾਬਰ ਹੁੰਦੀ ਹੈ—ਇਵੇਂ ਹੀ ਪਹਿਲੀ ਗੁਰੂ ਜੋਤੀ, ਅਗਲੀ ਗੁਰੂ ਜੋਤੀ ਨੂੰ ਪ੍ਰਕਾਸ਼ਦੀ ਰਹੀ।)

ਜਿਸ ਗੁਰੂ ਵਿਅਕਤੀ ਵਿਚ ਇਹ ਜੋਤ ਪ੍ਰਕਾਸ਼ੀ, **ਉਸ ਸਰੂਪ ਸਰੀਰ, ਵਜੂਦ ਜਾਂ ਕਾਇਆਂ ਨੂੰ ਮਹਲ ਜਾਂ ਮਹਲਾ ਕਿਹਾ ਗਿਆ ਹੈ ।**

17. **ਪ੍ਰਿੰਸੀਪਲ ਤੇਜਾ ਸਿੰਘ ਜੀ,** 'ਆਸਾ ਦੀ ਵਾਰ' ਦੇ ਸਟੀਕ (ਪੰਨਾ 15, ਛਾਪ 1902, ਦੂਜੀ ਵਾਰ, ਸੁਦਰਸ਼ਨ ਪ੍ਰੈਸ, ਪ੍ਰਿੰਟਰ ਲਾਲਾ ਧਨੀ ਰਾਮ ਚਾਤ੍ਰਿਕ) ਵਿੱਚ, ਪਦ ਮਹਲਾ ਦਾ ਸ਼ੁੱਧ ਉਚਾਰਨ ਇਉਂ ਨਿਰਧਾਰਤ ਕਰਦੇ ਹਨ :

'ਮਹਲਾ ਦਾ ਉਚਾਰਣ ਪਹਿਲਾ ਵਾਕਰ ਹੈ, ਜਿਵੇਂ' —

1. ਦਰ ਘਰ ਮਹਲਾ ਸੇਜ ਸੁਖਾਲੀ ।। (ਗਉੜੀ ਮ: 1)
2. **ਟਹਲ ਮਹਲ** ਤਾ ਕਉ ਮਿਲੈ, ਜਾ ਕਉ ਸਾਧ ਕ੍ਰਿਪਾਲ ।। (ਮ: 5, ਪੰ: 255)

ਇਹ ਸ਼ਬਦ (ਮਹਲ) **ਅਰਬੀ ਤੋਂ ਪੰਜਾਬੀ ਬਣਿਆ ਪੁਲਿੰਗ, ਇਕ ਵਚਨ-ਨਾਂਵ** ਹੈ (ਤੇਰ, ਸਾਡੇ ਪਿਛੇ ਲਿਖੇ ਮੁਤਾਬਿਕ ਤਦਭਵ ਰੂਪ ਹੀ ਹੋਇਆ—ਲੇਖਕ) ਅਰਥ ਹਨ : ਵੱਡਾ ਘਰ, ਮਾਲਿਕ ਜਾਂ ਪਾਤਸ਼ਾਹ ਦਾ ਘਰ, ਗੁਰੂ-ਘਰ ।

ਮਹਲਾ ੧ ਨੂੰ ਮਹਿਲਾ ਪਹਿਲਾ ਕਰਕੇ ਪੜ੍ਹਨਾ ਹੈ । ਏਸੇ ਤਰ੍ਹਾਂ **ਮਹਲਾ 2 ਨੂੰ ਮਹਿਲਾ ਦੂਜਾ** ਕਰਕੇ ਪੜ੍ਹਨਾ ਹੈ ।

18. ਜਾਣੇ ਅਨਜਾਣੇ ਇਕ ਉਕਾਈ ਹੋਰ ਕੀਤੀ ਜਾਂਦੀ ਹੈ :

'ਸਲੋਕ ਭੀ ਮਹਲੇ ਪਹਿਲੇ ਕੇ' ਵਿਚ ਮਹਲੇ ਪਦ ਨੂੰ ਸਿਹਾਰੀ ਨਾ ਹੋਣ ਕਰਕੇ ਇਸ ਨੂੰ **ਅਸ਼ੁੱਧ ਤੌਰ ਉੱਤੇ ਮਹੱਲੇ ਉਚਾਰ** ਲਿਆ ਜਾਂਦਾ ਹੈ; ਪਰੰਤੂ, 'ਪਹਿਲੇ' ਨੂੰ ਅਧਿਕ-ਰਹਿਤ ਕਰਕੇ । ਹਕੀਕਤ ਇਹ ਹੈ ਕਿ 'ਜੇ 'ਪਹਿਲੇ' ਨੂੰ 'ਪਹਿਲੇ' ਕਰਕੇ ਲਿਖਿਆ ਜਾਂਦਾ ਤਾਂ ਵੀ ਗੁਰਬਾਣੀ ਦੀ ਲਿਖਣ-ਸ਼ੈਲੀ ਅਨੁਸਾਰ, ਉਚਾਰਣ ਅਧਿਕ-ਰਹਿਤ ਹੀ ਹੋਣਾ ਸੀ, ਜਿਵੇਂ :

(ੳ) 1. **ਕਹਨਿ ਧਿਆਇਨਿ ਸੁਣਨਿ ਨਿਤ ਸੇ ਭਗਤ ਸੁਹਾਵੇ ।।** (ਪੰਨਾ 1193)
2. **ਕਹਨ ਕਹਾਵਨ ਕਉ ਕਈ ਕੇਤੈ ।।** (ਪੰਨਾ 1302)

(ਅ) 1. **ਪਹਿਲੈ ਪਹਿਰੈ ਫੁਲੜਾ** (ਪੰਨਾ 1384)
2, **ਪਹਿਲੈ ਪਹਰੈ ਰੈਣਿ ਕੈ...** (ਪੰਨਾ 74, 75, 76 ਤੇ 77)

(ੲ) 1. **ਸਹ ਦੇਖੇ ਬਿਨੁ ਪ੍ਰੀਤ...** (ਪੰਨਾ 83)
2. **ਸਹਿ ਤੁਠੈ ਨਉ ਨਿਧਿ...** (ਪੰਨਾ 473)

ਸਪੱਸ਼ਟ ਹੈ ਕਿ ਸਿਹਾਰੀ-ਸਹਿਤ 'ਹ' ਦਾ ਉਚਾਰਣ ਨਿਰਧਾਰਤ **ਕਰ ਦੇਂਦਾ ਹੈ— ਜੋ** ਦੋਹਾਂ ਹਾਲਤਾਂ ਵਿਚ ਹੀ ਅਧਿਕ-ਰਹਿਤ ਹੈ । **ਇਸ ਲਈ ਜੋ ਉਚਾਰਣ 'ਪਹਿਲੈ' ਦਾ ਹੈ, ਓਹੀ ਪਹਲੇ ਤੇ 'ਮਹਲੇ' ਦਾ ਹੈ ।**

ਸੋ ਸੁਜਾਨ ਪਾਠਕ ਜੀ ਵੇਖਣਗੇ ਕਿ ਭਾਈ ਸਾਹਿਬ ਭਾਈ ਵੀਰ ਸਿੰਘ, ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਸਾਹਿਬ ਸਿੰਘ, ਡਾਕਟਰ ਤਾਰਨ ਸਿੰਘ, ਗਿਆਨੀ ਸੰਤ ਸਿੰਘ ਮਸਕੀਨ ਆਦਿ ਹੋਰ ਵਿਦਵਾਨ ਵੀ **ਮਹਲਾ ਦਾ ਸ਼ੁਧ ਉਚਾਰਣ 'ਮੋਹਲਾ' ਜਾ 'ਮਹਿਲਾ' ਕਰਕੇ ਹੀ ਮੰਨਦੇ ਤੇ ਕਰਦੇ** ਹਨ; ਮਹੱਲ, ਮਹੱਲਾ ਜਾਂ ਮਹੱਲੇ ਕਰਕੇ ਨਹੀਂ' ।

18. ਫ਼ਾਰਸੀ-ਅਰਬੀ ਦੇ ਵਿਦਵਾਨ ਅਨੰਦ ਰਾਜ ਨੇ ਵੀ ਆਪਣੇ ਫਰਹੰਗ ਵਿਚ 'ਮਹਲਾ' ਤੇ ਮਹੱਲਾ ਦੇ ਦੋਵੇਂ ਰੂਪ ਦੇ ਕੇ ਉਹੀ ਅਰਥ ਕੀਤੇ ਹਨ, ਜੋ ਬਾਕੀ ਸਮੂਹ ਵਿਦਵਾਨਾਂ ਨੇ। ਇਹ ਅਰਥ ਹਨ :—

''ਉਤਰਨੇ ਕੀ ਜਗਹ ਅਉਰ ਵਕਤ, ਰਹਨੇ ਕੀ ਜਗਹ, ਉਤਰਨੇ ਕੀ ਜਗਹ, ਲੋਗੋਂ ਕੇ ਕਿਆਮੇ ਮੰਜ਼ਲ ਕਰਨੇ ਕੀ ਜਗਹ।''

(ਫਰਹੰਗ ਅਨੰਦ ਰਾਜ, ਜਿਲਦ ਛੇਵੀਂ, ਸਫ਼ਾ 3877)

19. ਪੁਰਾਤਨ ਜਨਮ ਸਾਖੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਦ ਕਿਤੇ ਸਾਖੀ ਵਿਚ ਬਾਣੀ ਉਚਾਰੀ ਹੈ ਤਾਂ ਜਿਥੇ ''ਬਾਬੇ ਸਲੋਕ ਦਿਤਾ'', ਤਬਿ ਬਾਬਾ ਬੋਲਿਆ, ''ਬਾਬੇ ਸਬਦੁ ਉਠਾਇਆ'', ''ਗੁਰੂ ਪਉੜੀ ਦੂਜੀ ਆਖੀ'' ''ਗੁਰੂ ਬਾਬੇ ਸਲੋਕ ਕਹਿਆ'' ਦੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਥੇ ਉਨ੍ਹਾਂ ਪ੍ਰਸੰਗਾਂ ਵਿਚ ਬਾਣੀ ਉਚਾਰਣ ਸਮੇਂ ਮੁੱਢ ਵਿਚ 'ਮਹਲ' ਸ਼ਬਦ ਦੀ ਇਉਂ ਵਰਤੋਂ ਕੀਤੀ ਹੈ :

(ੳ) ਓਤ ਮਹਿਲਿ ਸ਼ਬਦ ਹੋਆ ।। (ਪੰਨਾ 104)
(ਅ) ਤਿਤੁ ਮਹਿਲਿ ਸ਼ਬਦੁ ਬੋਲਿਆ ।। (ਪੰਨਾ 120)

ਨੋਟ—(ਮਹਿਲਿ, ਪੁਲਿੰਗ ਵਾਚਕ ਹੋਣ ਕਰਕੇ ''ਤਿਤੁ ਵਿਸ਼ੇਸ਼ਣ ਵੀ ਪੁਲਿੰਗ ਵਾਚਕ ਹੈ। ਮਹਿਲਿ ਦਾ ਅਰਥ ਹੈ—''ਮਹਲ ਦੁਵਾਰਾ'' ਤੇ ਉਚਾਰਣ ਸਪੱਸ਼ਟ ਹੈ—ਮੈਹਲ। ਮਹਿਲਿ ਦਾ ਮਹੱਲਾ ਕਰਨਾ ਮੂਲੋਂ ਹੀ ਗਲਤ ਹੈ, ਅਸੰਭਵ ਹੈ)

(ੲ) ਤਿਤੁ ਮਹਲਿ ਸ਼ਬਦ ਹੋਆ ।। (ਪੰਨਾ 136)
(ਸ) ਤਿਤੁ ਮਹਿਲਿ ਸ਼ਬਦ ਹੋਆ ।। (ਪੰਨਾ 142)
(ਹ) ਤਿਤੁ ਮਹਲਿ ਵਾਰ ਹੋਈ ।। (ਪੰਨਾ 153)
(ਕ) ਤਿਤੁ ਮਹਿਲਿ ਸਲੋਕ ਲੀਤਾ ।। (ਪੰਨਾ 173)
(ਖ) ਤਿਤੁ ਮਹਲ ਹੁਕਮ ਹੋਆ ।। (ਪੰਨਾ 184)
(ਗ) ਤਿਤੁ ਮਹਲਿ ਜੋ ਸ਼ਬਦ ਹੋਆ। (ਪੰਨਾ 186)

ਹੁਣ ਕੇਹੜਾ ਹੱਠ-ਰਹਿਤ ਖੋਜੀ ਵਿਦਵਾਨ ਇਨਕਾਰ ਕਰੇਗਾ : ਮਹਲ, ਮਹਿਲ, ਮਹਿਲਾ ਤੇ ਮਹਿਲਿ ਦੇ ਇੱਕ ਸਮਾਨ ਅਧਿਕ-ਰਹਿਤ ਸ਼ੁੱਧ ਉਚਾਰਣ ''ਮਹਲ ਤੇ ਮਹਲਾ'' ਤੋਂ ?

(ਪੁਰਾਤਨ ਜਨਮ ਸਾਖੀ—ਜੁਲਾਈ, ਅਗਸਤ, 1926)

20. ਸਿੰਘ ਸਾਹਿਬ ਗਿ: ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਜੀ ਅੱਜ ਸਵੇਰੇ (3.9.79) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਵਿਖੇ ਮਿਲੇ। ਪਾਠ-ਬੋਧ ਸਮਾਗਮ ਦੇ ਸੰਬੰਧ ਵਿਚ ਵਿਚਾਰਾਂ ਕਰਦਿਆਂ ਕਰਦਿਆਂ ਉਹਨਾਂ ਨੇ ਫੁਰਮਾਇਆ ਕਿ ਬੇਸ਼ਕ ਉਹ ਪਹਿਲਾਂ 'ਮਹੱਲਾ' ਪਾਠ ਕਰਦੇ ਰਹੇ ਹਨ; ਪਰੰਤੂ ਉਹਨਾਂ ਨੇ ਹੁਣ ਜਦ ਵਧੇਰੇ ਘੋਖ ਵਿਚਾਰ ਨਾਲ 'ਮਹਲਾ' ਸ਼ਬਦ ਨੂੰ ਵਿਚਾਰਿਆ ਹੈ, ਤਾਂ ਉਹ ਪਾਠ 'ਮਹਲਾ' ਕਰਕੇ ਕਰਨਾ ਹੀ ਸ਼ੁੱਧ ਸਮਝਦੇ ਹਨ।

21. ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ,

(ਤੇ ਹੁਣ ਹੈੱਡ ਗ੍ਰੰਥੀ) ਸ: ਹਰਿਭਜਨ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਗੁਰੂ ਕਲਗੀਧਰ ਸਿੰਘ ਸਭਾ, ਲੁਧਿਆਣਾ, ਸ: ਗੁਰਬਖਸ਼ ਸਿੰਘ ਜੀ 'ਗੁਲਸ਼ਨ' ਹੈੱਡ ਗ੍ਰੰਥੀ, ਗੁਰਦੁਆਰਾ ਸਬਜ਼ੀ ਮੰਡੀ, ਲੁਧਿਆਣਾ, ਗਿ: ਸਾਹਿਬ ਸਿੰਘ ਜੀ ਹੈੱਡ ਗ੍ਰੰਥੀ ਗੁ: ਸ਼ਾਹਬਾਦ ਅਤੇ ਗਿ: ਜਗਤਾਰ ਸਿੰਘ ਜੀ 'ਜਾਚਕ' ਹੈੱਡ ਗ੍ਰੰਥੀ ਗੁ: "ਸੀਸ ਗੰਜ", ਗਿ: ਕੇਵਲ ਸਿੰਘ ਜੀ ਹੈੱਡ ਗ੍ਰੰਥੀ ਗੁ: ਗੁਰੂ ਨਾਨਕ ਮਿਸ਼ਨ ਹਸਪਤਾਲ, ਜਲੰਧਰ, ਗਿ: ਸੰਤ ਸਿੰਘ ਜੀ ਮਸਕੀਨ, ਗਿ. ਹਰਿਭਜਨ ਸਿੰਘ ਗ੍ਰੰਥੀ ਗੁ: ਸਾਊਥਹਾਲ, ਲੰਦਨ (U.K.) ਆਦਿ ਵਿਦਵਾਨ ਸੱਜਣ ਇਸ ਪੱਦ ਦਾ ਪਾਠ, ਮਹੱਲਾ ਨਹੀਂ, ਸਗੋਂ, 'ਮਹਲਾ' ਜਾਂ 'ਮਹਲੁ' ਕਰਕੇ ਹੀ ਕਰਦੇ ਹਨ। "ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਅਤੇ ਗੁਰਮੱਤ ਮਿਸ਼ਨਰੀ ਕਾਲਜ" ਦਿਲੀ ਦੇ ਵਿਦਵਾਨ ਵੀ ਇਸ ਹਕੀਕਤ ਨੂੰ ਮੰਨਦੇ ਹਨ।

22. ਇਸ ਮਜ਼ਮੂਨ ਵਿੱਚ ਪ੍ਰਗਟਾਏ ਵਿਚਾਰਾਂ ਦੀ ਪੁਸ਼ਟੀ ਲਈ ਮਹਾਨ ਵਿਦਵਾਨ ਪ੍ਰਿੰਸੀਪਲ ਸਾਹਿਬ ਸਿੰਘ ਜੀ ਵਲੋਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸਟੀਕ) ਦੀ ਪਹਿਲੀ ਪੋਥੀ ਦੇ ਪੰਨਾ 24 ਉਤੇ ਸ਼ਬਦ 'ਮਹਲਾ' ਦੇ ਉਚਾਰਣ ਆਦਿ ਬਾਰੇ ਦਿੱਤੇ ਵਿਚਾਰਾਂ ਦਾ ਕੁਝ ਹਿੱਸਾ ਵੀ ਪਾਠਕਾਂ ਦੀ ਸੇਵਾ ਵਿਚ ਭੇਟ ਕਰਨਾ ਉਚਿੱਤ ਹੋਵੇਗਾ :

"ਗੁਰਬਾਣੀ ਵਿਚ ਵਰਤੇ ਲਫ਼ਜ਼ 'ਮਹਲ' ਅਤੇ 'ਮਹਲਾ' ਦੇ ਅਰਥ ਅਨੁਸਾਰ ਪ੍ਰਮਾਣਾਂ ਦੀ ਵੰਡ ਚਾਰ ਹਿੱਸਿਆਂ ਵਿਚ ਕੀਤੀ ਜਾ ਸਕਦੀ ਹੈ :

(1) 'ਮਹਲਾ'—ਇਸਤ੍ਰੀ

'ਮਹਲ' ਕੁਚਜੀ ਮਰਵੜੀ ਕਾਲੀ ਮਨਹੁ ਕਸੁਧ ॥1॥5॥

(ਸਲੋਕ ਮ: 1, ਮਾਰੂ ਕੀ ਵਾਰ ਮ: 3, ਪੰਨਾ 1088)

(2) ਮਹਲੁ, ਘਰ, ਟਿਕਾਣਾ, ਉਹ ਆਤਮਕ ਅਵਸਥਾ ਜਿਥੇ ਪ੍ਰਮਾਤਮਾ ਸਾਖਿਆਤ ਹ ਜਾਂਦਾ ਹੈ :

ਖੋਜਤ ਖੋਜਤ ਦੁਆਰੈ ਆਇਆ ॥
ਤਾ ਨਾਨਕ ਜੋਗੀ 'ਮਹਲੁ' ਘਰੁ ਪਾਇਆ ॥4॥2॥

(ਰਾਮਕਲੀ ਮ: 5, ਪੰਨਾ 886)

ਖੋਲਿ ਕਿਵਾਰਾ 'ਮਹਲਿ' ਬੁਲਾਇਆ ॥ (ਰਾਮਮਲੀ ਮ: 5)

(ਮਹਲਿ-ਮਹਲ ਵਿਚ)

ਗੁਰ ਪ੍ਰਸਾਦਿ ਕੋ ਇਹੁ 'ਮਹਲੁ' ਪਾਵੈ ॥ (ਰਾਮਕਲੀ ਮ: 5, ਪੰਨਾ 889)
ਦੁਬਿਧਾ ਰਾਤੇ 'ਮਹਲੁ' ਨ ਪਾਵਹਿ ॥7॥4॥ (ਰਾ: ਮ: 1. ਪੰਨਾ 904)
ਅੰਤਰਿ ਬਾਹਰਿ ਏਕੁ ਪਛਾਣੈ, ਇਉ ਘਰੁ ਮਹਲੁ ਸਿਞਾਪੈ ॥

(ਮ: 1. ਪੰ: 930)

(3) 'ਮਹਲ', ਮਹਲਾ—ਵੱਡੀਆਂ ਵੱਡੀਆਂ ਇਮਾਰਤਾਂ, ਪੱਕੇ ਘਰ।

ਦਾਤਾ ਦਾਨ ਕਰੇ, ਤਹ ਨਾਹੀ, 'ਮਹਲ' ਉਸਾਰਿ ਨਾ ਬੈਠਾ ॥2॥1॥

(ਰਾਮਕਲੀ ਮ: 1, ਪੰਨਾ 922)

ਗੜ ਮੰਦਰ 'ਮਹਲਾ' ਕਹਾ, ਜਿਉ ਬਾਜੀ ਦੀਬਾਣੁ ॥42॥

(ਓਅੰਕਾਰ ਪੰ: 936)

ਆਪੇ ਕੁਦਰਤਿ ਸਾਜੀਅਨੁ, ਕਰਿ 'ਮਹਲ' ਸਰਾਈ ॥1॥

(ਰਾਮਕਲੀ ਕੀ ਵਾਰ ਮ: 3, ਪੰ: 347)

(4) 'ਮਹਲਾ'—ਕਾਇਆਂ, ਸਰੀਰ ।

ਸਬਦੇ ਪਤੀਜੈ ਅੰਕੁ ਭੀਜੈ, ਸੁ ਮਹਲੁ 'ਮਹਲਾ' ਅੰਤਰੇ...॥8॥5॥

(ਸੂਹੀ ਛੰਤ ਮ: 1, ਪੰ: 767)

ਮਹਲਾ ਅੰਤਰੇ—ਸਭ ਸਰੀਰਾਂ ਵਿਚ

'ਮਹਲਾ' ਅੰਦਰਿ ਗੈਰ ਮਹਲੁ ਪਾਏ, ਭਾਣਾ ਬੁਝਿ ਸਮਾਹਾ ਹੇ ॥

14 ॥ 5 ॥ 14 ॥

(ਮਾਰੂ ਮ: 3, ਸੋਹਲੇ, ਪੰਨਾ 1058)

ਮਹਲਾ ਅੰਦਰਿ—ਸਰੀਰਾਂ ਵਿਚ

ਓਹੁ ਅਬਿਨਾਸੀ ਰਾਇਆ ।

ਨਿਰਭਉ ਸੰਗਿ ਤੁਮਾਰੈ ਬਸਤੇ, ਇਹੁ ਡਰਨੁ ਕਹਾ ਤੇ ਆਇਆ ॥1॥ਰਹਾਉ॥

ਏਕ 'ਮਹਲਿ' ਤੂੰ ਹੋਹਿ ਅਫਾਰੋ, ਏਕ 'ਮਹਲਿ' ਨਿਮਾਨੋ ॥

ਏਕ 'ਮਹਲਿ' ਤੂੰ ਆਪੇ ਆਪੇ, ਏਕ 'ਮਹਲਿ' ਗਰੀਬਾਨੋ ॥1॥

ਏਕ 'ਮਹਲਿ' ਤੂੰ ਪੰਡਿਤ ਬਕਤਾ, ਏਕ 'ਮਹਲਿ' ਖਲੁ ਹੋਤਾ ।

ਏਕ 'ਮਹਲਿ' ਤੂੰ ਸਭ ਕਿਛੁ ਗ੍ਰਾਹਜੁ, ਏਕ 'ਮਹਲਿ' ਕਛੂ ਨ ਲੇਤਾ ॥2॥

(ਮ: 5, ਪੰਨਾ 256)

ਮਹਲ—ਸਰੀਰ । ਮਹਲਿ—ਸਰੀਰ ਵਿਚ । (ਅਧਿਕਰਣ ਕਾਰਕ)

ਸਤਿਗੁਰੂ ਜੀ ਦੀ ਲਿਖੀ ਹੋਈ ਬਾਣੀ ਵਿਚ ਨਾਮ ਕੇਵਲ 'ਨਾਨਕ' ਹੀ ਆਉਂਦਾ ਹੈ। ਇਹ ਨਿਰਣਾ ਕਰਨ ਲਈ ਕਿ ਕਿਹੜੀ ਬਾਣੀ ਕਿਸ ਗੁਰ-ਵਿਅਕਤੀ ਦੀ ਹੈ; ਲਫਜ਼ 'ਮਹਲਾ' ਵਰਤਿਆ ਗਿਆ ਹੈ । ਅੰਕ ਨੰ. 4 ਵਿਚ ਦਿਤੇ ਗਏ ਪ੍ਰਮਾਣਾਂ ਅਨੁਸਾਰ ਲਫਜ਼ 'ਮਹਲਾ' ਦਾ ਕੇਵਲ ਅਰਥ ਹੈ : 'ਸਰੀਰ' ।

ਸੋ :—

'ਮਹਲਾ ਪਹਿਲਾ' ਦਾ ਅਰਥ ਹੈ—ਗੁਰੂ ਨਾਨਕ ਪਹਿਲਾ ਸਰੀਰ ।

'ਮਹਲਾ ਦੂਜਾ' ਦਾ ਅਰਥ ਹੈ—ਗੁਰੂ ਨਾਨਕ ਦੂਜਾ ਸਰੀਰ (ਗੁਰੂ ਅੰਗਦ ਜੀ)

'ਮਹਲਾ ਤੀਜਾ' ਦਾ ਅਰਥ ਹੈ—ਗੁਰੂ ਨਾਨਕ ਤੀਜਾ ਸਰੀਰ (ਗੁਰੂ ਅਰਮਦਾਸ ਜੀ)

ਸੱਤੇ ਬਲਵੰਡ ਦੀ ਵਾਰ ਵਿਚ ਬਲਵੰਡ ਲਿਖਦਾ ਹੈ :

ਲਹਣੇ ਦੀ ਫੇਰਾਈਐ, ਨਾਨਕ ਦੋਹੀ ਖਟੀਐ ।

ਜੋਤਿ ਓਹਾ ਜੁਗਤਿ ਸਾਇ, ਸਹਿ 'ਕਾਇਆ' ਫੇਰ ਪਲਟੀਐ ॥ (ਪੰਨਾ 966)

ਭਾਈ ਗੁਰਦਾਸ ਜੀ ਭੀ ਲਿਖਦੇ ਹਨ :

ਅਰਜਨੁ ਕਾਇਆ ਪਲਟਿ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ।।"

ਹੋਰ ਉਚਾਰਨ :

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਲਫ਼ਜ਼ 'ਰਹਤ', 'ਬਹਰੇ', 'ਬਹਲੋ', 'ਸਹਜੈ', 'ਗਹਲਾ', 'ਟਹਲਾ', ਗਹਣ, ਲਹਣਾ ਅਤੇ ਇਹੋ ਜਿਹੇ ਹੋਰ ਵੀ ਕਈ ਲਫ਼ਜ਼ ਆਉਂਦੇ ਹਨ, ਜਿਨ੍ਹਾਂ ਵਿਚ ਅੱਖਰ 'ਹ' ਆਉਂਦਾ ਹੈ, ਜਿਵੇਂ ਇਹਨਾਂ ਲਫ਼ਜ਼ਾਂ ਦਾ ਉਚਾਰਨ ਕੀਤਾ ਜਾਂਦਾ ਹੈ, ਤਿਵੇਂ ਲਫ਼ਜ਼ 'ਮਹਲਾ' ਦਾ ਉਚਾਰਨ ਕਰਨਾ ਹੈ ।

ਸਿਰਲੇਖ ਵਿਚ ਕਿਤੇ ਕਿਤੇ ਲਫ਼ਜ਼ 'ਮਹਲਾ' ਦੇ ਥਾਂ ਲਫ਼ਜ਼ 'ਮਹਲੁ' ਭੀ ਆਉਂਦਾ ਹੈ। (ਵੇਖੋ, ਪੰਨਾ 16, ਸ਼ਬਦ ਨੰ: 6, ਅਤੇ ਪੰਨਾ 18, ਸ਼ਬਦ ਨੰ 12)। ਜੇ ਲਫ਼ਜ਼ 'ਮਹਲਾ' ਦਾ ਉਚਾਰਨ 'ਮਹੱਲਾ' ਹੁੰਦਾ ਹੈ, ਤਾਂ ਲਫ਼ਜ਼ 'ਮਹਲੁ' ਨੂੰ ਭੀ 'ਮਹੱਲੁ' ਉਚਾਰਨਾ ਪਵੇਗਾ, ਜੋ ਅਸ਼ੁੱਧ ਹੈ ।

ਸੋ ਵਿਚਾਰ-ਅਧੀਨ ਮਸਲੇ ਨੂੰ ਚਾਹੇ ਕਿਸੇ ਪਾਸਿਉਂ ਛੋਹ ਲਈਏ ਅਤੇ ਵਾਦੀ ਬਣਨ ਦੀ ਥਾਂ ਖੋਜੀ ਹੋ ਕੇ ਨਰਮੀ ਤੇ ਮਤਾਨਤ ਨਾਲ ਬਾਰ ਬਾਰ ਵਿਚਾਰੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਮਹਲ', 'ਮਹਲੁ', 'ਮਹਲਿ', 'ਮਹਲਾ', 'ਮਹਲੈ', 'ਮਹਲੀ' ਆਦਿ, ਪੰਜਾਬੀ ਵਿਚ ਬਦਲ ਪਦਾਂ, ਦਾ ਸ਼ੁੱਧ ਉਚਾਰਨ ਇਕ-ਸਾਰ ਤੇ ਇਕ-ਸਮਾਨ—ਮਹਲ, ਮਹਲ, ਮਹਲੁ, ਮਹਿਲਿ, ਮਹਿਲੁ ਮਹਿਲੀ ਤੇ ਮਹਿਲੇ ਹੈ । ਉੱਪਰ ਅਧਿਕ ਦੀ ਵਰਤੋਂ ਵਾਲਾ ਅਰਬੀ ਬੋਲੀ ਦਾ ਉਚਾਰਣ—ਮਹੱਲ, ਮਹੱਲੁ, ਮਹੱਲਿ, ਮਹੱਲਾ, ਮਹੱਲੀ, ਮਹੱਲੇ, ਮਹੱਲਤ ਆਦਿ, ਕਿਸੇ ਸੂਰਤ ਨਹੀਂ । ਜੇ ਇਕ ਦੋ ਥਾਂ, ਬਾਣੀ ਵਿਚ, ਸਮਾਨ ਤੁਕਾਂਤ ਰੱਖਣ ਦੀ ਖਾਤਰ 'ਮਹੱਲ' ਉਚਾਰਨ ਹੈ ਭੀ, ਤਾਂ ਉਸ ਨਾਲ ਨੇਮ ਨਹੀਂ ਬਣ ਜਾਂਦਾ ।

ਸਾਡੀ ਸਾਰੀ ਵਿਚਾਰ ਦਾ ਸਾਰ ਇਹ ਹੈ ਕਿ :

1. ਮਹਲ, ਮਹਲੁ, ਮਹਲਾ ਆਦਿ ਪਦ ਅਰਬੀ ਮੂਲਕ ਹਨ ।

2. ਮਹਲ, ਮਹਲਾ ਦੇ ਅਰਥ ਉਤਰਨ ਜਾਂ ਠਹਿਰਨ ਦੀ ਥਾਂ, ਮੰਜ਼ਲ ਆਦਿ ਹਨ । ਗੁਰਬਾਣੀ ਵਿਚ ਇਹ ਸ਼ਬਦ ਦੇਹ, ਸਰੀਰ, ਕਾਇਆ, ਵਜੂਦ ਅੰਤਰਕਰਣ ਤੇ ਆਤਮਕ ਅਵਸਥਾ ਦੇ ਅਰਥਾਂ ਵਿਚ ਵੀ ਆਏ ਹਨ; ਕਿਤੇ ਵੀ ਜੋਤਿ ਦੇ ਅਰਥਾਂ ਵਿਚ ਨਹੀਂ ਆਏ ।

3. ਭਾਵੇਂ ਅਰਬੀ-ਫ਼ਾਰਸੀ ਕੋਸ਼ਾਂ ਵਿਚ ਮਹਲ (Mahal) ਤੇ ਮਹੱਲ (Mahall) ਦੇ ਦੋਵੇਂ ਸਰੂਪ ਤੇ ਉਚਾਰਣ ਮਿਲਦੇ ਹਨ; ਪ੍ਰੰਤੂ ਗੁਰਬਾਣੀ ਵਿਚ ਇਸ ਦਾ ਉਦਾਹਰਣ ਵਿਸ਼ੇਸ ਕਰਕੇ ਮਹਲ ਤੇ ਮਹਲਾ ਹੈ; ਮਹੱਲ ਤੇ ਮਹੱਲਾ ਕਰਕੇ ਨਹੀਂ ।

4. ਜੋ ਸੱਜਣ ਹੱਠ ਜਾਂ ਨਾਵਾਕਫ਼ੀ ਕਾਰਨ ਇਸ ਦਾ ਪਾਠ, ਗੁਰੂ ਵਿਅਕਤੀਆਂ ਨਾਲ ਮਹੱਲਾ ਜਾਂ ਮਹੱਲ ਕਰਕੇ ਕਰਦੇ ਹਨ, ਉਹ ਵੀ ਹੇਠਾਂ ਮੂਲ ਬਾਣੀ ਵਿਚ ਇਹਨਾਂ ਨੂੰ ਅਧਿਕ ਤੋਂ ਬਿਨਾ ਮਹਲ, ਮਹਲੁ, ਮਹਲਾ, ਮਹਿਲਾਂ, ਮਹਲੀ, ਮਹਲਤ ਆਦਿ ਕਰਕੇ ਹੀ ਪੜ੍ਹਦੇ ਹਨ ਅਤੇ ਪਾਠ ਦੀ ਚਾਲ, ਕੀਰਤਨ ਤੇ ਕਵਿਤਾ ਦੀ ਮਾਤ੍ਰਾਂ ਆਦਿ ਪੱਖੋਂ ਵੀ ਇਹੀ ਦਰੁਸਤ ਹੈ । ਸਾਲ

1978-79 ਵਿਚ ਸ਼੍ਰੋ: ਕਮੇਟੀ ਵਲੋਂ ਪਾਠ-ਬੋਧ ਸਮਾਗਮ ਦੀ ਗੁਰਬਾਣੀ-ਪਾਠ ਰੀਕਾਰਡਿੰਗ, ਇਸ ਸਚਾਈ ਦੀ ਗਵਾਹ ਹੈ।

5. ਇਹ ਤੱਥ ਵੀ ਸਾਡੇ ਦ੍ਰਿਸ਼ਟੀਕੋਣ ਦੀ ਪੁਸ਼ਟੀ ਕਰਦਾ ਹੈ ਕਿ ਮਹਲਾ ਪਦ ਗੁਰਬਾਣੀ ਵਿਚ ਅਰਬੀ ਵਾਲੇ ਤਤਸੱਮ ਰੂਪ ਵਿਚ ਨਹੀਂ, ਸਗੋਂ ਤਦਭਵ ਰੂਪ ਵਿਚ ਅੰਕਿਤ ਹੈ। ਇਸ ਲਈ ਗੁਰਬਾਣੀ ਵਿਚ ਇਸ ਦਾ ਆਪਣਾ ਉਚਾਰਣ ਹੈ; ਜਿਵੇਂ ਕਿ ਉਮੀ ਦਾ ਓਮੀ, ਪਲੀਦ ਦਾ ਪਲੀਤ, ਵਕਤ ਦਾ ਵਖਤ ਤੇ ਨਮਾਜ਼ ਦਾ ਨਿਵਾਜ਼ ਆਦਿ ਪਦਾਂ ਦਾ ਹੈ।

6. ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ 48ਵੀਂ ਪਉੜੀ ਦੀ ਇਕ ਤੁੱਕ 'ਮਹਲਾ' (ਬਹੁ ਵਚਨ) ਸ਼ਬਦ ਦੇ ਉਚਾਰਣ ਸੰਬੰਧੀ ਕੋਈ ਸੰਸਾ ਨਹੀਂ ਰਹਿਣ ਦੇਂਦੀ ।

ਪੁਛਨਿ ਸਿਖ ਅਰਦਾਸਿ ਕਰਿ, 'ਛਿਅ ਮਹਿਲਾ' (ਮਹਿਲਾਂ) ਤਕਿ ਦਰਸੁ ਨਿਹਾਰੀ ॥

7. ਵਾਹ, ਭਾਈ ਕੇਸਰ ਸਿੰਘ ਛਿੱਬਰ ਦੇ ਬੰਸਾਵਲੀ ਨਾਮੇ ਦੀ ਇਹ ਅਟੱਲ ਗਵਾਹੀ ਤੇ ਸੰਕੇਤ :

ਸੁਨੋ ਵੇ ਭਾਈ ਸਿਖੋ, ਐਸਾ ਸੰਤ ਬਾਬਾ ਨਾਨਕ ਪਛਾਨੋ ॥
'ਦਸੋ ਮਹਲ' ਨਾਨਕ ਜੀ ਜਾਨੋ ॥

ਇਥੇ ਪਾਠ ਦਸੇ 'ਮਹੱਲ' ਕਰਨਾ ਅਸ਼ੁੱਧ ਹੈ। ਜਿਵੇਂ ਲਿਖਿਆ ਹੈ, ਤਿਵੇਂ ਪੜ੍ਹਨਾ ਹੈ।

8. ਪੁਰਾਤਨ ਜਨਮ ਸਾਖੀ 'ਚੋਂ ਅੰਕ 17 ਹੇਠ ਮਹਲ, ਮਹਲਿ ਤੇ ਮਹਿਲਿ ਦੇ ਉਚਾਰਣ ਦਾ ਦਿੱਤਾ ਗਿਆ ਸਬੂਤ ਅਕੱਟ ਹੈ।

9. ਪ੍ਰੋ: ਗੁਲਵੰਤ ਸਿੰਘ ਜੀ (ਐਮ. ਏ. ਅੰਗਰੇਜ਼ੀ, ਅਰਬੀ, ਫ਼ਾਰਸੀ) ਨੇ 9-9-79 ਨੂੰ ਪਾਠ ਬੋਧ ਸਮਾਗਮ ਵਿੱਚ ਸਪਸ਼ਟ ਫੁਰਮਾਇਆ ਹੈ ਕਿ 'ਮਹਲਾ' ਸ਼ਬਦ ਦੇ ਉਚਾਰਣ ਵਿਚ ਉਹ ਪ੍ਰੋ. ਸਾਹਿਬ ਸਿੰਘ ਦੀ ਪ੍ਰੋੜ੍ਹਤਾ ਕਰਦੇ ਹਨ।

ਅੰਤਿਕਾ

ਸਾਡੇ ਮਿੱਤਰ, ਡਾਕਟਰ ਪਿਆਰ ਸਿੰਘ ਨੇ, "**ਨਾਨਕ ਪ੍ਰਕਾਸ਼ ਪਤ੍ਰਿਕਾ**" ਮਹੀਨਾ ਦਸੰਬਰ, 1991 (ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੇ 'ਪ੍ਰੋ: ਸਾਹਿਬ ਸਿੰਘ' ਅੰਕ ਵਿਚ, ਸ: ਸ਼ਮਸ਼ੇਰ ਸਿੰਘ 'ਅਸ਼ੋਕ' ਦੀ ਪ੍ਰੋੜ੍ਹਤਾ ਵਿਚ, ਮਹਲ ਤੇ ਮਹਲਾ ਪਦ ਦੇ ਉਚਾਰਣ ਆਦਿ ਬਾਰੇ ਕੁਝ ਨੁਕਤੇ ਉਠਾਏ ਹਨ, ਜਿਨ੍ਹਾਂ ਦਾ ਸਵਿਸਥਾਰ ਉੱਤਰ ਇਹ ਲੇਖਕ, ਪਹਿਲਾਂ ਹੀ ਆਪਣੇ ਹਵਾਲੇ ਵਾਲੇ ਲੇਖ ਵਿਚ 'ਅਸ਼ੋਕ' ਜੀ ਨੂੰ ਦੇ ਚੁੱਕਾ ਹੈ। ਚੰਗਾ ਹੁੰਦਾ, ਡਾਕਟਰ ਸਾਹਿਬ, ਪ੍ਰਿੰਸੀਪਲ ਸਾਹਿਬ ਤੇਜਾ ਸਿੰਘ ਅਤੇ ਪ੍ਰੋ: ਸਾਹਿਬ ਸਿੰਘ ਦੀ ਹੱਯਾਤੀ ਵਿਚ ਉਨ੍ਹਾਂ ਦੇ ਵੀਚਾਰਾਂ ਦਾ ਖੰਡਨ ਕਰਦੇ, ਅਤੇ ਬਣਦਾ ਸਰਦਾ ਉੱਤਰ ਪ੍ਰਾਪਤ ਕਰਦੇ। ਹੁਣ ਤਾਂ ਮੇਰੇ ਲੇਖ (53 ਪੰਨੇ) ਛਪੇ ਨੂੰ ਵੀ 12 ਸਾਲ ਹੋ ਗਏ ਹਨ। ਇਸ ਦੇਰੀਨਾ ਖਾਮੋਸ਼ੀ ਤੇ ਦੜ ਵੱਟੀ ਰੱਖਣ ਦਾ ਕਾਰਨ ਤਾਂ ਡਾਕਟਰ ਜੀ ਹੀ ਜਾਣਨ। ਹਾਂ, ਸਾਡੇ ਵੱਲੋਂ ਸੰਬੰਧਤ ਲੇਖ ਉੱਤੇ ਬਾ-ਦਲੀਲ ਟਿੱਪਣੀ ਹਾਜ਼ਰ-ਖਿਦਮਤ ਹੈ : :—

1. ਸੁਹਿਰਦ ਪਾਠਕਾਂ ਦੀ ਹੈਰਾਨੀ-ਭਰੀ ਜਾਣਕਾਰੀ ਲਈ ਅਰੰਭ ਵਿਚ ਹੀ, ਇਹ ਹਕੀਕਤ ਦੱਸਣੀ ਜ਼ਰੂਰੀ ਹੈ ਕਿ ਮੈਂ ਆਪਣਾ, ਹਵਾਲੇ ਵਾਲਾ ਲੇਖ, ਡਾਕਟਰ ਪਿਆਰ ਦੀ ਸਲਾਹ, ਸੋਮਤੀ, ਅਤੇ ਸਹਿਯੋਗ ਨਾਲ 1979 ਵਿਚ ਸੰਪੂਰਨ ਕੀਤਾ ਸੀ। "ਗੁਰੂ ਨਾਨਕ ਦੇਵ ਯੂਨੀਵਰਸਿਟੀ" ਅੰਮ੍ਰਿਤਸਰ, ਵਿਚੋਂ ਮਿਸਟਰਜ਼, ਐਫ-ਸਟੈਨਗਾਸ ਅਤੇ ਪਲੈਟਸ (Platts) ਦੀਆਂ ਅਰਬੀ-ਫ਼ਾਰਸੀ-ਉਰਦੂ ਤੇ ਅੰਗਰੇਜ਼ੀ ਦੀਆਂ ਡਿਕਸ਼ਨਰੀਆਂ, ਜਿਨ੍ਹਾਂ ਦੀ ਸਹਾਇਤਾ ਨਾਲ ਮੈਂ ਆਪਣਾ ਲੇਖ ਲਿਖ ਸਕਿਆ ਸਾਂ, ਮੁਹੱਯਾ ਕਰਨ ਵਾਲੇ, ਮੇਰੇ ਮਿੱਤਰ, ਡਾਕਟਰ ਸਾਹਿਬ ਹੀ ਸਨ। ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਮੇਰੇ ਹਵਾਲੇ ਵਾਲਾ ਲੇਖ ਨਵੇਂ ਸਿਰੇ ਗਹੁ ਨਾਲ ਵਾਚੇ ਬਿਨਾਂ ਹੀ, ਆਪਣੇ ਵੱਲੋਂ, ਬੜਾ ਖੋਜ-ਭਰਪੂਰ ਲੇਖ ਲਿਖਣ ਦਾ ਮਾਰਕਾ ਮਾਰਿਆ ਹੈ। ਆਓ, ਇਸ ਦੀ ਪੜਚੋਲ ਤੇ ਪਰਖ ਕਰੀਏ :—

2. ਡਾਕਟਰ ਸਾਹਿਬ **ਮਹਲੁ ਤੇ ਮਹਲਾ** ਪਦਾਂ ਨੂੰ ਅਰਬੀ ਮੂਲ ਦੇ ਸ਼ਬਦ ਮੰਨਦੇ ਹਨ।

ਟਿਪਣੀ : ਮੈਂ ਬਾਰ ਬਾਰ ਇਸ ਸੱਚ ਨੂੰ ਆਪਣੇ ਲੇਖ ਵਿਚ ਪ੍ਰਵਾਣਿਆ ਅਤੇ 'ਹੱਲ' ਨੂੰ ਇਨ੍ਹਾਂ ਦਾ ਮੂਲ ਧਾਤੂ ਮੰਨਿਆ ਹੈ। ਫੇਰ, ਨਵੀਂ ਗੱਲ ਕੀ ਹੋਈ ?

3. ਡਾਕਟਰ ਸਾਹਿਬ, ਬਲਵੰਡ ਤਥਾ ਸੱਤੇ ਡੂਮ ਦੀ ਵਾਰ ਵਿਚੋਂ ਇਹ ਪ੍ਰਮਾਣ ਦੇ ਕੇ ਅਣਭੋਲ ਹੀ ਸਾਡੇ ਦ੍ਰਿਸ਼ਟੀਕੋਣ ਦੀ ਹਮਾਇਤ ਕਰ ਜਾਂਦੇ ਹਨ ਕਿ ਜੋਤਿ ਤਾਂ ਇਕੋ ਹੀ ਰਹੀ, ਪਰ ਕਾਇਆ, ਦੇਹ, ਸਰੀਰ ਵਿਚ, ਵਾਰ ਵਾਰ, ਇਹ ਜੋਤ ਟਿਕੀ, ਉਹ ਬਦਲਦੀ ਰਹੀ ਅਤੇ ਇਸ ਦੇਹ, ਕਾਇਆ ਨੂੰ ਹੀ ਮਹਲਾ ਪਹਿਲਾ, ਮਹਲਾ ਦੂਜਾ ਆਦਿਕ ਆਖਿਆ ਗਿਆ। ਤੁੱਕ ਹੈ :

'ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥' (966)

4. ਲੇਖ ਦੇ ਪੰਨਾ 3 ਉੱਤੇ ਡਾਕਟਰ ਸਾਹਿਬ, ਸਾਡੇ ਵੀਚਾਰ ਦੀ ਪ੍ਰੁਸ਼ਟੀ ਕਰਦੇ ਹੋਏ ਲਿਖਦੇ ਹਨ :

"**ਸ਼ਬਦ ਮਹੱਲ**, ਪੰਜਾਬੀ ਵਿਚ (ਅਤੇ ਹੋਰਨਾਂ ਹਿੰਦੁਸਤਾਨੀ ਭਾਸ਼ਾਵਾਂ ਵਿਚ ਵੀ) ਤਤਸਮ (ਮੂਲ) ਰੂਪ ਦੇ ਨਾਲ, ਤਦਭਵ, ਬਦਲੇ ਰੂਪ ਵਿਚ ਚਲਦਾ ਦੇਖਿਆ ਜਾ ਸਕਦਾ ਹੈ। ਸ਼ਾਹ ਜਹਾਨ ਦੀ ਆਪਣੀ ਮਲਿਕਾ ਦੀ ਯਾਦ ਵਿਚ ਬਣਾਇਆ ਪ੍ਰਸਿੱਧ ਮਕਬਰਾ '**ਤਾਜ ਮਹਲ**' ਤੇ '**ਤਾਜ ਮਹੱਲ**' ਦੋਹਾਂ ਤਰ੍ਹਾਂ ਬੋਲਿਆ ਜਾਂਦਾ ਹੈ। ਪੰਜਾਬੀ ਵਿਚ ਸਮਾਸ 'ਮਹਿਲ ਮਾੜੀਆਂ' ਚਲਦਾ ਹੈ। ਇਸ ਵਿਚ ਵੀ ਸ਼ਬਦ '**ਮਹੱਲ**' ਆਪਣਾ ਮੂਲ ਉਚਾਰਣ ਛੋਡ ਕੇ **ਮਹਿਲ** ਬਣ ਗਿਆ ਹੈ। ਖ਼ੁਦ ਗੁਰਬਾਣੀ ਵਿਚ ਵੱਟੇ ਹੋਏ ਇਸ ਉਚਾਰਣ ਦੀਆਂ ਕਈ ਮਿਸਾਲਾਂ ਮੌਜੂਦ ਹਨ; ਜਿਵੇਂ—

(1) **ਟਹਲ ਮਹਲ** ਤਾ ਕਉ ਮਿਲੈ, ਜਾ ਕਉ ਸਾਧੁ ਕ੍ਰਿਪਾਲ ॥ (ਪਦਵੀ—255)
(2) **ਮਹਲ** ਕੁਚਜੀ ਮੜਵੜੀ, ਕਾਲੀ ਮਨਹੁ ਕਸੁਧ ॥ (ਇਸਤ੍ਰੀ—1088)
(3) **ਖੋਲ ਕਿਵਾਰ 'ਮਹਲਿ'** ਬੁਲਾਇਆ ॥ (ਮਾੜੀ, ਧੌਲਰ—887)
(4) '**ਮਹਲਾ**' ਅੰਦਰਿ ਹੋਂਦੀਆਂ, ਹੁਣ ਬਹਣਿ ਨ ਮਿਲਨਿ ਹਦੂਰਿ ॥(ਧੌਲਰਾਂ—417)
(5) '**ਮਹਲਾ**' ਮੰਝਿ ਨਿਵਾਸ ਸ਼ਬਦ ਸਵਾਰਿਆ ॥ (ਮਾੜੀਆਂ—148)

(6) ਏਕਿ[1] 'ਮਹਲਿ' ਤੂ ਪੰਡਿਤ[2] ਵਕਤਾ[3], ਏਕੁ[4] ਮਹਲਿ ਖਲਾ[5] ਹੋਤਾ ॥
(206) (ਮੰਕਾ)

ਟਿਪਣੀ : ਡਾਕਟਰ ਸਾਹਿਬ ਨਾਲ ਸਾਡੀ ਸੌ ਫੀਸਦੀ ਸੰਮਤੀ ਹੈ ਕਿ 'ਮਹਲਾ' ਪਦ, ਗੁਰੂ ਵਿਅਕਤੀਆਂ ਨਾਲ ਤਦ-ਭਵ ਰੂਪ ਵਿਚ ਉਚਾਰਣ ਹੁੰਦਾ ਹੈ; ਪਰ ਮਹਲਾ ਕਰਕੇ; ਮਹੱਲਾ ਕਰਕੇ ਨਹੀਂ। ਦੂਜੇ, ਇਸ ਦਾ ਅਰਬੀ ਰੂਪ, ਕੰਨਾ-ਅੰਤ ਨਹੀਂ'; ਸਗੋਂ, ਸੰਸਕ੍ਰਿਤ ਦੇ ਵਿਸਰਗ ਸਹਿਤ ਮਹਲ: = ਮ+ਹ (ਹੱਤੀ)+ਲ+ਹ (ਹਵੱਜ਼ਾ) ਕਰ ਕੇ ਹੈ।

ਨੋਟ—ਡਾਕਟਰ ਸਾਹਿਬ, ਗਲਤੀ ਨਾਲ ਉੱਪਰ, ਨੰਬਰ 2 ਵਾਲੀ ਉਦਾਹਰਣ ਵਿਚ 'ਮਹਲਾ' (ਇਸਤ੍ਰੀ) ਪਦ, ਜੋ ਸੰਸਕ੍ਰਿਤ ਮੂਲ ਦਾ ਹੈ, ਅਰਬੀ ਪਦ ਕਰ ਕੇ ਵਰਤੇ ਗਏ ਹਨ, ਇਸ ਦਾ ਏਥੇ, ਚਲ ਰਹੀ ਵੀਚਾਰ ਨਾਲ ਕੋਈ ਸੰਬੰਧ ਨਹੀਂ।

ਦੂਜੇ, ਆਪ ਜੀ ਨੇ ਨੰਬਰ 6 ਵਾਲੀ ਤੁਕ ਅਸ਼ੁੱਧ ਲਿਖੀ ਹੈ। ਇਸ ਦਾ ਸ਼ੁੱਧ ਸਰੂਪ ਹੈ—'ਏਕ[1] ਮਹਲਿ ਤੂ ਪੰਡਿਤੁ[2] ਬਕਤਾ[3] ਏਕ[4] ਮਹਲਿ ਖਲੂ[5] ਹੋਤਾ।' ਉਪ੍ਰੋਕਤ ਪੰਜਾਂ ਅਸ਼ੁੱਧੀਆਂ ਦੇ ਹੁੰਦਿਆਂ, ਬਾਨੀ ਦੇ ਸ਼ੁੱਧ ਅਰਥ ਕਰਨੇ ਕਿਵੇਂ ਸੰਭਵ ਹਨ ? ਸੋ, ਡਾਕਟਰ ਸਾਹਿਬ ਏਥੇ ਮਹਲਿ (ਮਹਲਿ ਵਿਚ, ਅਧਿਕ ਕਾਰਕ) ਦੇ ਸਰੀਰ, ਦੇਹ, ਕਾਇਆਂ ਅਰਥ ਨਾ ਸਮਝਣ ਵਿਚ ਉਕਾਈ ਖਾ ਗਏ ਹਨ। ਇਸ ਸੰਬੰਧ ਵਿਚ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪ੍ਰੋ. ਸਾਹਿਬ ਸਿੰਘ) ਦੀ ਦੂਜੀ ਪੋਥੀ (ਪੰ. 278) ਤੋਂ ਸਹੀ ਅਰਥ ਵਾਚਨ ਲਈ ਜਾਂ ਇਤਿਹਾਸਕਾਰ ਮੋਹਸਿਨ ਫਾਨੀ ਦੀ ਸਬੰਧਤ ਲਿਖਤ ਵਾਚਨ ਜਿਦੇ ਉਹ ਗੁਰੂ ਜੋਤਿ ਦੇ ਹਲੂਲ ਹੋਣ ਵਾਲੀ ਥਾਂ ਨੂੰ 'ਤਨ' ਤੇ 'ਬਦਨ' ਕਰਕੇ ਲਿਖਦਾ ਹੈ।

4. ਤੁਕਾਂਤ ਇਕ ਸਮਾਨ, ਆਪਸ ਵਿਚ, ਢੁਕਵਾਂ ਰੱਖਣ ਲਈ 'ਬਾਨੀ' ਵਿਚ ਉਚੇਚਾ ਉਪਰਾਲਾ ਬਹੁਤ ਵੇਰ ਹੋਇਆ ਹੈ। ਸੋ, 'ਚੱਲ' ਨਾਲ ਤੁਕਾਂਤ ਤੇ ਰਵਾਨੀ ਤੇ ਮੇਲ ਆਦਿ ਕਾਇਮ ਰੱਖਣ ਲਈ '... ਤਾ ਸੁਖ ਲਹਹਿ ਮਹਲ (ਮਹੱਲ) ਦਾ ਉਚਾਰਣ ਦਰੁਸਤ ਹੈ। ਪਰ ਇਹ ਤਾਂ ਨੇਮ ਵਿਚ, ਉਲੰਘਣਾਂ ਵਜੋਂ ਹੈ, ਨੇਮ ਨਹੀਂ। ਚੇਤੇ ਰਹੇ : ''ਉਲੰਘਣਾ ਹੀ ਨੇਮ ਨੂੰ ਸਿੱਧ ਕਰਦੀ ਹੈ'' : (Exception proves the rule)

5. ''ਮਹਲ ਕੁ ਮਹਲ'' ਨ ਜਾਣਨੀ, ਮੂਰਖ ਆਪਣੇ ਸੁਆਇ ॥ (649)

ਡਾਕਟਰ ਸਾਹਿਬ ਏਥੇ ਇਸ ਲਈ 'ਮਹੱਲ ਕੁਮਹੱਲ', ਅਢੁੱਕਵਾਂ ਉਚਾਰਣ, ਕੀਤੇ ਜਾਣ ਦੇ ਹਾਮੀ ਹਨ, ਕਿ ਇਸ ਤਰ੍ਹਾਂ ਕਰਨ ਨਾਲ ਪਹਿਲੇ ਤੁਕਾਂਗ ਦੀਆਂ ਪਿੰਗਲ ਪੱਖੋਂ ਮਾਤਰਾ ਠੀਕ ਬੈਠਦੀਆਂ ਹਨ। ਉਨ੍ਹਾਂ ਦੀ ਇਸ ਖ਼ਾਮ ਖਿਆਲੀ ਤੇ ਲਾ-ਇਲਮੀ ਦਾ ਭਰਮ ਭੁਲੇਖਾ, ਇਸ ਨਾਲ ਆਏ ਬਾਕੀ ਤੁਕਾਂਗਾਂ ਦੀ ਮਾਤ੍ਰਾ ਗਿਣਤੀ ਦੂਰ ਕਰਦੀ ਹੈ :—

(ੳ) ''ਮਹਲੁ ਕੁਮਹਲੁ'' ਨ ਜਾਣਨੀ, ਮੂਰਖ ਆਪਣੇ ਸੁਆਇ ॥ (14 ਮਾਤਰਾ)

(ਨੋਟ—ਡਾਕਟਰ ਜੀ ਇਹ ਇੱਕ ਤੁੱਕ ਲਿਖਣ ਵਿਚ ਤਿੰਨ ਅਸ਼ੁੱਧੀਆਂ ਕਰਦੇ ਹਨ। ਟਾਕਰਾ ਕਰੋ।)

ਸਬਦੁ ਚੀਨਹਿ ਤਾਂ ਮਹਲੁ ਲਹਹਿ......। (15 ਮਾਤ੍ਰਾ)

ਸਦਾ ਸੱਚੇ ਕਾ ਭਉ ਮਨਿ ਵੱਸੈ,......। (17 ਮਾਤ੍ਰਾ)
ਸਤਿਗੁਰੁ ਆਪਣੈ ਘਰਿ ਵਰਤਦਾ......। (15 ਮਾਤ੍ਰਾ)
ਨਾਨਕ ਸਤਿਗੁਰ ਮਿਲਿਐ ਸਭ ਪੂਰੀ ਪਈ...। (21 ਮਾਤ੍ਰਾ) (649)

ਸੋ, ਕਵਿਤਾ (ਪਿੰਗਲ) ਪੱਖੋਂ ਗਲ ਰਵਾਨੀ ਤੇ ਤੋਲ ਦੀ ਹੈ। "ਮਹੱਲੁ ਕੁਮਹੱਲੁ" ਉਚਾਰਣ ਬੋਝਲ ਹੈ। ਇਸ ਨਾਲ ਰਵਾਨੀ (Rhythm) ਰੁਕਦੀ ਹੈ। ਸੋ, ਸ਼ੁੱਧ ਉਚਾਰਣ "ਮਹਲੁ ਕੁਮਹਲੁ" ਹੈ।

(ਅ) ਅੱਗੇ ਪੰਨਾ 4 ਉਤੇ ਆਪ ਜੀ ਇਹ ਤੁਕ ਇਉਂ ਲਿਖਦੇ ਹਨ :
ਏਕ ਮਹੱਲ ਤੂੰ ਪੰਡਿਤੁ ਵਕਤਾ, ਏਕ ਮਹੱਲ ਖਲ ਹੋਤਾ (ਇਸ ਵਿਚ 4 ਪੰਗਤੀਆਂ ਹਨ। ਹੈਰਾਨੀ ਵਾਲੀ ਗਲ ਕਿ "ਮਹਲਿ" ਨੂੰ ਮਹੱਲ ਕਰਕੇ ਲਿਖਣ ਦੀ ਧੁਨ ਵਿਚ ਆਪ ਜੀ "ਮਹਲਿ" (ਮਹਲ ਵਿਚ) ਜੋ ਅਧਿਕਰਣ ਕਾਰਕ ਦੀ ਸੂਚਕ ਲੱਲੇ ਨਾਲ ਿ ਹੈ, ਉਸ ਨੂੰ ਹੀ ਨਾਲੋਂ ਚੌਹੀਂ ਥਾਈਂ) ਉਡਾ ਦਿੰਦੇ ਹਨ, ਅਤੇ ਉਪਰ ਆਪਣੇ ਪਾਸੋਂ ਅਧਿਕ ਠੋਕਣ ਦੀ ਕਰਦੇ ਹਨ। (ਡਾਢਿਆਂ ਦਾ ਸੱਤੀਂ ਵੀਂਹ ਸੌ।)
ਡਾਕਟਰ ਸਾਹਿਬ ਦੀ ਹੱਕ-ਗੋਈ :—

ਇਸ ਉਪ੍ਰੰਤ ਆਪ ਜੀ, ਆਪ ਹੀ ਠੀਕ-ਰਾਹ ਉਤੇ ਆਉਂਦੇ ਹੋਏ ਸਪਸ਼ਟ ਤਸਲੀਮ ਕਰਦੇ ਹਨ ਕਿ : 'ਖੈਰ, 'ਮਹੱਲ' ਨੂੰ 'ਮਹਿਲ' ਪੜ੍ਹਨ ਨਾਲ ਸਾਡਾ ਕੋਈ ਝਗੜਾ ਨਹੀਂ', ਕਿਉਂ ਜੋ ਇਸ ਪਦ ਨੂੰ ਪੰਜਾਬੀ ਭਾਸ਼ੀਆਂ ਨੇ ਅਧਿਕ ਗਿਰਾ ਕੇ ਅਤੇ ਦੋਹਰੀ ਆਵਾਜ਼ ਨੂੰ ਇਕਹਿਰੀ ਕਰਕੇ ਪੜ੍ਹਨ ਦਾ ਸੁਭਾ ਬਣਾ ਲਿਆ ਹੋਇਆ ਹੈ। ਦੋਵੇਂ ਉਚਾਰਣ ਚਲਦੇ ਹਨ। .. ਜਿਥੇ ਸ਼ਬਦ 'ਮਹੱਲ', ਉਚਾਰਣ ਦੇ ਪੱਖੋਂ 'ਮਹਿਲ' ਅੱਗੇ ਸਿਰ ਝੁਕਾ ਗਿਆ ਸਿੱਧ ਹੁੰਦਾ ਹੈ, ਉਥੇ 'ਮਹਲ' ਆਪਣੇ ਮੁੱਢਲੇ ਸਰੂਪ ਨੂੰ ਹਰ ਹਾਲਤ ਵਿਚ ਕਾਇਮ ਰਖਦਾ ਨਜ਼ਰ ਆਉਂਦਾ ਹੈ।' ਉਹ ਕਿਵੇਂ ?

ਟਿਪਣੀ : ਵੇਖੋ, ਡਾਕਟਰ ਸਾਹਿਬ 'ਮਹਲਾ' ਦੇ ਉਚਾਰਣ ਸੰਬੰਧੀ ਸਾਡੇ ਨਜ਼ਰੀਏ ਨੂੰ ਮੰਨਦੇ ਵੀ ਹਨ; ਪ੍ਰੰਤੂ, ਕੁਝ ਕੁ ਅੰਦਰੂਨੀ ਝਿਜਕ ਨਾਲ। ਆਪ ਜੀ ਦੀ ਇਸ ਦੋ-ਚਿੱਤੀ ਨੂੰ ਕੁਝ ਇਉਂ ਬਿਆਨਿਆ, ਸਮਝਿਆ ਜਾ ਸਕਦਾ ਹੈ :

'ਅਜਬ ਪਰਦਾ ਹੈ, ਚਿਲਮਿਨ ਸੇ ਲਗੇ ਬੈਠੇ ਹੋ,
ਸਾਫ ਛੁਪਤੇ ਭੀ ਨਹੀਂ, ਸਾਹਮਨੇ ਆਤੇ ਭੀ ਨਹੀਂ'

ਫਿਰ ਵੀ, ਆਪ ਦੇ ਇਉਂ, ਏਸ ਰਾਹ ਆ ਜਾਣ ਲਈ ਅਸੀਂ ਆਪ ਜੀ ਦੇ ਹਾਰਦਿਕ ਧੰਨਵਾਦੀ ਹਾਂ। ਗਲ ਵਿਸ਼ੇਸ਼ ਕਰਕੇ ਗੁਰੂ ਵਿਅਕਤੀਆਂ ਨਾਲ ਆਏ 'ਮਹਲਾ' ਪਦ ਦੇ ਉਚਾਰਣ ਦੀ ਸੀ, ਸੋ, ਸਰਬ ਸੰਮਤੀ ਨਾਲ ਪ੍ਰਵਾਨ ਭਈ। ਧੰਨਵਾਦਿ।

ਕੁਝ ਹੋਰ ਜ਼ਰੂਰੀ ਪੜਚੋਲ :

ਡਾਕਟਰ ਸਾਹਿਬ ਵਲੋਂ ਉਠਾਏ ਬਹੁਤੇ ਨੁਕਤਿਆਂ ਦਾ ਉਤਰ, ਵਿਸਥਾਰ ਸਹਿਤ, ਪਿੱਛੇ ਦਿਤਾ ਜਾ ਚੁੱਕਾ ਹੈ। ਫਿਰ ਵੀ, ਕੁਝ ਇਕ ਦੀ ਹੋਰ ਸਪਸ਼ਟਤਾ ਜ਼ਰੂਰੀ ਹੈ :

1. ਡਾਕਟਰ ਸਾਹਿਬ ਨੇ ਬਾਰ ਬਾਰ, ਇਸ ਗੱਲ ਉਤੇ ਬੜਾ ਜ਼ੋਰ ਦਿੱਤਾ ਹੈ ਕਿ ਮਹਲ ਜਾਂ ਮਹਲਾ ਸ਼ਬਦ ਅਰਬੀ ਮੂਲ ਦਾ ਹੈ। ਇਸ ਵਿਚ ਸਾਡਾ, ਉਨ੍ਹਾਂ ਨਾਲ, ਕੋਈ ਮਤਭੇਦ ਨਹੀਂ; ਪ੍ਰੰਤੂ, ਆਪ ਜੀ ਨੋਟ ਕਰਨਗੇ ਕਿ ਮਹਲਾ (ਮਹਿਲਾ) ਪਦ, ਕੰਨਾ-ਅੰਤ ਹੈ, ਜਦ ਫਾਰਸੀ ਅਰਬੀ ਵਿਚ ਇਸ ਦੇ ਅੰਤ ਵਿਚ ਹੇ (ਹੌਵਜ਼ਾ) ਆਉਂਦੀ ਹੈ (;), ਜਿਸ ਨੂੰ ਸੰਸਕ੍ਰਿਤ ਦੇ ਵਿਸਰਗ (:) ਨਾਲ ਪ੍ਰਗਟ ਕੀਤਾ ਜਾਂਦਾ ਹੈ; ਜਿਵੇਂ, ਮਹਲ:। 'ਮਹਲਾ' (ਮਹਿਲਾ) 'ਬਾਣੀ' ਵਿਚ ਤਦਭਵ ਰੂਪ ਵਿਚ ਵਿਦਮਾਨ ਹੈ, ਨਾ ਕਿ ਤਤਸਮ (ਮੂਲ) ਰੂਪ ਵਿਚ। ਇਸ ਹਕੀਕਤ ਨੂੰ ਡਾਕਟਰ ਜੀ ਵੀ ਸਵੀਕਾਰਦੇ ਹਨ।

2. ਡਾਕਟਰ ਸਾਹਿਬ ਦੀ ਅਸਾਵਧਾਨੀ (ਬੇ-ਧਿਆਨੀ) ਦਾ ਇਹ ਆਲਮ ਹੈ ਕਿ ਹਵਾਲੇ ਵਾਲੇ ਲੇਖ ਦੇ ਪੰਨਾ 4 ਉਤੇ ਤਾਂ ਆਪ ਲਿਖਦੇ ਹਨ : (ੲ) 'ਆਪਣੀ ਪੁਸਤਕ 'ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ' ਵਿਚ, ਭਾਈ ਜੋਧ ਸਿੰਘ ਨੇ ਲਿਖਿਆ ਹੈ ਕਿ ਇਸ ਬੀੜ ਦੇ ਪੱਤ੍ਰਾ 963 ਦੇ ਉਪਰਲੇ ਸਿਰੇ ਉੱਤੇ ਵਿਚਕਾਰ ਕਰਕੇ ..ਉਰਦੂ ਵਿਚ (ਪ੍ਰਾਨ ਸੰਗਲੀ ਮਹਲਾ 1) ਲਿਖਿਆ ਹੋਇਆ ਹੈ ..'' ਪ੍ਰੰਤੂ ਹੇਠਾਂ ਆਪਣੇ ਪਾਸੋਂ ਹੀ ''ਮਹਲਾ'' ਪਦ ਨੂੰ ''ਮਹੱਲਾ'' ਪਦ ਵਿਚ ਬਦਲ ਕੇ ਲਿਖਦੇ ਹਨ ਕਿ, ''ਕਿ'' ''ਬੀੜ ਵਿਚ 'ਮਹੱਲਾ'' ਪਦ ਸ਼ੁੱਧ ਅਰਬੀ ਰੂਪ ਵਿਚ ਲਿਖਿਆ ਹੋਇਆ ਹੈ, ਜਿਸ ਤੋਂ ਇਸ ਦੇ ਉਚਾਰਣ ਦਾ ਅਰਬੀ ਉਚਾਰਣ ਅਨੁਸਾਰ ''ਮਹੱਲਾ'' ਹੋਣਾ ਸਿੱਧ ਕਰਦਾ ਹੈ।'' ਜਦ ਰਕਮਾਂ ਹੀ ਗਲਤ ਲਿਖੀਆਂ ਜਾਣ, ਤਾਂ ਦਰੁਸਤ ਜਵਾਬ ਕਿਵੇਂ ਆਵੇਗਾ ?

ਟਿਪਣੀ : ਡਾਕਟਰ ਸਾਹਿਬ ! ਸ੍ਰੀ ਕਰਤਾਰਪੁਰ ਵਾਲੀ ਆਦਿ ਬੀੜ ਵਿਚ ਪੰਨਾ 963/2 ਉਤੇ ਫਾਰਸੀ ਲਿਪੀ ਵਿਚ ਕਤਅਨ, ਕਿਤੇ ''ਮਹੱਲਾ'' ਨਹੀਂ; ਸਗੋਂ, ਮਹਿਲਾ — **ਮਹਲ :** ਅੰਕਿਤ ਹੈ। ਜੋੜ ਹਨ ਮੀਮ+ਹੇ (ਹੁੱਤੀ(+ਲਾਮ+ਹੇ ਹਵੱਜ਼ਾ) ਡਾਕਟਰ ਸਾਹਿਬ ਜੈਸੇ ਵਿਦਵਾਨ ਨੂੰ ਆਪਣੀ ਗੱਲ ਸਿੱਧ ਕਰਨ ਹਿੱਤ, ਸ਼ਬਦ ਬਦਲਣ ਵਾਲਾ ਰੋਲ ਨਹੀਂ ਮਾਰਨਾ ਚਾਹੀਦਾ।

ਅਜਿਹੀ ਗਲਤ ਬਿਆਨੀ ਕਰਨ ਵਾਲਾ ਰੋਲ ਅਸ਼ੋਕ ਜੀ ਵੀ ਮਾਰਦੇ ਹਨ, ਜਿਨ੍ਹਾਂ ਨੂੰ ਆਪ ਜੀ ਦੀ ਹਮਾਇਤ ਹਾਸਿਲ ਹੈ। ਡਾਕਟਰ ਜੀ ਪੰਨਾ 11 ਉਤੇ ਅਸ਼ੋਕ ਜੀ ਦਾ ਇਹ ਹਵਾਲਾ ਇਉਂ ਦਿੰਦੇ ਹਨ : ''ਸ. ਸ਼ਮਸ਼ੇਰ ਸਿੰਘ ਆਪਣੇ ਪੱਖ ਵਿਚ ਪੰਜ ਸਬੂਤ ਪੇਸ਼ ਕਰਦੇ ਹਨ : ਪਹਿਲਾ ਕਰਤਾਰੀ ਬੀੜ ਵਿਚ ਜੋ ਵਾਕੰਸ਼ ''ਪ੍ਰਾਨ ਸੰਗਲੀ ਮਹਲਾ 1'' ਉਰਦੂ ਵਿਚ ਲਿਖਿਆ ਹੋਇਆ ਹੈ, ਉਸ ਵਿਚ ਮਹੱਲਾ ਪਦ ਠੀਕ ਅਰਬੀ ਮੂਲ ਦਾ ਹੈ।''

ਇਸ ਲੇਖਕ ਨੇ ਸ੍ਰੀ ਕਰਤਾਰਪੁਰੀ ਬੀੜ ਦੇ ਕਈ ਵਾਰ ਦਰਸ਼ਨ ਕੀਤੇ ਹਨ। ਉਸ ਵਿਚ 963/2 ਪੰਨੇ ਉੱਤੇ ਲਿਖਤ ਮਹਲ, ਅਧਿਕ-ਰਹਿਤ ਹੈ। ਮੇਰੇ ਉੱਤਰ ਲਿਖੇ ਅਨੁਸਾਰ ਵੀਰ ਡਾਕਟਰ ਸਾਹਿਬ ਅਤੇ ਸੁਹਿਰਦ ਪਾਠਕਾਂ ਦੀ ਸਨਿਮਰ ਸੇਵਾ ਵਿਚ ਬਿਨੈ ਹੈ ਕਿ ਉਹ ਪ੍ਰਿੰ: ਜੋਧ ਸਿੰਘ ਜੀ ਦੀ ਹਵਾਲੇ ਵਾਲੀ ਪੁਸਤਕ ਦਾ ਪੰਨਾ 121 ਵਾਚਣ ਦੀ ਖੇਚਲ ਕਰਨ, ਜਿੱਥੋਂ ਇਹ ਲਿਖਤ ਇਸ ਪ੍ਰਕਾਰ ਹੈ : ਪ੍ਰਾਨ ਸੰਗਲੀ ਮਹਲਾ 1)

2. ਡਾਕਟਰ ਸਾਹਿਬ ਨੇ ''ਅਸ਼ੋਕ'' ਜੀ ਦੀ, ਆਪਣੇ ਪੱਖ ਵਿੱਚ ਦਿੱਤੀ ਡਾਕਟਰ ਟਰੰਪ (ਜਰਮਨ) ਦੀ ਲਿਖਤ ਦਾ ਹਵਾਲਾ ਵੀ ਦਿੱਤਾ ਹੈ। ਟਰੰਪ ਨੇ ਇਹ ਅੰਗਰੇਜ਼ੀ ਤਰਜਮਾ

23-1-1877 ਵਿੱਚ ਮੁਕੰਮਲ ਕੀਤਾ। ਉਹ ਜਿੱਥੇ ਮਹਲਾ ਪਦ ਦਾ ਅਰਬੀ ਮੂਲ, ਮਹੱਲਾ Mahalla ਕਰਕੇ ਦਰਸਾਉਂਦਾ ਹੈ। ਉਥੇ ਉਚਾਰਣ ਨੂੰ Mahala (ਮਹਿਲਾ) ਕਰਕੇ ਮੰਨਦਾ ਹੈ। ਉਸ ਦੀ ਅਸਲੀ ਲਿਖਤ ਇਸ ਪ੍ਰਕਾਰ ਹੈ :— Mahala (=Mahalla(always denotes the authorship of a piece, as Mahala Pahila, the first quarter=Baba Nanak; Maha'a duja=Angad, etc.

The Adi Granth, Page 14 (Foot note)

3. ਡਾਕਟਰ ਸਾਹਿਬ ਦੀਆਂ ਉਕਤੀਆਂ ਯੁਕਤੀਆਂ ਬਾਰੇ ਕੀ ਆਖੀਏ! ਆਪ ਜੀ ਆਪਣੇ ਪੱਖ ਦੀ ਪੂਰਤੀ ਵਿਚ ਕਿਥੋਂ ਤਕ ਜਾ ਸਕਦੇ ਹਨ। ਜ਼ਰਾ ਵਾਚੋ :—ਆਪ ਜੀ ਲਿਖਦੇ ਹਨ ਕਿ ਵੱਲਾ ਪਿੰਡ (ਅੰਮ੍ਰਿਤਸਰ) ਦਾ ਪਹਿਲਾ ਨਾਮ ਮਹੱਲਾ ਸੀ, ਜੋ ਵਿਗੜ ਕੇ ਵੱਲਾ ਪੈ ਗਿਆ ਹੈ।

ਸਵਾਦਲੀ ਗਲ ਇਹ ਕਿ ਡਾਕਟਰ ਸਾਹਿਬ, ਬਿਨਾਂ ਕਿਸੇ ਸਬੂਤ ਦੇ, ਐਸੀਆਂ ਗੱਲਾਂ ਕੇਵਲ ਆਪਣੀ ਪ੍ਰਤੀਤ ਜਾਂ ਸੁਭਾਵੀ ਕਾਰਨਾਂ-ਵੱਸ, "ਵੀਹ ਵਿਸਵੇ ਐਸਾ ਹੋ ਸਕਦਾ ਹੈ" ਜਾਂ ਮਨ-ਇੱਛਤ-ਵੀਚਾਰਾਂ (Wishfull thinking) ਦੀ ਪੂਰਤੀ ਹਿੱਤ ਲਿਖਦੇ ਹਨ। ਆਪ ਜੀ ਦਾ ਹਥਲਾ ਲੇਖ ਇਸ ਹਕੀਕਤ ਦਾ ਗਵਾਹ ਹੈ। ਇਹ ਸ਼ੋਭਨੀਕ ਨਹੀਂ।

4. ਭਾਈ ਸਾਹਿਬ ਕਾਨ੍ਹ ਸਿੰਘ ਨਾਭਾ ਨੇ "ਮਹਾਨ ਕੋਸ਼" ਵਿਚ ਮਹਲ ਜਾਂ ਮਹਲੁ ਦੇ ਬਹੁਤ ਸਾਰੇ ਅਰਥ ਕੀਤੇ ਹਨ। ਐਸੀ ਸੂਰਤ ਵਿਚ ਪ੍ਰਿੰਸੀਪਲ ਤੇਜਾ ਸਿੰਘ, ਪ੍ਰੋਫੈਸਰ ਸਾਹਿਬ ਸਿੰਘ ਆਦਿ ਪ੍ਰਸਿੱਧ ਵਿਦਵਾਨਾਂ ਵਲੋਂ ਇਸ ਦੇ ਅਰਥ : ਕਾਇਆ, ਸਰੀਰ ਜਾਂ ਦੇਹ ਹੋਣ ਉੱਤੇ ਕਿਸੇ ਨੂੰ ਇਤਰਾਜ ਕਿਉਂ ? "ਕੋਸ਼" ਵਿੱਚ ਅੰਕਿਤ ਅਰਥ ਹਨ :

1. ਹਲੂਲ (ਉਤਰਨ) ਦੀ ਥਾਂ, 2. ਘਰ, 3. ਰਹਿਣ ਦਾ ਅਸਥਾਨ. 4. ਪਾਸਾਰ, 5. ਯੋਗ ਸਮਾਂ, 6. ਅਸਥਾਨ; ਜਗਾ, ਥਾਂ (ਸਰੀਰ, ਦੇਹ, ਕਾਇਆ ਵੀ ਤਾਂ ਇਕ ਅਸਥਾਨ ਹੈ, 7 ਨਿਜ ਪਦ, ਨਿਰਵਾਣ, 8. ਅਧਿਕਾਰ, ਪਦਵੀ, ਰੁਤਬਾ, 9. ਨਿਵਾਸ, ਇਸ ਸਥਿਤੀ 10. (ੳ) ',ਦਬਿਸਤਾਨਿ ਮਜ਼ਾਹਬ" ਦਾ ਕਰਤਾ (ਜ਼ੁਲਫਕਾਰ ਅਰਦਸਤਾਨੀ (ਮੋਹਸਿਨ ਫ਼ਾਨੀ)) ਲਿਖਦਾ ਹੈ ਹਲੂਲ ਦੀ ਥਾਂ ਮਹਲ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਦੇ ਜਾਨਸ਼ੀਨ ਮਹਲ ਕਹੇ ਜਾਂਦੇ ਹਨ ਕਿ ਇਕ ਗੁਰੂ ਆਪਣੇ ਤਾਈਂ ਦੂਜੇ ਵਿਚ ਹਲੂਲ ਕਰਦਾ (ਉਤਰਦਾ) ਹੈ, ਭਾਵ—ਲੀਨ ਕਰਦਾ ਹੈ॥ ਇਸਤ੍ਰੀ (ਸੰਸਕ੍ਰਿਤ)

ਨੋਟ—ਪਾਠਕ ਜੀ ਨੋਟ ਕਰਨ ਕਿ ਭਾਈ ਨਾਭਾ ਜੀ ਨੇ ਉਪ੍ਰੋਕਤ ਲਿਖਤ ਵਿੱਚ ਹਰ ਥਾਂ "ਮਹਲ" ਪਦ ਦੀ ਵਰਤੋਂ ਕੀਤੀ ਹੈ, "ਮਹੱਲ" ਦੀ ਨਹੀਂ। ਦੂਜੇ, ਉਪ੍ਰੋਕਤ ਅਰਥਾਂ ਦੀ ਪੁਸ਼ਟੀ ਲਈ ਨਾਲ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ ਹਨ। ਸੰਖੇਪਤਾ ਹਿੱਤ ਅਸਾਂ ਨੇ ਤੁਕਾਂ ਨੂੰ ਅਰਥਾਂ ਨਾਲ ਲਿਖਣੋਂ ਸੰਕੋਚ ਕੀਤਾ ਹੈ।)

ਸਾਰ ਦਾ ਸਿੱਟਾ : ਉਪ੍ਰੋਕਤ ਸਾਰੀ ਲਿਖਤ ਦਾ ਸਾਰ ਤੇ ਸਿੱਟਾ ਇਹ ਹੈ ਡਾਕਟਰ ਪਿਆਰਾ ਸਿੰਘ ਜੀ ਜਿਹੇ ਵਿਦਵਾਨ ਤੇ ਖੋਜੀ ਸੱਜਣਾਂ ਦੀ ਉੱਪਰ ਪ੍ਰਗਟਾਈ ਇਸ ਰਾਏ ਨਾਲ ਸਾਡੀ ਸੰਮਤੀ

ਹੈ ਕਿ ਮਹਲੁ/ਮਹਲਾ ਅਰਬੀ ਮੂਲ ਦਾ ਸ਼ਬਦ ਹੈ, ਪਰ, ਗੁਰਬਾਣੀ ਵਿਚ ਇਸ ਦੀ ਵਰਤੋਂ ਤਦਭਵ ਰੂਪ ਵਿਚ ਹੋਣ ਕਰਕੇ, ਉਚਾਰਨ ਮਹਿਲਾ ਜਾਂ ਮਹਿਲੁ ਹੈ—ਅਧਿਕ ਰਹਿਤ। ਸਾਨੂੰ ਇਸ ਦੀ ਅਥਾਹ ਖੁਸ਼ੀ ਹੈ, ਫਿਰ ਵੀ, ਭੁੱਲ ਚੁੱਕ ਲਈ ਖਿਮਾਂ ਦਾ ਜਾਚਕ ਹਾਂ।

ਵਿਸ਼ੇਸ਼ ਨੋਟ :

ਸ਼ਾਇਦ, ਇਹ ਅਕਤੂਬਰ 1992 ਦੀ ਗੱਲ ਹੈ ਕਿ ਦਾਸ, ਡਾ. ਦਰਸ਼ਨ ਸਿੰਘ ਤੇ ਡਾ. ਕਿਰਪਾਲ ਸਿੰਘ ਦੇ ਨਾਲ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਧਾਰਮਿਕ ਵਿਭਾਗ ਵਿਚ ਪੇਪਰ ਪੜ੍ਹਨ ਗਿਆ। ਓਥੇ ਡਾ. ਪਿਆਰ ਸਿੰਘ ਵੀ ਮਿਲੇ। ਜਦ ਮੈਂ ਉਨ੍ਹਾਂ ਦਾ ਧਿਆਨ ਉਨ੍ਹਾਂ ਦੇ ਲੇਖ ਵਿਚਲੀਆਂ ਗਲਤ-ਬਿਆਨੀਆਂ ਵਲ ਦਿਵਾਇਆ ਤੇ ਗਿਲਾ ਕੀਤਾ, ਤਾਂ ਉਨ੍ਹਾਂ ਨੇ ਤੁਰਤ, ਹੱਥ ਜੋੜ ਕੇ, ਖਿਮਾ ਮੰਗ ਲਈ। ਮੈਂ ਵੀ ਅੱਗੋਂ ਸਤਿਕਾਰ ਕੀਤਾ, ਅਤੇ ਸ਼ਿਕਵਾ ਸ਼ਿਕਾਇਤ ਰਫਾ ਦਫਾ ਹੋ ਗਏ।

ਗੁਰੂ-ਪੰਥ ਦਾ ਦਾਸਨ ਦਾਸ
ਹਰਿਭਜਨ ਸਿੰਘ

(ੳ) ਮੁਹੰਮਦ ਮੋਹਸਿਨ ਫਾਨੀ ਦੀ ਅਸਲ ਫ਼ਾਰਸੀ ਲਿਖਤ ਵਿਚ ਵੀ ਇਸਨੂੰ ਇਕ ਵੇਰ "ਮਹੱਲੇ ਤੇ ਮਹੱਲਾ" ਕਰਕੇ ਲਿਖਿਆ ਹੈ ਅਤੇ ਦੋ ਵਾਰ ਮਹਲ ਕਰਕੇ, ਜਿਵੇਂ—"ਵ, ਮਹਲ ਸਾਨੀ ਅੰਗਦ (ਅਤੇ) ਬਰੀਂ ਕਿਆਸ ਤਾਂ ਮਹਲ ਪੰਜਮ ਅਰਜਨ ਮਲ ਬਾਸ਼ਦਹਾ ਹਾਂ।" ਇਸ ਤੋਂ ਪਤਾ ਲਗਦਾ ਹੈ ਓਦੋਂ ਛੇਵੀਂ ਪਾਤਸ਼ਾਹੀ ਵੇਲੇ ਵੀ "ਮਹਲ" ਉਚਾਰਣ ਪ੍ਰਚਲਤ ਸੀ। (ਅਜ਼ ਮਾਖ਼ਜ਼ਿ ਤਵਾਰੀਖਿ ਸਿੱਖਾਂ, ਪੰ. 30, ਲੇਖਕ ਪ੍ਰੋ: ਗੰਡਾ ਸਿੰਘ, ਸੰਨ 1948)

ਵਾਹਿਗੁਰੂ ਪਦ ਨਿਰਣਯ

[1] ''ਵਾਹਿਗੁਰੂ ਵੱਡੀ ਵਡਿਆਈ''

ਉਹ ''ਪਰਮ ਸੱਤ ਹਸਤੀ'' ਦੇ, ਜੋ ਖੰਡਾਂ ਬ੍ਰਹਮੰਡਾਂ ਅਥਵਾ ਦਿਸਦੇ ਅਤੇ ਅਣਦਿਸਦੇ ਸੰਸਾਰ ਨੂੰ ਧਾਰ ਰਹੀ ਹੈ, ਅਤੇ ਇਸ ਦੀ ਕਰਤਾ ਤੇ ਹਰਤਾ ਹੈ, ਅਨੇਕ ਨਾਮ ਹਨ; ਬਹੁਤੇ ਕਿਰਤਮ ਇਕ ਇਕ ਬੋਲੀ ਵਿਚ ਹੀ ਉਸ ਦੇ ਨਾਵਾਂ ਦਾ ਕੋਈ ਸੁਮਾਰ ਨਹੀਂ । ਲੋਕਾਂ ਵਲੋਂ ਇਹ ਸਾਰੇ ਨਾਮ ਨਾਂ, ਰੱਬ ਦੇ ਗੁਣ, ਕਰਮ ਤੇ ਸੁਭਾ ਅਨੁਸਾਰ ਰੱਖੇ ਗਏ ਹਨ । ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ 'ਜਾਪੁ' ਜੀ ਦੇ ਮੁੱਢ ਵਿੱਚ, ਜਿਥੇ ਉਸ ਦੇ ਨਿਰਗੁਣ ਸਰੂਪ ਦਾ ਅਤਿ ਸੰਖਿਪਤ, ਚਿਤ੍ਰ ਖਿਚਿਆ ਹੈ, ਉਥੇ ਨਾਲ ਹੀ ਅੰਤਲੀ-ਤੁਕ ਵਿੱਚ ਇਹ ਸੰਕੇਤ ਵੀ ਦਿੱਤਾ ਹੈ ਕਿ ''ਉਸ'' ਦੇ ਸਾਰੇ ਕਰਮਨਾਵਾਂ ਦਾ ਕਥਨ ਕਰਨਾ ਅਸੰਭਵ ਹੈ; ਫਿਰ ਵੀ ''ਉਸ ਵਲੋਂ ਬਖਸ਼ੇ ਬਲ ਤੇ ਸੁਬੁੱਧ ਅਨੁਸਾਰ ਕੁਝ ਇਕ ਦਾ ਵਰਨਣ ਕਰਨ ਦਾ ਸਨਿਮਰ ਜਤਨ ਕਰਦਾ ਹਾਂ : ਛਪੈ ਛੰਦ ॥ ਤ੍ਵ ਪ੍ਰਸਾਦਿ ॥

''ਚੱਕ੍ਰ ਚਿਹਨ, ਅਰੁ, ਬਰਨ ਜਾਤਿ, ਅਰੁ ਪਾਤਿ ਨਹਿਨ ਜਿਹ'' ॥
''ਰੂਪ, ਰੰਗ, ਅਰੁ ਰੇਖ ਭੇਖ, ਕੋਊ ਕਹਿ ਨ ਸਕਤਿ ਕਿਹ'' ॥
ਅਚੱਲ, ਮੂਰਤ, ਅਨਭਉ ਪ੍ਰਕਾਸ਼, ਅੱਮਿਤੋਜ ਕਹਿੱਜੈ'' ॥
ਕੋਟਿ ਇੰਦ੍ਰ ਇੰਦ੍ਰਾਣ, ਸ਼ਾਹੁ ਸ਼ਾਹਾਣਿ ਗੱਣਿਜੈ ॥
ਤ੍ਰਿਭਵਣ ਮਹੀਪੁ, ਸੁਰ ਨਰ ਅਸੁਰ, [2]ਨੇਤ ਨੇਤ ਬਨ ਤ੍ਰਿਣ ਕਹਿਤ ॥
ਤਵ ਸਰਬ ਨਾਮ ਕਥੈ ਕਵਨ ? ਕਰਮ ਨਾਮ ਬਰਨਤ ਸੁਮੱਤ ।

---

1. ''ਵਾਹਿਗੁਰੂ ਵਡੀ ਵਡਿਆਈ'' :—ਇਹ ਭਾਈ ਗੁਰਦਾਸ ਜੀ ਦਾ । ।ਵੀਂ ਵਾਰ ਦੀ ਅਠਵੀਂ ਪੌੜੀ ਦੀ ਆਖਰੀ ਤੁੱਕ ਹੈ । ਭਾਈ ਵੀਰ ਸਿੰਘ ਜੀ ਅਨੁਸਾਰ ਇਸ ਦੇ ਅਰਥ ਹਨ :

''ਧੰਨ ਗੁਰੂ ਹੈ, ਉਸ ਦੀ ਵੱਡੀ ਸੋਭਾ ਹੈ ।'' ਏਥੇ ਵਾਹਿਗੁਰੂ ਦੇ ਅਰਥ ''ਧੰਨਤਾ ਯੋਗ ਅਸਚਰਜ ਪ੍ਰਭੂ ਵੀ ਹੋ ਸਕਦੇ ਹਨ ।'' ਇਸ ਪਉੜੀ ਵਿਚ ਗੁਰਮੁਖਾਂ ਦੀ ਪਰਮ ਪ੍ਰੀਤ ਦਾ ਵਰਨਣ ਹੈ ।

2. 'ਨੇਤਿ ਨੇਤਿ' ਦਾ ਅਰਥ ਹੈ—ਨ ਇਤਿ, ਨ ਇਤਿ ।— ਇਹ ਨਹੀਂ ਇਹ ਨਹੀਂ । ਵਾਹਿਗੁਰੂ ਨੂੰ, ਇਤਿ—''ਇਹ ਹੈ'', ਕਹਿਣਾ ਭੁੱਲ ਹੈ, ਦੋਸ਼-ਗ੍ਰਸਤ ਹੈ । ਇਸ ਲਈ ਮਹਾਂ ਜਨਾਂ ਨੇ ਉਸ ਨੂੰ ''ਇਹ ਨਹੀਂ'' ਇਹ ਨਹੀਂ'' ਕਹਿਣਾ ਹੀ ਵਾਜਬ ਸਮਝਿਆ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜਿੱਥੇ ਗੁਰੂ ਸਾਹਿਬਾਨ, ਭਗਤਾਂ, ਸੂਫੀ ਸੰਤਾਂ ਤੇ ਭੱਟਾਂ ਨੇ ਪ੍ਰਭੂ ਨੂੰ, ਅਨੇਕ ਕਰਮ ਅਥਵਾ ਕਿਰਤਮ ਨਾਵਾਂ ਨਾਲ ਸੰਬੰਧਤ ਤੇ ਸੰਬੋਧਨ ਕੀਤਾ ਹੈ, ਉਥੇ ਸਪਸ਼ਟ ਤੌਰ ਉੱਤੇ ਇਹ ਜ਼ਿਕਰ ਵੀ ਕੀਤਾ ਹੈ ਕਿ ਕਿਰਤਮ ਨਾਵਾਂ, ਤੋਂ ਛੁਟ, "ਉਸ" ਦਾ ਜੋ ਕੋਈ ਪਰਾ ਪੂਰਬਲਾ, ਮੁਢਲਾ ਜਾਂ ਨਿਜੀ ਨਾਮ ਹੋ ਸਕਦਾ ਹੈ ਤਾਂ ਉਹ ਹੈ: "ਸਤਿ"। ਸਤਿ ਦੇ ਅਰਥ ਹਨ ਕਿ ਉਸ ਦੀ ਹੋਂਦ ਹੈ, ਹਸਤੀ ਹੈ, Existence ਹੈ। ਉਹ Existantial ਸੱਤ ਵੀ ਹੈ, ਅਤੇ ਗਣਿਤ ਦੇ, ਦੋ ਤੇ ਚਾਰ, ਵਾਂਗ ਸਤਿ (ਸੱਚ) ਵੀ। ਏਵੇਂ ਇਕ ਕਲਪਨਾ ਮਾਤ੍ਰ ਨਹੀਂ। ਆਸਤਕ ਜਗਤ ਵਿੱਚ ਪ੍ਰਭੂ ਦੇ ਨਾਵਾਂ, ਰੰਗਾਂ, ਰੂਪਾਂ, ਕਰਤੱਵਾਂ ਤੇ ਟਿਕਾਣੇ ਆਦਿ ਬਾਰੇ ਤਾਂ ਮਤ-ਭੇਦ ਹੈ, ਪਰ ਇਸ ਸੱਚ ਬਾਰੇ ਕੋਈ ਅੰਤਰਾ ਨਹੀਂ ਕਿ ਉਹ "ਹੈ" ਤੇ ਹੈ ਵੀ "ਸੁੰਭੰ"। ਗੁਰਵਾਕ ਹੈ।

ਕਿਰਤਮ ਨਾਮ ਕਥੇ ਤੇਰੇ, ਜਿਹਬਾ ਸਤਿ ਨਾਮੁ ਤੇਰਾ ਪੂਰਬਲਾ। (ਮ: 5, 1083)

ਇਸ ਅੰਤਿਮ ਕਥਨ ਦਾ ਅਰਥ ਭਾਵ ਹੈ: ਹੇ ਹਰੀ, ਮੇਰੀ ਜ਼ਬਾਨ ਨੇ ਤੇਰੇ ਉਹ ਨਾਮ ਕਥਨ ਕੀਤੇ ਹਨ, ਜਪੇ ਹਨ, ਜੋ ਤੇਰੇ ਸੁਭਾਵ ਤੇ ਗੁਣਾਂ ਅਨੁਸਾਰ, ਕੀਤੇ ਕੰਮਾਂ ਦੇ ਕਾਰਨ, ਤੇਰੀ ਮਖ਼ਲੂਕ ਨੇ ਪਾਏ (ਰੱਖੇ) ਹਨ; ਪ੍ਰੰਤੂ ਤੇਰਾ ਇਕ ਨਾਮ "ਸਤਿ" ਕਰਕੇ ਵੀ ਹੈ, ਜੋ ਤੇਰਾ ਅਸਲ, ਸਦੀਵੀ, ਅਨਾਦੀ ਤੇ ਪਰਾ ਪੂਰਬਲਾ ਨਾਮ ਕਰਕੇ ਜਾਣਿਆ ਜਾਂਦਾ ਹੈ। ਜਦ ਤੂੰ ਆਪਣੇ ਆਪ ਤੋਂ ਕੁਦਰਤ ਨੂੰ ਰੱਚਿਆ ਤਾਂ ਤੇਰੇ ਇਸ ਸਰਗੁਣ ਸਰੂਪ ਦੇ ਕਾਰਨ ਅਨੇਕ ਨਾਂ ਪੈ ਗਏ, ਪਰ ਤੇਰੀ ਹਸਤੀ ਤੇ ਹੋਂਦ ਦਾ ਸੂਚਕ, "ਸਤਿ" ਨਾਮ, ਸਦਾ ਸਦਾ ਤੋਂ ਹੈ; ਚਾਹੇ ਤੂੰ ਸਰਗੁਣ ਸਰੂਪ ਹੋ ਵਰਤੇਂ, ਜਾਂ ਇਹ ਪਸਾਰਾ ਆਪਣੇ ਵਿੱਚ ਸਮੇਟਣ ਉਪਰੰਤ ਕੇਵਲ ਨਿਰਗੁਣ ਤੇ ਨਿੱਜ ਸਰੂਪ ਵਿੱਚ"।

ਏਥੇ, ਇਹ ਸੱਚ ਵੀ ਨੋਟ ਕਰਨ ਯੋਗ ਹੈ ਕਿ ਪ੍ਰਮਾਤਮਾ ਸ੍ਰਿਸ਼ਟੀ-ਰਚਨਾ ਉਪ੍ਰੰਤ, ਇੱਕੋ ਸਮੇ ਹੀ ਨਿਰਗੁਣ ਤੇ ਸਰਗੁਣ, ਦੋਹਾਂ ਸਰੂਪਾਂ ਵਿਚ ਹੀ ਵਰਤਦਾ ਹੈ। ਦੀਪ ਸਮਾਨ, ਉਸ ਪਰਮ ਜੋਤ ਤੋਂ ਅਗੋਂ ਹੋਰ ਜੋਤਾਂ ਜਗਦੀਆਂ ਜਾਂਦੀਆਂ ਹਨ, ਪਰ ਪਹਿਲੀ ਜੋਤ ਵਿੱਚ ਕਮੀ ਨਹੀਂ ਵਾਪਰਦੀ— **"ਸਭ ਮਹਿ ਜੋਤਿ, ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣੁ ਹੋਇ।"** (ਗੁ: ਨਾਨਕ, ਸੋਹਿਲਾ) ਭਾਵ, ਜਦ ਉਹ ਨਿਰਗੁਣ ਤੇ ਸਰਗੁਣ ਹੋ ਕੇ ਵਰਤਦਾ ਹੈ ਤਾਂ ਉਸ ਦਾ ਨਿਰਗੁਣ ਸਰੂਪ ਸਮਾਪਤ ਨਹੀਂ ਹੁੰਦਾ। ਵਾਹਿਗੁਰੂ ਦੀ ਏਕਰੂਤਾ ਅਤੇ ਨਿਰਗੁਣ ਤੋਂ ਸਰਗੁਣ ਹੋਣ ਸਬੰਧੀ ਸ੍ਰੀ ਗੁਰੂ ਅਰਜੁਨ ਦੇਵ ਜੀ ਦੀ ਪਾਵਨ ਬਾਣੀ, ਸੁਖਮਨੀ ਸਾਹਿਬ ਵਿਚੋਂ, ਇਹ ਪ੍ਰਮਾਣ ਵੀਚਾਰਨ ਯੋਗ ਹਨ :—

(ੳ) ਨਿਰਗੁਨ ਆਪ, ਸਰਗੁਣ ਭੀ ਓਹੀ॥ ਕਲਾ ਧਾਰਿ ਜਿਨਿ ਸਗਲੀ ਮੋਹੀ॥ (18)

(ਅ) ਹਰਿ ਬਿਨੁ ਦੂਜਾ, ਨਾਹੀ ਕੋਇ॥ ਸਰਬ ਨਿਰੰਤਰਿ ਏਕੋ ਸੋਇ॥ ਉਹੀ (ਅਸਟ੍ਰ)

(ੲ) ਆਪਨ ਖੇਲੁ, ਆਪਿ ਵਰਤੀਜਾ॥ ਨਾਨਕ,, ਕਰਨੈਹਾਰੁ ਨਾ ਦੂਜਾ॥ (ਅਸਟ੍ਰ 20)

(ਸ) ਆਪਨ ਖੇਲੁ, ਆਪਿ ਕਰਿ ਦੇਖੈ॥ ਖੇਲੁ ਸੰਕੋਚੈ, ਤਉ ਨਾਨਕ ਏਕੈ॥ (ਅਸਟ੍ਰ 21)

(ਹ) ਸਰਬ ਜੋਤਿ ਮਹਿ, ਜਾਕੀ ਜੋਤਿ॥ ਧਾਰਿ ਰਹਿਓ, ਸੁਆਮੀ ਓਤਿ ਪੋਤਿ॥ (23)

(ਕ) ਸਰਬ ਭੂਤਿ, ਆਪਿ ਵਰਤਾਰਾ॥ ਸਰਬ ਨੈਨ, ਆਪਿ ਪੇਖਨ ਹਾਰਾ॥ (ਅਸਟ੍ਰ 23)

(ਖ) ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ,
ਸਹਸ ਮੂਰਤਿ, ਨਨਾ ਏਕ ਤੁਹੀ ॥ ਸਹਸ ਪਦ ਬਿਮਲ, ਨਨ ਏਕ ਪਦ,
ਗੰਧ ਬਿਨੁ, ਸਹਸ ਤਵ ਗੰਧ, ਇਵ ਚਲਤ ਮੋਹੀ ॥ (ਸੋਹਿਲਾ ਮ: ਮਹਿਲਾ)

ਵਾਹਿਗੁਰੂ ਦੇ ਨਿਰਗੁਣ ਤੇ ਸਰਗੁਣ ਸਰੂਪ ਦੀ ਗਲ ਕਰਦਿਆਂ, ਇਹ ਨਹੀਂ ਭੁਲਣਾ ਕਿ ਉਸ ਦੀ ਲਾ-ਜ਼ਵਾਲ (ਸਦੀਵੀ) ਹਸਤੀ ਇੱਕ ਤੇ ਕੇਵਲ ਇੱਕ ਹੈ, ਲਾ-ਸ਼ਰੀਕ ਹੈ, ਲਾਸਾਨੀ (ਅਦੁੱਤੀ) ਹੈ। ਸਿਖ-ਗੁਰੂ ਸਾਹਿਬਾਨ ਨੇ ਵਡੀ ਦ੍ਰਿੜਤਾ ਤੇ ਸ਼ਿਦਤ ਨਾਲ ਰੱਬ ਦੀ ਇਕਾਈ ਨੂੰ ਸਵੀਕਾਰਿਆ ਤੇ ਪ੍ਰਗਟਾਇਆ ਹੈ। ਏਥੋਂ ਤਕ ਕਿ ਉਹਨਾਂ ਨੇ ਇੱਕ ਜਾਂ ਏਕ ਪਦਾਂ ਤੇ, ਇਸ ਦੇ ਵੱਖ ਵੱਖ ਰੂਪਾਂ ਨੂੰ, ਵਾਹਿਗੁਰੂ ਦਾਂ ਪ੍ਰਜਾਇਵਾਚੀ (ਸਮਾਨ-ਅਰਥਕ) ਕਰਕੇ ਸਵੀਕਾਰਿਆ ਹੈ, ਕੇਵਲ ਸਾਧਾਰਣ ਸੰਖਿਅਕ ਵਿਸ਼ੇਸ਼ਣ ਕਰਕੇ ਹੀ ਨਹੀਂ। ਲਓ, ਵਾਚੋ ਗੁਰਬਾਣੀ ਵਿਚੋਂ ਵੰਨਗੀ ਵਜੋਂ, ਇਹ ਕੁਝ ਕੁ ਪ੍ਰਮਾਣ, ਗੁਰੂ ਨਾਨਕ-ਬਾਣੀ ਵਿੱਚੋਂ :

(1) ਸਾਹਿਬ ਮੇਰਾ ਏਕੋ ਹੈ। ਏਕੋ ਹੈ, ਭਾਈ ਏਕੋ ਹੈ ॥ (ਪੰਨਾ 350)
(2) ਏਕੋ ਕਉ, ਨਾਹੀ ਭਉ ਕੋਇ ॥ (ਪੰ: 796)
(3) ਏਕਮ ਏਕੰਕਾਰ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥ (ਪੰ: 838)
(4) ਏਕੰਕਾਰੁ ਅਵਰੁ ਨਹੀ ਦੂਜਾ, ਨਾਨਕ ਏਕੁ ਸਮਾਈ ॥ (ਪੰ: 930)
(5) ਇਸੁ ਏਕੇ ਕਾ ਜਾਣੈ ਭੇਉ ॥ (ਪੰ: 930)

ਨੋਟ : "ਏਕਤ੍ਰਤਾ" ਦੇ ਗੁਣ ਕਾਰਨ ਹੀ, ਉਹ "ਨਿਰਭਉ" ਤੇ "ਨਿਰਵੈਰੁ" ਹੈ।

ਸ੍ਰੀ ਗੁਰੂ ਅਰਜੁਨ ਦੇਵ—ਬਾਣੀ ਵਿਚੋਂ :—

ਸ੍ਰੀ ਰਾਗ ਮਹਲਾ ੫

ਇਕ ਪਛਾਣੂ ਜੀਅ ਕਾ, ਇਕੋ ਰਖਣਹਾਰੁ ॥ ਇਕਸੁ ਕਾ ਮਨਿ ਆਸਰਾ, ਇਕੋ ਪ੍ਰਾਣ ਅਧਾਰੁ ॥
ਤਿਸੁ ਸਰਣਾਈ ਸਦਾ ਸੁਖੁ, ਪਾਰਬ੍ਰਹਮ ਕਰਤਾਰੁ ॥1॥ ਮਨ ਮੇਰੇ, ਸਗਲ ਉਪਾਵ ਤਿਆਗੁ ॥
ਗੁਰ ਪੂਰਾ ਆਰਾਧਿ ਨਿਤ, ਇਕਸੁ ਕੀ ਲਿਵ ਲਾਗੁ ॥1॥ਰਹਾਉ॥
ਇਕੋ ਭਾਈ ਮਿਤੁ ਇਕੁ, ਇਕੋ ਮਾਤ ਪਿਤਾ ॥
ਇਕਸ ਕੀ ਮਨਿ ਟੇਕ ਹੈ, ਜਿਨਿ ਜੀਉ ਪਿੰਡੁ ਦਿਤਾ ॥
ਸੋ ਪ੍ਰਭੁ ਮਨਹੁ ਨ ਵਿਸਰੈ, ਜਿਨਿ ਸਭੁ ਕਿਛੁ ਵਸਿ ਕੀਤਾ ॥2॥
ਘਰਿ ਇਕੋ, ਬਾਹਰਿ ਇਕੋ, ਥਾਨ ਥਨੰਤਰਿ ਆਪਿ ॥
ਜੀਅ ਜੰਤ ਸਭਿ ਜਿਨਿ ਕੀਏ, ਆਠ ਪਹਰ ਤਿਸੁ ਜਾਪਿ ॥
ਇਕਸੁ ਸੇਤੀ ਰਤਿਆ, ਨ ਹੋਵੀ ਸੋਗ ਸੰਤਾਪੁ ॥3॥
ਪਾਰਬ੍ਰਹਮ ਪ੍ਰਭੁ ਏਕੁ ਹੈ, ਦੂਜਾ ਨਾਹੀ ਕੋਇ ॥
ਜੀਉ ਪਿੰਡੁ ਸਭ ਤਿਸ ਕਾ, ਜੋ ਤਿਸੁ ਭਾਵੈ ਸੁ ਹੋਇ ॥
ਗੁਰਿ ਪੂਰੈ ਪੂਰਾ ਭਇਆ, ਜਪਿ ਨਾਨਕ ਸਚਾ ਸੋਇ ॥4॥ (ਪੰ: 45)

ਨੋਟ :—ਉਪ੍ਰੋਕਤ ਸ਼ਬਦ ਵਿਚ ਵਾਹਿਗੁਰੂ ਦੀ ਥਾਂ ਇਕੁ, ਏਕੁ, ਏਕਸ, ਇਕੋ ਦਾ 13 ਵੇਰ ਪ੍ਰਯੋਗ ਕੀਤਾ ਗਿਆ ਹੈ।

ਰੱਬ ਦੇ ਸਾਰੇ ਨਾਮ ਇਕ ਸਮਾਨ ਪਵਿੱਤਰ ਹਨ : ਗੱਲ ਭਾਵਨਾ ਦੀ ਹੈ।

ਰੱਬਉਲਆਲਮੀਨ (ਕੁਲ ਆਲਮ ਦੇ ਰੱਬ) ਨੂੰ ਚਾਹੇ ਕਿਸੇ ਨਾਮ ਨਾਲ ਜਪੋ, ਮੁਬਾਰਿਕ ਹੈ। ਜੈਸੇ ਜੈਸੇ ਗੁਣਾਂ ਵਾਲੇ ਰੱਬ ਦਾ ਜਾਪ ਕਰੋਗੇ, ਉਸ ਦੇ ਗੁਣ ਗਾਵੋਗੇ, ਉਹੀ ਗੁਣ ਤੁਹਾਡੇ ਵਿਚ ਆ ਪ੍ਰਵੇਸ਼ ਕਰਨਗੇ। ਰੱਬ ਸੰਬੰਧੀ ਬਣਿਆ ਸਾਡਾ ਨਜ਼ਰੀਆ ਹੀ, ਸਾਡੀ ਕਿਰਤ ਤੇ ਸਾਡੇ ਚਲਣ ਨੂੰ ਘੜੇਗਾ। ਜੇ ਸਾਡੇ ਤਖੱਯਲ ਦਾ ਰੱਬ ਈਰਖਾਲੂ ਹੈ, ਕਹਿਰਵਾਨ ਹੈ, ਪੱਖ ਪਾਤੀ ਹੈ, ਸੀਮਤ ਹੈ, ਤਾਂ ਅਸੀਂ ਵੀ ਵੈਸੇ ਹੀ ਗੁਣਾਂ ਤੇ ਨਜ਼ਰੀਏ ਦੇ ਧਾਰਨੀ ਹੋ ਜਾਵਾਂਗੇ। ਸੀਮਤ ਰੱਬ ਦੇ ਪਖਪਾਤੀ ਉਪਾਸ਼ਕਾਂ ਤੋਂ 'ਸਰਬਤ ਦੇ ਭਲੇ' ਦੀ ਭਾਵਨਾ ਤੇ ਚਿੰਤਨ ਦੀ ਆਸ ਕਰਨੀ ਅਕਾਰਥ ਹੈ। ਇਸ ਨੁਕਤੇ ਨੂੰ ਗੁਰੂ ਨਾਨਕ ਦੇਵ ਜੀ ਦੀ ਜਗਨ ਨਾਥ, ਪੁਰੀ, ਵਾਲੀ ਸਾਖੀ ਡਾਢਾ ਸਪਸ਼ਟ ਕਰਦੀ ਹੈ। ਸਾਖੀ ਹੈ ਕਿ ਜਦ ਪਾਂਡਿਆਂ ਦੀ ਮੰਦਰ ਵਾਲੀ ਆਰਤੀ ਦੇ ਮੁਕਾਬਲੇ, ਗੁਰੂ ਜੀ ਨੇ 'ਗਗਨ ਮੈ ਥਾਲ ..' ਵਾਲੀ ਬ੍ਰਹਿਮੰਡੀ ਆਰਤੀ ਦਾ ਸ਼ਬਦ ਗਾਵਿਆ, ਤਾਂ ਪੁਜਾਰੀਆਂ ਨੇ ਉਤਸੁਕ ਹੋ, ਬਾਬੇ ਨੂੰ ਪ੍ਰਸ਼ਨ ਕੀਤਾ ਕਿ ਉਨ੍ਹਾਂ ਦੀ ਤੇ ਬਾਬਾ ਜੀ ਦੀ ਆਰਤੀ ਵਿਚ ਏਡਾ ਵੱਡਾ ਅੰਤਰ ਕਿਉਂ ਹੈ। ਤਾਂ ਗੁਰੂ ਜੀ ਨੇ ਇਕ ਦੂਰ-ਰਸ ਤੇ ਭਾਵ-ਪੂਰਤ ਉਤਰ ਵਿਚ ਕਿਹਾ ਕਿ 'ਇਸ ਫਰਕ ਦਾ ਕਾਰਨ ਹੈ : ਤੁਹਾਡੇ ਤੇ ਮੇਰੇ ਇਸ਼ਟ ਦੇਵ ਵਿਚ ਅੰਤਰ। ਤੁਹਾਡਾ ਇਸ਼ਟ ਇਕ ਛੋਟੇ ਜਿਹੇ ਮੰਦਰ ਦੀ ਮਨੁੱਖ-ਕਿਰਤ, ਅਧੂਰੀ ਮੂਰਤੀ ਹੈ, ਜਦ ਕਿ ਮੇਰਾ ਇਸ਼ਟ ਦੇਵ (ਵਾਹਿਗੁਰੂ) ਕੁਲ ਕਾਇਨਾਤ ਦਾ ਕਰਤਾ, ਹਰਤਾ, ਚਾਲਕ, ਵਿਆਪਕ ਤੇ ਸਰਬ ਸਮਰਥ ਹੈ।''

ਰੱਬ ਦੇ ਸਾਰੇ ਨਾਮ ਹੀ ਪਵਿੱਤਰ ਤੇ ਫਲਪੂਰਦਾਤਾ ਹਨ, ਬਸ਼ਰਤਿ ਕਿ ਉਹਨਾਂ ਦਾ ਸੰਕੇਤ ਐਸੇ ਲਾਮਹਦੂਦ ਰੱਬ ਵੱਲ ਹੋਵੇ, ਜਿਸ ਦੀ ਪਰਿਭਾਸ਼ਾ ਬਾਬਾ ਜੀ ਨੇ ਆਰੰਭਕ ਮੰਗਲ ਅਥਵਾ ਮੂਲ ਮੰਤਰ ਵਿਚ ਇਉਂ ਸਪਸ਼ਟ ਕੀਤੀ ਹੈ—ੴ ਸਤਿ ਨਾਮੁ ਕਰਤਾ, ਪੁਰਖੁ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ।''

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਸ ''ਪਰਮ ਸਤਿ'' ਨੂੰ ਅਨੇਕ ਨਾਵਾਂ ਨਾਲ ਸੰਬੰਧਤ ਤੇ ਸੰਬੋਧਨ ਕੀਤਾ ਗਿਆ ਹੈ; ਜਿਵੇਂ—ਓਅੰਕਾਰੁ, ਸਤਿ ਨਾਮੁ, ਪ੍ਰਮਾਤਮਾ, ਪ੍ਰਭੂ, ਵਾਹਿਗੁਰੂ, ਵਾਹੁ, ਰੱਬ, ਖ਼ੁਦਾ, ਅੱਲਹ, ਰਾਮ, ਰਹੀਮ, ਹਰੀ, ਗੋਬਿੰਦ, ਗੋਪਾਲ, ਮੁਰਾਰੀ, ਬਨਵਾਰੀ ਤੇ ਦਮੋਦਰ ਆਦਿ। ਗੁਰਬਾਣੀ ਵਿੱਚ ਇਹ ਸਾਰੇ ਨਾਮ ਵਾਹਿਗੁਰੂ ਦੇ ਪ੍ਰਯਾਇਵਾਚੀ (ਸਮਾਨ-ਅਰਥਕ) ਨਾਮ ਹਨ। ਇਹਨਾਂ ਦਾ ਇਥੇ, ਕਿਸੇ ਸਬੰਧਤ ਮੱਤ ਵਿੱਚ ਕੀਤੀ ਸੀਮਤ ਵਰਤੋਂ ਨਾਲ ਕਤਅੱਨ ਕੋਈ ਸੰਬੰਧ ਨਹੀਂ। ਸ਼ੇਕਸਪੀਅਰ ਦਾ ਇਹ ਕਥਨ ਕਿ 'ਨਾ ਵਿਚ ਕੀ ਪਿਆ ਹੈ, ਤੁਸੀਂ ਗੁਲਾਬ ਦੇ ਫੁਲ ਨੂੰ ਕੋਈ ਹੋਰ ਨਾਮ ਦੇ ਦਿਓ; ਫੇਰ ਵੀ ਉਹ ਓਨੀ ਹੀ ਮਿੱਠੀ ਸੁਗੰਧੀ ਦੇਵੇਗਾ', ਇਸ ਪ੍ਰਕਰਣ ਵਿਚ ਡਾਢੀ ਢੁਕਵੀਂ ਮਿਸਾਲ ਹੈ। ਇਸੇ ਲਈ ਕਿਸੇ ਮਤ ਦੇ ਧਾਰਨੀ ਦਾ, ਗੁਰਬਾਣੀ ਵਿਚ ਪ੍ਰਮਾਤਮਾ ਲਈ ਵਰਤੇ ਰਾਮ ਜਾਂ ਮੁਰਾਰੀ ਆਦਿ ਪਦਾਂ ਤੋਂ ਉਨ੍ਹਾਂ ਨੂੰ ਵੈਸ਼ਨਵ ਸਿਧ ਕਰਨ ਦਾ ਜਤਨ ਕਰਨਾ, ਉਨ੍ਹਾਂ ਦੇ ਓਅੰਕਾਰੀ ਤੇ ਮਾਨਵੀ ਨਜ਼ਰੀਏ ਨਾਲ ਬੇਇਨਸਾਫੀ ਕਰਨਾ ਹੈ।

''ਵਾਹਿਗੁਰੂ ਗੁਰ ਮੰਤ੍ਰ ਹੈ...!'' (ਭਾ: ਗੁਰਦਾਸ ਜੀ)

ਸਰਬ-ਸਾਂਝੇ ਗੁਰੂ ਸਾਹਿਬਾਨ ਦੀ ਸਰਬ-ਸਾਂਝੀ ਗੁਰਬਾਣੀ, ਸਰਬਤ ਨੂੰ, ਇਕ ਸਮਾਨ,

ਸਰਬ-ਸਾਂਝੇ ਰੱਬ ਨਾਲ ਜੋੜਦੀ ਅਤੇ ਸੰਪ੍ਰਦਾਇਕਤਾ ਤੇ ਹੋਰ ਹਰ ਪ੍ਰਕਾਰ ਦੀ ਸਮਾਜਕ ਉਚਤਾ ਨੀਚਤਾ ਦਾ ਸਦਾ ਲਈ ਵਸਤਾ ਵੱਢਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਵਕ-ਏਕਤਾ (Emotional Integration) ਤੇ ਸਹਿਵਾਸ (Co-existence) ਦਾ ਬੇਹਤਰੀਨ ਨਮੂਨਾ ਤੇ ਸਫਲ ਤਜਰਬਾ ਹੈ। ਇਸ ਵਿਚ ਪੰਜਾਂ ਸਦੀਆਂ ਵਿਚ ਵਿਚਰੇ ਗੁਰੂਆਂ, ਭਗਤਾਂ, ਸੂਫੀ ਸੰਤਾਂ ਤੇ ਭੱਟਾਂ ਦਾ ਪਵਿੱਤਰ ਕਲਾਮ ਹੈ—ਜੈ ਦੇਵ (1170 ਪੈਦਾਇਸ਼) ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ (ਸੰਨ 1675) ਤੱਕ ਦਾ। ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਨ ਕੇਵਲ ਰੱਬ ਦੇ ਅਨੇਕ ਨਾਵਾਂ ਨੂੰ ਹੀ ਆਦਰ ਸਤਿਕਾਰ ਦਿੱਤਾ; ਸਗੋਂ, ਬੋਲੀ ਦੀ ਈਰਖਾ-ਨ ਭਰੀ ਸੰਕੀਰਣਤਾ ਤੋਂ ਉਚੇਰੇ ਉੱਠ ਕੇ 12 ਤੋਂ ਵਧ ਬੋਲੀਆਂ ਦੀ ਵੀ ਵਰਤੋਂ ਕੀਤੀ। ਉਹ ਮਾਨਵ-ਵਾਦੀ ਸਨ ਅਤੇ ਉਹਨਾਂ ਦਾ ਦ੍ਰਿਸ਼ਟੀਕੋਨ ਸਭ ਦੇ ਰੱਬ ਵਾਂਗ ਵਿਸ਼ਾਲ ਸੀ। ਇਸ ਸਰਬ-ਸਾਂਝ ਦਾ ਦੂਸਰਾ ਪ੍ਰਮਾਣ ਹੈ, ਸਰਬਤ ਦੇ ਸਾਂਝੇ ਸ੍ਰੀ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੀ ਰਚਨਾ। ਆਖਰ, ਆਪ ਜੀ ਨੇ ਜਮਾਇਤੀ ਸੰਗਠਨ ਤੇ "ਇਕਾ ਬਾਣੀ, ਇਕੁ ਗੁਰੁ, ਇਕੋ ਸ਼ਬਦੁ ਵੀਚਾਰਿ" ਦੇ ਗੁਰਵਾਕ ਅਨੁਸਾਰ, ਮਿਥੀ ਰੱਬੀ-ਮੰਜ਼ਲ ਵਲ ਵਧਣ ਲਈ ਇਕ ਐਸੇ ਨਾਮ ਦੀ ਚੋਣ ਕੀਤੀ, ਜਿਸ ਦਾ ਇਕ ਹਿਸਾ ਅਰਬੀ ਬੋਲੀ ਨਾਲ ਸੰਬੰਧ ਰਖਦਾ ਹੈ, ਤੇ ਦੂਜਾ ਸੰਸਕ੍ਰਿਤ ਨਾਲ। ਇਹ ਸ਼ਬਦ ਸੀ ਵਾਹਗੁਰੂ ਜੋ ਇਹਨਾਂ ਦੋਹਾਂ ਬੋਲੀਆਂ ਦਾ ਸਮਾਸ ਹੈ, ਅਤੇ 'ਖਹਿਖਹਿ ਮਰ ਰਹੇ ਬ੍ਰਾਹਮਣ ਤੇ ਮੌਲਾਣੇ ਨੂੰ ਇਕ ਥਾਂ ਇਕੱਠਿਆਂ ਲਿਆ ਖੜਾ ਕਰਦਾ ਹੈ। ਵਾਹ, ਅਰਬੀ ਸ਼ਬਦ ਹੈ ਤੇ ਲੁਗਾਤਿ ਫੀਰੋਜ਼ੀ ਅਨੁਸਾਰ ਇਸ ਦੇ ਅਰਥ ਹਨ—ਚਿਹ ਖੁਸ਼! ਚਿਹ ਖੂਬ! (ਉਮਾਹ ਤੇ ਅਸਚਰਜਤਾ-ਭਰਪੂਰ ਅਵਸਥਾ।)

ਦੂਜੇ, 'ਵਾਹ' ਸ਼ਬਦ ਦਾ, ਪ੍ਰਭੂ ਦੇ ਕਿਸੇ ਕਰਮ ਜਾਂ ਕਿਰਤਮ ਨਾਮ ਨਾਲ ਕੋਈ ਸੰਬੰਧ ਨਹੀਂ। ਸਗੋਂ, ਇਹ ਮਨੁੱਖ-ਮਨ ਦੀ ਉਸ ਪਰਮ ਅਵਸਥਾ ਦਾ ਲਖਾਇਕ ਹੈ ਜਦ ਉਹ ਅ-ਮਨ (No-mind) ਅਥਵਾ ਮਨ ਬਾਨੀ ਤੋਂ ਉਚੇਰਾ ਉੱਠ ਕੇ ਵਾਹ, ਵਿਸਮਾਦ, ਹੈਰਤ, ਹੂ ਜਾਂ ਆਲਮਿ ਤਹੱਯਰ ਵਿਚ ਗਵਾਚ ਜਾਂਦਾ ਹੈ। ਕਬੀਰ ਸਾਹਿਬ ਇਸ ਬੇਖੁਦੀ ਤੇ ਉਨਮਨੀ ਅਵ-ਸਥਾ ਨੂੰ ਗੂੰਗੇ ਦੇ ਮਠਿਆਈ ਖਾਣ ਨਾਲ ਤੁਲਣਾ ਦਿੰਦੇ ਹਨ :

"ਜਿਸਹਿ ਬੁਝਾਏਂ ਸੋਈ ਬੂਝੈ, ਬਿਨੁ ਬੂਝੇ ਕਿਉਂ ਰਹੀਐ ॥
ਸਤਿਗੁਰੁ ਮਿਲੈ ਅੰਧੇਰਾ ਚੂਕੈ, ਇਨ ਬਿਧਿ ਮਾਣਕ ਲਹੀਐ ॥3॥
ਤਜਿ ਬਾਵੇਂ ਦਾਹਨੇ ਬਿਕਾਰਾ, ਹਰਿ ਪਦ ਦ੍ਰਿੜੁ ਕਰਿ ਰਹੀਐ ॥
ਕਹੁ ਕਬੀਰ ਗੂੰਗੈ ਗੁੜੁ ਖਾਇਆ, ਪੂਛੇ ਤੇ ਕਿਆ ਕਹੀਐ ॥ (ਪੰਨਾ 334)

ਸਾਡਾ ਦੁਰਭਾਗ ਇਹ ਹੈ ਕਿ ਅਸੀਂ ਹਉਮੈ ਆਸਰਤ ਹੋ ਲਘੂ ਦ੍ਰਿਸ਼ਟੀ ਦੀ ਬੂੰਦ ਵਿੱਚ ਸਾਗਰ ਨੂੰ ਸਮੇਟਣਾ ਚਾਹੁੰਦੇ ਹਾਂ ਅਤੇ ਅਜਿਹੀ ਅਸੰਭਵ ਗਲ ਨ ਹੋਣ ਉਤੇ ਚੀਕਦੇ ਹਾਂ, ਚਿੱਲਾ-ਉਂਦੇ ਹਾਂ। ਜਦ ਆਤਮ ਰੂਪੀ ਬੂੰਦ ਨੂੰ ਪ੍ਰਮਾਤਮਾ ਰੂਪੀ ਸਾਗਰ ਵਿਚ ਸਮੋ ਦਿਆਂਗੇ ਤਾਂ ਸਾਗਰ ਹੋ ਨਿਬੜਾਂਗੇ। ਆਪਣੀ ਮਰਜੀ ਨੂੰ ਰੱਬੀ ਮਰਜੀ, ਹੁਕਮ ਰਜ਼ਾ ਅਧੀਨ ਕਰ ਦੇਣ ਨਾਲ ਪਰਮ ਸਤਿ, ਸੁੱਖ, ਵਾਹ ਤੇ ਵਿਸਮਾਦ ਦੀ ਹਾਲਤ ਵਾਪਰਦੀ ਹੈ। ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਇਹ ਇਕ-ਰੱਸ ਅਵਸਥਾ ਕਿਉਂ ਬਿਆਨੀ, ਅਤੇ ਅਕਹਿ ਤੇ ਅਸਹਿ ਸਰੀਰਕ ਕਸ਼ਟਾਂ ਵਿਚ ਵੀ ਓੜਕ ਤੱਕ ਮਾਣੀ ਹੈ—

ਦੂਖ ਨਾਹੀ ਸਭੁ ਸੁਖੁ ਹੀ ਹੈ, ਏਕੈ ਏਕੀ ਨੇਤੈ ॥ (1302)

(ਭਾਵ—ਜੋ ਪ੍ਰਭੂ ਨੂੰ ਸਦਾ ਨੇਤਰਾਂ (ਹਿਰਦੇ) ਵਿਚ ਰਖਦੇ ਹਨ, ਉਹਨਾਂ ਨੂੰ ਸਦਾ ਖੁਸ਼ੀਆਂ ਖੇੜੇ ਤੇ ਚਾਉ ਬਣੇ ਰਹਿੰਦੇ ਹਨ।) "ਵੀਚਾਰ ਮਾਲਾ" ਵਿਚ ਇਕ ਲੂਣ ਦੀ ਡਲੀ, ਜੋ ਸਮੁੰਦਰ ਦੀ ਥਾਹ ਲੈਣ ਗਈ ਸੀ, ਤੇ ਸਾਗਰ ਵਿਚ ਗਵਾਚ ਕੇ ਸਾਗਰ ਹੀ ਹੋ ਗਈ ਸੀ, ਦਾ ਢੁੱਕਵਾਂ ਦ੍ਰਿਸ਼ਟਾਂਤ ਮਿਲਦਾ ਹੈ :

ਚਲੀ ਪੁਤਰੀ ਲੂਣ ਕੀ, ਥਾਹ ਸਿੰਧ ਕੀ ਲੈਣ।
ਨਾਥ ਆਪ ਆਪੈ ਭਈ, ਪਲਕ ਕਹੈ ਕੋ ਬੈਣ ?

ਸੁਘੜ ਸ਼ਾਇਰ ਵਿਸਮਾਦ ਦੀ ਇਸ ਖੇਡ ਨੂੰ ਇਉਂ ਕਲਮ-ਬੰਦ ਕਰਦਾ ਹੈ :

ਪਤਾ ਤੇਰਾ ਪੂਛੂੰ, ਤੋ ਕਿਸ ਸੇ ਮੈਂ ਪੂਛੂੰ ? ਜਿਸੇ ਕੁੱਛ ਖਬਰ ਹੈ, ਵੁਹੀ ਬੇ ਖਬਰ ਹੈ।

ਤਥਾ—ਨਿਗਾਹਿ ਲਗੀ ਹੈ, ਫਲਕ ਪਰ ਕਭੀ ਕੀ, ਕੋਈ ਮੁਝ ਸੇ ਪੂਛੇ ਮੈਂ ਕਿਆ ਢੂੰਢਤਾ ਹੂੰ ?
ਨਹੀਂ ਦੂਸਰਾ ਕੋਈ ਮੇਰੀ ਨਿਗਾਹ ਮੇਂ। ਮੈਂ ਖੁਦ ਆਪ ਵੁਹ ਹੂੰ, ਜਿਸੇ ਢੂੰਢਤਾ ਹੂੰ।

ਸੁਆਮੀ ਰਾਮ ਤੀਰਥ ਜੀ ਨੇ ਵੀ ਇਸ ਸੰਬੰਧ ਵਿਚ ਮਾਰਕੇ ਦੀ ਗਲ ਆਖੀ ਹੈ :—

ਮੈਂ ਜਬ ਪਤਾ ਪਾਨੇ ਚਲਾ, ਪਾਇਆ ਪਤਾ ਤੇਰਾ ਨਹੀਂ,
ਜਬ ਪਤਾ ਤੇਰਾ ਚਲਾ, ਫਿਰ ਪਤਾ ਮੇਰਾ ਨਹੀਂ।

ਡਾਕਟਰ ਭਾਈ ਵੀਰ ਸਿੰਘ ਜੀ ਨੇ ਇਸ ਪ੍ਰਭੂ-ਇਕ-ਸੁਰਤਾ ਤੇ 'ਵਾਹ' ਦੇ ਆਲਮ ਦੀ ਇਸ ਵਿਸਮਾਦੀ ਅਵਸਥਾ ਨੂੰ 'ਮਸਤੀ' ਦਾ ਨਾਮ ਦਿੱਤਾ ਹੈ। ਲਿਖਦੇ ਹਨ :

ਕਿਉਂ ਹੋਇਆ ਤੇ ਕੀਕੂੰ ਹੋਇਆ, ਖੱਪ ਖੱਪ ਮੋਏ ਸਿਆਣੇ।
ਓਸੇ ਰਾਹ ਪਵੇਂ ਕਿਉਂ ਜਿੰਦੇ ? ਜਿਤ ਰਾਹ ਪੂਰ ਮੁਹਾਣੇ।
ਭਟਕਣ ਛੱਡ ਲਟਕ ਲਾ ਇਕੋ, ਖੀਵੀ ਹੋ, ਰੰਗ ਮਾਣੇਂ।
ਹੋਸ਼ਾਂ ਨਾਲੋਂ 'ਮਸਤੀ' ਚੰਗੀ ਜਿਹੜੀ ਰਖਦੀ ਸਦਾ ਟਿਕਾਣੇ।

ਭਾਈ ਸਾਹਿਬ ਨੇ ਇਸ 'ਮਸਤੀ' ਨੂੰ 'ਵਲਵਲੇ ਦੇ ਦੇਸ' ਦੀ ਅਵਸਥਾ ਦਾ ਨਾਂ ਭੀ ਦਿੱਤਾ ਹੈ। ਆਪ ਦਾ ਪ੍ਰਸਿਧ ਕਥਨ ਹੈ :

ਜਿਨ੍ਹਾਂ ਉਚੀਆਈਆਂ ਉੱਤੇ ਬੁੱਧੀ ਖੰਭ ਸਾੜ ਥੱਕੀ,
ਬਦੋਬਦੀ ਮਨ, ਓਥੇ ਮਾਰਦਾ ਉਡਾਰੀਆਂ।
ਪਿਆਲੇ ਅਣਡਿਠੇ ਨਾਲ ਬੁੱਲ੍ਹ ਜੁੜ ਜਾਣ ਓਥੇ,
ਰਸ ਤੇ ਸਰੂਰ ਆਵੇ, ਝੂਮਾਂ ਆਉਣ ਪਿਆਰੀਆਂ।
ਗਿਆਨੀ ਸਾਨੂੰ ਹੋੜਦਾ, ਤੇ ਵਹਿਮੀ ਢੋਲਾ ਆਖਦਾ ਏ,
ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।
ਬੈਠ ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,
'ਵਲਵਲੇ ਦੇ ਦੇਸ' ਸਾਡੇ ਲੱਗ ਗਈਆਂ ਯਾਰੀਆਂ।

ਗੁਰੂ :—'ਵਾਹ' (ਅਰਬੀ ਪਦ) ਨਾਲ ਲਾਇਆ ਗਿਆ ਹੈ ਸੰਸਕ੍ਰਿਤ-ਸ਼ਬਦ : ਗੁਰੂ। ਇਸ ਦੇ ਅਰਥ ਹਨ—ਅੰਧੇਰੇ (ਅੰਗਿਆਨਤਾ) ਵਿਚ ਗਿਆਨ ਦਾ ਪ੍ਰਕਾਸ਼ ਕਰਨ ਵਾਲਾ। ਭਾਈ ਸਾਹਿਬ ਕਾਹਨ ਸਿੰਘ ਜੀ ਨੇ 'ਮਹਾਨ ਕੋਸ਼' ਵਿਚ; ਵਾਹੁ ਨੂੰ ਵਾਹਿਗੁਰੂ ਜਾਂ ਵਾਹਿਗੁਰੂ ਦਾ ਸੰਖੇਪ ਮੰਨ ਕੇ ਅਰਥ ਕੀਤੇ ਹਨ; ਅਸਚਰਜ, ਅਦਭੁਤ, ਅਤੇ ਵਾਹਿਗੁਰੂ ਦੇ ਅਰਥ ਹਨ—ਮਨਬੁੱਧ ਤੋਂ ਪਰੇ, ਸਭ ਤੋਂ ਵੱਡਾ ਪਾਰਬ੍ਰਹਮ, ਧੰਨਤਾ ਯੋਗ ਕਰਤਾਰ।

ਭਾਈ ਸੰਤੋਖ ਸਿੰਘ ਜੀ ਅਨੁਸਾਰ 'ਗੁਰੂ ਨਾਨਕ ਪ੍ਰਕਾਸ਼' ਵਿਚ ਅਰਥ ਹਨ—ਵਾਹ= ਅਸਚਰਜ ਰੂਪ; ਗੁ=ਅੰਧਕਾਰ, ਰੂ=ਪ੍ਰਕਾਸ਼ ਕਰਨ ਵਾਲਾ :

'ਵਾਹ' ਨਾਮ ਅਚਰਜ ਕੋ ਹੋਈ। ਅਚਰਜ ਤੇ ਪਰ ਉਕਤ ਨ ਕੋਈ।
'ਗੋ' ਤਨ ਨਾਮ ਅਗਿਆਨ ਅਨਿਤ। 'ਰੂ' ਪ੍ਰਕਾਸ਼ ਕੀਯੋ ਜਿਨ ਚਿਤ।

ਵਾਹਗੁਰੂ/ਵਾਹਿਗੁਰੂ ਸ਼ਬਦ ਕਦ ਤੋਂ :—

ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ 'ਗੁਰਮਤ ਮਾਰਤੰਡ' ਦੇ ਪੰਨਾ 818 ਉਤੇ ਲਿਖਦੇ ਹਨ :

> 'ਵਾਹਗੁਰੂ' ਗੁਰਮੰਤਰ ਸਭ **ਨਾਮਾਂ ਦਾ ਸਾਰ**' ਹੈ। ਇਸ ਦਾ ਅਰਥ ਹੈ : ਮਨ ਬੁਧਿ ਤੋਂ ਅਗੰਮ, ਧੰਨਤਾ ਯੋਗ ਅਤੇ ਸਭ ਤੋਂ ਵੱਡਾ। ਇਸ ਨਾਮ ਦੇ ਅਨੇਕ ਉਚਾਰਣ (ਤੇ ਰੂਪ) ਹੋ ਗਏ—ਵਾਹਗੁਰੂ, ਵਾਹਗੁਰ, ਵਾਹਗੁਰੁ, ਵਾਹਿਗੁਰੂ। ਗੁਰੂ ਗ੍ਰੰਥ ਸਾਹਿਬ ਵਿੱਚ ਜੁਦੇ ਜੁਦੇ ਸ਼ਬਦਾਂ ਵਿਚ ਇਸ ਦਾ ਰੂਪ ਹੈ— ਵਾਹੁ, ਗੁਰ, ਗੁਰੁ। ਇਕੱਠਾ ਰੂਪ ਹੈ—'ਵਾਹਗੁਰੂ' ਅਤੇ 'ਵਾਹਿਗੁਰੂ'।

ਜਿਵੇਂ ਗੁਰਬਾਣੀ ਵਿੱਚ 'ਅਜੂਨੀ ਸੈਭੰ' ਮੁਖ ਪਾਠ ਹੈ, ਅਰ ਅਜੂਨੀ ਸੈਭੰਉ ਅਤੇ ਅਜੂਨੀ ਸੰਭਵਿਉ, ਗੌਣ ਪਾਠ ਹਨ, ਤਿਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਾਹਗੁਰੂ ਸ਼ਬਦ ਦਾ ਪ੍ਰਚਾਰ ਕੀਤਾ ਹੈ। ਪੁਰਾਣੀਆਂ ਸਾਖੀਆਂ ਦਸਮ ਗ੍ਰੰਥ, ਭਾਈ ਮਨੀ ਸਿੰਘ ਜੀ ਦੇ ਲੇਖ ਅਤੇ ਸਿਖ ਕਾਵਯ ਵਿਚ 'ਵਾਹਗੁਰੂ' ਹੀ ਵੇਖਿਆ ਜਾਂਦਾ ਹੈ। ਅਜ ਕਲ ਦੇ ਛਾਪੇ ਖਾਨਿਆਂ ਵਾਲੇ ਅਤੇ ਆਮ ਸਿਖ, ਪਤਾ ਨਹੀਂ, ਕਿਉਂ, ਵਾਹਿਗੁਰੂ ਛਾਪਦੇ ਤੇ ਲਿਖਦੇ ਹਨ।'[1]

ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਕੁਝ ਹਵਾਲੇ :—

(ੳ) ਸਤਿਗੁਰ ਸਚੇ ਵਾਹੁ, ਸਚੁ ਸਮਾਲਿਆ ॥ (ਮਹਲਾ 1, ਪੰਨਾ 149)

(ਅ) ਵਾਹੁ ਖਸਮ ਤੂ ਵਾਹੁ, ਜਿਨਿ ਰਚਿ ਰਚਨਾ ਹਮ ਕੀਏ ॥ (ਉਹੀ, ਪੰ: 788)

---

1. ਲਿਖਤ ਦੇ ਗ੍ਰੰਥ ਵਿਚ ਜਿਥੇ ਵਾਹਗੁਰੂ ਪਾਠ ਹੈ, ਉਥੇ ਛਪਣ ਵਾਲਿਆਂ ਨੇ ਹਰ ਥਾਂ ਵਾਹਿਗੁਰੂ ਕਰ ਦਿੱਤਾ ਹੈ। ਅਕਾਲ ਬੁੰਗੇ ਦਸਮ ਗ੍ਰੰਥ ਦੀ ਵੱਡੀ ਕਲਮੀ ਬੀੜ ਵਿੱਚ ਹਰ ਜਗਹਿ 'ਵਾਹਗੁਰੂ ਜੀ ਕੀ ਫਤਹ' ਪਾਠ ਹੈ। ਇਕ ਥਾਂ ਲਿਖਾਰੀ ਨੇ ਭੁਲ ਕੇ ਵਾਹਿਗੁਰੂ ਲਿਖਿਆ ਹੈ, ਜੋ ਸੋਧਣ ਵੇਲੇ ਸਿਆਹੀ ਤੇ ਹੜਤਾਲ ਲਾ ਕੇ, ਮੁੜ ਵਾਹਗੁਰੂ ਕੀਤਾ ਗਿਆ ਹੈ। (ਭਾਈ ਸਾਹਿਬ ਕਾਹਨ ਸਿੰਘ)

(ੲ) ਵਾਹੁ ਵਾਹੁ ਬਾਣੀ ਸਤਿ ਹੈ, ਗੁਰਮੁਖਿ ਬੂਝੈ ਕੋਇ।
ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ, ਤਿਸੁ ਜੇਵਡੁ ਅਵਰੁ ਨ ਕੋਇ॥ (ਮ: 3, ਪੰ: 1277)

(ਸ) ਵਾਹੁ ਵਾਹੁ ਸੇ ਜਨ ਸਦਾ ਕਰਹਿ, ਜਿਨ ਕਉ ਆਪੇ ਦੇਹਿ ਬੁਝਾਇ॥
ਵਾਹੁ ਵਾਹੁ ਕਰਤਿਆਂ ਮਨੁ ਨਿਰਮਲੁ ਹੋਵੈ, ਹਉਮੈ ਵਿਚਹੁ ਜਾਇ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ, ਸੋ ਮਨ ਚਿੰਦਿਆ ਫਲੁ ਪਾਇ॥
ਵਾਹੁ ਵਾਹੁ ਕਰਹਿ ਸੇ ਜਨ ਸੋਹਣੇ, ਹਰਿ ਤਿਨ ਕੈ ਸੰਗਿ ਮਿਲਾਇ॥
ਨਾਨਕ ਵਾਹੁ ਵਾਹੁ ਜੋ ਕਰਹਿ, ਹਉ ਤਨੁ ਮਨੁ ਤਿਨ ਕਉ ਦੇਉ॥ (ਉਹੀ, ਪੰ: 515)

ਨੋਟ :—ਸ੍ਰੀ ਗੁਰੂ ਗ੍ਰੰਥ ਜੀ ਦੇ ਪੰਨਾ 514 ਤੇ 515 ਉਤੇ 'ਵਾਹੁ' ਸ਼ਬਦ ਦੀ 90 ਵੇਰ ਵਰਤੋਂ ਹੋਈ ਹੈ, ਮਹਲੇ ਤੀਜੇ, ਸ੍ਰੀ ਗੁਰੂ ਅਮਰਦਾਸ ਜੀ ਵਲੋਂ :

(ਹ) ਵਾਹੁ ਵਾਹੁ ਸਤਿਗੁਰੁ ਪੁਰਖੁ ਹੈ, ਜਿਨਿ ਸਚੁ ਜਾਤਾ ਸੋਇ॥
ਜਿਤੁ ਮਿਲਿਐ ਤਿਖ ਉਤਰੈ, ਤਨੁ ਮਨੁ ਸੀਤਲੁ ਹੋਇ॥
ਵਾਹੁ ਵਾਹੁ ਸਤਿਗੁਰੁ ਸਤਿ ਪੁਰਖੁ ਹੈ, ਜਿਸਨੋ ਸਮਤੁ ਸਭ ਕੋਇ॥
ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ, ਜਿਸੁ ਨਿੰਦਾ ਉਸਤਤਿ ਤੁਲ ਹੋਇ॥
ਵਾਹੁ ਵਾਹੁ ਸਤਿਗੁਰੁ ਸੁਜਾਣੁ ਹੈ, ਜਿਸੁ ਅੰਤਰਿ ਬ੍ਰਹਮੁ ਵੀਚਾਰੁ॥
ਵਾਹੁ ਵਾਹੁ ਸਤਿਗੁਰੁ ਨਿਰੰਕਾਰੁ ਹੈ, ਜਿਸੁ ਅੰਤੁ ਨ ਪਾਰਾਵਾਰੁ॥
ਵਾਹੁ ਵਾਹੁ ਸਤਿਗੁਰੂ ਹੈ ਜਿ ਸਚੁ ਦ੍ਰਿੜਾਏ ਸੋਇ।
ਨਾਨਕ, ਸਤਿਗੁਰੁ ਵਾਹੁ ਵਾਹੁ, ਜਿਸ ਤੇ ਨਾਮੁ ਪਰਾਪਤਿ ਹੋਇ॥ (ਮ: 4, 1421)

ਨੋਟ—ਏਥੇ ਗੋਬਿੰਦ ਸਰੂਪ ਸਤਿਗੁਰੂ ਨੂੰ 'ਵਾਹੁ ਵਾਹੁ' ਧੰਨਤਾ ਯੋਗ ਕਿਹਾ ਗਿਆ ਹੈ।

(ਕ) ਨਿਕਟਿ ਜੀਅ ਕੈ ਸਦ ਹੀ ਸੰਗਾ॥ ਕੁਦਰਤਿ ਵਰਤੈ ਰੂਪ ਅਰੁ ਰੰਗਾ॥
ਵੇਮੁਹਤਾਜਾ ਵੇਪਰਵਾਹੁ॥ ਨਾਨਕ ਦਾਸ ਕਹਹੁ, ਗੁਰ ਵਾਹੁ॥ (ਮ: 5, ਪੰ. 376)

(ਨੋਟ—ਉਪ੍ਰੋਕਤ ਪ੍ਰਮਾਣਾਂ ਨੂੰ ਡਾਢੇ ਗਹੁ ਨਾਲ ਵਾਚਣ ਦੀ ਲੋੜ ਹੈ। ਏਥੇ ਪਾਠਕ ਜੀ ਇਹ ਦੋ ਗੱਲਾਂ ਵਿਸ਼ੇਸ਼ ਤੌਰ ਤੇ ਨੋਟ ਕਰਨ : ਪਹਿਲੀ—ਵਾਹੁ ਪਦ ਦੀ ਵਰਤੋ ਪ੍ਰਮਾਤਮਾ ਜਾਂ ਗੋਬਿੰਦ ਸਰੂਪ ਸਤਿਗੁਰੂ ਤੇ ਬਾਣੀ ਲਈ ਕੀਤੀ ਗਈ ਹੈ। ਦੂਜੀ ਵਾਹੁ ਦਾ ਸ਼ੁੱਧ ਉਚਾਰਣ 'ਵਾਹ' ਹੈ। 'ਵਾਹੋ' ਨਹੀਂ। ਏਥੇ 'ਹ' ਨੂੰ ਲੱਗਾ ਔਂਕੜ ਉਚਾਰਨ ਵਿਚ ਨਹੀਂ ਆਉਂਦਾ, ਜਿਵੇਂ ਕਿ ਨਾਲ ਆਏ ਪਦਾਂ-ਸਤਿਗੁਰੁ, ਪੁਰਖੁ, ਨਿਰਵੈਰੁ, ਸੁਜਾਣੁ, ਸਚੁ ਜਿਸੁ, ਨਾਮੁ, ਮਨੁ, ਅੰਤੁ, ਸਮਤੁ, ਦੇ ਅੰਤ ਵਿਚ ਆਇਆ ਔਂਕੜ ਕਿਤੇ ਵੀ ਉਚਾਰਣ ਵਿਚ ਨਹੀਂ ਆਉਂਦਾ। ਜੇ ਕੋਈ ਪਾਠੀ ਜਿਵੇਂ ਇਹ ਸ਼ਬਦ ਦਰਸ਼ਨ ਦੇ ਰਹੇ ਹਨ, ਉਵੇਂ ਹੀ ਔਂਕੜ ਨੂੰ ਨਾਲ ਉਚਾਰੇ, ਤਾਂ ਸਭ ਸ਼ਬਦਾਂ ਦਾ ਉਚਾਰਣ ਬਦਲ ਜਾਵੇਗਾ ਤੇ ਮਾਤ੍ਰਾ ਵਧਣ ਨਾਲ ਕਵਿਤਾ ਦੀ ਰਵਾਨਗੀ ਰੁਕ ਜਾਵੇਗੀ।

ਸਜਣੁ ਸਚਾ ਪਾਤਸ਼ਾਹੁ, ਸਿਰਿ ਸਾਹਾਂ ਦੇ ਸਾਹੁ॥
ਜਿਸੁ ਪਾਸਿ ਬਹਿਠਿਆਂ ਸੋਹੀਐ, ਸਭਨਾਂ ਦੇ ਵੇਸਾਹੁ। (ਮ: 5, ਪੰ: 1426)

ਇਥੇ ਸ਼ੁੱਧ ਪਾਠ ਹੈ : 'ਪਾਤਸ਼ਾਹੁ, ਸ਼ਾਹਾਂ ਤੇ ਸ਼ਾਹੁ'। ਦੂਜੇ; ਜਦ 'ਸਜਣੁ' ਤੇ 'ਪਾਤਸ਼ਾਹੁ' ਦੇ ਪਦਾਂ ਦੇ ਦੋਵੇ ਅੰਤਲੇ ਔਂਕੜ ਨਹੀਂ ਉਚਾਰੇ ਜਾਂਦੇ, ਤਾਂ ਅੰਤਲੇ 'ਸ਼ਾਹੁ ਤੇ ਵੇਸਾਹੁ' ਦੇ ਉਚੇਰੇ

ਤੌਰ ਤੇ ਕਿਉਂ ਉਚਾਰੇ ਜਾਣ ਤੇ ਇਹਨਾਂ ਪਦਾਂ ਨੂੰ ਅਰਥ-ਹੀਨ ਤੇ ਮੁਹਮਲ ਬਣਾਇਆ ਜਾਵੇ। 'ਸਾਹੋ' ਤੇ 'ਵੇਸਾਹੋ' ਨਿਰਾਰਥਕ ਅਥਵਾ ਬੇਮਾਅਨੀ ਸ਼ਬਦ ਹਨ। ਸਤਿਗੁਰੂ ਪਾਤਸ਼ਾਹ ਮੇਹਰ ਕਰਨ ਤੇ ਸੁਮਤਿ ਬਖਸ਼ਣ!

ਭਟ ਗਯੰਦ ਦੀ ਗਵਾਹੀ :

(ੳ) ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ (ਪੰਨਾ 1402)

(ਅ) ਸਤਿ ਸਾਚੁ ਸ੍ਰੀ ਨਿਵਾਸੁ, ਆਦਿ ਪੁਰਖ ਸਦਾ ਤੁਹੀ,
ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ ((ਉਹੀ)

(ੲ) ਸੇਵਕ ਕੈ ਭਰਪੂਰ ਜੁਗ ਜੁਗ ਵਾਹਗੁਰੂ ਤੇਰਾ ਸਭ ਸਦਕਾ ॥ (ਉਹੀ)

(ਸ) ਵਾਹੁ ਵਾਹੁ ਕਾ ਬੱਡਾ ਤਮਾਸ਼ਾ ॥ ਆਪੇ ਹਸੈ, ਆਪ ਹੀ ਚਿਤਵੈ,
ਆਪੇ ਚੰਦ ਸੂਰ ਪਰਗਾਸਾ ॥
ਗੁਰਮੁਖ ਸੰਗਤਿ ਸਭੈ ਬਿਚਾਰਉ, ਵਾਹੁ ਵਾਹੁ ਕਾ ਬਡਾ ਤਮਾਸ਼ਾ ॥ (ਉਹੀ)

(ਹ) ਕੀਆ ਖੇਲੁ ਬਡ ਮੇਲੁ ਤਮਾਸ਼ਾ, ਵਾਹਿਗੁਰੂ ਤੇਰੀ ਸਭ ਰਚਨਾ ॥ (ਉਹੀ)

ਨੋਟ :—ਏਥੇ ਵਾਹੁ, ਵਾਹਿ, ਵਾਹਗੁਰੂ ਤੇ ਵਾਹਿਗੁਰੂ ਨੂੰ ਭਟ ਗਯੰਦ ਨੇ ਸਮਾਨ ਅਰਥਾਂ ਵਿਚ ਵਰਤਿਆ ਹੈ। ਅਰਥ ਹਨ ਪ੍ਰਭੂ, ਪ੍ਰਮਾਤਮਾ, ਪ੍ਰਮੇਸ਼ਰ, ਓਅੰਕਾਰ।

ਭਾਈ ਗੁਰਦਾਸ ਜੀ ਪਹਿਲੇ ਤੇ ਦੂਜੇ ਦੀਆਂ ਰਚਨਾਵਾਂ ਵਿਚੋਂ :

(ੳ) *ਵਾਹਿਗੁਰੂ ਗੁਰ ਮੰਤ੍ਰ ਹੈ, ਜਪਿ ਹਉਮੈ ਖੋਈ ॥ (ਵਾਰ 13, ਪੌ: 2)

(ਅ) ਵਾਹਿਗੂਰੂ ਗੁਰ ਸ਼ਬਦੁ ਸੁਣਾਇਆ ॥ (ਵਾਰ 9, ਪੌ: 1)

(ੲ) ਵਾਹਿਗੁਰੂ ਸਾਲਾਹਣਾਂ, ਗੁਰ ਸ਼ਬਦ ਅਲਾਏ ॥ (ਵਾਰ 9, ਪੌ: 13)

(ਸ) ਸਤਿਗੁਰ ਪੁਰਖੁ ਦਿਆਲ ਹੋਇ, ਵਾਹਿਗੁਰੂ ਸਚੁ ਮੰਤ੍ਰ ਸੁਣਾਇਆ ॥ (ਵਾਰ 11, ਪੌ: 3)

(ਹ) ਬੇਦ ਕਤੇਬ ਅਗੋਚਰਾ, ਵਾਹਿਗੁਰੂ ਗੁਰ ਸ਼ਬਦ ਸੁਣਾਇਆ ॥ (ਵਾਰ 12, ਪੌ: 17)

(ਕ) ਹਰਿ ਵਾਹਿਗੁਰੂ ਮੰਤਰ ਅਗੰਮ, ਜਗ ਤਾਰਨਹਾਰਾ ॥ (ਵਾਰ 41, ਪੌ: 18)

(ਖ) ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ॥ (ਉਹੀ)

ਸ੍ਰੀ ਦਸਮ ਗਰੰਥ ਵਿਚੋਂ

ਸ੍ਰੀ ਦਸਮ ਗ੍ਰੰਥ ਵਿਚ ਸੱਤ ਪ੍ਰਕਾਰ ਦੇ ਮੰਗਲਾਂ ਦੀ ਇਉਂ ਵਰਤੋਂ ਹੋਈ ਹੈ :—

( ) ੴ (2) ੴ ਸਤਿ ਗੁਰ ਪ੍ਰਸਾਦਿ ॥

(3) ੴ ਸ੍ਰੀ ਵਾਹਿਗੁਰੂ ਜੀ ਕੀ ਫਤੇ ਹੈ॥

---

* ਸ: ਮਹਿੰਦਰ ਸਿੰਘ 'ਸਰੂਰ' ਵਲੋਂ ਵਾਹਗੁਰੂ ਸੰਬੰਧੀ ਖੋਜ ਨਾਮੇ ਟ੍ਰੈਕਟ ਵਿਚੋਂ ਭਾਈ ਮਨੀ ਸਿੰਘ ਜੀ ਹਥ ਲਿਖਤ ਦਾ ਫੋਟੋ ਬਲਾਕ ਦੇ ਕੇ ਸਿਧ ਕਰਦੇ ਹਨ ਕਿ ਵਾਰਾਂ ਵਿਚ ਪਾਠ 'ਵਾਹਗੁਰ' ਹੈ; ਜਿਵੇਂ—'ਵਾਹਗੁਰੂ ਵੱਡੀ ਵਡਿਆਈ ॥' (ਟ੍ਰੈਕਟ ਪੰ: 39)

(4) ੴ ਸ੍ਰੀ ਵਾਹਿਗੁਰੂ ਜੀ ਕੀ ਫਤੇਹ ॥

(5) ੴ ਹੁਕਮ ਸਤਿ ਸ੍ਰੀ ਵਾਹਿਗੁਰੂ ਜੀ ਕੀ ਫਤਹ।

(6) ੴ ਵਾਹਿਗੁਰੂ ਜੀ ਕੀ ਫਤੇ ।

(7) ੴ ਵਾਹਿਗੁਰੂ ਜੀ ਕੀ ਫਤੇ ਵਾਹਿਗੁਰੂ ਜੀ ਕੀ ਫਤਹ ।

ਨੋਟ :—ਪਿੱਛੇ ਭਾਈ ਸਾਹਿਬ ਕਾਨ੍ਹ ਸਿੰਘ ਜੀ ਦੇ ਹਵਾਲੇ ਨਾਲ ਇਹ ਦੱਸਿਆ ਜਾ ਚੁੱਕਾ ਹੈ ਕਿ ਸ੍ਰੀ ਦਸਮ ਗ੍ਰੰਥ ਵਿਚ ਸਭ ਥਾਈਂ ਸ਼ਬਦ ''ਵਾਹਗੁਰੂ'' ਹੈ, ਜੋ ਛਾਪੇ ਖਾਨੇ ਵਾਲਿਆਂ ਨੇ 'ਵਾਹਿਗੁਰੂ' ਕਰਕੇ ਛਾਪ ਲਿਆ ਹੈ।

ਏਥੇ ਨੋਟ ਕਰਨ ਵਾਲੀ, ਗਲ ਇਹ ਹੈ ਕਿ ਉਪਰੋਕਤ ਸਾਰੇ ਮੰਗਲ ਸ੍ਰੀ ਦਸਮ ਗ੍ਰੰਥ ਵਿਚ, ਸਾਫ ਤੇ ਸਪਸ਼ਟ ਤੌਰ ਉਤੇ ਹਰ ਥਾਂ ਪਹਿਲੇ ਅਥਵਾ ਆਰੰਭ ਆਦਿ ਵਿਚ ਆਉਂਦੇ ਹਨ, 'ਤੇ ਉਪ੍ਰੰਤ ਰਚਨਾ ਦਾ ਸਿਰਲੇਖ, ਇਹ ਦਰੁਸਤ ਤਰਤੀਬ ਹੈ। ਸ੍ਰੀ ਕਰਤਾਰਪੁਰੀ ਆਦਿ ਬੀੜ ਤੇ ਹੋਰ ਸੈਂਕੜੇ ਹਥ-ਲਿਖਤੀ ਬੀੜਾਂ ਵਿਚ ਮੂਲ ਮੰਤ੍ਰ ਅਥਵਾ ਮੰਗਲਾਚਰਣ ਨੂੰ ਰਾਗ ਦੇ ਸਿਰਲੇਖ ਨਾਲੋਂ ਸੱਜੇ ਪਾਸੇ ਲਿਖਕੇ ਪਹਿਲ ਦਿਤੀ ਗਈ ਹੈ। ਸ੍ਰੀ ਦਸਮੇਸ਼ ਜੀ ਦੇ ਹਜ਼ੂਰੀ ਲਿਖਾਰੀ ਭਾਈ ਹਰਿਦਾਸ ਜੀ ਵਾਲੀ ਹਥ-ਲਿਖਤ ਬੀੜ ਵਿਚ ਤਾਂ ਸਾਰੇ ਮੰਗਲ ਹੀ ਰਾਗ ਦੇ ਸਿਰਲੇਖਾਂ ਨਾਲੋਂ ਸਪਸ਼ਟ ਉਪਰ ਜਾਂ ਪਹਿਲੇ ਅੰਕਿਤ ਹਨ। (ਵਿਸਥਾਰ ਲਈ ਵਾਚੋ ਪੁਸਤਕ 'ਗੁਰਬਾਣੀ ਸੰਪਾਦਨ ਨਿਰਣੈ')

ਸ਼੍ਰੋਮਣੀ ਕਮੇਟੀ ਨੇ ਵੀ ਸੰਨ 1952 ਤੋਂ 1961 ਤੱਕ ਦਸ ਕੁ ਸਾਲ ਵੱਡੀ ਖੋਜ, ਖੇਚਲ ਤੇ ਖਰਚ ਨਾਲ ਮੂਲ ਮੰਤਰਾਂ ਤੇ ਰਾਗਾਂ ਦੇ ਸਿਰਲੇਖਾਂ ਦੀ ਸ਼ੁੱਧ ਤਰਤੀਬ ਵਾਲੀਆਂ ਹਜ਼ਾਰਾਂ ਬੀੜਾਂ, ਪੋਥੀਆਂ ਤੇ ਲੱਖਾਂ ਗੁਟਕੇ ਛਾਪੇ ਸਨ; ਪ੍ਰੰਤੂ ਫੇਰ ਸੰਨ 1964 ਤੋਂ ਸੰਤ ਫਤਹਿ ਸਿੰਘ ਜੀ ਤੇ ਸੰਤ ਚੰਨਣ ਸਿੰਘ ਜੀ ਪਰਧਾਨ ਨੇ ਇਸ ਤਰਤੀਬ ਨੂੰ ਉੱਘੜ ਦੁੱਘੜ ਕਰ ਦਿੱਤਾ, ਅਤੇ ਪ੍ਰਿੰਸੀਪਲ ਬਾਵਾ ਹਰਿਕ੍ਰਿਸ਼ਨ ਸਿੰਘ, ਪ੍ਰਿੰਸੀਪਲ ਸਾਹਿਬ ਸਿੰਘ ਤੇ ਸ: ਹਰਨਾਮ ਸਿੰਘ ਜੱਜ ਦੀਆਂ ਰਾਵਾਂ ਤੇ ਰੀਪੋਰਟਾਂ ਧਰੀਆਂ ਧਰਾਈਆਂ ਰਹਿ ਗਈਆਂ। ਏਥੋਂ ਤਕ ਕਿ ਮੰਗਲ ਦੇ ਇਕ ਸਰੂਪ '੧ਓ' ਦਾ, ਜੋ ਸ੍ਰੀ ਕਰਤਾਰਪੁਰੀ ਬੀੜ ਵਿੱਚ ਸੁਸ਼ੋਭਤ ਹੈ, ਵੀ ਅਭਾਵ ਕਰ ਦਿਤਾ ਹੈ ਅਤੇ ਇਕ ਨੂੰ ਬਦਲ ਦਿਤਾ ਹੈ। ਮੰਗਲਾਂ ਤੇ ਰਾਗਾਂ ਦੇ ਸਿਰਲੇਆਂ ਦੀ ਇਹ ਬੇ ਤਰਤੀਬੀ ਉਸ ਭਾਈ ਮਨੀ ਸਿੰਘ ਜੀ ਸ਼ਹੀਦ ਦੇ ਨਾਮ ਨਾਲ 'ਦਮਦਮੀ ਬੀੜ' ਦੇ ਲਿਖਾਰੀ ਹੋਣ ਦੇ ਨਾਤੇ, ਜੋੜੀ ਜਾਂਦੀ ਹੈ, ਜੋ ਸ੍ਰੀ ਦਸਮ ਗ੍ਰੰਥ ਵਿਚ ਹਰ ਥਾਂ ਮੰਗਲਾਂ ਨੂੰ ਸਿਰਲੇਖਾਂ ਨਾਲੋਂ ਪਹਿਲ ਦਿੰਦੇ ਹਨ ਅਤੇ ਗਿਆਨ ਰਤਨਾਵਲੀ ਦੇ ਆਰੰਭ ਵਿਚ ਲਿਖਦੇ ਹਨ ਕਿ '...ਸਤਿ ਨਾਮ ਆਦਿ ਕਾ ਮੰਗਲ ਹੈ' ।

ਖੰਡੇ ਦੀ ਪਾਹੁਲ ਛਕਾਉਣ ਵੇਲੇ ਵੀ ਪੰਦਰਾਂ ਵੇਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ' ਬੁਲਾਏ ਜਾਣ ਦੀ ਮਰਯਾਦਾ ਪ੍ਰਚੱਲਤ ਹੈ ਅਤੇ ਵਾਹਿਗੁਰੂ ਗੁਰੂ-ਮੰਤਰ ਮੰਨਣ ਤੇ ਸਿੰਘਾਂ ਦੇ ਪਰਸਪਰ ਮਿਲਣ ਸਮੇਂ 'ਵਾਹਿਗੁਰੂ ਜੀ ਕੀ ਫਤਹਿ' ਗਜਾਉਣਾ ਪ੍ਰਚੱਲਤ ਹੈ।

ਸਿੱਖਾਂ ਦੀ ਭਗਤ ਮਾਲ ਵਿਚੋਂ :

ਭਾਈ ਮਨੀ ਸਿੰਘ ਜੀ ਨੇ ਭਾਈ ਗੁਰਦਾਸ ਜੀ ਦੀ 11ਵੀਂ ਵਾਰ ਵਿਚੋਂ ਆਏ ਸਿੱਖਾਂ

ਦੀਆਂ ਸਾਖੀਆਂ ਲਿਖੀਆਂ ਹਨ। ਇਹਨਾਂ ਵਿਚ, 'ਵਾਹਿਗੁਰੂ' ਸ਼ਬਦ ਦੀ ਹੋਈ ਵਰਤੋਂ ਦੇ ਕੁਝ ਪ੍ਰਮਾਣ ਹਾਜ਼ਰ ਹਨ :

(ੳ) ਤਾਰੂ ਪੋਪਟ ਨੂੰ ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ : ਧਰਮ ਦੀ ਕਿਰਤ ਕਰਨੀ, ਵੰਡ ਛਕਣਾ, ਤੇ ਜੋ ਸਵਾਸ ਆਵੇ ਤਾਂ ਵਾਹਿਗੁਰੂ ਜਪਣਾ ਤੇ ਜੋ ਬਾਹਰ ਜਾਵੇ ਤਾਂ ਵਾਹਿਗੁਰੂ ਜਪਣਾ ਅਤੇ ਮਨ ਰਾਗ ਦਵੇਖ ਤੋਂ ਸੁੱਧ ਰਖਣਾ ਹੈ।

(ਅ) ਸਾਖੀ ਸ਼ੀਹਾਂ ਗੱਜਣ—'ਤਾਂ ਬਾਬਾ ਬੋਲਿਆ, ਇਹ ਜੋ ਵਾਹਿਗੁਰੂ ਦਾ ਨਾਮ ਹੈ, ਇਸ ਦੇ ਜਪਣ ਨਾਲ ਚਾਰ ਪਦਾਰਥ ਪ੍ਰਾਪਤ ਹੁੰਦੇ ਹਨ। ਤਾਂ ਉਹਨਾਂ ਪੁਛਿਆ ਜੀ ਵਾਹਿਗੁਰੂ ਦਾ ਕੀ ਅਰਥ ਹੈ ? ਤਾਂ ਬਾਬਾ ਬੋਲਿਆ—ਵਾਹਿ—ਨਾਮ ਅਸਚਰਜ ਕਿਹਾ ਹੈ, ਜਿਸ ਦੀ ਸਤਿਆ ਨਾਲ ਸਾਰੇ ਪਦਾਰਥ ਜਾਣੇ ਜਾਣ, ਤੇ 'ਗੁ' ਨਾਮ ਅੰਧਕਾਰ ਦਾ ਹੈ, ਤੇ 'ਰ' ਨਾਮ ਪ੍ਰਕਾਸ਼ ਦਾ ਹੈ, ਜੋ ਐਸੀ ਜੜ ਅਨਿੱਤ ਦੇਹ ਨੂੰ ਪ੍ਰਕਾਸ਼ ਦੇ ਰਿਹਾ ਹੈ। ਸਵਾਸ ਤਲੇ ਜਾਣ ਤਾਂ 'ਵਾਹਿ' ਉਚਾਰਨਾ ਤੇ ਸਵਾਸ ਉੱਪਰ ਆਵੇ ਤਾਂ 'ਗੁਰੂ'।

(ੲ) ਸਾਖੀ ਨੰਬਰ 17—ਵਾਹਿਗੁਰੂ ਸ਼ਬਦ, ਅੰਮ੍ਰਿਤ ਕਾ ਪਿਆਲਾ ਹੈ। ਇਸ ਵਿਚ ਸਭ ਜੋਗ ਵੈਰਾਗ ਹਨ।

(ਸ) ਸਾਖੀ ਦੀਪਾਂ, ਨਰਾਇਣ ਦਾਸ ਬੁੱਲਾ— (ਮ: 2, ਪੰਨਾ 68)
ਅਰਦਾਸ ਕੀਤੀ, ਜੀ ਸਾਨੂੰ ਜਨਮ ਮਰਨ ਤੋਂ ਰੱਖੀਏ ਜੀ, ਬਚਨ ਹੋਇਆ......'
ਤੁਸੀਂ ਵਾਹਿਗੁਰੂ ਜੀ ਕੀ ਭਗਤੀ ਕਰੋ।

(ਹ) ਸਾਖੀ ਖਾਨੂੰ ਮਾਹੀਆ, ਆਦਿ—ਸਤਗੁਰਾਂ ਦਾ ਬਚਨ ਹੋਇਆ—'ਤਨ ਮਨ ਧਨ ਸਭ ਸਤਿਗੁਰੂ ਨੂੰ ਸੌਂਪ ਛਡਣਾ, ਆਪਣਾ ਕੁਝ ਨ ਜਾਨਣਾ।'

(ਕ) ਸਾਖੀ ਡੱਲੇ ਨਿਵਾਸੀ ਸਚਾਰੂ, ਮੰਗੂ ਤੇ ਭਾਗੂ—'ਬਚਨ ਹੋਇਆ—
'ਵਾਹਿਗੁਰੂ ਦੇ ਨਾਮ ਨਾਲ ਪਿਆਰ ਕਰਨਾ' (ਪਾਤਸ਼ਾਹੀ ਤੀਜੀ)

ਸ੍ਰੀ ਗੁਰੂ ਰਾਮ ਦਾਸ ਜੀ—ਸਾਖੀ ਭਾ: ਪਦਾਰਥ, ਤਾਰੂ ਤੇ ਭਾਰੂ :
ਜੇਤੇ ਜੀਅ ਹਨ, ਵਾਹਿਗੁਰੂ ਨੇ ਉਤਪੰਨ ਕੀਏ ਹੈਂ।

ਪਾਤਸ਼ਾਹੀ ਪੰਜਵੀਂ—ਸ੍ਰੀ ਗੁਰੂ ਅਰਜਨ ਦੇਵ ਜੀ—

ਭਾਈ ਫਿਰਵਾ ਤੇ ਜੇਠਾ ਆਦਿ ਨੇ ਅਰਦਾਸ ਕੀਤੀ : ਗਰੀਬ ਨਿਵਾਜ, ਕਈ ਰਾਮਨਾਮ ਦਾ ਜਾਪ ਜਪਦੇ ਹੈਣ, ਕਈ ਸੋਹੰ ਦਾ ਜਾਪ ਜਪਦੇ ਹਨ, ਕਈ ਓਅੰ ਜਪਦੇ ਹਨ ਤੇ ਅਸਾਨੂੰ ਬਚਨ ਹੋਇਆ ਹੈ ਕਿ ਵਾਹਿਗੁਰੂ ਦਾ ਨਾਮ ਜਪਣਾ, ਕਿਰਪਾ ਕਰਕੇ ਬਚਣ ਹੋਵੇ, ਕੌਣ ਸਾ ਨਾਮ ਜਪੀਐ ? ਬਚਨ ਹੋਇਆ—ਨਦੀ ਤੇ ਨਾਵਾਂ ਜਿਤਨੀਆਂ ਹੈਣ' ਸਭ ਪਾਰ ਉਤਾਰਣ ਵਾਲੀਆਂ ਹੈਣ: ਪਰ ਕੋਈ ਜਿਸ ਬੇੜੀ ਉਤੇ ਚੜ੍ਹਦਾ ਹੈ, ਉਸ ਨੂੰ ਉਸੇ ਨਾਲ ਪਰਯੋਜਨ ਹੈ। ਤੈਸੇ ਮਹਾਰਾਜ ਦੇ ਨਾਮ ਉਧਾਰਣ ਯੋਗ ਹੈਨ। ਪਰ ਆਪ ਗੁਰਾਂ ਨੇ ਸਿੱਖਾਂ ਨੂੰ ਉਪਦੇਸ਼ ਕੀਤਾ ਹੈ, ਉਨ੍ਹਾਂ ਦਾ ਉਧਾਰ ਓਸੇ ਕਰਕੇ ਹੈ...ਜੋ ਇਕ ਮਨ ਹੋ ਕੇ ਵਾਹਿਗੁਰੂ ਦਾ ਨਾਮ ਜਪਦੇ ਹਨ, ਸ ਉਹਨਾ ਦਾ ਜਨਮ ਮਰਨ ਕੱਟਿਆ ਗਿਆ ਹੈ।

ਸਰਬ ਲੋਹ ਗਰੰਥ ਵਿਚੋਂ :

(ੳ) ਵਾਹਗੁਰੂ ਸੁਚਿ ਮੰਤ੍ਰ ਆਖੈ......
ਸਤਿਗੁਰ ਸਿਖਨ ਪ੍ਰਤਿ ਉਪਦੇਸਿਓ।
ਵਾਹਿਗੁਰੂ ਬਚਿ ਮੰਤ੍ਰ ਵਿਸ਼ੇਸਿਓ।

(ਅ) ਸਾਰਬਚਨ ਪ੍ਰਭ ਖਾਲਸੇ ਦੀਨਾ। ਵਾਹਗੁਰੂ ਪਦ ਪਾਵਨ ਕੀਨਾ।

ਨੋਟ : ਕਈ ਲਿਖਾਰੀਆਂ ਵਲੋਂ ਇਸ ਗ੍ਰੰਥ ਦੀ ਰਚਨਾ ਸ੍ਰੀ ਕਲਗੀਧਰ ਜੀ ਨਾਲ ਮਨਸੂਬ ਕੀਤੀ ਜਾਂਦੀ ਹੈ, ਪਰ ਭਾਈ ਸਾਹਿਬ ਕਾਨ੍ਹ ਸਿੰਘ ਜੀ ਨਾਭਾ, ਇਸ ਨੂੰ ਇਉਂ ਨਹੀਂ ਮੰਨਦੇ। ਉਹਨਾਂ ਨੇ ਮਹਾਨ ਕੋਸ਼ (ਛਾਪ 1960, ਭਾਸ਼ਾ ਵਿਭਾਗ) ਦੇ ਪੰਨਾ 125 ਉੱਤੇ ਇਸ ਗ੍ਰੰਥ ਦਾ ਸਾਰ ਦੇ ਕੇ ਆਪਣੇ ਪਖਸ਼ ਵਿੱਚ ਕਈ ਵਜ਼ਨਦਾਰ ਦਲੀਲਾਂ ਪੇਸ਼ ਕੀਤੀਆਂ ਹਨ।)

ਮਹਿਮਾ ਪ੍ਰਕਾਸ਼ (ਬਾਵਾ ਸਰੂਪ ਦਾਸ ਭਲਾ) ਵਿਚੋਂ :

ਬਾਵਾ ਜੀ ਨੇ ਸੰਮਤ 1833 ਵਿੱਚ 'ਮਹਿਮਾ ਪ੍ਰਕਾਸ਼' ਦੀ ਰਚਨਾ ਕੀਤੀ। ਆਪ ਜੀ, ਗੁਰੂ ਨਾਨਕ ਦੇਵ ਜੀ ਦੀ ਜੀਵਨ-ਕਥਾ ਵਿੱਚ, ਭਾਈ ਬਾਲੇ ਦੀ ਜਨਮਸਾਖੀ ਜੋ ਵਰਤਮਾਨ ਖੋਜ ਅਨੁਸਾਰ ਨੌਵੀਂ ਪਾਤਸ਼ਾਹੀ ਜੀ ਦੇ ਸਮੇਂ ਲਿਖੀ ਗਈ ਸਿੱਧ ਹੁੰਦੀ ਹੈ, ਦਾ ਹਵਾਲਾ ਦੇ ਕੇ ਲਿਖਦੇ ਹਨ ਕਿ ਉਸ ਵਿਚ ਹਰ ਸਾਖੀ ਦੇ ਅੰਤ ਵਿਚ ਲਿਖਿਆ ਹੈ—'ਬੋਲੋ ਜੀ ਵਾਹਿਗੁਰੂ, ਅਗੇ ਸਾਖੀ ਹੋਰ ਚਲੀ।'

ਵਾਹਗੁਰੂ, ਵਾਹੁਗੁਰੂ ਜਾਂ ਵਾਹਿਗੁਰੂ ?

ਸਿਖ ਜਗਤ ਵਿੱਚ ਕਈ ਵੇਰ, ਇਸ ਗਲ ਉਤੇ ਵਾਦ ਵਿਵਾਦ ਖੜ੍ਹਾ ਹੋ ਜਾਂਦਾ ਹੈ ਕਿ ਇਸ ਪਦ ਦਾ ਸ਼ੁਧ ਉਚਾਰਣ ਵਾਹਗੁਰੂ ਹੈ ਜਾਂ ਵਾਹਿਗੁਰੂ ? ਆਓ ਇਸ ਅਹਿਮ ਸਮੱਸਿਆ ਦਾ ਸਤਿਕਾਰ ਤੇ ਦਲੀਲ ਨਾਲ ਮੁਤਾਲਿਆ ਕਰੀਏ :—

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ 12 ਤੋਂ ਵਧੀਕ ਬਾਹਰਲੀਆਂ ਬੋਲੀਆਂ ਦੇ ਸ਼ਬਦ ਮਿਲਦੇ ਹਨ। ਇਹਨਾਂ ਵਿਚੋਂ ਕਈ ਤਾਂ ਆਪਣੇ ਅਸਲੀ (ਤੱਤਸਮ) ਰੂਪ ਵਿੱਚ ਵਰਤੇ ਗਏ ਹਨ ਕਈ ਬਦਲੇ (ਤਦਭਵ) ਰੂਪ ਵਿੱਚ; ਜਿਵੇਂ—ਕੁਦਰਤ, ਰੱਬ, ਨੂਰ, ਪੋਸ਼, ਗੋਸ਼, ਧਕ, ਬਖਤ, ਕਰੀਮ, ਫ਼ਾਰਸੀ, ਅਰਬੀ ਬੋਲੀਆਂ ਤੇ 'ਗੁ, ਗੁਰੂ, ਕੀਰਤਿ, ਧਰਮ ਤੇ ਜੋਤਿ ਆਦਿ ਸੰਸਕ੍ਰਿਤ ਬੋਲੀ ਵਿਚੋਂ ਅਸਲੀ (ਤੱਤਸਮ) ਰੂਪ ਵਿੱਚ ਵਿਦਮਾਨ ਹਨ। ਪ੍ਰਤ੍ਰੂ, ਵਖਤ (ਵਖ਼ਤ), ਪਰਵਦਗਾਰ (ਪਰਵਰਦਗਾਰ), ਪੁਰਸਲਾਤ (ਪੁੱਲਿਸਰਾਤ) ਪਲੀਤ (ਪਲੀਦ) ਤੇ ਭਉ (ਭਯ), ਬਦਲੇ ਰੂਪ (ਤੱਦਭਵ) ਰੂਪ ਵਿੱਚ ਹਨ। ਇਹ ਰੀਤ, ਸੰਸਾਰ ਦੀਆਂ ਸਮੂਹ ਬੋਲੀਆਂ ਵਿੱਚ ਹੈ। ਲਾਤੀਨੀ ਤੋਂ ਯੂਨਾਨੀ, ਅੰਗਰੇਜ਼ੀ, ਜ਼ਰਮਨ ਆਦਿ ਬੋਲੀਆਂ ਵਿੱਚ ਗਏ ਸ਼ਬਦ, ਆਮ ਕਰਕੇ, ਆਪਣਾ ਰੂਪ ਬਦਲ ਗਏ ਹਨ।

ਸੋ, ਵਾਹ (ਅਰਬੀ) ਪਦ ਨੂੰ ਗੁਰਬਾਣੀ ਲਿਖਤ-ਨੇਮਾਂ ਅਨੁਸਾਰ ਵਾਹੁ ਕਰਕੇ ਲਿਖਿਆ ਗਿਆ ਹੈ ਅਤੇ ਇਸ ਦਾ 'ਵਾਹੁ' ਰੂਪ ਵਿਚ ਵੀ ਉਚਾਰਣ 'ਵਾਹ' ਹੀ ਹੈ, ਵਾਹੋ ਨਹੀਂ। ਹ ਹੇਠ ਔਂਕੜ ਦਾ ਕਾਰਨ ਹੈ, ਇਸ ਦੀ ਬਤੌਰ, ਪੁਲਿੰਗ ਇਕ ਵਚਨ ਵਰਤੋਂ। ਜਿਵੇਂ ਗੁਰਬਾਣੀ

ਵਿੱਚ 'ਇਕ ਇਕੁ ਤੇ ਇਕਿ' ਦੇ ਅਰਥਾਂ ਵਿਚ ਤਾਂ ਅੰਤਰ ਹੈ, ਪਰ ਉਚਾਰਣ ਹਰ ਥਾਂ 'ਇਕ' ਕਰਕੇ ਹੀ ਹੈ। 'ਫਕੜ ਜਾਤੀ ਫਕੜੁ ਨਾਉ' ਵਿੱਚ ਫਕੜ ਦਾ ਉਚਾਰਣ ਤਾਂ ਇਕ ਸਮਾਨ 'ਫਕੜ' ਹੀ ਹੈ, ਪਰ ੜ ਹੇਠ ਔਂਕੜ ਆਉਣ ਦਾ ਕਾਰਨ ਗੁਰਬਾਣੀ ਵਿਆਕਰਣ ਅਨੁਸਾਰ, ਇਸ ਦਾ ਇਕ ਵਚਨ ਪੁਲਿੰਗ ਹੋਣਾ ਹੈ। ਪਿੱਛੇ ਅੰਕਿਤ ਗੁਰਬਾਣੀ ਦੀਆਂ ਤੁਕਾਂ ਸਦਾ ਗੁਰਵਾਹੁ ਨਾਨਕ ਵਾਹੁ ਵਾਹੁ ਜੋ ਕਰਹਿ, ਵਾਹੁ ਵਾਹੁ ਸਤਿਗੁਰ ਸਤਿਪੁਰਖ ਹੈ ਆਦਿ ਵਿਚ ਸਭ ਥਾਈਂ ਸ਼ੁਧ ਪਾਠ ਵਾਹ, ਪੁਰਖ, ਸਤਿਗਰ ਹੈ, ਪੁਰਖੋ, ਸਤਿਗੁਰੋ ਜਾਂ ਵਾਹੋ, ਨਹੀਂ। ਅਰਬੀ ਬੋਲੀ ਵਿਚੋਂ ਤੱਤਸਮ ਰੂਪ ਵਿਚ ਆਏ ਪਦ, 'ਵਾਹ' ਦਾ ਉਚਾਰਣ 'ਵਾਹੋ' ਕਰਨਾ ਭੁਲ ਹੈ, ਅਵੱਗਿਆ ਹੈ।

ਭਾਈ ਸਾਹਿਬ ਕਾਨ੍ਹ ਸਿਘ ਜੀ ਵਲੋਂ ਹੋਰ :—

ਭਾਈ ਸਾਹਿਬ ਜੀ 'ਗੁਰਮਤ ਮਾਰਤੰਡ (ਪ੍ਰਕਾਸ਼ਕ ਸ੍ਰੋ: ਗੁ: ਪ੍ਰ: ਕਮੇਟੀ) ਦੇ ਪੰਨਾ 819 ਦੇ ਫੁੱਟ ਨੋਟ ਵਿੱਚ ਬੜੀ ਭਾਵ ਤੇ ਵਾਕਫੀ-ਭਰਪੂਰ ਟਿਪਣੀ ਹੈ :

(1) 'ਜਾਪੁ ਤੇ ਜਫਰਨਾਮੇ' ਆਦਿ ਦੇ ਮੁੱਢ 'ਵਾਹਗੁਰੂ ਜੀ ਕੀ ਫਤਹ' ਲਿਖਿਆ ਹੈ।

(2) ਗਿਆਨ ਰਤਨਾਵਲੀ ਤੇ ਭਗਤ ਰਚਨਾਵਲੀ ਵਿੱਚ ਭਾਈ ਮਨੀ ਸਿੰਘ ਜੀ ਹਰ ਥਾਂ 'ਵਾਹਗੁਰੂ' ਲਿਖਦੇ ਹਨ।

(3) ਸੰਮਤ 1882 ਵਿੱਚ ਬਣੇ ਸੁਨੀਤਿ ਪ੍ਰਕਾਸ਼ ਵਿੱਚ ਭਾਈ ਰਾਮ ਸਿੰਘ ਜੀ ਦਾ ਲੇਖ ਹੈ :
'ਵਾਹਗੁਰੂ ਗੁਰਬਾਣੀ ਗਾਵੈ। ਉਮਗ ਉਮਗ ਸੁਰ ਉਚ ਅਲਾਵੈ।

(4) ਭਾਈ ਸੰਤੋਖ ਸਿੰਘ ਗੁਰ ਪ੍ਰਤਾਪ ਸੂਰਜ ਦੀ ਰੁੱਤ 5 ਦੇ 46 ਅਧਿਆਇ ਵਿਚ ਲਿਖਦੇ ਹਨ।

'ਸਿਮਰਹੁ ਵਾਹਗੁਰੂ ਗੁਰਵਾਹੁ'
ਵਾਹਗੁਰੂ ਮੁਖ ਕਰੈ, ਉਚਾਰ, ਹੇ ਦਇਆਲ, ਕਰ ਲਹੀ ਉਧਾਰੁ।

(5) ਦਸਮ ਪਾਤਸ਼ਾਹ ਦੇ ਗੁਰਬਿਲਾਸ ਵਿਚ—ਵਾਹਿਗੁਰੂ ਮੁਖ ਬੋਲ ਬੁਲਾਵੈ।"

(6) 'ਗੁਰਪਦ ਪ੍ਰੇਮ ਪ੍ਰਕਾਸ਼' ਵਿਚ ਅੰਮ੍ਰਿਤ ਛਕਾਉਣ ਸਮੇਂ ਦਾ ਪਾਠ ਹੈ—
'ਬੋਲ ਖਾਲਸਾ ਵਾਹਗੁਰੂ ਕੀ ਫਤੇ ਵਾਹਿਗੁਰੂ ਜੀ ਕੀ।'

ਅੰਤ ਵਿਚ ਭਾਈ ਸਾਹਿਬ ਆਪਣਾ ਨਿਰਣਾ ਦਿੰਦੇ ਹਨ :

'ਲਿਖਤ ਦੇ ਗ੍ਰੰਥਾਂ ਵਿਚ ਜਿਥੇ 'ਵਾਹਗੁਰੂ' ਪਾਠ ਹੈ, ਉਥੇ ਛਾਪਣ ਵਾਲਿਆਂ ਨੇ ਹਰ ਥਾਂ ਵਾਹਿਗੁਰੂ ਕਰ ਦਿੱਤਾ ਹੈ। ਅਕਾਲ ਬੁੰਗੇ ਦਸਮ ਗ੍ਰੰਥ ਦੀ ਕਲਮੀ ਵੱਡੀ ਬੀੜ ਵਿੱਚ, ਹਰ ਜਗਹਿ 'ਵਾਹਗੁਰੂ ਜੀ ਕੀ ਫਤਹ' ਪਾਠ ਹੈ। ਇਕ ਥਾਂ ਲਿਖਾਰੀ ਭੁਲ ਕੇ 'ਵਾਹਿਗੁਰੂ' ਲਿਖਿਆ ਹੈ, ਜੋ ਸੋਧਣ ਵੇਲੇ ਸਿਆਹੀ ਉਤੇ ਹੜਤਾਲ ਲਾ ਕੇ ਮੁੜ 'ਵਾਹਗੁਰੂ' ਕੀਤਾ ਗਿਆ ਹੈ।

ਆਪੋ ਵਿੱਚ ਮਿਲਣ ਸਮੇਂ ਅਤੇ ਚਿਠੀਆਂ ਵਿੱਚ 'ਵਾਹਗੁਰੂ ਜੀ ਕੀ ਫਤਹਿ' ਬੋਲਣੀ ਤੇ ਲਿਖਣੀ ਚਾਹੀਏ। ਕਈ ਫਤਹ ਦੀ ਥਾਂ 'ਸਤਿ ਸ੍ਰੀ ਅਕਾਲ' ਵਰਤਦੇ ਹਨ। ਪਰ ਇਹ ਮਨਮੱਤ ਹੈ, ਭਾਵੇਂ, ਇਹ ਵਾਕ ਵੀ ਗੁਰਮਤ ਦਾ ਹੈ, ਪਰ ਫਤਹ ਦੀ ਥਾਂ ਇਸ ਦਾ ਵਰਤਣਾ ਸਤਿਗੁਰਾਂ

ਦੀ ਚਲਾਈ ਰੀਤ ਦੇ ਵਿਰੁੱਧ ਹੈ। 'ਸਤਿ ਸ੍ਰੀ ਅਕਾਲ' ਦਾ ਤਿੰਨ ਥਾਂ ਵਰਤਣਾ ਵਿਧਾਨ ਹੈ— ਦੀਵਾਨ ਦੀ ਸਮਾਪਤੀ ਪੁਰ (ਅਰਦਾਸ ਉਪਰੰਤ) ਕੂਚ ਵੇਲੇ, ਅਤੇ ਝਟਕਾ ਕਰਨ ਸਮੇਂ। ਮਨੋਹਰ ਵਿਆਖਿਆਨ ਦੇ ਕਿਸੇ ਪ੍ਰਸੰਗ ਦੀ ਪੁਸ਼ਟੀ ਕਰਨ ਦਈ ਅਥਵਾ ਵਕਤਾ ਦਾ ਚਿਤ ਪ੍ਰਸੰਨ ਕਰਨ ਵਾਸਤੇ ਦੀਵਾਨ ਵਿਚ Cheers ਦੀ ਥਾਂ ਭੀ 'ਸਤਿ ਸ੍ਰੀ ਅਕਾਲ' ਗਜਾਉਣ ਦੀ ਰੀਤਿ ਹੈ।'

''ਨੋਟ : ਅਜ ਕਲ ਦੀਵਾਨ ਵਿਚ ਕੋਈ ਗੁਰਮਤਾ ਪਾਸ ਕਰਨ ਵੇਲੇ ਵੀ ਪ੍ਰਵਾਨਗੀ ਵਜੋਂ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਂਦਾ ਹੈ।'

ਸਾਰੀ ਵਿਚਾਰ ਦਾ ਸਾਰ :

ਵਾਹਗੁਰੂ (ਤੱਤਸਮ) ਰੂਪ ਤੇ ਵਾਹਿਗੁਰੂ (ਤਦਭਵ) ਰੂਪ ਵਿਚ, ਦਵੇਂ ਤਰ੍ਹਾਂ ਗੁਰਬਾਣੀ ਵਿੱਚ ਵਰਤਿਆ ਮਿਲਦਾ ਹੈ। ਇਸ ਦੇ ਉਚਾਰਣ ਉਤੇ ਵਾਦ ਵਿਵਾਦ ਹੋਣਾ ਤੇ ਹਨ ਵਰਤਣਾ ਯੋਗ ਨਹੀਂ। ਪੰਥ ਨੇ ਵਾਹਿਗੁਰੂ ਸ਼ਬਦ ਦੀ ਵਰਤੋਂ ਪਰਵਾਨ ਕਰ ਲਈ ਹੈ। ਇਸ ਨੂੰ ਇਵੇਂ ਉਚਾਰਣ ਕਰਨ ਵਿੱਚ ਕੋਈ ਦੋਸ਼ ਨਹੀਂ ਤੇ ਵਾਹਗੁਰੂ ਉਚਾਰਣ ਵਿੱਚ ਪੁੰਨ। ਏਸੇ ਤਰ੍ਹਾਂ, ਜੇ ਕੋਈ ਵਿਅਕਤੀ ਇਸ ਦਾ ਉਚਾਰਣ ਵਾਹਗੁਰੂ ਕਰਦਾ ਹੈ ਤਾਂ ਉਸ ਦੇ ਗਲ ਪੈ ਜਾਣਾ ਤੇ, ਤੇ ਵਿੱਤ-ਡਾਵਾਦ ਖੜਾ ਕਰਨਾ ਸ਼ੋਭਨੀਕ ਨਹੀਂ। ਇਸ ਦੀ ਵਰਤੋਂ ਵਾਹਗੁਰੂ ਤੇ ਗੁਰੂਵਾਹੁ ਦੇ ਸਰੂਪ ਵਿੱਚ ਵੀ ਗੁਰਬਾਣੀ ਵਿੱਚ ਹੋਈ ਮਿਲਦੀ ਹੈ। ਚਾਹੀਦਾ ਤਾਂ ਇਹ ਹੈ ਕਿ ਅਸੀਂ ਇਸ ਸਮਾਜਕ (Compound) ਸ਼ਬਦ ਦੇ ਰਹੱਸ ਨੂੰ ਸਮਝੀਏ ਅਤੇ ਇਸ ਦੇ ਜਾਪ ਦੁਆਰਾ ਉਸ ਪਰਮ-ਪਦ ਅਥਵਾ ਵਿਸਮਾਦ ਤੇ ਹੈਰਤ ਦੇ ਆਲਮ ਵਿੱਚ ਗਵਾਚ ਜਾਈਏ, ਜਿਸ ਅਵਸਥਾ ਦਾ ਇਹ ਅਦੁੱਤੀ ਤੇ ਰਹੱਸਮਈ ਸ਼ਬਦ ਸੂਚਕ ਹੈ, ਅਸੀਂ ਖੋ ਜਾਈਏ ਸਤਿਗੁਰਾਂ ਦੀ ਅਜ਼ਮਤ ਤੇ ਸ਼ੁਕਰਾਨੇ ਵਿੱਚ, ਜਿਨ੍ਹਾਂ ਨੇ ਸਾਨੂੰ ਐਸੇ ਜਾਪ ਦੀ ਬਖਸ਼ਿਸ਼ ਕੀਤੀ ਹੈ।

ਗੈਰ, ਦੂਈ, ਦੁਬਿਧਾ ਤੇ ਬੇਗਾਨਗੀ ਦੀ ਦੁਨੀਆਂ ਤੇ ਅਕਲਾਂ ਦੇ ਤੰਦਾਂ ਤੋਂ ਅੱਗੇ ਲੰਘ ਕੇ ਆਪਣੇ ਆਪੇ, ਨਿਜ ਸਰੂਪ ਤੇ ਬੇਖੁਦੀ ਦੇ ਆਲਮ ਵਿੱਚ ਗਵਾਚਣ ਲਈ ਸਰਬ-ਸਾਂਝਾ ਪਦ 'ਵਾਹਿਗੁਰੂ' (ਵਾਹਗੁਰੂ) ਇਕ ਬੇਹਤਰੀਨ ਜਾਪ ਹੈ।

ਆਓ, ਵਾਚੋ ਭਾਈ ਨੰਦ ਲਾਲ ਜੀ ਗੋਯਾ ਦਾ ਇਹ ਸ਼ੇਅਰ ਤੇ ਹੋ ਜਾਵੋ ਆਪਣੇ ਆਪ ਦੇ ਜਾਣੂ; ਤੇ ਕਿਸੇ ਅਕਹਿ ਮਸਤੀ ਦੇ ਸਾਗਰ ਦੇ ਤਾਰੂ :—

ਬਗੁਜ਼ਰ ਅਜ਼ ਬੇਗਾਨਗੀ ਵ ਸ਼ੋ ਬਖੁੱਦ ਤੋਂ ਆਸ਼ਨਾ ॥
ਹਰ ਕਿ ਬਾਖੁਦ ਆਸ਼ਨਾ ਸ਼ੁਦ, ਅਜ਼ ਖੁਦਾ ਬੇਗਾਨਾ ਨੇਸਤ ॥

ਦੂਈ ਦਵੈਤ ਤੋਂ ਅੱਗੇ ਲੰਘ ਕੇ, ਜਾਣ ਲਈ ਤੂ ਆਪਾ ਹੂ ॥
ਆਪੇ ਤਾਈਂ ਜਾਣੇ ਜਿਹੜਾ, ਉਸ ਨੇ ਰੱਬ ਪਛਾਤਾ ਹੂ। ('ਸਾਚੀ ਪ੍ਰੀਤ' ਵਿਚੋਂ)

ਸੱਚ ਹੈ, ਹਉਮੈਂ ਕਾਰਨ ਪੈਦਾ ਹੋਈ ਦੂਈ ਅਥਵਾ ਬੇਗਾਨਗੀ ਤੋਂ ਅੱਗੇ ਲੰਘ ਕੇ ਹੀ ਆਪੇ ਨੂੰ ਜਾਣਿਆ, ਪਛਾਣਿਆ ਅਤੇ ਵਾਹ ਤੇ ਵਿਸਮਾਦ ਦੇ ਆਲਮ ਵਿਚ ਪ੍ਰਵੇਸ਼ ਕੀਤਾ ਜਾ ਸਕਦਾ ਹੈ। ਇਸ ਅਕਹਿ ਤੇ ਅਕੱਥ ਅਵਸਥਾ ਨੂੰ ਅਨੁਭਵੀ ਭਾਈ ਗੁਰਦਾਸ ਜੀ ਨੇ 'ਕਬਿਤ ਸਵੱਈਏ' ਦੇ ਪਹਿਲੇ ਕਬਿੱਤ ਵਿੱਚ, ਇਸ਼ਾਰੇ ਮਾਤਰ ਬਿਆਨਣ ਲਈ ਇਉਂ ਤਰਲਾ ਮਾਰਿਆ ਹੈ :

ਦਰਸ਼ਨ ਦੇਖਤ ਹੀ, ਸੁਧ ਕੀ ਨ ਸੁਧ ਰਹੀ,
ਬੁਧਿ ਕੀ ਨਾ ਬੁਧਿ ਰਹੀ ਮਤਿ ਮੇਂ ਨ ਮਤਿ ਹੈ।
ਸੁਰਤਿ ਮੇਂ ਨ ਸੁਰਤਿ ਅਉ, ਧਯਾਨ ਮੇਂ ਨ ਧਿਆਨ ਰਹਯੋ,
ਗਯਾਨ ਮੇਂ ਨ ਗਯਾਨ ਰਹਿਓ, ਗਤਿ ਮੇਂ ਨਾ ਗਤਿ ਹੈ।
ਧੀਰਜ ਕੋ ਧੀਰਜ, ਗਰਬ ਕੋ ਗਰਬ ਗਯੋ,
ਰਤਿ ਮੇਂ ਨ ਰਤਿ ਰਹੀ, ਰਤਿ ਰਤਿ ਪਤਿ ਹੈ।

ਅਦਭੁਤ ਪਰਮਦਭੁਤ, ਬਿਸਮੈਂ ਬਿਸਮ,
ਅਸਚਰਜੋ ਅਸਚਰਜ, ਅਤਿ ਅਤਿ ਹੈ।

ਅਰਥ : ਦਰਸ਼ਨ ਦੇਖਦੇ ਸਾਰ ਹੀ (ਭਾਵ ਗੁਰੂ ਮਹਾਰਾਜ ਜੀ ਦੇ ਸਰਗੁਣ ਸਰੂਪੀ ਦਰਸ਼ਨ ਕਰਦੇ ਸਾਰ ਹੀ ਜੋ ਝਲਕਾ ਉਨ੍ਹਾਂ ਦੇ ਨਿਰਗੁਣ ਸਰੂਪੀ, ਪ੍ਰਕਾਸ਼ ਦਾ ਅੰਦਰ ਵੱਜਾ ਅਰਥਾਤ ਅਨਭਉ ਹੋਯਾ ਤਾਂ ਤਤਕਾਲ ਹੀ), ਸੁਧਨਾਮ ਚੇਤੇ ਦੀ ਚਿਤਵਨ (ਸਿਮਰਣ=ਯਾਦ) ਸ਼ਕਤੀ ਵਿਸਰ ਗਈ—ਅਰਥਾਤ ਜੋ ਗੱਲਾਂ ਮੁੜ ਮੁੜ ਚੇਤੇ ਆ ਆ ਕੇ ਸੰਸਕਾਰ ਦੇ ਰੂਪ ਵਿਚ ਅੰਦਰ ਉਠਿਆ ਕਰਦੀਆਂ ਸਨ, ਇਕੋ ਵਾਰ ਹੀ ਬੰਦ ਹੋ ਗਈਆਂ। ਅਰੁ ਬੁਧਿ (ਬੁਝਨ ਸ਼ਕਤੀ) ਦੀ ਬੁਝ ਗੁੰਮ ਹੋ ਗਈ।'ਮਤਿ (ਬੁਧੀ=ਅਕਾਲ) ਵਿਚੋਂ ਅਕਲ (ਥੌਹ ਲਾ ਲੈਣ ਦਾ ਬਲ), ਲੋਪ ਹੋ ਗਈ।

ਸੁਰਤਿ (ਸੋਝੀ ਦੀ ਸ਼ਕਤੀ=ਸੂਹ ਦੀ ਤਾਕਤ) ਵਿਚ ਸੂਝ ਨ ਰਹੀ ਅਤੇ ਧਯਾਨ (ਸੋਚ-ਵਿਚਾਰ) ਵਿਚ ਧਯਾਨ (ਸੋਚਨ-ਖਯਾਲ) ਕਰਨ ਦੀ ਹਿੰਮਤ ਨਾ ਰਹੀ। ਗਯਾਨ ਵਿਚ ਗਯਾਨ ਨਾ ਰਿਹਾ (ਭਾਵ ਜਾਨਣ ਦਾ ਬਲ ਅਥਵਾ ਜੋ ਕੁਛ ਜਾਣਿਆ ਹੋਯਾ ਸੀ। ਉਹ ਜਾਣਕਾਰੀ ਵਿਚੋਂ ਉਠ ਗਿਆ) ਅਤੇ ਗਤਿ ਰੀਤੀ (ਢੰਗ, ਪਹੁੰਚ),—ਗੱਲ ਦੀ ਤਹਿ ਵਿੱਚ ਪਹੁੰਚਣ ਅਥਵਾ ਪਰਵਿਰਤ ਹੋਣ ਵਾਲੀ ਜੋ ਸ਼ਕਤੀ ਸੀ ਓਸ ਦੀ (ਉਹ) ਗਤਿ (ਦਸ਼ਾ) ਨਹੀਂ ਰਹੀ।

ਧੀਰਜ ਦਾ ਧੀਰਜ (ਅਤੇ) ਗਰਬ (ਹੰਕਾਰ) ਦਾ ਗਰਬਪੁਣਾ (ਅਹੰਭਾਵ) ਚਲਾ ਗਿਆ, (ਤਥਾ) ਰਤਿ (ਪ੍ਰੀਤੀ) ਦਾ ਪ੍ਰੀਤ ਭਾਵ ਰਹਿ ਗਿਆ, ਅਰੁ ਪ੍ਰਤਿਸ਼ਠਾ (ਮਨੁੱਖੀ ਗੌਰਵਤਾ ਦੀ ਮਲੌਤ) ਭੀ ਰਤਿ ਪਤਿ (ਲੱਤ ਪੱਤ) ਹੋ ਗਈ, ਲੜਖੜਾ ਗਈ, ਖਵਾਰ ਹੋ ਗਈ।

(ਓਸ ਦਸ਼ਾ ਨੂੰ ਕੀਕਰ ਦਸਯਾ ਜਾਵੇ) ਅਦਭੁਤ (ਵਿਲੱਖਣ) ਤੋਂ ਭੀ ਮਹਾਨ ਵਿਲੱਖਣ ਅਨੋਖੀ ਭਾਂਤ ਦੀ ਤੇ ਅਚੰਭੇ ਤੋਂ ਭੀ ਅਤਯੰਤ ਅਚੰਭਾ ਸਰੂਪ ਤਥਾ ਅਸਚਰਜੋ (ਚਮਤਕਾਰੀ=ਹੈਰਾਨੀ ਵਿਚ ਪਾਣ ਵਾਲੀ ਦਸ਼ਾ ਤੋਂ ਭੀ) ਅਤਯੰਤ ਕਰਕੇ ਚਮਤਕਾਰ ਸਰੂਪ ਉਹ ਦਸ਼ਾ ਹੈ।

ਦੋਹਰਾ : ਨਿਰਗੁਨ ਸਰਗੁਨ ਨਾਮ ਜੋ ਵਾਹਿਗੁਰੂ ਤਿਨ ਮੋਰ
ਸਭ ਤੇ ਊਚਾ ਜਾਨੀਏ, ਲੇਤ ਨ ਕੀਜੈ ਦੇਰ।

(ਸ੍ਰੀ ਨਾਨਕ ਪ੍ਰਕਾਸ਼=ਭਾਈ ਸੰਤੋਖ ਸਿੰਘ) ਸੋ, ਵਾਹਿਗੁਰੂ (ਵਾਹਗੁਰੂ) ਪਦ ਕੇਵਲ ਇਕ ਪਰਮ ਵਿਸਮਾਦਤ, ਤਹੱਯਰ ਅਥਵਾ ਹੈਰਤ ਵਾਲੀ ਉਨਮਨੀ ਅਵਸਥਾ ਹੀ ਨਹੀਂ, ਸਗੋਂ, ਪ੍ਰਭੂ-ਪ੍ਰਵੇਸ਼ ਤੇ ਉਸ ਨਾਲ ਇਕ-ਮਿਕਤਾ ਦਾ ਜ਼ਾਮਨ ਵੀ ਹੈ। ਵਾਹਦੇ ਆਲਮ ਦੀ ਅਵਸਥਾ ਮਾਣੀ ਤਾਂ ਜਾ ਸਕਦੀ ਹੈ, ਪਰ, ਪੂਰਨ ਤੌਰ ਉਤੇ ਬਿਆਨੀ ਨਹੀਂ ਜਾ ਸਕਦੀ—ਉਸ ਦੀ ਕਥਾ ਅਕੱਥ ਹੈ।

"ਰੱਬ ਦੀ ਗੱਲ"

ਹੈ ਤਉ ਸਹੀ, ਲਖੈ ਜੇ ਕੋਈ

(ਕਬੀਰ)

(1)

ਜਦ ਅਸੀਂ ਆਪਣੇ ਆਲੇ-ਦੁਆਲੇ ਝਾਤੀ ਮਾਰਦੇ ਹਾਂ, ਤਾਂ ਪ੍ਰਭੂ ਦੀ ਵਚਿੱਤਰ ਰਚਨਾ ਵਿੱਚ ਬੇਅੰਤ ਵੰਨ-ਸੁਵੰਨੇ ਜੀਵ ਜੰਤ ਧਰਤੀ ਉਤੇ ਵਿਚਰਦੇ ਵੇਖਦੇ ਹਾਂ। ਕੁਦਰਤ ਦੇ ਬਝਵੇਂ ਨੇਮ ਅਧੀਨ, ਹਰ ਛਿਨ ਜੀਵਨ ਬਣਦਾ, ਬਦਲਦਾ ਤੇ ਬਿਨਸਦਾ ਹੈ। ਇਹਨਾਂ ਨੇਮਾਂ ਨੂੰ ਗੁਰਬਾਣੀ ਵਿਚ ਕਿਤੇ ਭੈ ਦਾ ਨਾਮ ਦਿਤਾ ਗਿਆ ਹੈ ਅਤੇ ਕਿਤੇ ਸੰਤੋਖ-ਥਾਪਕ ਸੱਤਾ (ਧਰਮ) ਦਾ। ਸ੍ਰੀ ਗੁਰੂ ਨਾਨਕ ਦੇਵ ਜੀ ਦਾ, ਇਸ ਸੰਬੰਧ ਵਿੱਚ ਫੈਸਲਾ-ਕੁਨ ਅਰਸ਼ਾਦ ਹੈ—

ਭੈ ਵਿਚਿ ਪਵਣੁ ਵਹੈ ਸਦਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾ ਧਰਮ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥ (ਵਾਰ ਆਸਾ)

ਤਥਾ—ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥ (ਜਪੁਜੀ)

ਇਹ ਸਭ ਕੁਝ ਵੇਖਦਿਆਂ ਸਾਰ, ਸੁਤੇ ਸਿੱਧ ਖਿਆਲ ਆਉਂਦਾ ਹੈ ਕਿ ਕੁਦਰਤ ਦੇ ਇਹਨਾਂ ਅਦਭੁਤ ਨੇਮਾਂ ਅਥਵਾ ਜ਼ਬਤ ਤੇ ਅਪੂਰਬ ਤਰਤੀਬ ਦੇ ਪਿੱਛੇ ਜ਼ਰੂਰ ਕੋਈ ਕਾਰਨ ਜਾਂ ਸ਼ਕਤੀ ਹੈ। ਹਾਂ ਜੀ, ਇਹ ਸ਼ਕਤੀ ਜਿਸ ਨੇ ਪਹਿਲਾਂ ਇਹਨਾਂ ਨਿਯਮਾਂ ਨੂੰ ਬੰਧਾ, ਤੇ ਹੁਣ ਜੁਗਾਂ ਜੁਗਾਂਤਰਾਂ ਤੋਂ ਇਕ ਸਾਰ ਚਲਾ ਰਹੀ ਹੈ, ਅਵੱਸ਼ ਇਕ ਮਹਾਂ ਪ੍ਰਬਲ ਤੇ ਅਮਿੱਤ ਸ਼ਕਤੀ ਹੈ। ਪਉਣ ਪਾਣੀ, ਆਦਿ ਵੱਖ ਵੱਖ ਤੱਤਾਂ ਦਾ ਮੇਲ ਕਰਨ ਵਾਲੀ ਇਹ ਮਹਾਂ ਜੋਤ ਜ਼ਰੂਰ ਇੱਕ ਵਚਿੱਤ੍ਰ ਤੇ ਚੇਤੰਨ ਸੱਤਾ ਹੈ। ਏਸੇ ਨੂੰ ਹੀ ਤੱਤ-ਵੇਤਾ ਅਧਿਆਤਮਵਾਦੀਆਂ ਨੇ ਸਤਿ, ਚਿੱਤ, ਅਨੰਦ[1] (ਸਚਦਾਨੰਦ) ਕਰਕੇ ਬਿਆਨਿਆਂ ਹੈ। ਵਿਰੋਧੀ ਤੱਤਾਂ ਨੂੰ ਮੇਲ ਕੇ ਉਹ ਕਿਵੇਂ ਸ੍ਰਿਸ਼ਟੀ ਨੂੰ ਰਚਦੀ ਹੈ, ਇਸ ਸੰਬੰਧ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅ-ਕੱਟ ਗਵਾਹੀ ਹੈ :—

ਪਉਣ ਉਪਾਇ ਧਰੀ ਸਭ ਧਰਤੀ; ਜਲ ਅਗਨੀ ਕਾ ਬੰਧੁ ਕੀਆ ॥ (358)

ਸ਼ਰੋਮਣੀ ਭਗਤ ਕਬੀਰ ਜੀ ਪ੍ਰਭੂ-ਰਚਨਾ ਨੂੰ ਇਕ ਵਚਿੱਤ੍ਰ ਚਿਤ੍ਰ ਦਸਦੇ ਹੋਏ, ਨਾਲ ਹੀ ਭਰਪੂਰ ਪ੍ਰੇਰਨਾ ਵੀ ਦਿੰਦੇ ਹਨ ਕਿ ਕੁਦਰਤ ਦੇ ਇਸ ਚਿਤ੍ਰ ਵਿਚ ਉਲਝ ਜਾਣ ਦੀ ਥਾਂ, ਐ ਮਨੁੱਖ ! ਤੂੰ ਚਿਤ੍ਰਕਾਰ ਨੂੰ ਚਿੱਤ ਵਿੱਚ ਰੱਖ। ਕੁਦਰਤ ਤੋਂ ਕਾਦਰ ਨੂੰ ਜਾਣ ਤੇ ਉਸ ਨਾਲ ਇਕ ਸੁਰ (Intune) ਹੋਣ ਲਈ ਹੰਭਲਾ ਮਾਰ।

1. ਸਦਾ ਸਚਦਾਨੰਦ, ਸਤ੍ਰੰ ਪ੍ਰਣਾਸੀ। (ਸ੍ਰੀ ਗੁਰੂ ਗੋਬਿੰਦ ਸਿੰਘ, ਜਾਪੁ ਸਾਹਿਬ)

ਚਚਾ, ਰਚਿਤ ਚਿਤ੍ਰ ਹੈ ਭਾਰੀ ॥ ਤਜ ਚਿਤ੍ਰੈ, ਚੇਤਹੁ ਚਿਤਕਾਰੀ ॥
ਚਿਤ੍ਰ ਬਚਿਤ੍ਰ ਇਹੈ ਅਵਝੇਰਾ ॥ ਤਜ ਚਿਤਰੈ, ਚਿਤੁ ਰਾਖਿ ਚਿਤੇਰਾ ॥ (ਪੰ: 350)

ਫੇਰ ਧਰਤੀ ਵੱਲੋਂ ਹੱਟ ਕੇ, ਜਦ ਅਸੀਂ ਆਕਾਸ਼ ਵਲ ਵੇਖਦੇ ਹਾਂ, ਤਾਂ ਸੂਰਜ ਦੇ ਚਾਨਣ ਕਰਨ, ਨਿੱਘ ਦੇਣ ਤੇ ਜੀਵਨ ਨੂੰ ਕਾਇਮ ਰੱਖਣ ਦੇ ਗੁਣਾਂ ਨੂੰ ਤੱਕ ਕੇ ਹੈਰਤ ਦੇ ਆਲਮ ਵਿੱਚ ਗਵਾਚ ਜਾਂਦੇ ਹਾਂ। ਇਸ ਤੋਂ ਅਗੇਰੇ ਜਦ ਤਾਰਾ-ਮੰਡਲ ਨੂੰ ਇਕ ਬਝਵੇਂ ਨੇਮ ਵਿੱਚ ਘੁੰਮਦਾ ਵੇਖਦੇ ਹਾਂ, ਤਾਂ ਹੋਰ ਵੀ, ਦਿਸਦੇ ਸੰਸਾਰ ਦੇ ਪਿੱਛੇ ਅਣਦਿਸਦੀ ਮਹਾਨ ਸ਼ਕਤੀ ਦੀ ਪ੍ਰਤੀਤ ਆਉਂਦੀ ਹੈ, ਜਿਸ ਨੇ ਕੇਵਲ ਇਹ ਸਾਡੀ ਧਰਤੀ ਹੀ ਨਹੀਂ; ਸਗੋਂ, ਪਰੇ, ਹੋਰ ਹੋਰ ਧਰਤੀਆਂ ਅਤੇ ਮੰਡਲਾਂ, ਖੰਡਾਂ, ਬ੍ਰਹਮੰਡਾਂ ਨੂੰ ਵੀ ਆਪਣੇ ਸੂਤ ਵਿਚ ਪ੍ਰੋ ਰਖਿਆ ਹੈ। ਵਾਚੋ, ਵਿਗਿਆਨੀਆਂ ਵਲੋਂ ਸਾਡੇ ਛੋਟੇ ਜਿਹੇ ਸੂਰਜ-ਮੰਡਲ ਦੀ ਕਹਾਣੀ :—

ਸਾਡੀ ਧਰਤੀ ਦਾ ਗੋਲਾ 7927 ਮੀਲ ਚੌੜਾ ਹੈ, ਜੋ ਆਪ ਤੋਂ 333500 ਗੁਣਾਂ ਵੱਡੇ ਸੂਰਜ ਦੇ ਗਿਰਦ, 9 ਕਰੋੜ 30 ਲੱਖ ਮੀਲ ਦੀ ਦੂਰੀ ਉੱਤੇ, 18.5 ਮੀਲ ਪ੍ਰਤਿ ਸੈਕੰਡ ਦੀ, ਚਾਲ ਨਾਲ ਘੁੰਮ ਰਿਹਾ ਹੈ। ਸੂਰਜ ਤੋਂ ਉਠਦੇ ਕਿਸੇ ਵੀ ਚੰਗਿਆੜੇ ਨਾਲ ਅਜੇਹੀਆਂ ਸੈਂਕੜੇ ਧਰਤੀਆਂ ਇਵੇਂ ਭਸਮ ਹੋ ਸਕਦੀਆਂ ਹਨ, ਜਿਵੇਂ ਅੱਗ ਦੀ ਭੱਠੀ ਵਿੱਚ ਪਏ ਮਟਰਾਂ ਦੇ ਦਾਣੇ। ਸਾਡੀ ਧਰਤੀ ਦਾ ਸੂਰਜ, ਇਕ ਸੈਕੰਡ ਵਿੱਚ, ਇਤਨੀ ਸ਼ਕਤੀ ਛੱਡਦਾ ਹੈ, ਜਿਤਨੀ ਮਨੁਖ ਦੀ ਸਭਯਤਾ ਦੇ ਆਰੰਭ ਤੋਂ ਲੈ ਕੇ, ਹੁਣ ਤੱਕ, ਵਰਤੋਂ ਵਿੱਚ ਲਿਆਂਦੀ ਗਈ। ਸਾਡੀ ਧਰਤੀ ਨੂੰ ਸੂਰਜ ਵੱਲੋਂ ਛੱਡੀ ਜਾ ਰਹੀ ਸ਼ਕਤੀ ਦਾ, ਦੋ ਸੌ ਕ੍ਰੋੜਵਾਂ ਹਿੱਸਾ ਮਿਲਦਾ ਹੈ। ਸੂਰਜ ਦੇ ਗਿਰਦ ਅਤੀ ਚਮਤਕਾਰ ਪ੍ਰਦਰਸ਼ਨੀ ਗੈਸ ਹੈ, ਜਿਸ ਦੀ ਮੋਟਾਈ 300 ਕਿਲੋ ਮੀਟਰ ਦੇ ਕਰੀਬ ਹੈ। ਸੂਰਜ ਮੰਡਲ ਦੇ ਕੁਲ ਵੱਡੇ ਛੋਟੇ ਗ੍ਰਹਿ, ਜਿਨ੍ਹਾਂ ਦੀ ਗਿਣਤੀ ਇਕ ਹਜ਼ਾਰ ਹੈ, ਦਾ ਆਕਾਰ ਸੂਰਜ ਦੇ ਟਾਕਰੇ ਵਿਚ ਕੇਵਲ .13 ਹੈ ਤੇ ਸੂਰਜ ਇਕੱਲੇ ਦਾ 99.87। ਸੂਰਜ ਦੇ ਆਕਾਰ (ਭਾਰ) ਵਿੱਚ, ਫੀ ਸੈਕੰਡ, ਚਾਲੀ ਲੱਖ ਟਨ ਵਜ਼ਨ ਦੀ ਕਮੀ ਹੁੰਦੀ ਹੈ, ਪ੍ਰੰਤੂ, ਇਸ ਹਿਸਾਬ ਨਾਲ ਖੁਰਨ (ਘਟਣ) ਦੇ ਬਾਵਜੂਦ, ਸੂਰਜ 8 ਅਰਬ ਸਾਲ ਕੱਢ ਜਾਵੇਗਾ।

ਰੌਸ਼ਨੀ 186281 ਮੀਲ ਫੀ ਸੈਕੰਡ ਦੀ ਰਫਤਾਰ ਨਾਲ ਚਲਦੀ, ਅਤੇ ਧਰਤੀ ਤੱਕ ਆਉਂਦਿਆਂ 8 ਮਿੰਟ ਦਾ ਸਮਾਂ ਲੈਂਦੀ ਹੈ। ਪ੍ਰੰਤੂ ਦਖਣੀ ਖੰਡ ਦੇ ਦੂਜੇ ਸੂਰਜ 'ਪ੍ਰੌਕਸ ਸੈਨਾਟਾਰੀ' ਦੀ ਰੌਸ਼ਨੀ ਨੂੰ ਧਰਤੀ ਤਕ ਪੁੱਜਣ ਲਈ 4.34 ਰੌਸ਼ਨੀ-ਸਾਲ ਲਗਦੇ ਹਨ। ਚੇਤੇ ਰਹੇ ਕਿ ਰੌਸ਼ਨੀ ਇਕ ਸਾਲ ਵਿਚ 60 ਅਰਬ ਮੀਲ ਦੇ ਕਰੀਬ ਤੁਰਦੀ ਹੈ। ਸਾਡੀ ਧਰਤੀ ਵਾਂਗ, ਅੱਠ ਹੋਰ ਵੱਡੇ ਗ੍ਰਹਿ ਵੀ ਸੂਰਜ ਦੇ ਗਿਰਦ ਘੁੰਮਦੇ ਹਨ। ਕੁਦਰਤ ਦਾ ਅਪੂਰਵ ਪ੍ਰਬੰਧ ਵੇਖੋ ਕਿ ਜਿਤਨਾ ਕੋਈ ਗ੍ਰਹਿ ਸੂਰਜ ਦੇ ਨੇੜੇ ਹੈ, ਉਤਨੀ ਹੀ, ਉਸ ਦੀ ਰਫਤਾਰ, ਤੇਜ਼ ਹੈ, ਤਾਂ ਜੋ ਉਹ ਸੂਰਜ ਵਲ ਖਿੱਚਿਆ ਨ ਜਾ ਸਕੇ। ਸਭ ਤੋਂ ਅਖੀਰਲਾ ਗ੍ਰਹਿ ਪਲੂਟੋ (Pluto), ਜੋ ਜੁਪੀਟਰ ਵਾਂਗ ਸਾਡੀ ਧਰਤੀ ਨਾਲੋਂ ਕਈ ਗੁਣਾ ਵੱਡਾ ਹੈ, 3 ਅਰਬ 6 ਕ੍ਰੋੜ ਮੀਲ ਦੀ ਦੂਰੀ ਉੱਤੇ, ਕੇਵਲ 3 ਮੀਲ ਫੀ ਸੈਕੰਡ ਦੇ ਹਿਸਾਬ ਨਾਲ ਘੁੰਮ ਰਿਹਾ ਹੈ। ਸੂਰਜ ਮੰਡਲ, ਜਿਸ ਦਾ ਸਾਡੀ ਧਰਤੀ ਇਕ ਛੋਟਾ ਜਿਹਾ ਹਿਸਾ ਹੈ, ਇਕ ਪਾਸੇ ਤੋਂ ਦੂਜੇ ਤੱਕ, ਅੱਠ ਕੁ ਅਰਬ ਮੀਲ ਲੰਬਾ ਤੇ ਇਤਨਾ ਹੀ ਚੋੜਾ ਹੈ।

ਜਿਸ ਬ੍ਰਹਮੰਡ ਦਾ, ਸਾਡਾ ਸੂਰਜ-ਮੰਡਲ, ਇਕ ਨਿਗੂਣਾ ਜਿਹਾ ਹਿੱਸਾ ਹੈ, ਉਸ ਵਿੱਚ ਲਗਭਗ ਇਕ ਖਰਬ ਅਜਿਹੇ ਹੋਰ ਸੂਰਜ-ਮੰਡਲ ਹਨ। ਇਸ ਇੱਕ ਬ੍ਰਹਮੰਡ ਦੀ ਲੰਬਾਈ ਇਤਨੀ ਵੱਡੀ ਹੈ ਕਿ ਸੂਰਜ ਦੀ ਰੋਸ਼ਨੀ ਨੂੰ ਇਕ ਸਿਰੇ ਤੋਂ ਦੂਜੇ ਸਿਰੇ ਤਕ ਜਾਣ ਲਈ, 90 ਹਜ਼ਾਰ ਰੋਸ਼ਨੀ-ਸਾਲ (Light years) ਲਗ ਜਾਂਦੇ ਹਨ।

ਇਹ ਹੈ ਕਿਨਕਾ ਮਾਤ੍ਰ ਜ਼ਿਕਰ ਕੇਵਲ ਖਗੋਲ ਵਿਦਿਆ (Astronomy) ਦੇ ਬੇਅੰਤ ਭੰਡਾਰ ਵਿਚੋਂ, ਜੋ ਸੰਸਾਰ ਦੀਆਂ ਛੇ ਪ੍ਰਮੁਖ ਸਿਖਿਆਵਾਂ ਵਿਚੋਂ ਇਕ 'ਵਿਦਿਆ' ਗਿਣੀ ਜਾਂਦੀ ਹੈ। ਇਸ ਸੰਬੰਧ ਵਿੱਚ ਸ੍ਰੀ ਗੁਰੂ ਅਰਜੁਨ ਦੇਵ ਜੀ ਦਾ ਇਹ ਅਨੁਭਵੀ ਵਾਕ ਕਿਤਨਾ ਯਥਾਰਥ, ਭਾਵ-ਪੂਰਤ, ਰਹੱਸ-ਮਈ ਤੇ ਪ੍ਰਭੂ ਦੀ ਪਰਮ ਸੱਤਾ, ਬੇਅੰਤਤਾ ਤੇ ਹੋਂਦ ਦਾ ਮਜ਼ਹਰ (ਸੂਚਕ) ਹੈ, ਪਾਠਕ ਜੀ ਆਪ ਹੀ ਅੰਦਾਜ਼ਾ ਲਾ ਲੈਣ :

'ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ, ਸਰਬ ਜੀਆ ਕਾ ਦਾਤਾ ਰੇ ॥
ਪ੍ਰਤਿਪਾਲੈ ਨਿਤ ਸਾਰਿ ਸਮਾਲੈ, ਇਕੁ ਗੁਨੁ ਨਹੀ ਮੂਰਖ ਜਾਤਾ ਰੇ ॥1॥
ਹਰਿ ਆਰਾਧ, ਨ ਜਾਨਾ ਰੇ ॥ ਹਰਿ ਹਰਿ ਗੁਰੁ ਗੁਰੁ ਕਰਤਾ ਰੇ ॥
ਹਰਿ ਜੀਉ ! ਨਾਮੁ ਪਰਿਓ ਰਾਮ ਦਾਸੁ ॥ (ਪੰ: 612)

ਕੁਦਰਤ ਦੀ ਬੇਅੰਤਤਾ ਬਾਰੇ ਇਹ ਤੇ ਏਹੋ ਜਿਹੇ ਹੋਰ ਚਮਤਕਾਰ ਸਾਨੂੰ ਨਿਸਚਾ ਕਰਾਉਂਦੇ ਹਨ ਕਿ ਸਹਜੇ ਹੀ, ਐਸੇ ਬਝਵੇਂ ਨਿਯਮਾਂ ਨੂੰ ਘੜਨ ਤੇ ਚਲਾਉਣ ਵਾਲੀ ਕੋਈ ਧਰਮ ਸੱਤਾ ਹੈ, ਜੋ ਇਹਨਾਂ ਨੇਤਰਾਂ ਨਾਲ ਨਹੀਂ ਵੇਖੀ ਜਾ ਸਕਦੀ, ਤੇ ਨਾ ਹੀ ਕਿਸੇ ਹੋਰ ਪ੍ਰਤੱਖ ਪ੍ਰਮਾਣ ਨਾਲ ਸਿੱਧ ਹੋ ਸਕਦੀ ਹੈ। ਐਸੀ ਸਰਬ-ਸਮਰਥ Totality (ਸਮਸਤਤਾ) ਨੂੰ ਅਧਿਆਤਮ-ਵਾਦੀਆਂ ਨੇ ਰੱਬ God ਜਾਂ ਵਾਹਿਗੁਰੂ ਦੀ ਸੰਗਿਆ ਦਿੱਤੀ ਹੈ।

(2)

ਹੁਣ ਜਦ, ਅਸੀਂ ਮਨੁਖ ਦੀ ਆਪਣੀ ਬਣਤਰ ਵਲ ਝਾਤ ਮਾਰਦੇ ਹਾਂ, ਤਾਂ ਵੇਖਦੇ ਹਾਂ ਕਿ ਇਸ ਦਾ ਸਰੀਰ ਜੀਉਂਦਾ ਸਰੀਰ ਹੈ, ਜੋ ਬਾਕੀ ਵਸਤਾਂ ਵਾਂਗ ਹੀ ਕੁਦਰਤੀ ਨੇਮਾਂ ਦੇ ਅਧੀਨ ਬਣਦਾ ਤੇ ਬਿਨਸਦਾ ਹੈ। ਸਰੀਰ ਵਿਚ ਦਿਮਾਗ ਦੇ ਰੂਪ ਵਿੱਚ ਚੇਤਨ ਤੇ ਚਿੰਤਨ ਸ਼ਕਤੀ ਹੈ, ਜਿਸ ਨੂੰ ਵੱਖ ਵੱਖ ਰੂਪਾਂ, ਰੰਗਾਂ ਤੇ ਕਰਤਵਾਂ ਕਾਰਨ, ਕਿਤੇ ਆਤਮਾ ਤੇ ਮਨ[1] ਅਤੇ ਕਿਤੇ ਅੰਤਹ ਕਰਣ, ਅਥਵਾ ਇਸ ਦੇ ਚਾਰ ਹਿੱਸਿਆਂ—ਮਨ, ਬੁੱਧ ਚਿਤ ਹੰਕਾਰ ਵਿਚ ਵੰਡਿਆ ਗਿਆ ਹੈ : 'ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥' (ਜਪੁ ਜੀ—ਪੰ: 36) ਇਹ ਸ਼ਕਤੀ ਮਨੁਖ ਦੀਆਂ ਰੁਚੀਆਂ ਨੂੰ ਆਪਣੇ ਵੱਸ ਵਿੱਚ ਤੋਰਨ ਦਾ ਬਲ ਰਖਦੀ ਹੈ। ਅਸਲ ਵਿੱਚ ਇਹ ਵੀਚਾਰ ਸ਼ਕਤੀ ਹੀ ਮਨੁਖ ਨੂੰ ਚਉਰਾਸੀ ਜੂਨਾਂ ਦਾ ਸਰਦਾਰ ਥਾਪਦੀ ਹੈ। ਪੰਜਵੇਂ ਗੁਰਦੇਵ ਤੇ ਭਾਈ ਗੁਰਦਾਸ

---

1. (ੳ) ਮਨ ਤੂ ਜੋਤਿ ਸਰੂਪੁ ਹੈ ? ਆਪਣਾ ਮੂਲੁ ਪਛਾਣੁ ॥ (ਮ: 3, ਪੰ. 441)
(ਅ) ਕਹੁ ਕਬੀਰ ਜੋ ਜਾਨੈ ਭੇਉ ॥ ਮਨੁ ਮਧੁ ਸੂਦਨੁ, ਤ੍ਰਿਭਵਨ ਦੇਉ ॥ (329)
(ੲ) ਪੰਚ ਭੂ ਆਤਮਾ, ਹਰਿ ਨਾਮ ਰਸਿ ਪੋਖੈ ॥ (ਮ: 5, ਪੰ: 299)
(ਭਾਵ— ਪੰਜ ਤੱਤਾਂ ਦਾ ਸੂਖਮ ਅੰਗ, ਆਤਮਾ, (ਮਨ), ਹਰੀ ਨਾਮ ਨਾਲ ਪਲਦਾ ਹੈ।

ਜੀ ਦੇ ਫੁਰਮਾਨ ਹਨ :

(ੳ) ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥ (ਪੰ: 374)

(ਅ) ਚਉਰਾਸੀ ਲਖ ਜੋਨਿ ਵਿਚਿ, ਉਤਮ ਜਨਮੁ ਸੁ ਮਾਣਸਿ ਦੇਹੀ ॥ (ਵਾਰ ਪਹਿਲੀ ਪਉ. 3)

ਮਨੁਖ ਨੂੰ ਬਾਕੀ ਜੀਵਾਂ ਤੋਂ ਕੇਵਲ ਇਕ ਉਹੀ ਚੀਜ਼ ਨਿਖੇੜਦੀ ਤੇ ਬਰਤਰੀ ਬਖਸ਼ਦੀ ਹੈ, ਅਤੇ ਉਹ ਹੈ ਇਸ ਦੇ ਅੰਦਰ ਪ੍ਰਮਾਤਮਾ ਦੀ ਹੋਂਦ ਦੀ ਅਨੁਭਵਤਾ। ਇਹ ਅਨੁਭਵਤਾ ਬਾਕੀ ਜੀਵਾਂ ਵਿੱਚ ਨਹੀਂ। ਇਨਸਾਨ ਦਾ ਮੁਢਲਾ ਇਤਿਹਾਸ ਦਸਦਾ ਹੈ ਕਿ ਇਹ ਇਕ ਜਾਂ ਦੂਜੇ ਢੰਗ ਤੇ ਰੂਪ ਵਿੱਚ, ਰੱਬ ਦਾ ਉਪਾਸ਼ਕ ਰਿਹਾ ਹੈ। ਇਹ ਉਪਾਸ਼ਨਾ ਕਦੀ ਕੁਦਰਤ ਵਿੱਚ ਵਰਤਦੀਆਂ ਸ਼ਕਤੀਆਂ ਦੇ ਰੂਪ ਵਿੱਚ, ਕਦੀ ਤਿੰਨਾਂ ਦੇਵਤਿਆਂ ਦੀ ਵੰਡ ਵਿੱਚ, ਕਦੀ ਸ਼ਖਸੀ ਖ਼ੁਦਾ ਮਿੱਥ ਕੇ ਅਤੇ ਕਦੀ ਨਿਰਗੁਣ ਤੇ ਸਰਗੁਣ ਬ੍ਰਹਮ ਕਲਪ ਕੇ ਕੀਤੀ ਗਈ ਹੈ; ਪ੍ਰੰਤੂ ਇਹ ਹਕੀਕਤ ਮੰਨਣੀ ਪਵੇਗੀ ਕਿ ਰੱਬ ਦੀ ਹੋਂਦ ਤੇ ਅਨੁਭਵਤਾ, ਮਨੁਖੀ ਵੀਚਾਰ ਦੇ ਵਿਕਾਸ ਦਾ ਸਿੱਟਾ ਹੈ। ਮਨੁਖ ਅੰਦਰ ਇਹ ਕੁਦਰਤੀ ਜਾਂ ਸੁਭਾਵਕ ਅਨੁਭਵਤਾ ਤੇ ਅਹਿਸਾਸ ਪੈਦਾ ਕਰਨ ਵਾਲਾ ਵੀ, ਹਰੀ ਆਪ ਹੀ ਹੋ ਸਕਦਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਜੇ ਸਰਬ ਸ਼ਕਤੀਮਾਨ ਰੱਬ ਜੈਸੀ ਕੋਈ ਹਸਤੀ ਨਹੀਂ, ਤਾਂ ਉਸ ਨੇ ਮਨੁਖ 'ਚ ਰੱਬ ਜੈਸੀ ਹੋਂਦ ਦਾ ਸਹਿਜ-ਗਿਆਨ (ਅਹਿਸਾਸ) ਪਾਇਆ ਹੀ ਕਿਉਂ[1] ? ਇਸ ਪ੍ਰਸ਼ਨ ਦਾ ਉੱਤਰ ਲੱਭਣ ਤੇ ਵੀਚਾਰਨ ਤੋਂ ਪਹਿਲਾਂ, ਆਓ ਅਸੀਂ ਇਸ ਗੱਲ ਉਤੇ ਵੀਚਾਰ ਕਰੀਏ ਕਿ ਸਾਡੇ ਅੰਦਰ ਰੱਬ ਸੰਬੰਧੀ ਕਿਸ ਤਰ੍ਹਾਂ ਦੇ ਵੀਚਾਰ ਹਨ :—

'ਵਾਹਿਗੁਰੂ' ਮਨੁਖ ਦਾ ਰਚਣਹਾਰਾ ਕਰਤਾ ਹੈ। ਇਸ ਲਈ ਮਨੁਖ ਆਪਣੇ ਤੌਰ ਉਤੇ ਆਪਣੇ ਅੰਦਰ ਕੋਈ ਅਜੇਹੀ ਵਸਤੂ ਰੱਖ ਜਾਂ ਪੈਦਾ ਨਹੀਂ ਕਰ ਸਕਦਾ, ਜੋ ਰੱਬੀ ਨ ਹੋਵੇ। ਹਰੇਕ ਪ੍ਰਾਣੀ ਅੰਦਰ ਨੇਕੀ, ਨਿਆਂ, ਸਤਿ, ਸੰਤੋਖ, ਨਿਰਭੈਤਾ ਅਤੇ ਨਿਰਵੈਰਤਾ ਦੇ ਭਾਵ ਹਨ। ਹਰੇਕ ਸਾਹਮਣੇ ਇਕ ਉੱਚਾ ਨਿਸ਼ਾਨਾ ਤੇ ਆਦਰਸ਼ ਹੈ। ਸਾਡੇ ਮਨ ਵਿੱਚ ਅਜਿਹੇ ਉਚ-ਭਾਵ ਰੱਬ ਹੀ ਪੈਦਾ ਕਰਦਾ ਹੈ। ਏਸੇ ਲਈ, ਉਹ 'ਆਪ' ਇਹਨਾਂ ਸਾਰੇ ਸ਼ੁਭ ਗੁਣਾਂ ਦਾ ਸੋਮਾ (Source) ਮੰਨਿਆ ਜਾਂਦਾ ਹੈ।

ਸਾਡੇ ਪਾਸ ਅਗਲੀ ਦੁਨੀਆਂ ਦਾ ਕੋਈ ਪ੍ਰਤੱਖ ਸਬੂਤ ਨਹੀਂ। ਪ੍ਰੰਤੂ, ਵਿਗਿਆਨਿਕ ਖੋਜਾਂ ਦਾ ਇਹ ਸਿੱਟਾ ਹੈ ਕਿ ਕਿਸੇ ਪਦਾਰਥ ਦਾ ਵੀ ਪੂਰਨ ਤੌਰ ਉੱਤੇ ਵਿਨਾਸ ਨਹੀਂ ਹੁੰਦਾ। ਕੇਵਲ ਪ੍ਰਗਟ ਰੂਪ ਵਿਚ ਤਬਦੀਲੀ ਵਾਪਰਦੀ ਹੈ। ਜੇ ਇਹ ਮਾਦੀ ਵਸਤਾਂ ਦੀ ਸੂਰਤ ਵਿਚ ਸਚਾਈ ਹੈ, ਤਾਂ ਆਤਮਕ ਵਸਤੂਆਂ ਦੀ ਹਾਲਤ ਵਿਚ ਕਿਉਂ ਨਹੀਂ ? ਨਿਰਸੰਦੇਹ ਸਾਡੀ ਆਤਮਾ ਮੌਤ ਉਪ੍ਰੰਤ ਨਾਸ ਨਹੀਂ ਹੁੰਦੀ, ਅਤੇ ਅਸਥੂਲ ਸਰੀਰ ਦਾ ਹਰੇਕ ਪ੍ਰਮਾਣੂ ਵੀ ਕਾਇਮ ਰਹਿੰਦਾ ਹੈ :

'ਮਰਣਹਾਰੁ ਇਹੁ ਜੀਅਰਾ ਨਾਹੀ ॥' (ਮ: 5, ਪੰ. 188)

ਨਾਸਤਕ ਤੇ ਮਾਦਾ-ਪ੍ਰਸਤ ਲੋਕ ਵੀ, ਜੋ ਆਤਮਾ, ਪ੍ਰਮਾਤਮਾ ਤੇ ਪ੍ਰਲੋਕ ਵਿੱਚ ਵਿਸ਼ਵਾਸ

---

(1) 'ਅਗਰ ਕੋਈ ਸ਼ੈਅ (ਰੱਬ ਵਸਤੂ) ਨਹੀਂ ਪਿੰਨਹਾ, ਤੋ ਕਿਉਂ ਸਰਾਪਾ ਤਲਾਸ਼ ਹੂੰ ਮੈਂ।
ਨਿਗਾਹ ਕੋ ਨਜ਼ਾਰੇ ਕੀ ਤਮੰਨਾ ਹੈ, ਦਿਲ ਕੋ ਆਰਜ਼ੂ ਹੈ ਜੁਸਤਜੂ ਕੀ। (ਇਕਬਾਲ)

ਨਹੀਂ ਰਖਦੇ, ਉਹ ਵੀ ਇਹ ਮੰਨਦੇ ਹਨ ਕਿ ਮੌਤ ਉਪ੍ਰੰਤ ਸਰੀਰ ਦੇ ਤੱਤ (ਅਨਾਸਰ) ਨਾਸ਼ ਨਹੀਂ ਹੁੰਦੇ, ਸਗੋਂ, ਵੱਖ ਵੱਖ ਹੋ ਕੇ ਆਪਣੇ ਆਪਣੇ ਤੱਤਾਂ ਵਿੱਚ ਮਿਲ ਜਾਂਦੇ ਹਨ। ਉਹਨਾਂ ਦੇ ਵੀਚਾਰਾਂ ਦੀ ਤਰਜਮਾਨੀ ਸ਼ਾਇਰ ਇਉਂ ਕਰਦਾ ਹੈ :—

ਜ਼ਿੰਦਗੀ ਕਿਆ ਹੈ ? ਅਨਾਸਰ ਮੇਂ ਜ਼ਹੂਰਿ ਤਰਤੀਬ,
ਮੌਤ ਕਿਆ ਹੈ ? ਇਨਹੀ ਅਜਜ਼ਾ ਕਾ ਪ੍ਰੇਸ਼ਾਂ ਹੋਨਾ।

ਸਵਾਲ ਪੈਦਾ ਹੁੰਦਾ ਹੈ ਕਿ ਜਦ ਸਾਡੇ ਪਾਸ ਰੱਬ ਦੀ ਹੋਂਦ ਦਾ ਕੋਈ ਪ੍ਰਤੱਖ ਸਬੂਤ ਨਹੀਂ, ਤਾਂ ਫੇਰ ਉਸ ਨੇ ਸਾਡੇ ਅੰਦਰ ਅਗਲੀ ਜ਼ਿੰਦਗੀ ਦੀ ਸੂਝ ਤੇ ਸੋਚ ਹੀ ਕਿਉਂ ਪਾਈ ? ਸੋਚ ਤੇ ਵੀਚਾਰ ਦੀ ਡੂੰਘਾਈ ਵਿਚ ਜਾ ਕੇ ਅਸੀਂ ਵੇਖਦੇ ਹਾਂ ਕਿ ਸਾਡੇ ਅੰਦਰ ਗੁਪਤ ਤੌਰ ਉੱਤੇ ਇਕ ਆਤਮਕ ਅਵਾਜ਼ ਕੰਮ ਕਰਦੀ ਹੈ, ਜੋ ਸਾਨੂੰ ਚੰਗੇ ਮੰਦੇ ਕੰਮਾਂ ਦੀ ਸੂਝ ਬੂਝ ਹੀ ਨਹੀਂ ਦੇਂਦੀ, ਸਗੋਂ, ਸਾਨੂੰ ਮੰਦੇ ਕੰਮਾਂ ਵੱਲੋਂ ਹੋੜਦੀ ਤੇ ਟੁੰਬ ਕੇ ਇਉਂ ਆਖਦੀ ਰਹਿੰਦੀ ਹੈ :

'ਐ ਬੰਦੇ ! ਤੇਰਾ ਅਸਲਾ ਉੱਚਾ ਹੈ, ਤੂੰ ਜੋਤਿ ਸਰੂਪ ਹੈਂ। ਤੂੰ ਫਰਸ਼ੀ ਨਹੀਂ, ਅਰਸ਼ੀ ਹੈਂ। ਤੂੰ ਨਾਰੀ ਨਹੀਂ, ਨੂਰੀ ਹੈਂ। ਤੇਰਾ ਵਾਸਾ ਤਾਂ ਆਕਾਸ਼ ਉੱਤੇ ਹੈ, ਫਿਰ ਤੂੰ ਫਰਸ਼ ਦੀ ਵਾਸਨਾ-ਰੂਪੀ ਗੰਦਗੀ ਵਿੱਚ ਉਲਝ ਕੇ, ਆਪਣੇ ਅਸਲੇ ਨੂੰ ਭੁੱਲ ਕੇ, ਪੈਰ ਪੈਰ ਉੱਤੇ ਠੋਕਰਾਂ ਕਿਉਂ ਖਾ ਰਿਹਾ ਹੈਂ ?'

ਇਸ ਅੰਦਰਲੀ ਆਵਾਜ਼ ਵਿੱਚ ਹੀ ਉਤਲੇ ਪ੍ਰਸ਼ਨ ਦਾ ਉੱਤਰ ਹੈ।

(3)

Logic ਅਥਵਾ ਨਿਆਇ ਸ਼ਾਸਤਰ ਦੇ ਤਰਕ ਅਨੁਸਾਰ ਕਿਸੇ ਸਿਧਾਂਤ ਜਾਂ ਵਸਤੂ ਨੂੰ ਸਿੱਧ ਕਰਨ ਲਈ ਮੋਟੇ ਤੌਰ ਉਤੇ ਇਹ ਚਾਰ ਪ੍ਰਕਾਰ ਦੇ ਪ੍ਰਮਾਣ ਵਰਤੇ ਜਾਂਦੇ ਹਨ :—

(ੳ) ਪ੍ਰਤੱਖ ਪ੍ਰਮਾਣ : ਕਿਸੇ ਵਸਤੂ ਨੂੰ ਆਪਣੀ ਗਿਆਨ ਇੰਦਰੀਆਂ ਦੁਆਰਾ ਪ੍ਰਤੱਖ ਤੌਰ ਉੱਤੇ ਜਾਣ ਲੈਣਾ। ਪ੍ਰੰਤੂ, ਵਾਹਿਗੁਰੂ ਨੂੰ ਅਸੀਂ ਇਹਨਾਂ ਅੱਖਾਂ, ਨੱਕ, ਕੰਨ, ਤੁਚਾ, ਆਦਿ ਦੁਆਰਾ ਪ੍ਰਤੱਖ ਤੌਰ ਉਤੇ ਵੇਖ, ਸੁਣ ਸੁੰਘ ਜਾਂ ਸਪਰਸ਼ ਨਹੀਂ ਕਰ ਸਕਦੇ। ਪ੍ਰਮਾਤਮਾ ਅਰੂਪ, ਅਗੰਮ, ਅਗੋਚਰ ਤੇ ਚਕਰ ਚਿਹਨ ਆਦਿ ਤੋਂ ਰਹਿਤ ਹੈ :

'ਚੱਕ੍ਰ ਚਿਹਨ ਅਰੁ ਬਰਨ ਜਾਤਿ, ਅਰੁ ਪਾਤਿ ਨਹਿਨ ਜਿਹ ॥'
ਰੂਪ ਰੰਗ ਅਰੁ ਰੇਖ ਭੇਖ, ਕੋਊ ਕਹਿ ਨ ਸਕਤ ਕਿਹ ॥ (ਜਾਪੁ, ਪ: 10)

(ਅ) ਉਪਮਾ ਪ੍ਰਮਾਣ : ਪ੍ਰਮਾਤਮਾ ਅਦੁੱਤੀ ਹੈ, ਸੋ ਉਪਮਾ-ਰਹਿਤ ਹੈ। ਕੋਈ ਵਸਤੂ ਐਸੀ ਨਹੀਂ, ਜਿਸ ਨੂੰ ਪੂਰਨ ਤੌਰ ਉਤੇ ਉਸ ਨਾਲ ਉਪਮਾ ਦਿੱਤੀ ਜਾ ਸਕੇ। ਪ੍ਰਮਾਤਮਾ—ਸੰਬੰਧਕ ਗੁਰਵਾਕ ਹੈ :

'ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ, ਤੁਧੁ ਜੇਵਡੁ ਤੂਹੈ ਹੋਈ ॥ (ਪੰ: 549)

ਇਹ ਠੀਕ ਹੈ ਕਿ ਕਦੀ ਉਸ ਨੂੰ ਸਾਗਰ ਨਾਲ, ਕਦੀ ਸੂਰਜ ਨਾਲ ਤੇ ਕਦੀ ਪਾਤਸ਼ਾਹ ਨਾਲ ਤਸ਼ਬੀਅ (ਉਪਮਾ) ਦਿੱਤੀ ਜਾਂਦੀ ਹੈ, ਪ੍ਰੰਤੂ ਇਹ ਖਿਆਨ ਅਧੂਰਾ ਹੈ, ਮਨੁੱਖ ਦਾ ਇਕ ਨਿਮਾਣਾ ਜਿਹਾ ਸੀਮਤ ਜਤਨ, ਬੁਲਬੁਲੇ ਦਾ ਸਾਗਰ ਦੀ ਸੀਮਾ ਨੂੰ ਜਾਣ ਲੈਣ

ਦਾ ਨਿਰਾਰਥ ਤਰਲਾ ਹੈ।

(ੲ) ਅਨੁਮਾਨ ਪ੍ਰਮਾਣ : ਜੰਗਲ ਵਿੱਚ ਦੂਰ ਧੂਏਂ ਨੂੰ ਵੇਖ ਕੇ ਅੱਗ ਦਾ ਅਨੁਮਾਨ ਲਾਇਆ ਜਾ ਸਕਦਾ ਹੈ; ਪ੍ਰੰਤੂ ਧੂੰਆਂ ਅੱਗ ਨਹੀਂ। ਮਨੁੱਖ ਦੀ ਸ਼ਕਤੀ ਅਤਿ ਸੀਮਤ ਹੈ, ਇਸ ਲਈ ਇਸ ਦੇ ਅਨੁਮਾਨ ਵੀ ਮਹਦੂਦ ਹਨ। ਜਿਨ੍ਹਾਂ ਇੰਦਰੀਆਂ ਦੁਆਰਾ ਲੱਖ ਕੇ (ਜਾਣ ਕੇ) ਇਸ ਦੀ ਬੁੱਧੀ ਨੇ ਅਨੁਮਾਨ ਲਾਉਣਾ ਹੈ, ਉਹਨਾਂ ਉੱਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਰੱਬ ਨੂੰ ਡਾਢਾ ਮਿੱਠੜਾ ਕਰਕੇ ਬਿਆਨਿਆ ਗਿਆ ਹੈ; ਪ੍ਰੰਤੂ ਸ਼ੇਖ ਫਰੀਦ ਜੀ ਦੇ ਕਥਨ ਅਨੁਸਾਰ ਰੱਬ ਦੀ ਮਿਠਾਸ ਨੂੰ ਸ਼ੱਕਰ, ਖੰਡ ਤੇ ਮਿਸਰੀ ਆਦਿ ਨਾਲ ਤੁਲਨਾ ਨਹੀਂ ਦਿੱਤੀ ਜਾ ਸਕਦੀ। ਬੜੀ ਦਿਲਚਸਪ ਸਾਖੀ ਹੈ ਕਿ ਇਕ ਵੇਰ ਭਾਈ ਨੰਦ ਲਾਲ ਜੀ ਗੁਰੂ ਜੀ ਦੇ ਮਿਠੜੇ ਮੁਖੜੇ ਨੂੰ ਸ਼ੱਕਰ ਨਾਲ ਉਪਮਾ ਦੇ ਬੈਠੇ, ਪ੍ਰੰਤੂ ਫੇਰ ਤੁਰਤ ਕਹਿਣਾ ਪਿਆ ਕਿ ਇਹ ਉਪਮਾ (ਮਿਸਾਲ) ਗਲਤ ਹੈ—ਅਸਲ ਸ਼ੇਅਰ ਹੈ :

'ਮਿਸਲਿ ਦਹਨਿ ਤੰਗ ਤੋ ਤੁੰਗਿ ਸ਼ਕਰ ਨ ਬਾਸ਼ਦ,
ਈਂ ਮਿਸਲ ਰਾ ਕਿ ਗੁਫ਼ਤਮ, ਖੂਬਤਰ ਨ ਬਾਸ਼ਦ'।

(ਭਾਵਅਰਥ—ਐ ਗੁਰੂ ਗੋਬਿੰਦ ਸਿੰਘ, ਤੇਰੀ ਛੋਟੀ ਵਿਰਾਸ ਵਾਲੇ ਮੂੰਹ ਨਾਲ ਸ਼ੱਕਰ ਦੀ ਬੋਰੀ ਕੋਈ ਤੁਲਨਾ ਨਹੀਂ ਰਖਦੀ। ਨਹੀਂ, ਨਹੀਂ, ਮੈਂ ਜੇਹੜੀ ਮਿਸਾਲ ਦੇ ਬੈਠਾ ਹਾਂ, ਇਹ ਬਹੁਤ ਵਧੀਆ ਨਹੀਂ। ਮੇਰੀ ਉਪਮਾ ਤੇ ਮੇਰਾ ਅਨੁਮਾਨ ਨਿਰਮੂਲ ਹੈ, ਗਲਤ ਹੈ, ਫਬਵਾਂ ਨਹੀਂ)

ਚੌਥਾ ਪ੍ਰਮਾਣ ਹੈ : ਸਾਖੀ ਜਾਂ ਸ਼ਬਦ ਪ੍ਰਮਾਣ—ਇਸ ਪ੍ਰਮਾਣ ਦੀ ਯਥਾਰਥਤਤਾ ਦੋ ਨੁਕਤਿਆਂ ਤੇ ਨਿਸਚਿਆਂ ਉੱਪਰ ਆਧਾਰਤ ਹੈ : ਸਾਖੀ ਭਰਨ ਜਾਂ ਸ਼ਹਾਦਤ ਦੇਣ ਵਾਲੇ ਵਿਅਕਤੀ ਦੀ ਈਸ਼ਵਰ ਬਾਰੇ ਪ੍ਰਾਪਤ ਅਨੁਭਵਤਾ ਤੇ ਬੁਲੰਦੀ; ਵਾਹਿਗੁਰੂ ਨਾਲ ਉਸ ਦੇ ਗੁਣਾਂ ਕਰਕੇ, ਸਮੀਪਤਾ ਤੇ ਯਕਤਾਈ। ਆਮ ਕਰਕੇ ਹਰੇਕ ਪੈਗੰਬਰ, ਅਵਤਾਰ ਜਾਂ ਗੁਰੂ ਵਿਅਕਤੀ ਦੀ ਪ੍ਰਵਾਜ਼ (ਆਤਮਕ ਮੰਡਲਾਂ ਦੀ ਉਡਾਨ) ਫਰਕ ਵਾਲੀ ਹੋ ਸਕਦੀ ਹੈ, ਸ਼ਾਇਰ ਇਸ ਅਟੱਲ ਸਚਾਈ ਨੂੰ ਇਉਂ ਪ੍ਰਗਟ ਕਰਦਾ ਹੈ—

ਤੂਰ ਪਰ ਕੋਈ, ਕੋਈ ਅਰਸ਼ਿ ਬਰੀਂ ਪਰ ਪਹੁੰਚਾ,
ਜਹਾਂ ਤੱਕ ਜਿਸ ਕੀ ਪ੍ਰਵਾਜ਼ ਥੀ, ਵੁਹ ਵਹੀਂ ਤੱਕ ਪਹੁੰਚਾ।

(ਹਜ਼ਰਤ ਮੂਸਾ ਵਲ ਇਸ਼ਾਰਾ ਹੈ, ਜੋ ਤੂਰ ਪਰਬਤ ਉੱਤੇ ਰੱਬ ਨਾਲ ਗਲਾਂ ਕਰਿਆ ਕਰਦਾ ਸੀ, ਅਤੇ ਦੂਜੇ, ਉਨ੍ਹਾਂ ਵੱਲ ਜੋ ਰੱਬ ਨੂੰ ਸਤਵੇਂ ਆਕਾਸ਼ ਉਤੇ ਬਾਲ ਮਾਨ ਮੰਨਦੇ ਅਤੇ ਕਰੂਬੀਆਂ ਫਰਿਸ਼ਤੇ ਉਸ ਦੀ ਸਿਫਤ ਕਰਦੇ ਦਸਦੇ ਹਨ :

ਪੰ: 133 ਦੀ ਟੂਕ—ਪ੍ਰੰਤੂ ਗੁਰੂ ਨਾਨਕ ਦੇਵ ਜੀ ਉਸ ਨੂੰ ਹਰ ਥਾਂ ਵਿਆਪਕ ਮੰਨਦੇ ਹਨ। ਸ਼ੇਅਰ ਹੈ :—

'ਯੂੰ ਤੋ ਅਉਰ ਭੀ ਹੋ ਗੁਜਰੇ ਹੈਂ ਵਲੀ ਅੱਲਾ ਬਹੁਤ ਅੱਛੇ;
ਹੈ ਮਗਰ ਨਾਨਕ ਕੀ ਪਰਵਾਜ਼ਿ ਅਲਾਹੀ ਕਾ ਮਕਾਂ ਕੁਛ ਔਰ।

ਇਸ ਸੰਦਰਭ ਵਿੱਚ ਦੂਜੀ ਗੱਲ ਹੈ—ਸਿਖ ਦੀ ਸ਼ਰਧਾ ਤੇ ਵਿਸ਼ਵਾਸ। ਗੁਰਮਤਿ ਵਿੱਚ

ਕਿਸੇ ਵਸਤੂ ਨੂੰ ਮੰਨਣ, ਜਾਂ ਸਿਧਾਂਤ ਨੂੰ ਸਵੀਕਾਰਨ ਤੋਂ ਪਹਿਲਾਂ ਖੂਬ ਪਰਖਣ ਤੇ ਪੜਚੋਲਣ ਦੀ ਲੋੜ ਉਤੇ ਜ਼ੋਰ ਦਿਤਾ ਗਿਆ ਹੈ, ਜਿਵੇਂ—

ਅਕਲੀ ਸਾਹਿਬ ਸੇਵੀਐ, ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਿਕੈ ਬੁਝੀਐ, ਅਕਲੀ ਕੀਚੈ ਦਾਨੁ ॥ (ਮ: ਪਹਿਲਾ—1245)

ਤਥਾ—ਸੁਣਿ ਮੁੰਧੇ ਹਰਣਾਖੀਏ, ਗੂੜਾ ਵੈਣੁ ਅਪਾਰੁ ॥
ਪਹਿਲਾ ਵਸਤੁ ਸਿਞਾਣਿ ਕੈ, ਤਾਂ ਕੀਚੈ ਵਾਪਾਰੁ ॥ (ਗੁਰੂ ਨਾਨਕ, 1410)

ਪ੍ਰੰਤੂ, ਜਦ ਨਿਸਚਾ ਹੋ ਜਾਏ ਕਿ ਆਗੂ ਸਤਿਪੁਰਖ ਨੂੰ ਜਾਨਣ ਵਾਲਾ ਪੂਰਨ ਤੇ ਪਾਰਸ ਗੁਰੂ ਹੈ ਬ੍ਰਹਮ ਗਿਆਨੀ ਹੈ; ਸਤਿਗੁਰੂ (ਕਾਮਿਲ ਮੁਰਸ਼ਦ) ਵਾਲੇ ਸਾਰੇ ਲੱਛਣ ਉਸ ਵਿੱਚ ਘੱਟਦੇ ਹਨ, ਤਾਂ ਉਸ ਉਤੇ ਸੰਸਾ ਕਰਨਾ ਪਾਪ ਹੈ, ਆਤਮਾ ਨੂੰ ਮਲੀਨ ਕਰਨਾ ਹੈ। ਜ਼ੋਰ ਭਾਈ ਨੰਦ ਲਾਲ ਜੀ ਗੋਯਾ (ਸ੍ਰੀ ਦਸ਼ਮੇਸ਼ ਜੀ ਦੇ ਅਨਿੰਨ ਸਿੱਖ) ਵੱਲੋਂ ਬਿਆਨੀ ਦਸ਼ਾ ਵਿੱਚ ਪ੍ਰੇਮ ਦੀ ਖੇਡ ਖੇਡਣੀ ਯੋਗ ਹੈ। ਆਪ ਜੀ ਦੀ ਸੇਧ ਹੈ :

'ਫ਼ਿਦਾਏ ਉ ਸ਼ੌ, ਵ ਉਜ਼ਰੇ ਮਖ਼ਾਹ, ਐ ਗੋਯਾ,
ਕਿ ਦਰ ਤ੍ਰੀਕਤਿ ਮਾ, ਜਾਏ ਉਜ਼ਰਖ਼ਾਹੀ ਨੇਸਤ।"

(ਭਾਵਅਰਥ—ਆਪਣੇ ਸਤਿਗੁਰੂ ਤੋਂ ਕੁਰਬਾਨ ਹੋ ਜਾ, ਤੇ ਇਉਂ ਕਰਦਿਆਂ ਕੋਈ ਉਜ਼ਰ ਨਾ ਕਰ; ਕਿਉਂ ਸਾਡੀ ਰਹੁ-ਰੀਤ ਵਿੱਚ ਉਜ਼ਰ, ਨਾਂਹ ਜਾਂ ਸੰਸੇ ਦੀ ਕੋਈ ਥਾਂ ਨਹੀਂ।)

(4)

ਐਸਾ ਸੰਭਵ ਨਹੀਂ ਕਿ ਅਸੀਂ ਸਾਰੇ, ਰੱਬ ਦੀ ਹੋਂਦ, ਏਕਤਾ, ਨਿਰਵੈਰਤਾ, ਨਿਰਭੌਤਾ ਅਥਵਾ ਪ੍ਰਸਾਦ ਨੂੰ ਪੂਰਨ ਨਿਸਚੇ ਤੇ ਈਮਾਨ ਦੀ ਸ਼ਿੱਦਤ ਨਾਲ ਮਨ ਵਿੱਚ ਵਸਾ ਸਕੀਏ, ਉਸ ਦੇ ਨਿਰਗੁਣ ਤੇ ਸਰਗੁਣ ਸਰੂਪ ਦੀ ਵਾਸਤਵਿਕਤਾ ਨੂੰ ਜਾਣ ਸਕੀਏ; ਪ੍ਰੰਤੂ, ਗੋਬਿੰਦ-ਸਰੂਪ, ਨਿਰੰਕਾਰੀ ਗੁਰੂ ਨਾਨਕ ਜੀ ਉਤੇ ਸਾਡਾ ਪੂਰਾ ਨਿਸਚਾ ਹੈ, ਅਤੇ ਉਹ ਆਪਣੇ ਅਨੁਭਵ ਤੇ ਤਜਰਬੇ ਦੀ ਗਲ ਦਸਦੇ ਹਨ ਕਿ ਵਾਹਿਗੁਰੂ ਹੈ, ਉਹ ਇੱਕ ਹੈ, ਤੇ ਸਭ ਦਾ ਕਰਤਾ ਤੇ ਹਰਤਾ ਹੈ, ਆਦਿ ਆਦਿ। ਇਸ ਤਰ੍ਹਾਂ ਅਸੀਂ ਗੁਰੂ ਦੀ ਬਾਣੀ, ਉਹਨਾਂ ਦੇ ਬੋਲ, ਸ਼ਬਦ ਅਥਵਾ ਸਾਖੀ ਪ੍ਰਮਾਣ ਦੁਆਰਾ ਹੀ ਰੱਬ ਦੀ ਹੋਂਦ ਉਤੇ ਵਿਸ਼ਵਾਸ ਲਿਆ ਸਕਦੇ ਹਾਂ। ਬਾਕੀ ਸਾਰੇ ਪ੍ਰਮਾਣ, ਸਾਡੀ ਅਲਪ ਬੁੱਧੀ ਤੱਕ ਹੀ ਸੀਮਤ ਹੋਣ ਦੇ ਕਾਰਨ ਅਧੂਰੇ ਹਨ। ਸਤਿਗੁਰੂ ਦੀ ਬਾਣੀ ਸਤਿ ਹੈ; ਕਿਉਂ ਕਿ ਹਰੀ ਕਰਤਾ ਉਹਨਾਂ ਦੇ ਮੂੰਹੋਂ ਇਹ ਬਾਣੀ ਸ਼ਬਦ ਜਾਂ ਸਾਖੀ (ਗਵਾਹੀ) ਆਪ ਹੀ ਕਢਵਾ ਰਿਹਾ ਹੈ ਅਤੇ ਸਤਿਗੁਰੂ ਸਭ ਕੁੱਝ ਹਰੀ-ਹੁਕਮ ਵਿੱਚ ਕਰਦਾ ਹੈ; ਜਿਵੇਂ—

(ੳ) ਸਤਿਗੁਰ ਕੀ ਬਾਣੀ ਸਤਿ ਸਤਿ ਕਰ ਜਾਣਹੁ ਗੁਰ ਸਿਖਹੁ,
ਹਰਿ ਕਰਤਾ ਆਪਿ ਮੁਹੌਂ ਕਢਾਇ॥ (ਮ: 5, ਪੰ: 308)

(ਅ) ਹਉ ਆਪਹੁ ਬੋਲ ਨ ਜਾਣਦਾ,
ਮੈਂ ਕਹਿਆ ਸਭੁ ਹੁਕਮਾਉ ਜੀਉ ॥ (ਮ: 1, ਪੰ: 763)

ਹੋਰ ਵੀਚਾਰ :

ਅਸੀਂ ਇਸ ਧਰਤੀ ਉਤੇ ਵਿਚਰਦੇ ਹਾਂ। ਸਾਡੀ ਆਤਮਾ ਅਥਵਾ ਵਾਹਿਗੁਰੂ ਦੀ ਇਹ

ਆਵਾਜ਼ ਸਾਨੂੰ ਸਦਾ ਕੁੱਝ ਕਰਨ ਜਾਂ ਨ ਕਰਨ ਲਈ ਪ੍ਰੇਰਦੀ ਰਹਿੰਦੀ ਹੈ। ਇਸ ਤਰ੍ਹਾਂ ਸਾਡੀ ਆਤਮਾ ਉੱਨਤੀ ਹਿੱਤ ਸਦਾ ਇਕ ਪ੍ਰੀਖਿਆ 'ਚੋਂ ਲੰਘਦੀ ਰਹਿੰਦੀ ਹੈ। ਇਹ ਪ੍ਰੀਖਿਆ, ਮੇਰੀ ਆਤਮਾ ਦੀ, ਏਥੇ ਜਾਂ ਅੱਗੇ ਵਿਚਰਣ ਲਈ ਯੋਗਤਾ ਦੀ ਕੱਸਵਟੀ ਹੋਵੇਗੀ। ਵਾਹਿਗੁਰੂ ਸੰਬੰਧੀ ਪ੍ਰਤੱਖ ਪ੍ਰਮਾਣਾਂ ਦੀ ਸੂਰਤ ਵਿੱਚ ਅਜਿਹੀ ਪ੍ਰੀਖਿਆ ਦਾ ਹੋਣਾ ਅਸੰਭਵ ਹੈ।

ਅਸੀਂ ਇਹ ਵੀ ਜਾਣਦੇ ਹਾਂ ਕਿ ਅਸਥੂਲ ਵਸਤਾਂ ਪਿਛਲੇ ਹਜ਼ਾਰਾਂ ਸਾਲਾਂ ਵਿੱਚ, ਕੁਦਰਤੀ ਨੇਮਾਂ ਅਨੁਸਾਰ, ਵਧੀਆਂ ਫੁੱਲੀਆਂ ਹਨ। ਇਸ ਨੂੰ ਪ੍ਰਮਾਣੂਵਾਦ ਆਖੋ ਜਾਂ ਕੁਝ ਹੋਰ; ਵਰਤ ਇਹ ਸਭ ਕੁਝ, ਬਝਵੇਂ ਰੱਬੀ ਨੇਮਾਂ ਅਨੁਸਾਰ ਹੀ ਰਿਹਾ ਹੈ। ਵਿਗਿਆਨ ਕੇਵਲ ਕੁਦਰਤੀ ਨੇਮਾਂ ਨੂੰ ਲਭਦਾ ਹੈ; ਆਪਣੇ ਕੋਲੋਂ ਕੋਈ ਨੇਮ ਨਹੀਂ ਘੜ ਸਕਦਾ। ਫੇਰ ਸਾਡਾ ਆਤਮਵਾਦ ਤੇ ਆਤਮਾ ਦੀ ਉੱਨਤੀ ਕਿਸੇ ਗਿਣੀ ਮਿਥੀ ਵਿਉਂਤ ਮੁਤਾਬਿਕ ਨਾ ਮੰਨਣਾ, ਸਿਵਾਏ ਹਠ, ਤੇ ਸਚਾਈ ਵੱਲੋਂ ਅੱਖਾਂ ਮੀਟਣ ਦੇ, ਹੋਰ ਕੀ ਹੋ ਸਕਦਾ ਹੈ। (ਹੁਣ ਤਾਂ, ਸੰਨ 1964 ਵਿਚ ਸੰਸਾਰ ਪ੍ਰਸਿੱਧ ਵਿਗਿਆਨੀਆਂ ਦੀ ਹੋਈ ਕਾਂਗਰਸ ਵਿੱਚ Telepathy (ਮਨ ਦੀ ਦੂਰ ਸ਼ਕਤੀ) ਨੂੰ ਵੀ ਸਾਇੰਸ ਨੇ ਬਕਾਇਦਾ ਸਵੀਕਾਰ ਕਰ ਲਿਆ ਗਿਆ ਹੈ।

(5)

ਮਨੁੱਖ ਦੀ ਸੀਮਤ ਪਹੁੰਚ—

ਮਨੁੱਖ ਦੀ ਪਹੁੰਚ ਆਪਣੀ ਜ਼ਿੰਦਗੀ ਨੂੰ ਜਿਤਨਾ ਵਧੇਰੇ ਰੱਬੀ-ਰੌ ਨਾਲ ਇਕ ਸੁਰਤਾ ਵਿਚ ਤੋਰਦਾ ਹੈ, ਓਨਾ ਹੀ ਵਧੇਰੇ ਉਹ; ਪ੍ਰਭੂ ਆਗਿਆ ਵਿਚ ਤੁਰਦਾ ਹੈ, ਹੁਕਮੀ ਬੰਦਾ ਥੀਂਦਾ ਹੈ। ਉਸ ਦੀ ਆਤਮਕ ਨਿਯਮਾਂ ਬਾਰੇ ਸੂਝ ਵਧਦੀ ਜਾਂਦੀ ਹੈ। ਆਖਿਰ ਉਹ ਇਹਨਾਂ ਕੁਦਰਤੀ ਨੇਮਾਂ ਉੱਤੇ ਤੁਰ ਕੇ, ਉਹਨਾਂ ਨਾਲ ਇਕ-ਸੁਰ ਹੋਕੇ, ਪ੍ਰਭੂ ਦਾ ਨਿਕਟ ਵਰਤੀ ਹੁੰਦਾ ਹੋਇਆ ਅੰਤ ਨੂੰ ਓਸੇ ਦਾ ਹੀ ਰੂਪ ਹੋ ਜਾਂਦਾ ਹੈ।

ਵਾਹਿਗੁਰੂ ਅਕਾਲ ਪੁਰਖ ਆਪਣੇ ਆਪ ਨੂੰ ਮਨੁੱਖਾਂ ਉਤੇ ਦੋ ਤਰ੍ਹਾਂ ਨਾਲ ਪ੍ਰਗਟ ਕਰਦਾ ਹੈ: ਇਕ ਅਸਥੂਲ ਤੇ ਦੂਜੇ ਸੂਖਮ (ਆਤਮਕ) ਵਸੀਲਿਆਂ ਰਾਹੀਂ। ਸਦੀਆਂ ਤੋਂ ਇਨਸਾਨ ਵਿਗਿਆਨਕ ਢੰਗਾਂ ਨਾਲ ਮਾਦੇ ਦੀ ਖੋਜ, ਤੇ ਇਸ ਵਿੱਚ ਰੱਬ ਵੱਲੋਂ ਰੱਖੇ ਅਸੂਲਾਂ (ਨੇਮਾਂ) ਨੂੰ ਲੱਭਣ ਵਿੱਚ ਜੁੱਟਿਆ ਹੋਇਆ ਹੈ। ਬਜ਼ਾਹਰ ਪ੍ਰਤੀਤ ਹੁੰਦਾ ਹੈ ਕਿ ਇਸ ਨੇ ਕਾਫੀ ਪੈਂਡਾ ਮੁਕਾ ਲਿਆ ਹੈ। ਉਹ ਅੱਜ ਮਾਣ ਨਾਲ ਕਹਿ ਰਿਹਾ ਹੈ:

'ਰਾਜ਼ ਕੁਦਰਤ ਨੇ ਇਨਸਾਂ ਸੇ ਛੁਪਾਏ ਤੋ ਬਹੁਤ,
ਮਗਰ, ਅਹਿਲਿ ਬਸੀਰਤ[1] ਸੇ ਛੁਪਾਏ ਨ ਗਏ।'

ਪ੍ਰੰਤੂ, ਫਿਰ ਵੀ ਪਤਾ ਨਹੀਂ ਕਿ ਅਜੇ ਹੋਰ ਕਿਤਨਾ ਕੁ ਭੇਦ ਕੁਦਰਤੀ ਨੇਮਾਂ ਵਿੱਚ ਬੰਦ ਪਿਆ ਹੈ। ਸੱਚ ਤਾਂ ਇਹ ਹੈ ਕਿ ਜਿਤਨਾ ਵਧੇਰੇ ਮਨੁੱਖ ਖੋਜ ਕਰਦਾ ਹੈ, ਉਤਨਾ ਹੀ ਵਧੇਰੇ ਪ੍ਰਤੀਤ ਕਰਦਾ ਹੈ ਕਿ ਜਾਣੇ ਗਏ ਨਾਲੋਂ ਅਨਜਾਣਿਆ ਕਈ ਗੁਣਾ ਵੱਧ ਹੈ। ਆਖਰ, ਉਹ, ਇਉਂ ਕਹਿਣ ਲਈ ਮਜਬੂਰ ਹੋ ਜਾਂਦਾ ਹੈ—

1. (ਡੂੰਘੀ ਦ੍ਰਿਸ਼ਟੀ ਵਾਲੇ ਲੋਕ)]

'ਹਮਨੇ ਯਿਹ ਜਾਨਾ ਥਾ ਕਿ ਇਲਮ ਸੇ ਕੁਛ ਜਾਨੇਂਗੇ ।
ਜਾਨਾ ਤੋ ਯਿਹ ਜਾਨਾ, ਕਿ ਨ ਜਾਨਾ ਕੁਛ ਭੀ ।'

ਇਹੀ ਕਾਰਨ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੈਸੇ, ਜਿਨ੍ਹਾਂ ਅਧਿਆਤਮਵਾਦੀਆਂ ਨੇ ਪ੍ਰਭੂ ਨਾਲ ਇਕ-ਸੁਰਤਾ ਪੈਦਾ ਕੀਤੀ ਅਤੇ ਉਸਦੇ ਹੁਕਮ ਤੇ ਵਿਸ਼ਾਲਤਾ ਨੂੰ ਸਮਝਿਆ ਹੈ, ਉਹਨਾਂ ਨੇ ਉਸਨੂੰ ਬੇਅੰਤ ਬੇਅੰਤ ਕਰਕੇ ਵਖਾਣਿਆ ਹੈ। ਉਹਨਾਂ ਨੇ ਕੁਝ ਇਕ ਅਨਮੱਤਾਂ ਵਾਂਗ ਨ ਹੀ ਉਸ ਨੂੰ ਸਖਸ਼ੀ, ਸੰਪ੍ਰਦਾਇਕ ਖੁਦਾ ਕਰਕੇ ਮੰਨਿਆ ਹੈ, ਤੇ ਨ ਹੀ ਸ੍ਰਿਸ਼ਟੀ ਰਚਨਾ ਦੇ ਮੁੱਢ ਬਾਰੇ ਕੋਈ ਦਾਅਵੇ ਦੀ ਗਲ ਆਖੀ। ਸਗੋਂ 'ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥' (ਜਪੁ ਜੀ) ਦੀ ਸਚਾਈ ਨੂੰ ਮੰਨ ਕੇ ਗਲ ਨਿਬੇੜ ਛੱਡੀ ਹੈ। ਨਿੱਤ ਬਦਲਦੀਆਂ ਲਭਤਾਂ ਵਿੱਚ ਗੁਰੂ ਬਾਬੇ ਦੀ ਕਹੀ ਗਲ ਹੀ ਦਰੁਸਤ ਹੈ। ਉਦਾਹਰਣ ਵਜੋਂ, ਪਹਿਲਾਂ ਰੂਸੀ ਸਾਇੰਸਦਾਨਾਂ ਦੀ ਖੋਜ ਸੀ ਕਿ ਸ੍ਰਿਸ਼ਟੀ ਬਣੇ ਨੂੰ 7000 ਮਿਲੀਅਨ (ਸੱਤ ਅਰਬ) ਸਾਲ ਹੋਏ ਹਨ। ਬਾਅਦ ਵਿੱਚ ਉਹਨਾਂ ਦੀ ਖੋਜ ਨੇ ਹੀ ਸਿੱਧ ਕਰ ਵਿਖਾਇਆ ਕਿ ਸ੍ਰਿਸ਼ਟੀ ਨੂੰ ਬਣਿਆਂ ਦਸ ਹਜ਼ਾਰ ਮਿਲੀਅਨ (10 ਅਰਬ) ਸਾਲ ਹੋਏ ਹਨ। ਕੀ ਭਰੋਸਾ ਹੈ ਕਿ ਕਲ ਨੂੰ ਹੋਰ ਸਾਇੰਸਦਾਨ, ਜਾਂ ਇਹੀ ਲੋਕ, ਨਵੀਂ ਖੋਜ ਦੇ ਆਧਾਰ ਉੱਤੇ ਆਪਣਾ ਫੈਸਲਾ ਫੇਰ ਬਦਲ ਲੈਣ।

ਸੋ, ਰੱਬੀ-ਰੌ ਦੇ ਨਾਲ ਇਕ-ਸੁਰ ਹੋਣ ਲਈ ਜ਼ਰੂਰੀ ਹੈ ਕਿ ਮਨੁਖ, ਰੱਬ ਦੀ ਬੇਅੰਤਤਾ ਤੇ ਵਡਿਆਈ ਵਿੱਚ ਗਵਾਚੇ ਤੇ ਵਿਸਮਾਦ (ਹੈਰਤ) ਦੇ ਮੰਡਲਾਂ ਦਾ ਵਾਸੀ ਹੋਵੇ। ਸ਼ਾਇਰ ਦਾ ਹਕੀਕੀ ਕਥਨ ਹੈ :

ਐ ਖੁਦਾ : 'ਹੈਰਤ ਮੇਂ ਹੈ ਇਲਾਹੀ, ਦੁਬਿਧਾ ਮੈਂ ਹੈ ਤਬਾਹੀ,
ਜੋ ਹਲ ਹੂਆ, ਨ ਹੋਗਾ, ਵੁਹ ਹੈ ਸਵਾਲ ਤੇਰਾ ।'

ਸ੍ਰੀ ਗੁਰੂ ਨਾਨਕ ਦੇਵ ਜੀ ਕਾਦਰ ਦੀ ਕੁਦਰਤ ਵਿੱਚ ਵਰਤਦੀ ਹਰ ਕਲਾ, ਹਰ ਰੂਪ, ਹਰ ਰੰਗ ਦੇ ਜੀਆਂ ਜੰਤਾਂ ਨੂੰ ਵੇਖ ਕੇ, ਵਿਸਮਾਦੀ-ਵੈਰਾਗ ਦੀ ਅਸਚਰਜਤਾ ਵਿਚ ਇਉਂ ਗੁਆਚ ਜਾਂਦੇ ਹਨ :—

'ਵਿਸਮਾਦੁ ਨਾਦ, ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ, ਵਿਸਮਾਦੁ ਰੰਗ ॥ ਵਿਸਮਾਦੁ ਨਾਗੇ, ਫਿਰਹਿ ਜੰਤ ॥ (ਵਾਰ ਆਸਾ)
ਵਿਸਮਾਦੁ ਪਉਣੁ, ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥...
ਵੇਖਿ ਵਿਡਾਣੁ, ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥

ਵੇਖੋ, ਏਥੇ ਗੁਰੂ ਨਾਨਕ ਦੇਵ ਜੀ ਰੱਬ ਤੇ ਰੱਬ ਦੇ ਨਾਮ ਨੂੰ ਕਿੱਡਾ ਵੱਡਾ ਕਰ ਕੇ ਮੰਨਦੇ ਅਤੇ ਉਸਦੇ ਵਡਿਤਣ ਵਿਚ ਗਵਾਚ ਜਾਂਦੇ ਹਨ।

---

1. ਕੋਟਿ ਕੋਟੀ ਮੇਰੀ ਆਰਜਾ, ਪਵਣੁ ਪੀਅਣੁ ਅਪਿਆਉ ॥
ਚੰਦੁ ਸੂਰਜੁ ਦੁਇ ਗੁਫੈ ਨ ਦੇਖਾ, ਸੁਪਨੈ ਸਉਣ ਨ ਥਾਉ ॥
ਭੀ ਤੇਰੀ ਕੀਮਤਿ ਨ ਪਵੈ, ਹਉ ਕੇਵਡੁ ਆਖਾ ਨਾਉ ॥1॥

(ਬਾਕੀ ਫੁਟਨੋਟ ਸਫਾ 134 ਤੇ ਦੇਖੋ)

(6)

ਵਿਗਆਨ ਤੇ ਧਰਮ :

ਵਿਗਿਆਨਕ ਲਭਤਾਂ ਸਹੀ, ਸਾਰਬ, ਸਰਬ-ਦੇਸੀ ਤੇ ਸਰਬ-ਕਾਲੀ (universal) ਧਰਮ ਦੀ ਵਿਰੋਧਤਾ ਨਹੀਂ ਕਰਦੀਆਂ। ਪਹਿਲਾਂ ਪਹਿਲਾਂ ਵਿਗਿਆਨੀਆਂ ਨੇ ਕੁਦਰਤ ਵਿੱਚ ਵਰਤ ਰਹੇ ਕੁਝ ਕੁ ਭੇਤਾਂ ਨੂੰ ਲਭਦਿਆਂ ਸਾਰ ਹੀ ਆਤਮਾ ਅਤੇ ਪ੍ਰਮਾਤਮਾ ਦੀ ਹੋਂਦ ਤੋਂ ਸਿਰ ਫੇਰ ਦਿਤਾ ਸੀ। ਪਰ ਜਦ ਉਹਨਾਂ ਨੇ ਕਿਣਕਾ ਮਾਤ੍ਰ ਜਾਣੇ ਗਏ ਨਾਲੋਂ, ਅਨਜਾਣੇ ਦੀ ਬੇਅੰਤਤਾ ਵੇਖੀ, ਤਾਂ ਉਹਨਾਂ ਦਾ ਪ੍ਰਭੂ-ਵਿਸ਼ਵਾਸ ਮੁੜ ਬਹਾਲ ਹੋ ਗਿਆ। ਆਸਤਕ ਸਾਇੰਸਦਾਨਾਂ ਵਿਚ ਸਰ ਆਲਿਵਰ ਲਾਜ, ਕਾਂਟ, ਐਲਬਰਟ ਆਇਨਸਟਨ ਤੇ ਨਿਊਟਨ ਅਦਿ ਦੇ ਨਾਮ ਵਿਸ਼ੇਸ਼ ਤੌਰ ਉਤੇ ਵਰਨਣ ਯੋਗ ਹਨ। ਸਰ ਆਲਿਵਰ ਲਾਜ ਦਾ ਕਹਿਣਾ ਹੈ ਕਿ "ਅਸੀਂ ਆਸਤਕ ਹਸਤੀ ਹਾਂ ਤੇ ਸਾਡਾ ਮੇਲ ਕੁਝ ਚਿਰ ਲਈ ਪ੍ਰਕਿਰਤੀ ਨਾਲ ਹੋਇਆ ਹੈ। ਇਹ ਸਾਡੀ ਸਖਸ਼ੀਅਤ ਦਾ ਮੁੱਢ ਹੈ, ਜੋ ਸਰੀਰ ਦੇ ਬਿਨਸ ਜਾਣ ਨਾਲ ਖਤਮ ਨਹੀਂ ਹੁੰਦੀ। ਮਨ ਦੀ ਤਾਕਤ ਤੇ ਦੋਹਾਂ ਦੇ ਪਿਆਰ ਭਾਵੇਂ ਪ੍ਰਕਿਰਤੀ ਨਾਲ ਮੇਲ ਕਰਕੇ ਪੈਦਾ ਹੁੰਦੇ ਹਨ, ਪਰ ਉਹ ਸਖਸ਼ੀਅਤ ਦੀ ਮਲਕੀਅਤ ਬਣ ਜਾਂਦੇ ਹਨ। ਜੀਵ ਆਤਮਾ ਨੂੰ, ਸਰੀਰ ਮਜਬੂਰਨ ਛਡਣਾ ਪੈਂਦਾ ਹੈ; ਪਰ ਉਹ ਉਪ੍ਰੋਕਤ ਭਾਵ ਨਹੀਂ ਛੱਡ ਸਕਦਾ।"

ਏਸੇ ਤਰ੍ਹਾਂ ਕਾਂਟ ਦਾ ਵੀਚਾਰ ਹੈ ਕਿ 'ਸਾਨੂੰ ਸ੍ਰਿਸ਼ਟੀ ਤੋਂ ਜੋ ਗਿਆਨ ਪ੍ਰਾਪਤ ਹੁੰਦਾ ਹੈ, ਉਹ ਸਾਡੀ ਆਤਮਾ ਦੇ ਵਿਹਾਰ ਕਾਰਨ ਹੈ। ਆਤਮਾ ਸੁਤੰਤਰ ਹੈ। ਜੋ ਆਤਮਾ ਸ੍ਰਿਸ਼ਟੀ ਦਾ ਗਿਆਨ ਰਖਦਾ ਹੈ, ਉਸ ਨੂੰ ਸ੍ਰਿਸ਼ਟੀ ਜਾਂ ਤੱਤਾਂ ਦਾ ਭਾਗ ਕਹਿਣਾ ਦਰੁਸਤ ਨਹੀਂ। ਗਿਆਤਾ (ਜਾਨਣ ਵਾਲਾ) ਸਦਾ ਗੇਅ (ਜਿਸਨੂੰ ਜਾਣਿਆ ਜਾਂਦਾ ਹੈ) ਨਾਲੋਂ ਵੱਖਰਾ ਹੁੰਦਾ ਹੈ।

(7)

ਅਸੀਂ ਵੀਚਾਰ ਕਰ ਰਹੇ ਸਾਂ ਕਿ ਪ੍ਰਭੂ ਨੂੰ ਜਾਨਣ ਵਾਲੇ ਅਸਥੂਲ ਵਸੀਲਿਆਂ ਦੁਆਰਾ

(ਸਫ਼ਾ 133 ਦੀ ਬਾਕੀ।

ਸਾਚਾ ਨਿਰੰਕਾਰੁ ਨਿਜ ਥਾਇ ॥ ਸੁਣਿ ਸੁਣਿ ਆਖਣੁ ਆਖਣਾ,
ਜੇ ਭਾਵੈ ਕਰੇ ਤਮਾਇ ॥1॥ਰਹਾਉ॥
ਕੁਸਾ ਕਟੀਆ ਵਾਰ ਵਾਰ, ਪੀਸਣਿ ਪੀਸਾ ਪਾਇ ॥
ਅਗੀ ਸੇਤੀ ਜਾਲੀਆ, ਭਸਮ ਸੇਤੀ ਰਲਿ ਜਾਉ ॥
ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ ॥2॥
ਪੰਖੀ ਹੋਇ ਕੈ ਜੇ ਭਵਾ, ਸੈ ਅਸਮਾਨੀ ਜਾਉ ॥
ਨਦਰੀ ਕਿਸੈ ਨ ਆਵਊ, ਨ ਕਿਛੁ ਪੀਆ ਨ ਖਾਉ ॥
ਭੀ ਤੇਰੀ ਕੀਮਤਿ ਨ ਪਵੈ, ਹਉ ਕੇਵਡ ਆਖਾ ਨਾਉ ॥3॥
ਨਾਨਕ, ਕਾਗਦ ਲਖ ਮਣਾ ਪੜਿ ਪੜਿ ਕੀਚੈ ਭਾਉ ॥
ਮਸੂ ਤੋਟਿ ਨ ਆਵਈ, ਲੇਖਣਿ ਪਉਣੁ ਚਲਾਉ ॥
ਭੀ ਤੇਰੀ ਕੀਮਤਿ ਨ ਪਵੈ, ਹਉ ਕੇਵਡੁ ਆਖਾ ਨਾਉ ॥4॥ (ਮ: 1, ਸਿਰੀ, ਪੰ: 14)

ਪ੍ਰਾਪਤ ਹੋਈਆਂ ਲਭਤਾਂ ਉਪ੍ਰੰਤ, ਪਤਾ ਨਹੀਂ, ਕਿਤਨਾ ਕੁ ਹੋਰ ਭੇਦ ਅਜੇ ਕੁਦਰਤੀ ਨਿਯਮਾਂ ਵਿੱਚ ਬੰਦ ਪਿਆ ਹੈ। ਵਧੇਰੇ ਸੰਭਾਵਨਾ ਇਹੀ ਹੈ ਕਿ ਮਨੁੱਖ ਅਜੇ, ਨਿਊਟਨ, ਜਿਸ ਨੂੰ ਵਿਗਿਆਨ ਦਾ ਪਿਤਾ ਕਰਕੇ ਮੰਨਿਆ ਜਾਂਦਾ ਹੈ, ਦੇ ਕਥਨ ਅਨੁਸਾਰ ਅਸੀਮ ਤੇ ਅਥਾਹ ਕੁਦਰਤੀ ਨੇਮਾਂ ਦੇ ਸਾਗਰ ਦੇ ਕੰਢੇ ਉਤੇ ਬੈਠੇ ਬੱਚੇ ਸਮਾਨ ਗੀਟੀਆਂ ਨਾਲ ਖੇਡ ਰਿਹਾ ਹੈ, ਅਤੇ ਵਿਦਿਆ ਦਾ ਸਮੁੰਦਰ ਉਸ ਦੇ ਸਾਹਮਣੇ ਅਜੇ ਅਣਛੋਹਿਆ ਪਿਆ ਹੈ। ਯਾਦ ਰੱਖੋ, ਜਿਤਨਾ ਵਧੇਰੇ ਅਸੀਂ ਕੁਦਰਤਾਂ ਨੇਮਾਂ ਦੇ ਭੇਤੀ ਹੋਵਾਂਗੇ, ਉਤਨਾ ਹੀ ਪ੍ਰਮਾਤਮਾ ਨੂੰ ਸਮਝਣ ਦੀ ਖੋਹ ਸਾਡੇ ਅੰਦਰ ਜ਼ੋਰ ਪਾਵੇਗੀ। ਆਖਰ, ਹਰੀ ਪ੍ਰਭੂ ਵੀ ਤਾਂ ਕੁਦਰਤ ਵਿੱਚ ਹੀ ਵੱਸ ਤੇ ਵਿਗਾਸ ਰਿਹਾ ਹੈ। ਕੁਦਰਤ ਹੀ ਉਸ ਕਾਦਰ ਦਾ ਸਰਗੁਣ ਸਰੂਪ (ਪ੍ਰਗਟਾ) ਹੈ, ਅਤੇ ਉਸ ਨਾਮੀ (ਵਾਹਿਗੁਰੂ) ਦਾ ਨਾਮ। ਗੁਰਵਾਕ ਹਨ :—

(ੳ) ਆਪੀਨੈ, ਆਪ ਸਾਜਿਓ, ਆਪੀਨੈ, ਰਚਿਓ ਨਾਉ ॥
ਦੁਯੀ ਕੁਦਰਤ ਸਾਜੀਐ, ਕਰਿ ਆਸਣੁ ਡਿਠੋ ਚਾਉ ॥ (ਵਾਰ ਆਸਾ, ਮ: ਪਹਿਲਾ)

(ਅ) ਇਹ ਜਗੁ ਸਚੈ ਕੀ ਹੈ ਕੋਠੜੀ, ਸਚੇ ਕਾ ਵਿਚਿ ਵਾਸੁ॥ (ਉਹੀ)

(ੲ) ਜੇਤਾ ਕੀਤਾ, ਤੇਤਾ ਨਾਉਂ ॥ ਵਿਣੁ ਨਾਵੈ, ਨਾਹੀ ਕੋ ਥਾਉ ॥ (ਜਪੁ)

(ਸ) ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥ (ਵਾਰ ਆਸਾ)

(ਹ) ਕੁਦਰਤਿ ਕਰ ਕੈ, ਵਸਿਆ ਸੋਇ ॥ (ਮ: ਪਹਿਲਾ, ਪੰਨਾ 84)

(8)

ਆਓ, ਹੁਣ ਇਸ ਅਹਿਮ ਵੀਚਾਰ ਦੀ ਲੜੀ ਨੂੰ ਅੱਗੇ ਤੋਰੀਏ :

ਆਤਮਾ ਤੋਂ ਬਿਨਾ ਮਨੁੱਖ ਕੀ ਹੋਵੇਗਾ ? ਇਕ ਪਸ਼ੂ, ਜਿਸ ਵਿੱਚ, ਹੋਰ ਜੀਵਾਂ ਨਾਲੋਂ ਕੁਝ ਮਾਨਸਿਕ (ਦਿਮਾਗੀ) ਸ਼ਕਤੀਆਂ ਦੀ ਬਹੁਲਤਾ ਹੋਵੇ। ਇਸ ਗੁਣ ਵਿੱਚ ਵੀ ਕਈ ਪਸ਼ੂ ਪੰਛੀ ਇਸ ਤੋਂ ਅਗੇਰੇ ਹਨ। ਅਸੀਂ ਆਤਮ-ਹੀਨ ਮਨੁੱਖ ਦਾ ਅਨੁਭਵ ਅਜੇਹੇ ਬੰਦਿਆਂ ਦੀਆਂ ਕਰਤੂਤਾਂ ਤੋਂ ਹੀ ਕਰ ਸਕਦੇ ਹਾਂ, ਜਿਨ੍ਹਾਂ ਦੇ ਕੰਮ ਵਿਚ ਪਸ਼ੂ ਬਿਰਤੀ ਪਰਧਾਨ ਹੈ। ਮਨੁੱਖ ਬਾਕੀ ਜੀਵਾਂ ਨਾਲੋਂ ਚਤੁਰ ਹੈ, ਅਤੇ ਜੇ ਚਤੁਰ ਮਨੁਖ ਆਤਮਾ ਤੇ ਇਖਲਾਕ-ਹੀਨ ਹੋ ਜਾਵੇ ਤਾਂ ਉਹ ਅਨ-ਪੜ੍ਹ ਤੇ ਮੂਰਖ ਮਨੁੱਖ ਨਾਲੋਂ ਕਿਤੇ ਵੱਧ ਖਤਰਨਾਕ ਤੇ ਮਾਰੂ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਇਸ ਬਾਰੇ ਕੀਤੀ ਵਜ਼ਾਹਤ ਅਤਿ ਅਹਿਮ ਹੈ :—

ਪੜਿਆ, ਮੂਰਖੁ ਆਖੀਐ, ਜਿਸੁ ਲਬੁ ਲੋਭੁ ਅਹੰਕਾਰਾ ॥ (ਪੰ: 160)

ਸ਼ੇਖ ਸਾਅਦੀ, ਅਮਲ-ਹੀਨ ਤੇ ਨਾ ਪ੍ਰਹੇਜ਼ਗਾਰ, ਚਤੁਰ ਮਨੁੱਖ ਨੂੰ ਇਉਂ ਕੋਸਦਾ ਹੈ :

'ਇਲਮ, ਚੰਦਾਂ ਕਿ ਬੇਸ਼ਤਰ ਖਾਨੀ। ਚੂੰ ਅਮਲ ਦਰ ਤੋ ਨੇਸਤ, ਨਾਦਾਨੀ।
ਨ ਮਹੱਕਕ ਗਰਦਦ ਨ ਨ ਦਾਨਿਸ਼-ਮੰਦ। ਚਾਰ ਪਾਏ, ਕਿ ਬਰੋ ਕਿਤਾਬੇ ਚੰਦ।

(ਗੁਲਿਸਤਾਂ)

ਭਾਵਅਰਥ—ਐ ਇਨਸਾਨ! ਵਿਦਿਆ ਭਾਵੇਂ ਤੂੰ ਕਿੰਨੀ ਵੀ ਕਿਉਂ ਨ ਪੜ੍ਹ ਲਵੇਂ, ਪਰ ਜੇ ਤੇਰੇ ਵਿੱਚ ਸ਼ੁਭ ਅਮਲ ਨਹੀਂ ਤਾਂ ਤੂੰ ਮੂਰਖਾਂ ਦਾ ਮੂਰਖ ਹੀ ਹੈਂ; (ਜੇ) ਤੂੰ ਚੰਗੇ ਮਾੜੇ (ਸਤਿ)

ਅ-ਸਤਿ) ਦੀ ਵੀਚਾਰ ਕਰਨ ਜੋਗਾ ਨਹੀਂ; ਤਾਂ ਤੂੰ ਇਕ ਪਸ਼ੂ ਸਮਾਨ ਹੈ; ਜਿਸ ਉਤੇ [1]ਕੁਝ ਪੁਸਤਕਾਂ ਲੱਦ ਦਿੱਤੀਆਂ ਜਾਣ।)

ਮਜ਼ਹਬ, ਕੌਮ, ਨਸਲ, ਰੰਗ ਰੂਪ ਤੇ ਜਾਤੀਵਾਦ ਆਦਿ ਦੀ ਸੰਕੀਰਣਤਾ ਤੇ ਨਫਰਤ ਕਾਰਨ, ਸੰਸਾਰ ਵਿੱਚ ਹੁਣ ਤੱਕ ਹੋਏ 3000 ਜੰਗਾਂ ਜੁੱਧਾਂ ਵਿੱਚ, ਜੋ ਤਬਾਹੀ, ਬਰਬਾਦੀ ਤੇ ਅਤਿਆਚਾਰ ਦੇ ਦ੍ਰਿਸ਼, ਸੂਰਜ ਦੀ ਅੱਖ ਨੇ ਵੇਖੇ ਹਨ, ਉਹਨਾਂ ਤੋਂ ਰੱਬ ਬਚਾਏ। ਇਹ '੧ਓ' ਦੀ ਇਕਾਈ ਤੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਗੁਰ-ਵਾਕ ਤੋਂ ਮੁਨਕਰ ਤੇ ਮਨਮੁਖ ਹੋਣਾ ਹੈ, ਲੋਕਾਂ ਨੂੰ ਨਾਸਤਕ ਬਣਾਉਣਾ ਹੈ।[2]

ਪ੍ਰੰਤੂ, ਇਹ, ਗੌਰਵਤਾ ਤੇ ਮਾਣ ਦੀ ਗਲ ਹੈ ਕਿ ਜਿਵੇਂ ਜਿਵੇਂ ਵਿਗਿਆਨਕ ਖੋਜ ਪ੍ਰਗਤੀ ਕਰੇਗੀ ਤਿਵੇਂ ਸਦੀਵੀ ਗੁਰਮਤ ਸਿਧਾਂਤ ਹੋਰ ਪੱਕੇ ਤੇ ਮਕਬੂਲ ਹੁੰਦੇ ਜਾਣਗੇ। ਕੁੱਝ ਮੱਤਾਂ ਵਾਲੇ ਅਨੁਆਈ ਜਾਂ ਆਸਤਕਵਾਦੀ ਖੋਜੇ ਗਏ ਨਵੇਂ ਨਵੇਂ ਵਿਗਿਆਨਕ ਸਿਧਾਂਤਾਂ ਤੋਂ ਘਬਰਾਉਂਦੇ ਹਨ, ਖਾਸ ਕਰਕੇ ਡਾਰਵਿਨ ਦੀ ਵਿਕਾਸ ਦੀ ਥਿਊਰੀ (Theory of Evolution) ਤੋਂ। ਕੀ ਇਸ ਸਾਰੇ ਦਾ ਕੇਵਲ ਇਹ ਉੱਤਰ ਕਾਫੀ ਨਹੀਂ ਕਿ ਅੱਜ ਮਨੁਖ ਅੰਦਰ 'ਆਤਮਾ' ਹੈ। ਇਹੀ ਹਕੀਕਤ ਕਾਫੀ ਨਹੀਂ ਕਿ ਰੱਬ ਨੇ 'ਆਤਮਾ' ਪਾਉਣ ਲਈ ਜੀਵਾਂ ਦੀ ਸਭ ਤੋਂ ਉੱਚੀ ਸ਼ਰੇਣੀ ਇਨਸਾਨ ਨੂੰ ਚੁਣਿਆ ਹੈ। ਸੰਭਵ ਹੈ ਕਿ ਕਿਸੇ ਸਮੇਂ ਸਾਇੰਸ ਵੀ ਏਸੇ ਸਿੱਟੇ ਉਤੇ ਪੁੱਜੇ।

ਸਾਇੰਸ ਅੱਜ ਤੱਕ ਇਹ ਸਾਬਤ ਨਹੀਂ ਕਰ ਸਕੀ ਕਿ ਮਨੁਖ ਅੰਦਰ ਆਤਮਾ ਹੈ, ਜਾਂ ਨਹੀਂ ਹੈ। ਆਤਮਾ ਪ੍ਰਮਾਤਮਾ ਦਾ ਅੰਸ਼ ਹੈ, ਸਾਇੰਸ ਦੀ ਖੋਜ ਦਾ ਖੇਤਰ ਨਹੀਂ। ਇਸ ਲਈ ਪਦਾਰਥਾਂ ਦੀ ਖੋਜੀ, ਸਾਇੰਸ, ਮੇਰਾ ਵਿਸ਼ਵਾਸ ਹੈ, ਕਿ ਕਦੀ ਵੀ ਇਸ ਮਸਲੇ ਨੂੰ ਹਲ ਨਹੀਂ ਕਰ ਸਕੇਗੀ। ਕਿਉਂਕਿ ਇਸ ਸੱਚ ਨੂੰ ਤੋੜ ਤੋੜ ਲਭਦੀ ਅਤੇ ਅੰਤਮ ਮੰਜ਼ਲ ਉੱਤੇ ਜਾ ਕੇ ਬੇ-ਵੱਸ ਹੋ ਜਾਂਦੀ ਹੈ, ਜਦ ਕਿ ਧਰਮ ਪਰਮ ਸੱਚ ਨੂੰ ਜੋੜ ਜੋੜ ਕੇ ਲੱਭਣ ਲਈ ਕੋਸ਼ਾਂ ਹੈ।

(9)

ਮਨੁੱਖੀ ਜੀਵਨ ਦੇ ਹੋਰ ਵਸੀਲੇ :—

ਹਰੇਕ ਮਨੁਖ ਦਾ ਜੀਵਨ ਢਾਲਣ ਲਈ ਇਹ ਤਿੰਨ ਸ਼ਕਤੀਆਂ ਕੁਦਰਤੀ ਨੇਮਾਂ ਦੇ ਅਧੀਨ ਕੰਮ ਕਰਦੀਆਂ ਹਨ : ਵਿਰਸਾ, ਆਲਾ ਦੁਆਲਾ (ਸੰਗਤ) ਤੇ ਇੱਛਾ। ਚੱਲ ਰਹੇ ਵਿਸ਼ੇ-ਪ੍ਰਸੰਗ ਵਿੱਚ ਇਹਨਾਂ ਤਿੰਨਾਂ ਦੇ ਪ੍ਰਭਾਵ ਤੇ ਆਪਸ ਵਿਚਲੇ ਸਬੰਧ ਸਮਝਣੇ ਜ਼ਰੂਰੀ ਹਨ।

(1) **ਵਿਰਸਾ** :—ਵਿਰਸਾ, ਮਾਪਿਆਂ ਵੱਲੋਂ ਪ੍ਰਾਪਤ ਹੋਇਆ ਸਰੀਰਕ ਤੇ ਮਾਨਸਕ

---

1. ਬੇਦ ਪੁਰਾਨ ਪੜੇ ਕਾ ਕਿਆ ਗੁਨੁ, ਖਰ ਚੰਦਨ ਜਸ ਭਾਰਾ ॥ (ਕਬੀਰ, ਪੰ: 1102)
2. ਇਹ ਹਕੀਕਤ ਵੀ ਘੱਟ ਅਫਸੋਸਨਾਕ ਤੇ ਦੁਖਦਾਈ ਨਹੀਂ ਕਿ ਮਜ਼ਹਬਾਂ, ਮੱਤਾਂ ਅਥਵਾ ਸੰਪ੍ਰਦਾਵਾਂ ਦੀ ਤੰਗਦਿਲੀ ਨੇ ਮਾਨਵਤਾ ਤੇ ਮਨੁਖ ਦਾ ਜੋ ਘਾਤ ਕੀਤਾ ਹੈ, ਉਹ ਜੁੱਧਾਂ ਜੰਗਾਂ ਦੀ ਬਰਬਾਦੀ ਨਾਲੋਂ ਵੀ ਵੱਧ ਹੈ।

ਸੁਭਾਵ ਹੈ। ਪਿਛਲੇ ਜਨਮਾਂ ਦੇ ਸੰਸਕਾਰ ਵੀ ਇਸ ਮੱਦ ਵਿੱਚ ਸ਼ਾਮਲ ਕੀਤੇ ਜਾ ਸਕਦੇ ਹਨ। ਮਾਤਾ ਪਿਤਾ ਵਲੋਂ ਪ੍ਰਾਪਤ ਹੋਇਆ ਸੁਭਾਵ ਖਾਸ ਹਾਲਤ ਵਿਚ ਸਾਧਨਾਂ ਤੇ ਸੰਗਤ ਨਾਲ ਵਧਾਇਆ ਘਟਾਇਆ ਜਾ ਸਕਦਾ ਹੈ।

(2) ਆਲਾ ਦੁਆਲਾ : ਬੱਚੇ ਦੇ ਜਨਮ ਲੈਂਦਿਆਂ ਸਾਰ ਹੀ, ਉਸ ਦਾ ਆਲਾ ਦੁਆਲਾ ਉਸ ਉੱਤੇ ਪ੍ਰਭਾਵ ਪਾਉਣਾ ਆਰੰਭ ਦਿੰਦਾ ਹੈ। ਇਸ ਪ੍ਰਭਾਵ ਦੇ ਜ਼ੁੰਮੇਵਾਰ ਬੱਚੇ ਦੇ ਮਾਤਾ ਪਿਤਾ ਤੇ ਪਾਲਣਾ ਕਰਨ ਵਾਲੇ ਹਨ। ਏਥੇ ਵੀ ਅਸੀਂ ਸੰਗਤ ਦੇ ਪ੍ਰਭਾਵ-ਪਾਊ ਗੁਣ ਦੀ ਪ੍ਰਧਾਨਤਾ ਵੇਖਦੇ ਹਾਂ। ਇਸ ਦਾ ਨਿਰਣਾ ਗੁਰਬਾਣੀ ਦੇ ਇਹ ਪਰਮ ਵਾਕ ਕਰਦੇ ਹਨ :—

(ੳ) ਊਤਮ ਸੰਗਤਿ, ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗੁਣੁ ਧੋਵੈ ॥ (ਮਹਲਾ 1)
(ਅ) ਮੇਰੇ ਮਾਧਉ ਜੀ ! ਸਤਿ ਸੰਗਤਿ ਮਿਲੇ ਸੁ ਤਰਿਆ ॥ (ਸੋਦਰੁ ਮ: 5)
(ੲ) ਸੱਚੀ ਸੰਗਤਿ ਸਚਿ ਮਿਲੈ, ਸਚੈ ਨਾਇ ਪਿਆਰੁ ॥ (ਮ: 3)
(ਸ) ਜੋ ਜੈਸੀ ਸੰਗਤਿ ਮਿਲੈ, ਸੋ ਤੈਸੋ ਫਲੁ ਪਾਇ ॥ (ਸਲੋਕ ਕਬੀਰ, 86)

(3) ਇੱਛਾ—ਇੱਛਾ ਜਾਂ ਸੰਕਲਪ ਸ਼ਕਤੀ ਮਨ ਦਾ ਉਹ ਹਿਸਾ (ਅੰਸ਼) ਹੈ, ਜਿਸ ਰਾਹੀਂ ਮਨੁੱਖ ਚੋਣ ਕਰਦਾ ਹੈ। ਇਹ ਛੋਟੀ ਆਯੂ ਤੋਂ ਹੀ ਆਪਣਾ ਕੰਮ ਆਰੰਭ ਦੇਂਦੀ ਹੈ, ਪ੍ਰੰਤੂ, ਬਾਲਪੁਣੇ ਵਿੱਚ ਇਸ ਦੇ ਪ੍ਰਭਾਵ ਦਾ ਨਿਰਭਰ ਵਿਰਸੇ ਤੇ ਆਲੇ ਦੁਆਲੇ ਉੱਤੇ ਹੀ ਹੁੰਦਾ ਹੈ। ਮਾਪਿਆਂ, ਮਿੱਤਰਾਂ, ਅਧਿਆਪਕਾਂ ਤੇ ਭੌਤਕ ਆਲੇ ਦੁਆਲੇ ਦਾ ਪ੍ਰਭਾਵ ਬੱਚੇ ਨੂੰ ਗਭਰੂ ਹੋ ਕੇ ਸੰਸਾਰਕ ਜ਼ੁੰਮੇਵਾਰੀਆਂ ਸੰਭਾਲਣ ਹਿਤ ਤਿਆਰ ਕਰਨ ਲਈ ਜ਼ਰੂਰੀ ਹੈ।

ਆਤਮਿਕ ਸ਼ਕਤੀ :—

ਇਹਨਾਂ ਤਿੰਨਾਂ ਤਾਕਤਾਂ ਦੇ ਨਾਲ ਨਾਲ ਆਤਮ ਸ਼ਕਤੀ ਵੀ ਜੀਵਨ ਢਾਲਣ ਵਿੱਚ ਇੱਛਾ ਸ਼ਕਤੀ ਨੂੰ ਤੋੜਨ ਤੇ ਮੋੜਨ ਵਿੱਚ ਬਲ ਲਾਉਂਦੀ ਹੈ।

ਬਾਲਕ, ਜਵਾਨ ਹੋ ਕੇ, ਫੈਸਲੇ ਕਰਨ ਵੇਲੇ ਆਪਣੇ ਆਲੇ ਦੁਆਲੇ ਦੀ ਬਹੁਤੀ ਪ੍ਰਵਾਹ ਨਹੀਂ ਕਰਦਾ। ਇਹ ਇਸ ਨੂੰ ਹੋਰਨਾਂ ਦੇ ਚੌਗਿਰਦੇ ਨਾਲ ਮੇਲਦਾ ਤੇ ਟਾਕਰਾ ਕਰਦਾ ਹੈ। ਉਸ ਨੂੰ ਇੱਛਾ ਅਨੁਸਾਰ, ਆਪਣੇ ਭਵਿਖ ਸੰਬੰਧੀ ਫੈਸਲੇ ਕਰਨ ਦਾ ਹੱਕ ਹੈ। ਆਪਣੀ ਸੰਕਲਪ-ਸ਼ਕਤੀ ਰਾਹੀਂ ਉਸਨੂੰ ਇਹ ਫੈਸਲਾ ਕਰਨ ਦੀ ਵੀ ਸੁਤੰਤਰਤਾ ਹੈ ਕਿ ਉਹ ਵਿਰਸੇ ਵਿੱਚ ਪ੍ਰਾਪਤ ਹੋਈਆਂ ਸਰੀਰਕ ਤੇ ਮਾਨਸਕ ਰੁੱਚੀਆਂ ਨੂੰ ਚੰਗੇਰਾ ਤੇ ਬਲਵਾਨ ਬਣਾ ਸਕੇ; ਪ੍ਰੰਤੂ, ਅਜੇਹੇ ਫੈਸਲੇ ਕਰਨ ਦੀ ਸਮਰਥਾ, ਇੱਛਾ ਸ਼ਕਤੀ ਉੱਤੇ ਇਕ ਖਾਸ ਜ਼ੁੰਮੇਵਾਰੀ ਵੀ ਪਾਉਂਦੀ ਹੈ, ਕਿਉਂਕਿ ਇਹ ਇਸ ਦੇ ਦੂਜੇ ਦੋਹਾਂ ਸਾਥੀਆਂ: ਵਿਰਸਾ ਤੇ ਆਲਾ ਦੁਆਲਾ (ਸੰਗਤ), ਨਾਲੋਂ ਪ੍ਰਬਲ ਹੁੰਦੀ ਹੈ। ਇਸ ਤੋਂ ਛੁਟ ਆਤਮਾ ਸ਼ਕਤੀ ਵੀ ਆਪਣਾ ਪ੍ਰਭਾਵ ਪਾ ਰਹੀ ਹੁੰਦੀ ਹੈ। ਇੱਛਾ-ਸ਼ਕਤੀ ਇਸ ਆਤਮਕ ਆਵਾਜ਼ ਨੂੰ ਕਬੂਲ ਜਾਂ ਰੱਦ ਕਰ ਸਕਦੀ ਹੈ।

ਇਸ ਸੰਬੰਧ ਵਿੱਚ ਇਹ ਦੋ ਗਲਾਂ ਵੀ ਵਿਸ਼ੇਸ਼ ਤੌਰ ਉੱਤੇ ਨੋਟ ਕਰਨ ਜੋਗ ਹਨ; ਪਹਿਲੀ, ਮਨੁੱਖ ਨੂੰ ਫੈਸਲੇ ਕਰਨ ਵੇਲੇ ਉਸ ਦਾ ਬਣਿਆ ਬਣਾਇਆ ਸੁਭਾ ਜਾਂ ਚਲਣ ਹੀ

---

1. ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ ॥ (ਗੁਰੂ ਨਾਨਕ ਜੀ, ਪੰ. 62)

ਕੰਮ ਆਉਂਦਾ ਹੈ। ਕੋਈ ਵੀ ਵਾਦੀ, ਸਹਿਜੇ ਸਹਿਜੇ, ਸਾਡੇ ਸੁਭਾ ਦਾ ਪ੍ਰਬਲ ਹਿੱਸਾ ਬਣ ਜਾਂਦੀ ਹੈ। (Habit, in due courre of time, becomes a second nature)। ਇਵੇਂ ਹੀ ਪੱਕ ਗਈ ਵਾਦੀ ਜਾਂ ਸੁਭਾਵ, ਸਾਡੇ ਚਲਣ ਲਈ ਜ਼ੁੰਮੇਂਵਾਰ ਹੁੰਦਾ ਹੈ। ਏਸੇ ਲਈ, ਗੁਰੂ ਨਾਨਕ ਦੇਵ ਜੀ ਆਦਿ, ਗੁਰੂ ਸਾਹਿਬਾਨ, ਨੇ ਮਨੁਖ ਦੀ ਉਸਾਰੀ ਲਈ ਸੱਚੇ-ਅਚਾਰ ਨੂੰ ਆਧਾਰ-ਸ਼ਿਲਾ ਬਣਾਇਆ ਹੈ। ਇਸ ਨੂੰ 'Human uplift, based on character' ਦੀ ਥਿਊਰੀ ਕਰਕੇ ਵੀ ਬਿਆਨਿਆ ਜਾ ਸਕਦਾ ਹੈ। ਸਤਿਸੰਗਤ, ਸਚਿਆਰ ਚਲਣ-ਉਸਾਰੀ ਵਿੱਚ ਅਹਿਮ ਹਿੱਸਾ ਪਾਉਂਦੀ ਹੈ। ਇਹੀ ਸਾਡੀਆਂ ਵੀਚਾਰਾਂ ਤੇ ਇਛਾਵਾਂ ਨੂੰ ਸੁੱਛ ਸਰੇਸ਼ਟ ਤੇ ਪ੍ਰਬਲ ਬਣਾਉਂਦੀ ਹੈ।

ਦੂਜੀ ਗੱਲ : ਮਨੁਖ ਇਕ ਖਾਸ ਹੱਦ ਤੱਕ ਆਪਣੀ ਇੱਛਾ ਅਨੁਸਾਰ ਫੈਸਲੇ ਕਰਨ ਤੇ ਆਪਣੇ ਕਰਮਾਂ ਦਾ ਫਲ ਭੋਗਣ ਵਿੱਚ ਸੁਤੰਤਰ ਵੀ ਹੈ ਤੇ ਪਿਰੰਤਰ ਵੀ। ਇਹ ਸਭ ਕੁਝ ਰੱਬ ਵਲੋਂ ਬਣੇ ਹੁਕਮੀ-ਕਾਇਦੇ ਅਤੇ ਮਨੁੱਖ ਦੀ ਬਣਤਰ ਅਨੁਸਾਰ ਹੁੰਦਾ ਹੈ। ਮਨੁੱਖ ਉਸ ਮੱਛੀ ਸਮਾਨ ਹੈ, ਜੋ ਸਾਗਰ ਵਿਚ ਰਹਿੰਦੀ ਹੋਈ, ਆਪਣੀ ਇੱਛਾ ਅਨੁਸਾਰ ਆਸੇ ਪਾਸੇ, ਜਾਂ ਉੱਪਰ ਥੱਲੇ ਤਾਂ ਜਾ ਸਕਦੀ ਹੈ, ਪਰ ਸਮੁੰਦਰ ਤੋਂ ਬਾਹਰ ਜਾਣ ਦੀ ਸਮਰਥਾ ਨਹੀਂ ਰੱਖਦੀ। ਸਾਰ ਇਹ ਹੈ ਕਿ ਅਸੀਂ ਜਿਹੜੇ ਕਰਮ ਆਪਣੀ ਮੈਂ, ਹਉਮੈਂ ਜਾਂ ਖੁਦ-ਨੁਮਾਈ ਦੇ ਅਧੀਨ ਕਰਦੇ ਹਾਂ, ਉਹਨਾਂ ਲਈ ਜ਼ੁੰਮੇਵਾਰੀ ਵੀ ਸਾਡੀ ਹੀ ਹੈ; ਪ੍ਰੰਤੂ ਜੋ ਕਰਮ ਅਸੀਂ ਹਉ-ਰਹਿਤ ਅਥਵਾ ਪ੍ਰਭੂ-ਪ੍ਰਾਇਣ ਹੋ ਕੇ, ਰੱਬ-ਰਜ਼ਾ ਵਿੱਚ ਕਰਦੇ ਹਾਂ, ਉਹ ਨ ਤਾਂ ਸਾਡੇ ਕਰਮ ਰਹਿੰਦੇ ਹਨ, ਅਤੇ ਨ ਹੀ ਉਹਨਾਂ ਦਾ ਫਲ ਭੋਗਣ ਦੀ ਜ਼ੁੰਮੇਵਾਰੀ ਸਾਡੀ ਹੁੰਦੀ ਹੈ। ਇਸ ਸੰਬੰਧ ਵਿੱਚ ਗੁਰਬਾਣੀ ਵਿੱਚ, ਦੋਵੇਂ ਤਰ੍ਹਾਂ ਦੇ ਪ੍ਰਮਾਣ ਮਿਲਦੇ ਹਨ :

(1) (ੳ) ਹੁਕਮੈ ਅੰਦਰਿ ਸਭ ਕੋ, ਬਾਹਰਿ ਹੁਕਮਿ ਨ ਕੋਇ ॥
ਨਾਨਕ, ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥ (ਜਪੁਜੀ)

(ਅ) ਮਾਰੇ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ (ਸੁਖਮਨੀ, 281)

(2) (ੳ) ਜੈਸਾ ਬੀਜੈ ਸੋ ਲੁਣੈ, ਕਰਮ ਇਹ ਖੇਤੁ ॥ (ਪੰ: 706)

(ਅ) ਕਰਮੀ ਕਰਮੀ ਹੋਇ ਵੀਚਾਰੁ ॥ (ਜਪੁਜੀ)

(ੲ) ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ, ਹੁਕਮੀ ਆਵਹੁ ਜਾਹੁ ॥ (ਜਪੁਜੀ)

ਸਿੱਟਾ :

ਸਾਡੀ ਇਸ ਵੀਚਾਰ ਦਾ ਸਿੱਟਾ ਇਹ ਹੈ ਕਿ ਮਨੁੱਖ ਵਿਰਸੇ ਵਿੱਚ ਕੁਝ ਸਰੀਰਕ ਤੇ ਮਾਨਸਕ ਗੁਣ ਲੈ ਕੇ ਜਨਮ ਲੈਂਦਾ ਹੈ, ਜੋ ਬਚਪਨ ਵਿੱਚ ਆਲੇ ਦੁਆਲੇ ਦੀ ਸੰਗਤ ਨਾਲ ਘੱਟਦੇ ਵੱਧਦੇ ਹਨ। ਜਵਾਨੀ ਵਿੱਚ ਇੱਛਾ-ਸ਼ਕਤੀ ਪ੍ਰਧਾਨ ਹੁੰਦੀ ਹੈ ਤੇ ਇਹੀ ਚੋਣ ਜਾਂ ਫੈਸਲੇ ਕਰਦੀ ਹੈ। ਵਿਰਸਾ ਤੇ ਆਲਾ ਦੁਆਲਾ ਵੀ ਪ੍ਰਭਾਵ ਪਾਉਣੋਂ ਹੱਟ ਨਹੀਂ ਜਾਂਦੇ।

ਇਹਨਾਂ ਸਾਰਿਆਂ ਦੇ ਨਾਲ ਨਾਲ ਈਸ਼ਵਰੀ ਇੱਛਾ (God's Will) ਵੀ ਪ੍ਰੇਰਕ ਸ਼ਕਤੀ ਰਾਹੀਂ ਆਪਣਾ ਪ੍ਰਭਾਵ ਪਾਉਂਦੀ, ਤੇ ਆਪਣਾ ਕੰਮ ਜਾਰੀ ਰੱਖਦੀ ਹੈ

(10)

ਇਸ ਤਰ੍ਹਾਂ, ਅਸੀਂ ਜੀਵਨ ਦੇ ਇਕ ਸਰਲ ਤੇ ਸਾਂਝੇ ਫ਼ਲਸਫ਼ੇ (ਗੌੜ-ਗਿਆਨ) ਉਤੇ ਪੁਜ ਜਾਂਦੇ ਹਾਂ, ਜੋ ਇਤਨਾ ਵਿਸ਼ਾਲ ਹੈ ਕਿ ਇਸ ਦੀ ਗਲਵੱਕੜੀ ਵਿੱਚ ਹਰੇਕ ਮਨੁੱਖ, ਭਾਵੇਂ ਉਹ ਕਿਸੇ ਰੰਗ, ਰੂਪ ਨਸਲ ਜਾਂ ਮੱਤ ਦਾ ਹੋਵੇ, ਆ ਜਾਂਦਾ ਹੈ।

ਫਲਸਫਾ ਇਹ ਹੈ ਕਿ ਇਸ ਦਿਸਦੇ ਤੇ ਅਣਦਿਸਦੇ ਸੰਸਾਰ ਦਾ ਕੋਈ ਕਰਤਾ ਹੈ, ਜੋ ਇਸ ਨੂੰ ਧਾਰ ਤੇ ਬਝਵੇਂ ਪ੍ਰਬੰਧ ਵਿੱਚ ਚਲਾ ਰਿਹਾ ਹੈ। ਧਰਮ ਇਕ ਤੇ ਕੇਵਲ ਇਕ ਹੈ, ਪਰ ਮੱਤ (ਮਜ਼ਹਬ) ਅਨੇਕ। ਜਿਵੇਂ ਇਕ ਓਅੰਕਾਰੀ, ਰੱਬ ਨੂੰ, ਇਕ, ਦੋ, ਤਿੰਨ ਵਿੱਚ ਤਕਸੀਮ ਕਰਨਾ ਅਸੰਭਵ ਹੈ, ਤਿਵੇਂ ਹਿੰਦੂ, ਮੁਸਲਿਮ, ਈਸਾਈ ਜਾਂ ਸਿੱਖ ਰੱਬ ਮੰਨਣਾ, ਉਸਦੇ ਏਕਤਾਵਾਦ (ਤੌਹੀਦ) ਦੀ ਤੌਹੀਨ ਹੈ। ਏਸੇ ਤਰ੍ਹਾਂ 'ਨਾਮ (ਰੱਬੀ ਧਰਮ) ਵੀ ਕੇਵਲ ਇਕ ਤੇ ਇਕ ਹੀ ਹੈ। ਗੁਰੂ ਸਾਹਿਬਾਨ ਨੇ ਸਰਬ ਤੇ ਸਮਸਤ-ਭਾਵੀ ਧਰਮ ਦੀ ਜੋ ਵਿਆਖਿਆ ਕੀਤੀ ਹੈ; ਉਹ ਸਦਾ ਸਦਾ ਲਈ ਸਮਸਤ ਸੰਸਾਰ ਨੂੰ ਆਪਣੀ ਗਲਵੱਕੜੀ ਦੀ ਪਿਆਰ-ਨਿੱਘ ਦੇਂਦੀ ਰਹੇਗੀ :—

(ੳ) ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ ॥ (ਸੁਖਮਨੀ, ਮ: 5)

(ਅ) ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਹੋਈ ॥ (ਮ: 1)

(ੲ) ਬਲਿਓ ਚਰਾਗ ਅੰਧਾਰ ਮਹਿ ਸਭ ਕਲ ਉਧਰੀ, ਇਕ ਨਾਮ ਧਰਮ ॥ (ਮ: 5, ਪੰ. 1387)

ਜਿਸ ਹੱਦ ਤਕ ਅਸੀਂ ਵਾਹਿਗੁਰੂ ਦੀ ਇੱਛਾ-ਸ਼ਕਤੀ, ਜਿਸ ਦਾ ਗਿਆਨ ਸਾਨੂੰ ਸਾਡੀ ਅੰਦਰਲੀ ਈਸ਼ਵਰੀ ਆਵਾਜ਼ ਜਾਂ ਆਤਮਾ ਕਰਾਉਂਦੀ ਹੈ, ਅਨੁਸਾਰ ਵਿਚਰਦੇ ਹਾਂ, ਓਸੇ ਹੱਦ ਤੱਕ ਅਸੀਂ ਆਪਣੇ ਆਪ ਨੂੰ ਲੋਕ ਪ੍ਰਲੋਕ ਵਿੱਚ ਜੀਉਣ ਦੇ ਯੋਗ ਬਣਾਉਂਦੇ ਹਾਂ।

ਹਰੇਕ ਮਨੁੱਖ ਦਾ 'ਵਿਰਸਾ' ਤੇ 'ਆਲਾ ਦੁਆਲਾ' ਭਿੰਨ ਭਿੰਨ ਹੋ ਸਕਦਾ ਹੈ, ਪ੍ਰੰਤੂ, ਇੱਛਾ-ਸ਼ਕਤੀ, ਜਿਸ ਨੇ ਚੋਣ ਤੇ ਨਿਖੇੜਾ ਕਰਨਾ ਹੈ, ਸਭ ਨੂੰ ਧੁਰ 'ਦਰਗਾਹੋਂ' ਪ੍ਰਾਪਤ ਹੈ। ਏਹੋ ਹਾਲ ਈਸ਼ਵਰੀ ਅੰਤ੍ਰੀਵ ਅਵਾਜ਼ ਦਾ ਹੈ। ਇਸ ਲਈ ਜੀਵਨ-ਪ੍ਰੀਖਿਆ ਹਰੇਕ ਉੱਤੇ ਇੱਕੋ ਜਿਹੀ ਘੱਟਦੀ ਹੈ।

(11)

ਪੁਰਾਣ ਅਥਵਾ ਮਿੱਥਿਹਾਸ ਦੀ ਗੱਲ ਛੱਡੋ। ਇਤਿਹਾਸ ਗਵਾਹ ਹੈ ਕਿ ਜਗਤ ਗੁਰੂ ਨਾਨਕ ਦੇਵ ਜੀ ਅਥਵਾ ਹੋਰ ਜਿਹੜੇ ਜਿਹੜੇ ਮਹਾਂਪੁਰਖ ਰੱਬੀ ਇਕ-ਸੁਰਤਾ ਵਿਚ ਜੀਵੇ, ਉਹ ਸਭ ਈਸ਼ਵਰੀ ਹੋ ਗਏ। ਉਹਨਾਂ ਨੂੰ, ਇਸ ਕੁਦਰਤ ਦਾ ਕਰਤਾ, ਵਾਹਿਗੁਰੂ ਜਲਾਂ, ਥਲਾਂ ਅਕਾਸ਼ਾਂ ਅਥਵਾ ਕਣ ਕਣ ਵਿੱਚ ਸਮਾਇਆ ਤੇ ਰਵਿ ਰਿਹਾ ਦਿੱਸਿਆ ਅਤੇ ਉਹ ਬੇ-ਸਾਖਤਾ ਪੁਕਾਰ ਉੱਠੇ :

(ੳ) ਆਦਿ ਸਚੁ, ਜੁਗਾਦਿ ਸਚੁ ॥
ਹੈ ਭੀ ਸਚੁ, ਨਾਨਕ, ਹੋਸੀ ਭੀ ਸਚੁ ॥ (ਗੁਰੂ ਨਾਨਕ ਜੀ—ਜਪੁਜੀ)

(ਅ) ਬੇਦ ਕਤੇਬ ਸੰਸਾਰ, ਹਭਾਹੂੰ ਬਾਹਰਾ ॥
ਨਾਨਕ ਕਾ ਪਾਤਸ਼ਾਹੁ, ਦਿਸੈ ਜਾਹਰਾ ॥ (ਮ: 5. 397)

(ੲ) ਹੈ ਤਉ, ਸਹੀ, ਲਖੈ ਜਉ ਕੋਈ ॥ ਤਬ ਓਹੀ ਉਹੁ, ਏਹੁ ਨ ਹੋਈ ॥ (ਕਬੀਰ, ਪੰ: 342)

ਅਸੀਂ ਓਨਾ ਓਨਾ ਦੈਵੀ ਗੁਣਾਂ ਦੇ ਮਾਲਿਕ ਬਣ ਸਕਦੇ ਹਾਂ, ਜਿੰਨਾਂ ਜਿੰਨਾ ਅਸੀਂ ਪ੍ਰਭੂ-ਸਮੀਪੀ ਹੋ ਕੇ, ਆਪਣਾ ਜੀਵਨ ਰੱਬੀ-ਰੌ ਤੇ ਇਕ ਸੁਰਤਾ ਵਿਚ ਬਤੀਤ ਕਰੀਏ।

ਪ੍ਰਤੱਖ ਦਰਸ਼ਨ : ਰੱਬ ਦੇ ਪ੍ਰਤੱਖ ਦਰਸ਼ਨਾਂ ਲਈ ਹਰ ਕੋਈ ਬੇਤਾਬ ਹੈ :

ਆਮ ਸਾਖੀਆਂ ਵਿੱਚ ਜ਼ਿਕਰ ਆਉਂਦਾ ਹੈ ਕਿ ਅਮਕੇ ਅਮਕੇ ਭਗਤ ਨੂੰ ਭਗਵਾਨ ਦੇ ਸਾਖਸ਼ਾਤ ਦਰਸ਼ਨ ਹੋਏ। ਗੁਰਮਤਿ ਅਨੁਸਾਰ ਰੰਗ, ਰੂਪ ਤੇ ਚਿਹਨ ਚਕ੍ਰ-ਰਹਿਤ, ਨਿਰਗੁਣ ਪ੍ਰਭੂ ਦੇ ਦਰਸ਼ਨ ਇਹਨਾਂ ਅੱਖਾਂ ਨਾਲ ਨਹੀਂ ਹੋ ਸਕਦੇ। ਉਸ ਦੇ ਸਰਗੁਣ ਸਰੂਪ—ਸਮੂਹ ਰਚਨਾ—ਵਿੱਚ ਉਸ ਨੂੰ ਅਨੁਭਵ ਕੀਤਾ ਤੇ ਮਹਿਸੂਸਿਆ ਜਾ ਸਕਦਾ ਹੈ। ਗੁਰਬਾਣੀ ਵਿੱਚ ਬਾਰ ਬਾਰ ਜ਼ਿਕਰ ਆਉਂਦਾ ਹੈ ਕਿ ਉਸ ਦੇ ਦਰਸ਼ਨ ਕਰਨ ਵਾਲੀਆਂ ਅੱਖਾਂ ਹੋਰ ਹਨ :

(ੳ) ਸੇ ਅਖੜੀਆਂ ਬਿਅੰਨ, ਜਿਨੀ ਡਿਸੰਦੋ ਮਾ ਪਿਰੀ ॥

(ਅ) ਅੱਖੀ ਬਾਝਹੁ ਵੇਖਣਾ, ਵਿਣੁ ਕੰਨਾ ਸੁਨਣਾ । (ਮ: 2. 139)
ਪੈਰਾ ਬਾਝਹੁ ਚਲਣਾ, ਵਿਣੁ ਹਥਾ ਕਰਣਾ ॥
ਜੀਭੈ ਬਾਝਹੁ ਬੋਲਣਾ, ਇਉ ਜੀਵਤ ਮਰਣਾ ॥

ਉਪ੍ਰੰਤ ਸ੍ਰੀ ਅੰਗਦ ਦੇਵ ਜੀ ਪ੍ਰਭੂ-ਦਰਸ਼ਨਾਂ ਦੀ ਵਿੱਧੀ ਇਉਂ ਬਿਆਨਣ ਦਾ ਉਪਕਾਰ ਕਰਦੇ ਹਨ :—

ਭੈ ਕੇ ਚਰਨ, ਕਰ (ਹੱਥ) ਭਾਵ ਕੇ, ਲੋਇਣ ਸੁਰਤਿ ਕਰੇਇ ॥
ਨਾਨਕੁ ਕਹੈ ਸਿਆਣੀਏ, ਇਵ ਕੰਤ ਮਿਲਾਵਾ ਹੋਇ ॥ (ਪੰ: 139)

ਇਸ ਨੁਕਤੇ ਨੂੰ ਭਾਈ ਨੰਦ ਲਾਲ ਜੀ ਗੋਇਆ ਇਉਂ ਬਿਆਨਦੇ ਹਨ :—

'ਗੋਇਆ, ਗਰ ਆ ਜਮਾਲ ਦੀਦਨ ਦਾਰੀ।
ਅਜ਼ ਖੁਦ, ਹਵਸਿ ਮੈਲ ਰਮੀਦਨ ਦਾਰੀ।
ਅਜ਼ੀਂ ਦੀਦਾ ਮਬੀਂ, ਕਿ ਹਜਾਬਸਤ ਤੁਰਾ।।'
ਬੇ ਦੀਦਾ ਬਬੀਂ, ਹਰ ਆਂ ਚਿ: ਦੀਦਨ ਦਾਰੀ। (ਸਾਚੀ ਪ੍ਰੀਤ 'ਚੋਂ 18ਵੀਂ ਰੁਬਾਈ

(ਭਾਵਅਰਥ : ਐ ਗੋਇਆ, ਜੇ ਤੂੰ ਰੱਬ ਦਾ ਜਲਵਾ ਵੇਖਣ ਦਾ ਸ਼ੌਕ ਰੱਖਦਾ ਹੈ, ਤਾਂ ਆਪਣੇ ਅੰਦਰੋਂ, ਵਧੀਆਂ ਖਾਹਸ਼ਾਂ (ਤ੍ਰਿਸ਼ਨਾ) ਨੂੰ ਦੌੜਦਾ ਕਰ, ਦੂਰ ਕਰ; ਫੇਰ ਇਹਨਾਂ ਨੈਨਾਂ ਨਾਲ ਵਾਹਿਗੁਰੂ ਦੇ ਦੀਦਾਰ ਕਰਨ ਦਾ ਜਤਨ ਨਾ ਕਰ, ਕਿਉਂਕਿ ਇਹ ਅੱਖਾਂ ਤਾਂ, ਤੇਰੇ ਅਤੇ ਰੱਬ ਦੇ ਵਿਚਕਾਰ, ਜਿਸ ਨੂੰ ਤੂੰ ਵੇਖਣਾ ਚਾਹੁੰਦਾ ਹੈ, ਇਕ ਪਰਦਾ ਹਨ। ਇਸ ਲਈ ਇਹਨਾਂ ਤੋਂ ਬਿਨਾਂ, ਭਾਵ ਅੰਦਰਲੀਆਂ ਅੱਖਾਂ (ਸੁਰਤ, ਅਨੁਭਵਤਾ) ਨਾਲ ਉਸ ਨੂੰ ਵੇਖ, ਜਿਸ ਨੂੰ ਤੂੰ ਵੇਖਣਾ ਲੋਚਦਾ ਹੈ।)

(12)

ਪ੍ਰਿੰਸੀਪਲ ਗੰਗਾ ਸਿੰਘ ਜੀ, ਜਿਨ੍ਹਾਂ ਦੇ ਨਾਲ ਮੈਨੂੰ ਸ਼ਹੀਦ ਸਿਖ ਮਿ: ਕਾਲਜ ਵਿੱਚ ਪੜ੍ਹਾਉਣ ਦਾ ਸੁਭਾਗ ਪ੍ਰਾਪਤ ਹੋਇਆ, ਇਕ ਬੜੀ ਭਾਵ-ਪੂਰਤ ਵਿੱਥਿਆ ਇਉਂ ਸੁਣਾਇਆ

ਕਰਦੇ ਸਨ : "ਇਕ ਵੇਰ ਮੈਨੂੰ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿੱਚ ਗੁਰੂ-ਸ਼ਬਦ ਦੀ ਕਥਾ ਕਰਨ ਦਾ ਅਵਸਰ ਮਿਲਿਆ। ਸਵੇਰੇ ਕਥਾ ਸਮੇਂ ਸ੍ਰੀਮਾਨ ਸੰਤ ਅਤਰ ਸਿੰਘ ਜੀ ਵੀ ਸੰਗਤ ਵਿੱਚ ਬੈਠੇ ਸਨ। ਮੈਂ, ਸ਼ਬਦ ਦੀ ਵਿਆਖਿਆ ਕਰਦਿਆਂ ਪ੍ਰਭੂ-ਮਿਲਾਪ ਸਮੇਂ ਦੀ ਵਿਸਮਾਦਤ ਅਵਸਥਾ ਦਾ ਬੜਾ ਭਾਵ-ਪੂਰਤ, ਜ਼ਿਕਰ ਕੀਤਾ। ਵਿਸਮਾਦ ਅਥਵਾ ਸੂਫੀਆਂ ਦੇ 'ਆਲਮਿ ਤੱਹਯਰ' ਦਾ ਖੂਬ ਨਕਸ਼ਾ ਖਿੱਚਿਆ। ਜਦ ਵੀਚਾਰ-ਸਮਾਪਤੀ ਉਪ੍ਰੰਤ, ਮੈਂ ਸੰਤ ਮਹਾਰਾਜ ਜੀ ਪਾਸ, ਸਤਿਕਾਰ ਵਜੋਂ, ਆ ਬੈਠਾ, ਤਾਂ ਉਹਨਾਂ ਨੇ ਜਿੱਥੇ ਮੇਰੇ ਬਿਆਨ-ਢੰਗ ਦੀ ਪ੍ਰਸੰਸਾ ਕੀਤੀ, ਓਥੇ ਨਾਲ ਹੀ ਬੜੇ ਪਿਆਰ ਨਾਲ, ਮੇਰੀ ਪਿੱਠ ਉੱਤੇ ਹੱਥ ਫੇਰਦਿਆਂ, ਪੁੱਛਿਆ ਕਿ 'ਕੀ ਮੈਂ ਜਿਸ ਅਵਸਥਾ ਦਾ ਜ਼ਿਕਰ ਕੀਤਾ ਹੈ, ਉਹ ਕਦੀ ਆਪ ਵੀ ਮਾਣੀ ਹੈ ?' ਮੈਂ ਸਨਿਮਰ ਉੱਤਰ ਦਿੱਤਾ ਕਿ, 'ਮਹਾਰਾਜ, ਸੱਚ ਤਾਂ ਇਹ ਹੈ ਕਿ ਮੈਂ ਉਸ ਅਵਸਥਾ ਨੂੰ ਆਪੋਂ ਕਦੀ ਨਹੀਂ ਮਾਣਿਆ। ਇਹ ਸਭ ਕੁਝ ਮੈਂ ਜਿਵੇਂ ਦਿਮਾਗੀ ਤੌਰ ਉੱਤੇ ਗੁਰਮੱਤ ਦੇ ਗ੍ਰੰਥਾਂ ਤੇ ਤਸੱਵਫ਼ ਦੀ ਪੁਸਤਕਾਂ 'ਚੋਂ ਵਾਚਿਆ ਹੈ, ਉਸ ਨੂੰ ਖੂਬਸੂਰਤ ਢੰਗ ਨਾਲ ਬਿਆਨ ਕਰ ਦਿੱਤਾ ਹੈ। ਆਪ ਜੀ ਕਿਰਪਾ ਕਰੋ ਤੇ ਦੱਸੋ ਕਿ ਪ੍ਰਭੂ-ਮਿਲਾਪ ਤੇ ਉਸ ਦੀ ਲਖਤਾ ਦੀ ਅਵਸਥਾ ਕੈਸੀ ਹੈ ? ਇਹ ਸੁਣ ਕੇ ਸੰਤ ਮਹਾਰਾਜ ਜੀ ਨੇ ਨੇਤ੍ਰ ਬੰਦ ਕਰ ਲਏ ਤੇ ਓਹਨਾਂ ਵਿੱਚੋਂ ਵੈਰਾਗ-ਭਿੱਜੇ ਹੰਝੂ ਵਹਿ ਤੁਰੇ। ਮੁੱਖੋਂ ਇਕ ਵੀ ਸ਼ਬਦ ਉਚਾਰੇ ਬਿਨਾ ਸਮਝਾ ਦਿੱਤਾ ਕਿ ਵਿਸਮਾਦੀ-ਵੈਰਾਗ ਤੇ ਪ੍ਰਭੂ-ਮਿਲਾਪ ਦੀ ਅਵਸਥਾ, ਬਿਆਨੀ ਨਹੀਂ ਜਾ ਸਕਦੀ; ਕੇਵਲ ਮਾਣੀ ਜਾ ਸਕਦੀ ਹੈ। ਇਹ ਤਾਂ ਗੂੰਗੇ ਦੇ ਮਠਿਆਈ ਖਾਣ ਵਾਲੀ ਗਲ ਹੈ, ਕਿਵੇਂ ਸ਼ਬਦਾਂ ਦੁਆਰਾ ਬਿਆਨ ਹੋਵੇ ?'

ਜਿਨ੍ਹਾਂ ਦੀ, ਬਿਬੇਕ ਬੁੱਧ ਤੇ ਹਰੀ-ਲਿਵ ਦੁਆਰਾ, ਅੰਦਰਲੀ ਸੁਰਤਿ ਪ੍ਰਭੂ-ਰੰਗ ਵਿੱਚ ਜੁੜ ਜਾਂਦੀ ਹੈ, ਉਹਨਾਂ ਨੂੰ ਹਰ ਪਾਸੇ ਵਾਹਿਗੁਰੂ ਦੀਆਂ ਧੁਨੀਆਂ ਸੁਣੀਂਦੀਆਂ ਹਨ। ਉਹ ਹਰ ਸ਼ੈ ਵਿਚੋਂ ਓਸੇ ਦਾ ਜਲਵਾ ਵੇਖਦੇ ਹਨ :

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨੁ ਹਰਿ, ਜਾਪਤ ਹੈ ਨਹੀਂ ਹੋਰ ॥
(ਮਃ ਚੌਥਾ, ਪੰ: 1265)

ਸਾਖੀ ਹੈ ਕਿ ਭਗਤ ਕਬੀਰ ਜੀ ਪਾਸ ਇਕ ਵੇਰ; ਇਕ ਪੰਡਤ ਆਇਆ ਤੇ ਬੇਨਤੀ ਕੀਤੀ ਕਿ ਉਹ, ਉਸਨੂੰ, ਪ੍ਰਮਾਤਮਾ ਦੀ ਸੋਝੀ ਕਰਵਾ ਦੇਣ, ਉਸ ਦੀ ਹੋਂਦ ਤੇ ਹਸਤੀ ਤੋਂ ਜਾਣੂ ਕਰਾਉਣ, ਉਸ ਦੀ ਹੋਂਦ ਨੂੰ ਸਿੱਧ ਕਰਨ। ਰਾਤ ਦਾ ਸਮਾਂ ਸੀ ਤੇ ਆਕਾਸ਼ ਉੱਤੇ ਅਸੰਖਾਂ ਤਾਰੇ ਡਲ੍ਹਕਾਂ ਮਾਰ ਰਹੇ ਸਨ। ਕਬੀਰ ਸਾਹਿਬ ਨੇ ਸਮਝਾਇਆ ਕਿ ਜੇ ਕਿਸੇ ਸੁਭਾਗੇ ਦੀ ਰਸਨਾ ਉੱਤੇ, ਤੇ ਹਿਰਦੇ ਵਿੱਚ ਰਾਮ ਵੱਸਿਆ ਹੋਵੇ, ਤਾਂ ਉਸ ਨੂੰ ਆਕਾਸ਼ ਵਿੱਚ ਚਮਕਦੇ ਤਾਰਿਆਂ ਤੋਂ ਹੀ ਇਹ ਗਿਆਨ ਹੋ ਜਾਂਦਾ ਹੈ, ਕਿ ਇਸ ਅਦਭੁਤ ਚਿਤ੍ਰ ਦਾ ਕੋਈ ਚਿਤੇਰਾ ਵੀ ਹੈ। ਕੇਵਲ ਗੱਲਾਂ ਨਾਲ ਇਹ ਵਿਸ਼ਵਾਸ ਨਹੀਂ ਬੱਝਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ, ਉਹਨਾਂ ਦੇ ਉਚਾਰੇ ਅੰਮ੍ਰਿਤ ਬੋਲ ਹਨ :—

!ਓਇ ਜੁ ਦੀਸਹਿ ਅੰਬਰ ਤਾਰੇ ॥ ਕਿਨਿ ਓਇ ਚੀਤੇ ਚੀਤਨਹਾਰੇ ।.1॥
ਕਹੁ ਰੇ ਪੰਡਿਤ, ਅੰਬਰ ਕਾ ਸਿਉ ਲਾਗਾ ? ਬੂਝੈ ਬੂਝਨਹਾਰੁ ਸਭਾਗਾ ॥1॥ਰਹਾਉ॥

ਸੂਰਜ ਚੰਦੁ ਕਰਹਿ ਉਜੀਆਰਾ ॥ ਸਭ ਮਹਿ ਪਸਰਿਆ ਬ੍ਰਹਮ ਪਸਾਰਾ ॥
ਕਹੁ ਕਬੀਰ ਜਾਨੈਗਾ ਜੋਈ ॥ ਹਿਰਦੈ ਰਾਮੁ, ਮੁਖਿ ਰਾਮੈ ਹੋਈ ॥ (ਪੰਨਾ 329)

ਰੱਬ ਦੀ ਹੋਂਦ ਤੇ ਹਸਤੀ ਦੀ ਗਲ ਸਮਝਣ ਲਈ ਜ਼ਰੂਰੀ ਹੈ ਕਿ ਹਿਰਦੇ ਵਿੱਚ ਘਣੀ ਪਿਆਸ ਹੋਵੇ। ਭਗਤ ਨਾਮ ਦੇਵ ਜੀ ਨੇ ਇਸ ਪਿਆਸ, ਤੜਪ ਦੇ ਸੋਜ਼ ਨੂੰ ਕੁਝ ਅਲੰਕਾਰਾਂ ਦੁਆਰਾ ਇਉਂ ਰੂਪਮਾਨ ਕੀਤਾ ਹੈ—

ਜੈਸੀ ਭੂਖੇ, ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥
ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥ .....
ਜੈਸੀ, ਪਰ ਪੁਰਖਾ ਰਤ ਨਾਰੀ ॥ ਲੋਭੀ ਨਰੁ, ਧਨ ਕਾ ਹਿਤਕਾਰੀ ॥
ਕਾਮੀ ਪੁਰਖ ਕਾਮਨੀ ਪਿਆਰੀ ॥ ਐਸੀ ਨਾਮੇ, ਪ੍ਰੀਤਿ ਮੁਰਾਰੀ ॥ ..
ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ ਐਸਾ ਹਰਿ ਸੇਤੀ ਮਨੁ ਰਾਤਾ ॥
ਪ੍ਰਣਵੈ ਨਾਮ ਦੇਉ ਲਾਗੀ ਪ੍ਰੀਤਿ ॥ ਗੋਬਿਦੁ ਬਸੈ, ਹਮਾਰੈ ਚੀਤਿ ॥4॥ (ਪੰ: 1164)

ਹੋਰ ਸਾਖੀ : ਇਕ ਵੇਰ ਇਕ ਸੂਫੀ ਸੰਤ ਪਾਸ ਸਵੇਰੇ ਸਵੇਰੇ ਇਕ ਵਿਅਕਤੀ ਆਇਆ ਅਤੇ ਕਹਿਣ ਲੱਗਾ ਕਿ ਉਹ ਰੱਬ ਦੀ ਪ੍ਰਾਪਤੀ ਚਾਹੁੰਦਾ ਹੈ, ਉਸ ਨੂੰ ਜਾਨਣਾ ਚਾਹੁੰਦਾ ਹੈ, ਉਸ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਉਸ ਉਤੇ ਮੇਹਰ ਕੀਤੀ ਜਾਵੇ।' ਸੰਤ ਜੀ, ਨਦੀ ਉੱਤੇ ਇਸ਼ਨਾਨ ਕਰਨ ਚੱਲੇ ਸਨ। ਕਹਿਣ ਲੱਗੇ ਕਿ ਉਹ ਵੀ ਉਹਨਾਂ ਨਾਲ ਚਲ ਕੇ ਇਸ਼ਨਾਨ ਕਰ ਆਵੇ। ਉਪ੍ਰੰਤ, ਉਸ ਨੂੰ ਰੱਬ ਦਾ ਗਿਆਨ ਕਰਾਇਆ ਜਾਵੇਗਾ।

ਜਦ ਉਹ ਦੋਵੇਂ ਇਸ਼ਨਾਨ ਕਰ ਰਹੇ ਸਨ ਤਾਂ ਸੰਤ ਜੀ ਨੇ ਉਸ ਨੂੰ ਜ਼ੋਰ ਨਾਲ ਹੇਠਾਂ ਪਾਣੀ ਵਿੱਚ ਦਬਾਇਆ ਤੇ ਓਦੋਂ ਛੱਡਿਆ, ਜਦ ਉਸਦਾ ਸਾਹ ਨਿਕਲਣ ਹੀ ਵਾਲਾ ਸੀ। ਉਸ ਜਗਿਆਸੂ ਨੇ ਸੁਰਤ ਸੰਭਾਲੀ ਤੇ ਸੰਤ ਜੀ ਨੂੰ ਗੁੱਸੇ ਵਿੱਚ ਬੁਰਾ ਭਲਾ ਕਹਿਣ ਲੱਗਾ : ਕਿ ਉਹ ਉਸ ਸੰਤ ਪਾਸ ਰੱਬ ਪਾਉਣ ਆਇਆ ਸੀ, ਨ ਕਿ ਮਰਨ ਲਈ ? ਸੰਤ ਜੀ ਨੇ ਬੜੇ ਪਿਆਰ ਤੇ ਠਰ੍ਹੰਮੇ ਨਾਲ ਉੱਤਰ ਦਿੱਤਾ ਕਿ ਉਸਦੀ ਉਸ ਨਾਲ ਕੋਈ ਦੁਸ਼ਮਣੀ ਥੋੜੀ ਸੀ ਜੋ ਉਹ ਉਸ ਨੂੰ ਮਾਰਨਾ ਚਾਹੁੰਦਾ ਸੀ। ਉਹ ਤੇ ਉਸ ਨੂੰ ਦਸਣਾ ਚਾਹੁੰਦਾ ਸੀ ਕਿ ਰੱਬ ਕਿਵੇਂ ਪਾਇਆ ਜਾ ਸਕਦਾ ਹੈ। ਜਗਿਆਸੂ ਨੇ ਕਿਹਾ ਕਿ ਉਹ ਕਿਵੇਂ ? ਸੰਤ ਜੀ ਬੋਲੇ ਕਿ ਜਦ ਉਸ ਨੂੰ ਪਾਣੀ ਵਿਚ ਹੇਠਾਂ ਦਬਾਇਆ ਹੋਇਆ ਸੀ ਤਾਂ ਕੀ ਉਸ ਨੂੰ ਸੰਸਾਰ ਦੀ ਕਿਸੇ ਵਸਤੂ— ਪਤਨੀ, ਪੁੱਤਰ, ਧੀ, ਧਨ ਦੌਲਤ, ਈਰਖਾ ਆਦਿ ਦਾ ਧਿਆਨ ਸੀ। ਜਗਿਆਸੂ ਨੇ ਉੱਤਰ ਦਿਤਾ ਕਿ ਨਹੀਂ; ਉਸ ਦਾ ਕੇਵਲ ਇੱਕ ਤੇ ਇੱਕ ਹੀ ਵਸਤੂ ਵਲ ਧਿਆਨ ਸੀ ਤੇ ਉਹ ਸੀ : ਜਿੰਦ, ਜਾਨ। ਬਸ ਇਕੋ ਹੀ ਆਰਜ਼ੂ ਸੀ ਕਿ ਕਿਸੇ ਤਰ੍ਹਾਂ ਸਾਹ ਆਵੇ ਤੇ ਜਾਨ ਬੱਚ ਜਾਵੇ।'

ਸੰਤ ਜੀ ਨੇ ਕਿਹਾ : 'ਬਸ, ਹਰੀ ਨੂੰ ਪਾਉਣ ਦੀ ਵੀ ਇਹੀ ਵਿਧੀ ਹੈ ਕਿ ਉਸ ਨੂੰ ਇਸ ਤਰ੍ਹਾਂ ਪਿਆਰ ਕਰੋ, ਜਿਵੇਂ ਮਰਨ ਵੇਲੇ ਜਾਨ ਨੂੰ ਕਰਦੇ ਹੋ। ਰੱਬ ਨੂੰ ਪਾ ਲਵੋਗੇ।'

ਪ੍ਰਤੂ, ਚੇਤੇ ਰਹੇ ਕਿ ਵਾਹਿਗੁਰੂ ਦੀ ਹੋਂਦ ਨੂੰ, ਸੱਤਧਤਾ ਨੂੰ, ਪੂਰਨ ਸ਼ਰਧਾ ਤੇ ਵਿਸ਼ਵਾਸ ਨਾਲ ਅਨੁਭਵ ਤਾਂ ਕੀਤਾ ਜਾ ਸਕਦਾ ਹੈ; ਉਸ ਨੂੰ ਕੁਲੀ ਤੌਰ ਉਤੇ ਜਾਣ ਸਕਣਾ

ਅਸੰਭਵ ਹੈ। ਇਕ ਅੰਸ਼, ਅੰਸ਼ੀ ਨੂੰ, ਜੁੱਜ਼, ਕੁਲ ਨੂੰ, ਕਿਵੇਂ ਜਾਣ ਸਕਦਾ ਹੈ। ਬੁਲਬੁਲਾ ਅਥਵਾ ਬੂੰਦ ਪੂਰੇ ਸਾਗਰ ਨੂੰ ਕਿਵੇਂ ਜਾਣੇਗੀ। ਉਹ ਆਪਣੇ ਆਪ ਨੂੰ ਸਾਗਰ ਵਿਚ ਮਿਟਾ ਕੇ ਸਾਗਰ ਤਾਂ ਹੋ ਸਕਦੀ ਹੈ; ਪ੍ਰੰਤੂ ਉਸ ਸਾਗਰ ਦੀ ਥਾਹ ਕਿਵੇਂ ਲੈ ਸਕੇਗੀ: ਜਿਸ ਰੱਬ ਨੂੰ, ਰੱਬ ਦੀ ਕਿਰਤ—ਬੰਦਾ-ਪੂਰੀ ਤਰ੍ਹਾਂ ਜਾਣ ਲਵੇ, ਉਹ ਰੱਬ ਨਹੀਂ ਹੋਵੇਗਾ। ਹਾਂ ਉਸ ਦੀਆਂ ਝਲਕਾਂ ਮਿਲ ਸਕਦੀਆਂ ਹਨ। ਇਕ ਸ਼ਾਇਰ ਨੇ ਬੜੀ ਪੁਰ ਮਾਅਨੀ ਗਲ ਆਖੀ ਹੈ:—

ਪਤਾ ਤੇਰਾ ਪੂਛੂੰ ਤੋ ਕਿਸ ਸੇ ਮੈਂ ਪੂਛੂੰ, ਜਿਸੇ ਕੁਛ ਖਬਰ ਹੈ, ਵੁਹੀ ਬੇਖਬਰ ਹੈ।

(13)

ਏਸੇ ਲਈ, ਗੁਰੂ ਨਾਨਕ ਦੇਵ ਜੀ ਨੇ ਆਪਣੇ ਆਸਤਕਵਾਦ ਦੀ ਨੀਂਹ, ਪ੍ਰਭੂ ਦੀ ਬੇਅੰਤਤਾ ਉਤੇ ਰੱਖੀ ਹੈ। ਉਹਨਾਂ ਦੀ ਰਚਨਾ 'ਜਪੁ', ਨੂੰ ਧਿਆਨ ਨਾਲ ਵਾਚੋ, ਉਸ ਵਿਚ ਵਾਹਿਗੁਰੂ ਦੀਆਂ ਸਿਫਤਾਂ ਤੇ ਸਿਫਤਾਂ ਕਰਨ ਵਾਲਿਆਂ ਦੋਹਾਂ ਨੂੰ ਉਸ ਦੇ ਕਰਮ ਨੂੰ, ਉਸ ਦੇ ਰਚੇ ਆਕਾਸ਼ਾਂ ਪਾਤਾਲਾਂ ਆਦਿ ਨੂੰ ਬੇਅੰਤ ਬੇਅੰਤ ਕਰਕੇ ਬਿਆਨਿਆ ਹੈ। ਗੁਰੂ ਜੀ ਨੇ ਇਸ ਨੂੰ ਹੈਰਤ ਅਥਵਾ ਵਿਸਮਾਦ ਦੀ ਦੁਨੀਆਂ ਵਿੱਚ ਗਵਾਚ ਜਾਣ ਦਾ ਸਾਧਨ ਬਣਾਇਆ ਹੈ। ਇਹ ਨਜ਼ਰੀਆ ਮਨੁੱਖ ਨੂੰ ਹਉਮੈਂ ਦੀ ਵਲਗਣ 'ਚੋਂ ਕਢ ਕੇ ਬੇਖੁਦੀ ਤੇ 'ਤੂੰ' ਦੀ ਪਰਮ ਅਵਸਥਾ ਵਿੱਚ ਲੈ ਜਾਂਦਾ ਹੈ ਤੇ ਰੱਬ ਤੋਂ ਆਸ਼ਨਾ ਕਰਦਾ ਹੈ। ਭਾਈ ਨੰਦ ਲਾਲ ਜੀ ਦੇ ਇਹ ਦੋ ਸ਼ੇਅਰ ਖੁਦੀ ਦੇ ਅਭਾਵ ਦੀ ਲੋੜ ਉਤੇ ਇਉਂ ਜ਼ੋਰ ਦਿੰਦੇ ਹਨ:—

ੳ) ਅਜ਼ ਖੁਦਨੁਮਾਈਏ ਤੋ, ਖੁਦਾ ਹਸਤ ਦੂਰ ਤਰ,
ਬੀਨੀ ਦਰੂਨਿ ਖੇਸ਼, ਵ ਸ਼ਵੀ ਅਜ ਖੁਦੀ ਖਲਾਸ।

(ਭਾਵਅਰਥ—ਤੇਰੀ ਹਉਮੈ ਦੇ ਕਾਰਨ ਖੁਦਾ ਤੈਥੋਂ ਦੂਰ ਹੈ। ਇਸ ਲਈ ਤੂੰ ਆਪਣੇ ਅੰਦਰ ਝਾਤੀ ਮਾਰ ਤੇ ਖੁਦੀ (ਹਉਮੈ) ਤੋਂ ਪਾਕ ਸਾਫ ਹੋ ਜਾ)

(ਅ) ਬਿਗੁਜ਼ਰ ਅਜ਼ ਬੇਗਾਨਗੀ, ਵ ਸ਼ੋ ਬਖੁੱਦ ਤੋ ਆਸ਼ਨਾ,
ਹਰ ਕਿ ਬਾਖੁਦ ਆਸ਼ਨਾ ਸ਼ੁਦ, ਅਜ਼, ਖੁਦਾ ਬੇਗਾਨਾ ਨੇਸਤ।

(ਭਾਵਅਰਥ—ਐ ਇਨਸਾਨ, ਤੂੰ ਰੱਬ ਤੋਂ ਬੇਗਾਨਾ ਨ ਰਹੁ ਤੇ ਆਪਣੇ ਆਪੇ, ਆਪਣੇ ਅਸਲੇ ਤੇ ਵਿਰਸੇ ਦਾ ਜਾਣੂ ਹੋ। ਜੋ ਆਪੇ (Self) ਦਾ ਵਾਕਫ ਹੋ ਜਾਂਦਾ ਹੈ, ਉਹ ਰੱਬ ਤੋਂ ਬੇਗਾਨਾ ਨਹੀਂ ਰਹਿੰਦਾ, ਉਸ ਦਾ ਵੀ ਮਹਿਰਮ ਹੋ ਜਾਂਦਾ ਹੈ।)

ਸੋ, ਵਾਹਿਗੁਰੂ ਨੂੰ ਜਾਨਣ ਲਈ ਬਾਹਰਮੁਖੀ ਹੋਣ ਦੀ ਥਾਂ ਅੰਤਰਮੁਖੀ ਹੋਣ ਦੀ ਲੋੜ ਹੈ।

ਰੱਬ ਨੂੰ ਜਾਨਣ ਦੇ ਸਬੰਧ ਵਿਚ ਵਰਤਮਾਨ ਜੁੱਗ ਦਾ ਮਹਾਨ ਚਿੰਤਕ ਸ੍ਰੀ ਰਜਨੀਸ਼ ਲਿਖਦਾ ਹੈ—

ਇਹ (ਪ੍ਰਮਾਤਮਾ) ਧਾਰਮਿਕ ਜੀਵਨ ਦਾ ਸਭ ਤੋਂ ਵੱਡਾ **Paradox** (ਵਿਰੋਧਾ ਭਾਸ) ਹੈ। ਪਰਮਾਤਮਾ ਨੂੰ ਅਸੀਂ ਜਾਣਦੇ ਹਾਂ ਇਕ ਅਰਥ ਵਿੱਚ, ਕਿਉਂਕਿ ਅਸੀਂ ਬਿਨਾ ਜਾਣੇ ਕਿਵੇਂ ਰਹਾਂਗੇ? ਉਹ ਸਾਡੇ ਵਿੱਚ ਧੜਕਦਾ ਹੈ, ਅਸੀਂ ਉਸ ਵਿੱਚ ਧੜਕਦੇ ਹਾਂ। ਅਸੀਂ ਉਸ ਤੋਂ ਦੂਰ ਨਹੀ ਹਾਂ। ਇਸ ਲਈ ਇਕ ਤਰ੍ਹਾਂ ਨਾਲ ਉਸ ਨੂੰ ਜਾਣਦੇ ਤੇ ਪਹਿਚਾਣਦੇ ਹਾਂ,

ਪਰ ਫਿਰ ਵੀ ਬਿਲਕੁਲ ਨਹੀਂ ਜਾਣਦੇ, ਕਿਉਂਕਿ ਅਸੀਂ ਤਾਂ ਉਸ ਦੀ ਅੰਸ਼ ਹਾਂ। ਅੰਸ਼, ਸੰਪੂਰਨ ਨੂੰ ਕਿਵੇਂ ਜਾਣ ਸਕੇਗਾ। ਅਸੀਂ ਉਸ ਵਿਚ ਰਹਿ ਕੇ, ਕਦੀ ਉਸ ਨੂੰ ਭੁਲ ਜਾਂਦੇ ਹਾਂ, ਤੇ ਕਦੀ ਉਸ ਦਾ ਸਿਮਰਨ ਵੀ ਕਰਦੇ ਹਾਂ। ਉਸ ਵਿੱਚ ਡੁੱਬਦੇ ਹਾਂ, ਉਸ ਵਿਚ ਤਰਦੇ ਹਾਂ। ਕਦੀ ਅਸੀਂ, ਉਸ ਦੇ ਨੇੜੇ ਲਗਦੇ ਹਾਂ, ਕਦੀ ਦੂਰ, ਕਦੀ ਸਪਸ਼ਟਤਾ ਦੀਆਂ ਛਿਨਾਂ ਵਿੱਚ ਐਸਾ ਲਗਦਾ ਹੈ ਕਿ "ਜਾਣ ਲਿਆ।" ਹਿਰਦਾ ਉਸ ਨਾਲ ਭਰ ਜਾਂਦਾ ਹੈ ਕਿ ਪਹਿਚਾਨ ਲਿਆ। ਨਿਰਮਲ ਬੁਧ ਆ ਗਈ, ਬੋਧ ਹੋ ਗਿਆ। ਪ੍ਰੰਤੂ, ਫਿਰ ਬੋਧ ਗਵਾਚ ਜਾਂਦਾ ਤੇ, ਅਹੰਕਾਰ ਦਾ ਘਣਾ ਅੰਧਕਾਰ ਹੋ ਜਾਂਦਾ ਹੈ। ਫੇਰ ਅਸੀਂ ਡਗਮਾਉਣ ਲੱਗਦੇ ਹਾਂ। ਪ੍ਰੰਤੂ 'ਜਾਨਣ' ਅਤੇ 'ਨ ਜਾਨਣ' ਦੇ ਵਿਚਕਾਰ ਦਾ ਜੋ ਛਿਣ ਹੈ ਉਹੀ ਧਾਰਮਿਕ ਵਿਅਕਤੀ ਦੀ ਅਵਸਥਾ ਹੈ.।' (ਪੁਸਤਕ 'ਏਕ ਓਅੰਕਾਰ ਸਤਿਨਾਮੁ' ਵਿਚੋਂ)

ਮਹਾਤਮਾ ਬੁੱਧ ਬਾਰੇ ਲਿਖਿਆ ਹੈ ਕਿ ਜਦ ਉਨਾਂ ਤੋਂ ਕੋਈ ਪ੍ਰਮਾਤਮਾ ਬਾਰੇ ਪੁੱਛਦਾ ਤਾਂ ਉਹ ਚੁੱਪ ਕਰ ਰਹਿੰਦੇ ? ਕੀ ਆਖਣ Paradox (ਵਿਰੋਧਾਭਾਸ) ਬਾਰੇ ਕੋਈ ਗਲ ਕੱਤੈਈ ਤੌਰ ਉਤੇ ਨਹੀਂ ਕਹੀ ਜਾ ਸਕਦੀ। ਜੇ ਬੁੱਧ ਆਖਣ ਕਿ ਉਹ ਜਾਣਦੇ ਹਨ ਤਾਂ ਵੀ ਠੀਕ ਨਹੀਂ, ਕਿਉਂਕਿ ਕੌਣ ਇਹ ਦਾਅਵਾ ਕਰ ਸਕਦਾ ਹੈ ਕਿ ਉਹ 'ਜਾਣਦਾ' ਹੈ। ਜੇ ਉਹ ਕਹਿਣ ਕਿ ਨਹੀਂ ਜਾਣਦੇ, ਤਾਂ ਵੀ ਇਉਂ ਕਹਿਣਾ ਦਰੁਸਤ ਨਹੀਂ; ਕਿਉਂਕਿ ਉਹ ਜਾਣਦੇ ਹਨ।

ਇਹੀ ਕਾਰਨ ਹੈ ਕਿ ਉਪਨਿਸ਼ਦਾਂ ਵਿਚ ਈਸ਼ਵਰ ਨੂੰ 'ਈਸ਼ਵਰਾ ਸਿੱਧੋ' ਕਿਹਾ ਗਿਆ ਹੈ; ਭਾਵ ਕਿ ਉਸ ਨੂੰ ਪੂਰਨ ਤੌਰ ਉੱਤੇ ਕੋਈ ਸਿੱਧ ਨਹੀਂ ਕਰ ਸਕਦਾ, ਜਿਵੇਂ ਕਿ ਵਿਗਿਆਨੀ ਪ੍ਰਯੋਗਸ਼ਾਲਾਵਾਂ ਵਿਚ ਆਪਣੇ ਸਿਧਾਂਤ ਸਿੱਧ ਕਰਦੇ ਹਨ, ਅਤੇ ਨ ਹੀ ਕੋਈ ਉਸ ਨੂੰ ਖੰਡਨ ਹੀ ਕਰ ਸਕਦਾ ਹੈ। ਪ੍ਰਭੂ ਨਾਲ ਇਕ-ਸੁਰਤਾ ਪ੍ਰਾਪਤ ਕਰ ਚੁਕੇ, ਤੇ ਗੁਣਾਂ ਕਰਕੇ ਉਸੇ ਵਰਗੇ ਹੋ ਨਿਬੜੇ ਮਹਾਂ ਪੁਰਖਾਂ ਨੇ, ਉਸ ਨੂੰ ਸ਼ਿੱਦਤ ਨਾਲ ਅਨੁਭਵ ਕੀਤਾ ਤੇ ਇਸ ਅਵਸਥਾ ਤੋਂ ਪਰਮਸੁਖ ਤੇ ਅਨੰਦ ਮਾਣਿਆ ਹੈ।

ਸ੍ਰੀ ਰਾਮ ਕ੍ਰਿਸ਼ਨ ਜੀ ਪਰਮ-ਹੰਸ ਜੋ ਸਵਾਮੀ ਵਿਵੇਕਾਨੰਦ ਦੇ ਗੁਰੂ ਸਨ, ਦੀ ਇਕ ਸੇਧ-ਬਖਸ਼ ਸਵਾਦਲੀ ਕਹਾਣੀ ਹੈ ਕਿ :—

ਇਕ ਵੇਰ ਮਹਾਨ ਵਿਦਵਾਨ—ਸ੍ਰੀ ਕੇਸ਼ਵ ਚੰਦਰ (ਬੰਗਾਲ) ਉਹਨਾਂ ਪਾਸ ਆਏ ਅਤੇ ਇਹ ਸਿੱਧ ਕਰਨ ਉਤੇ ਉਹਨਾਂ ਨੇ ਸਾਰਾ ਬਲ, ਸਾਰਾ ਤਰਕ ਲਾ ਦਿਤਾ ਕਿ ਪ੍ਰਮਾਤਮਾ ਜੈਸੀ ਕੋਈ ਹਸਤੀ ਜਾਂ ਵਸਤੂ ਨਹੀਂ। ਪਰਮ ਹੰਸ ਜੀ ਖਾਮੋਸ਼ ਤੇ ਸ਼ਾਂਤ ਚਿੱਤ ਉਹਨਾਂ ਦੀਆਂ ਉਕਤੀਆਂ ਜੁਗਤੀਆਂ ਸੁਣੀ ਗਏ। ਆਖਿਰ ਕੇਸ਼ਵ ਚੰਦਰ ਨੇ ਪੁਛਿਆ, 'ਕਿ ਉਹ ਉਸ ਦੇ ਤਰਕ ਦਾ ਕੋਈ ਉੱਤਰ ਕਿਉਂ ਨਹੀਂ ਦਿੰਦੇ। ਕੀ ਇਸ ਖਾਮੋਸ਼ੀ ਤੋਂ ਇਹ ਸਮਝ ਲਿਆ ਜਾਵੇ ਕਿ ਉਹ ਉਸਦੀਆਂ ਦਲੀਲਾਂ ਨਾਲ ਸਹਿਮਤ ਹਨ : ਕਿ ਈਸ਼ਵਰ ਕੇਵਲ ਇਕ ਕਲਪਨਾ ਹੈ।' ਮਹਾਤਮਾ ਰਾਮ ਕ੍ਰਿਸ਼ਨ ਜੀ ਮੁਸਕਾਏ ਤੇ ਕੇਸ਼ਵ ਚੰਦਰ ਨੂੰ ਜੱਫੀ ਵਿੱਚ ਲੈ ਕੇ ਕਹਿਣ ਲਗੇ, 'ਇਸ ਤੋਂ ਵੱਧ ਈਸ਼ਵਰ ਦੀ ਹੋਂਦ ਬਾਰੇ ਹੋਰ ਕੀ ਸਬੂਤ ਹੋ ਸਕਦਾ ਹੈ, ਕਿ ਉਸਨੇ ਤੇਰੇ ਜੈਸਾ ਵਿਦਵਾਨ ਚਤੁਰ ਮਨੁਖ ਬਣਾਇਆ ਹੈ। ਤੂੰ ਹੀ ਰੱਬ ਦੀ ਹੋਂਦ ਦਾ ਸਭ ਤੋਂ ਵੱਡਾ ਸਬੂਤ ਹੈਂ।'

ਕੇਸ਼ਵ ਚੰਦਰ ਜੀ ਨੇ ਉਸ ਦਿਨ ਜਾ ਕੇ ਆਪਣੀ ਡਾਇਰੀ ਵਿੱਚ ਨੋਟ ਲਿਖਿਆ ਕਿ 'ਮੈਂ ਅਜ ਪਹਿਲੀ ਵੇਰ ਇਕ ਸਰਲ ਸਾਦੇ, ਪਰ ਪਵਿੱਤਰ ਤੇ ਅਨੁਭਵੀ ਮਨੁੱਖ ਕੋਲ ਹਾਰ ਗਿਆ ਹਾਂ ।'

(14)

ਆਓ; ਪ੍ਰਮਾਤਮਾ ਦੀ ਹੋਂਦ ਨੂੰ ਮੰਨਣ ਦੇ ਦਾਅ ਉੱਤੇ ਈਮਾਨ ਲਾਉਣ ਦੀ ਗਲ ਨੂੰ, ਇਕ ਹੋਰ ਨਜ਼ਰੀਏ ਤੋਂ ਵੀਚਾਰੀਏ :—

ਫਰਜ਼ ਕਰੋ ਕਿ ਦੋ ਵਿਅਕਤੀਆਂ 'ਚੋਂ ਇਕ ਆਸਤਕ ਹੈ ਤੇ ਦੂਜਾ ਨਾਸਤਕ । ਆਸਤਕ ਪ੍ਰਭੂ ਦੇ ਨਿਰਮਲ ਭਉ ਵਿਚ ਰਹਿ ਕੇ ਸਤਿ, ਸੰਤੋਖ, ਦਯਾ, ਧਰਮ, ਪਿਆਰ ਤੇ ਪਰ-ਸੁਆਰਥ ਦਾ ਜੀਵਨ ਜੀਉਂਦਾ ਹੈ । ਉਹ ਕਰਮਾਂ ਦਾ ਫਲ ਭੋਗਣ ਵਿੱਚ ਵਿਸ਼ਵਾਸ ਰਖਦਾ ਅਤੇ ਇਸ ਕਾਰਨ ਨੇਕ ਕੰਮ ਕਰਦਾ ਹੈ, ਕਿਸੇ ਦਾ ਹੱਕ ਨਹੀਂ ਮਾਰਦਾ ਤੇ ਨਾ ਹੀ ਕਿਸੇ ਦਾ ਅਕਾਰਨ ਦਿਲ ਦੁਖਾਉਂਦਾ ਹੈ; ਆਦਿਕ ।

ਦੂਜਾ (ਨਾਸਤਕ) ਆਤਮਾ ਜਾਂ ਕਰਮ ਸਿਧਾਂਤ ਨੂੰ ਨਹੀਂ ਮੰਨਦਾ । ਉਹ "ਇਹ ਜੱਗ ਮਿੱਠਾ, ਅਗਲਾ ਕਿਨ ਡਿੱਠਾ' ਦੇ ਉੱਸੂਲ ਦਾ ਕਾਇਲ ਹੈ । ਉਹਦਾ ਨਾਅਰਾ ਹੈ—'ਬਾਬਰ ਬ-ਐਸ਼ ਕੋਸ਼ ਕਿ ਆਲਮ ਦੋਬਾਰਾ ਨੇਸਤ ।' (ਐ ਬਾਬਰ, ਖੂਬ ਪੀ ਤੇ, ਐਸ਼ ਕਰ; ਕਿਉਂਕਿ ਦੁਨੀਆਂ ਉਤੇ ਦੁਬਾਰਾ ਨਹੀਂ ਆਉਣਾ ।) ਇਸ ਤਰ੍ਹਾਂ ਨਾਲ ਇਕ ਦਾ ਜੀਵਨ ਪਰਸੁਆਰਥੀ ਤੇ ਦੂਜੇ ਦਾ ਪੁੱਜ ਕੇ ਸੁਆਰਥੀ ਹੈ; ਇਕ ਆਪਣਾ ਕੰਮ ਵਿਗਾੜ ਕੇ ਵੀ ਦੂਜਿਆਂ ਦਾ ਸਵਾਰਦਾ ਤੇ ਉਹਨਾਂ ਨੂੰ ਸੁਖ ਦੇਣ ਵਿਚ ਸੁਖ ਮਾਣਦਾ, ਦੂਜਾ ਸਵਾਰਥ ਵੱਸ ਦੂਜਿਆਂ ਦੇ ਹੱਕ ਮਾਰਨ ਤੇ ਸੁਖ ਖੋਹਣ ਵਿਚ ਖੁਸ਼ੀ ਮਹਿਸੂਸ ਕਰਦਾ ਹੈ । ਆਖਰ, ਦੋਵੇਂ ਸੌ ਸੌ ਸਾਲ ਦੀ ਆਯੂ ਭੋਗ ਕੇ ਮਰ ਜਾਂਦੇ ਹਨ । ਹੁਣ ਵੀਚਾਰੋ ਕਿਸ ਨੇ ਬੇਹਤਰ ਜੀਵਨ-ਖੇਡ ਖੇਡੀ ।

ਭਲਾ ਜੇ ਮਰਨ ਤੋਂ ਬਾਅਦ ਕੋਈ ਜੀਵਨ ਨਹੀਂ, ਤਾਂ 'ਭੱਜੀ ਟੁੱਟੀ ਦਾ ਪੱਤਣ ਮੇਲਾ' ਦੇ ਅਖਾਣ ਅਨੁਸਾਰ, ਦੋਵੇਂ ਇਕੋ ਜਿਹੇ ਹੋ ਗਏ, ਨ ਭੋਗ ਭੋਗ ਕੇ ਮਰਨ ਵਾਲੇ ਨੂੰ ਲੁੱਟੀਆਂ ਬਹਾਰਾਂ ਦਾ ਕੋਈ ਧਰਵਾਸ ਹੈ, ਅਤੇ ਨ ਪ੍ਰਹੇਜ਼ਗਾਰ ਆਸਤਕ ਨੂੰ ਕੋਈ ਝੋਰਾ, ਚੇਤੇ ਰਹੇ, ਭੋਗ ਭੋਗ ਕੇ ਕਦੀ ਕੋਈ ਰੱਜਦਾ ਨਹੀਂ, ਸਗੋਂ ਇਕ ਤਾਂ ਭੋਗ ਭੋਗਣ ਨਾਲ ਉਹਦੀ ਖਾਹਸ਼ ਹੋਰ ਭੜਕਦੀ ਹੈ—(Desire grows by indulgence) ਅਤੇ ਦੂਜੇ ਭੋਗੇ ਭੋਗਾਂ ਦਾ ਬਾਅਦ ਵਿੱਚ ਰਤੀ ਭਰ ਵੀ ਧਰਵਾਸ ਨਹੀਂ ਰਹਿੰਦਾ । ਨਿਰਬਲ ਤੇ ਬਿਰਧ ਅਵਸਥਾ ਵਿਚ ਤਾਂ ਇਹਨਾਂ ਦੀ ਯਾਦ ਹੋਰ ਵੀ ਤੜਪਾਉਂਦੀ ਹੈ । ਭਗਤ ਬੇਣੀ ਜੀ ਦਾ ਇਸ ਬਾਰੇ ਡਾਢਾ ਭਾਵ-ਪੂਰਤ ਨਿਰਣਾ ਹੈ ।

ਪੁੰਡਰ ਕੇਸ, ਕੁਸਮ ਤੇ ਧਉਲੇ, ਸਪਤ ਪਾਤਾਲ ਕੀ ਬਾਣੀ ॥
ਲੋਚਨ ਸ੍ਰਮਹਿ, ਬੁਧਿ ਬਲ ਨਾਠੀ, ਤਾਂ ਕਾਮ ਪਵਸਿ ਮਾਧਾਣੀ ॥ (ਪੰ: 43)

(ਭਾਵਅਰਥ—ਹੇ ਮਨੁਖ : ਤੇਰੇ ਕੇਸ ਚਿੱਟੇ ਕੋਲ ਫੁਲ ਤੋਂ ਵੀ ਵਧੀਕ ਸਫੇਦ ਹੋ ਗਏ ਹਨ, ਤੇਰੀ ਆਵਾਜ਼ ਏਨੀ ਮੱਧਮ ਪੈ ਗਈ ਹੈ, ਜਿਵੇਂ ਤੂੰ ਸਤਵੇਂ ਪਾਤਾਲ ਤੋਂ ਬੋਲ

ਰਿਹਾ ਹੋਵੇਂ। ਤੇਰੀਆਂ ਅੱਖਾਂ ਸਿਮ (ਵੱਗ) ਰਹੀਆਂ ਹਨ, ਤੇਰੀ ਬਲ ਵਾਲੀ ਬੁੱਧੀ ਖਤਮ ਹੋ ਗਈ ਹੈ; ਪਰ ਤਾਂ ਵੀ, ਕਾਮ ਦੀਆਂ ਪ੍ਰਬਲ ਵਾਸ਼ਨਾਵਾਂ, ਤੈਨੂੰ ਮਧਾਣੀ ਵਾਂਗ ਰਿੜਕ ਰਹੀਆਂ ਹਨ।)

ਭਗਤ ਕਬੀਰ ਜੀ ਦੀ ਚਿਤਾਵਨੀ ਹੈ : ਕਿ 'ਐ ਮਨੁੱਖ ! ਤੂੰ ਭੋਗਾਂ ਦਾ ਬੜਾ ਮਤਵਾਲਾ ਹੈ : ਪਰ ਜੋ ਭੋਗ ਤੂੰ ਹੁਣ ਤਕ ਭੋਗੇ ਹਨ, ਉਹਨਾਂ ਦਾ ਇਕ ਰਤੀ ਭਰ ਗੁੜ ਲੈ ਕੇ ਵਿਖਾ :

'ਕਬੀਰ, ਇਹ ਚਿਤਾਵਨੀ, ਮਤ ਸਹਸਾ ਰਹਿ ਜਾਇ।। (ਪੰ: 1366)
ਪਾਛੈ ਭੋਗ ਜੁ ਭੋਗਵੇ, ਤਿਨ ਕੋ ਗੁੜੁ ਲੈ ਖਾਹਿ ॥

ਸੋ, ਤੱਤ ਦੀ ਗੱਲ ਇਹ ਹੈ ਕਿ ਪ੍ਰਮਾਤਮਾ ਦੇ ਨਿਰਮਲ ਭਉ, ਅਦਬ ਸਤਿਕਾਰ ਵਿਚ ਪ੍ਰਹੇਜ਼ਗਾਰੀ ਦਾ ਜੀਵਨ ਬਿਤਾਉਣਾ, ਹੀ, ਦਰੁਸਤ ਫੈਸਲਾ ਹੈ।

(15)

ਜੋ ਲੋਕ, ਆਪਣੇ ਆਲੇ ਦੁਆਲੇ, ਸ੍ਰਿਸ਼ਟੀ ਦੀ ਏਡੀ ਵੱਡੀ ਤੇ ਵਚਿੱਤ੍ਰ ਰਚਨਾ ਨੂੰ ਵੇਖਕੇ ਵੀ ਇਹ ਸਮਝਦੇ ਹਨ ਕਿ ਇਸ ਦਾ ਕੋਈ ਸ੍ਰਿਸ਼ਟਾ ਨਹੀਂ" ਉਹ ਉਸ ਮੁਸਾਫਿਰ ਸਮਾਨ ਹਨ, ਜਿਸ ਨੂੰ ਮੰਜ਼ਲ ਉੱਤੇ ਪਹੁੰਚ ਵੀ ਮੰਜ਼ਲ ਨ ਦਿੱਸੇ। ਇਹ ਅਜਬ ਅੰਧਾਪਨ ਹੈ, ਜਿਵੇਂ—

ਮੰਜ਼ਲ ਪਰ ਆ ਕਰ ਭੀ ਜਿਨਹੇਂ ਮੰਜ਼ਲ ਨ ਨਜ਼ਰ ਆਏ,
ਭੂਲੇ ਹੂਏ ਵੁਹ ਰਾਹੀ, ਜਾਏਂ ਤੋਂ ਕਿਧਰ ਜਾਏ।'

ਮੰਜ਼ਲੋਂ ਘੁੱਥੇ ਇਹ ਲੋਕ ਕੁਦਰਤ ਵਿੱਚ ਵਰਤ ਰਹੇ ਹੋਰ ਅਜੂਬਿਆਂ ਤੇ ਵਿਗਿਆਨਕ ਸਿਧਾਂਤਾਂ ਨੂੰ, ਜੋ ਇਹਨਾਂ ਦੀ ਸੋਚ ਸਮਝ ਤੋਂ ਬਾਹਰ ਹਨ, ਅਤੇ ਜਿਨ੍ਹਾਂ ਨੂੰ ਇਹ ਪ੍ਰਤੱਖ ਤੌਰ ਉੱਤੇ ਵੇਖ ਨਹੀਂ ਸਕਦੇ, ਤਾਂ ਸੱਚ ਮੰਨਦੇ ਹਨ, ਪ੍ਰੰਤੂ ਰੱਬ ਦੀ ਹੋਂਦ ਮੰਨਣ ਤੋਂ ਆਕੀ ਹਨ। ਉਦਾਹਰਣ ਵਜੋਂ, ਅੱਜ ਤੱਕ ਕਿਸੇ ਵਿਗਿਆਨੀ ਨੇ ਇਲੈਕਟ੍ਰਾਨ (Electron) ਨਹੀਂ ਵੇਖਿਆ। ਇਹ ਵਿਦ੍ਯੁਤ (ਬਿਜਲੀ) ਦਾ ਆਖਰੀ ਕਣ ਹੈ ਜਿਸ ਦੇ ਆਧਾਰ ਉੱਤੇ ਸੰਗਠਨ ਨਾਲ ਸਾਰੀ ਸ੍ਰਿਸ਼ਟੀ ਬਣੀ ਹੈ : ਫੇਰ ਵੀ ਵਿਗਿਆਨੀ ਇਸ ਦੀ ਹੋਂਦ ਨੂੰ ਮੰਨਦਾ ਹੈ। ਜਦ ਪੁੱਛਿਆ ਜਾਂਦਾ ਹੈ ਕਿ ਐਸਾ ਕਿਉਂ ? ਤਾਂ ਉਸ ਦਾ ਉੱਤਰ ਹੈ ਕਿ ਇਸ ਦੇ ਪ੍ਰਿਣਾਮ, ਨਤੀਜੇ ਅਥਵਾ ਸਿੱਟੇ ਵਿਖਾਈ ਦਿੰਦੇ ਹਨ। ਜਿਸ ਤੋਂ ਉਹਨਾਂ ਦੀ ਹੋਂਦ ਦਾ ਯਕੀਨ ਹੁੰਦਾ ਹੈ।

ਜ਼ਰਾ ਸੋਚੋ : ਜਿਵੇਂ ਏਥੇ ਕਾਰਨ (Electron) ਤਾਂ ਸੂਖਮ ਹੈ, ਪਰ ਉਸਦਾ ਪ੍ਰਿਣਾਮ ਅਸਥੂਲ ਹੈ। ਏਸੇ ਤਰ੍ਹਾਂ ਸਾਨੂੰ, ਕੁਦਰਤ ਦੀ ਰਚਨਾ ਵਿਚ ਕਾਦਰ ਦੇ ਹੱਥ ਪ੍ਰਤੱਖ ਤੌਰ ਉੱਤੇ ਵਿਖਾਈ ਨਹੀਂ ਦਿੰਦੇ, ਪਰ ਉਸ ਦੀ ਕਿਰਤ ਕੁਦਰਤ ਅਵੱਸ਼ ਵਿਖਾਈ ਦਿੰਦੀ ਹੈ, ਮਹਾਨ ਚਿਤ੍ਰਕਾਰ ਦਾ ਵਚਿੱਤ੍ਰ ਚਿੱਤ੍ਰ ਸਾਫ਼ ਦਿਸਦਾ ਹੈ। ਮਜ਼ੇ ਦੀ ਗਲ ਹੈ ਕਿ ਅਸੀਂ ਇਲੈਕਟ੍ਰਾਨ ਦੀ ਹੋਂਦ ਨੂੰ ਤਾਂ ਮੰਨ ਲੈਂਦੇ ਹਾਂ, ਕਿਉਂਕਿ ਉਸਦੇ ਪ੍ਰਿਣਾਮ ਵਿਖਾਈ ਦਿੰਦੇ ਹਨ, ਪਰ ਪ੍ਰਮਾਤਮਾ ਨੂੰ ਮੰਨਣੋਂ ਸਿਰ ਫੇਰ ਦਿੰਦੇ ਹਾਂ; ਹਾਲਾਂਕਿ, ਉਸ ਦੇ ਪ੍ਰਿਣਾਮ ਉਸ ਦੀ ਬੇਅੰਤ ਕਿਰਤ ਵਿਚ ਹਰ ਪਾਸੇ ਮੌਜੂਦ ਹਨ। ਗੁਰੂ ਨਾਨਕ ਜੀ ਜਿਹੇ ਪਰਮ ਪਾਵਨ ਤੇ ਦਿੱਬ ਮਹਾਂਪੁਰਖਾਂ ਨੇ ਰੱਬ

(ਕਾਦਰ) ਨੂੰ ਜਦ ਕੁਦਰਤ ਵਿਚ ਵਸਿਆਂ ਵੇਖਿਆ ਤਾਂ ਉਹ ਬੇਸਾਖਤਾ ਉਸ ਤੋਂ ਕੁਰਬਾਨ ਹੋ ਪੁਕਾਰ ਉੱਠੇ—'ਬਲਿਹਾਰੀ ਕੁਦਰਤਿ ਵਸਿਆ, ਤੇਰਾ ਅੰਤ ਨ ਜਾਈ ਲਖਿਆ।'

(ਮ: ਪਹਿਲਾ, ਵਾਰ ਆਸਾ)

ਹਰ ਫੁਲ ਦਾ ਖੇੜਾ ਰੱਬ ਦਾ ਖੇੜਾ ਹੈ, ਤੇ ਹਰ ਫੁਲ ਦੀ ਖੁਸ਼ਬੂ ਉਸ ਦੀ ਸੁਗੰਧੀ ਹੈ। ਵਾਹਿਗੁਰੂ ਤਾਂ ਕਾਰਣਾਂ ਦਾ ਕਾਰਣ ਹੈ, ਅਤੇ ਕਾਰਣ, ਸਦਾ ਸੂਖਮ ਹੁੰਦਾ ਹੈ, ਜਦਕਿ ਕਾਰਜ ਅਸਥੂਲ। ਪ੍ਰਮਾਤਮਾ ਕਾਰਣ ਹੈ, ਉਸ ਦੀ ਕਿਰਤ ਰਚਨਾ, ਕਾਰਜ, ਅਸਥੂਲ ਹੈ।

ਵਾਹਿਗੁਰੂ ਹੈ, ਸਭ ਦਾ ਕਾਰਨ ਹੈ ਸਭ ਵਿਚ ਉਸ ਦੀ ਕਲਾ ਤੇ ਜੋਤ ਹੈ। ਵੱਖ ਵੱਖ ਮਜ਼ਹਬਾਂ, ਮੱਤਾਂ ਦੀ, ਉਸ ਲਾ-ਮਹਦੂਦ ਤੇ ਲਾ-ਸ਼ਰੀਕ ਰੱਬ ਨੂੰ ਆਪਣੇ ਆਪਣੇ ਮੱਤ ਦੀ ਵਲਗਣ ਵਿਚ ਕੈਦ ਕਰਨ ਦੀ ਨਾਦਾਨੀ, ਸਾਡੇ ਸਾਰੇ ਦੁੱਖਾਂ, ਕਲੇਸ਼ਾਂ ਦਾ ਕਾਰਨ ਹੈ। ਯਾਦ ਰਹੇ, ਸੰਸਾਰ ਵਿਚ ਓਨਾ ਉਪੱਦਰ ਨਾਸਤਕ ਲੋਕਾਂ ਨੇ ਖੜਾ ਨਹੀਂ ਕੀਤਾ, ਜਿੰਨ੍ਹਾਂ ਵੱਖ ਵੱਖ ਮੱਤਾਂ ਦੇ ਮੰਨਣ ਵਾਲੇ ਸੌੜੀ ਤੇ ਮੁਤਅੱਸਬ ਦ੍ਰਿਸ਼ਟੀ ਦੇ ਧਾਰਨੀ ਲੋਕਾਂ ਨੇ ਕੀਤਾ ਹੈ। ਮਨੁੱਖ, ਮਨੁੱਖ ਵਿਚ ਨਫ਼ਰਤ, ਭਿੰਨ ਭੇਦ ਤੇ ਸੰਪ੍ਰਦਾਇਕਤਾ ਪੈਦਾ ਕਰਨ ਵਾਲਾ ਧਰਮ, ਰੱਬ ਦਾ ਧਰਮ ਨਹੀਂ ਹੋ ਸਕਦਾ। ਸੰਸਾਰ ਵਿਚ ਜਿਤਨਾ ਖੂਨ ਖਰਾਬਾ "ਧਰਮ ਨੂੰ ਖਤਰਾ" ਦਾ ਨਾਅਰਾ ਲਾਉਣ ਵਾਲੇ ਮੁਤਅੱਸਬ ਆਸਤਕਾਂ ਨੇ ਕੀਤਾ ਹੈ, ਉਸ ਦੇ ਸਾਹਮਣੇ ਸੰਸਾਰਕ ਜੁੱਧਾਂ ਵਿਚ ਡੁੱਲ੍ਹਿਆ ਖੂਨ ਹੇਚ ਹੈ। ਸੱਚ ਅਥਵਾ ਨਾਮ-ਧਰਮ ਨੂੰ ਕਦੀ ਕੋਈ ਖਤਰਾ ਨਹੀਂ ਹੋ ਸਕਦਾ ਹੈ। ਜਿਸ ਨੂੰ ਖਤਰਾ ਹੈ, ਉਹ ਧਰਮ ਨਹੀਂ, ਕੂੜ ਹੈ, ਬਨਾਵਟ ਹੈ, ਸੰਪ੍ਰਦਾਇਕਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਰ ਬਚਨ ਹੈ—

ਕੂੜੁ ਨਿਖੁਟੇ ਨਾਨਕਾ, ਓੜਕਿ ਸਚਿ ਰਹੀ ॥ (ਪੰ. 853)

ਰੱਬ ਦੀ ਪੂਰੀ ਗੱਲ ਤਾਂ ਰੱਬ ਹੀ ਜਾਣਦਾ ਹੈ। ਉਸ ਵਿਚ ਵੱਡਾ ਗੁਣ ਹੈ ਹੀ ਇਹ ਕਿ ਉਸ ਜਿੱਡਾ ਉਸ ਦਾ ਹੋਰ ਕੋਈ ਸ਼ਰੀਕ ਜਾਂ ਸਾਨੀ ਨਹੀਂ ਫੇਰ ਉਸ ਨੂੰ ਜਾਣੇ ਕੌਣ ਤੇ ਕਿਵੇਂ ? ਗੁਰ-ਵਾਕ ਹਨ—

(ੳ) ਗੁਣੁ ਏਹੋ, ਹੋਰੁ ਨਾਹੀ ਕੋਇ ॥ ਨ ਕੋ ਹੋਆ ਨ ਕੋ ਹੋਇ ॥ (ਮ. 1, ਰਹਿਰਾਸ)

(ਅ) ਕਥਨਾ ਕਥੀ ਨ ਆਵੈ ਤੋਟਿ ॥ ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥ (ਜਪੁ)

ਕਰਤਾਰ ਦੀ ਕਥਾ ਨੂੰ ਕਥਨਾ ਅਸੰਭਵ ਹੈ, ਫਿਰ ਵੀ ਹੋਰ ਕੂੜੀਆਂ ਗੱਲਾਂ ਛੱਡ ਕੇ, ਸੁਖ ਸ਼ਾਂਤੀ ਤੇ ਅਨੰਦ ਲਈ ਰਬ ਦੀਆਂ ਗਲਾਂ ਵਿਚ ਪਰਚਣ ਦਾ ਮਸ਼ਵਰਾ ਪਰਮ ਹਿਤਕਾਰੀ ਗੁਰੂ ਦੇਵ ਇਉਂ ਦੇਂਦੇ ਹਨ— (ਬਿੰਦੇ ਤੇ ਅੱਧਕ ਪਾਠ ਨੂੰ ਸਪਸ਼ਟ ਕਰਨ ਹਿੱਤ ਲਾਏ ਗਏ ਹਨ)

ਮੈਂ ਗੁਣ, ਗੱਲਾਂ ਕੇ ਸਿਰਿ ਭਾਰ ॥ 'ਗੱਲੀ' ਗੱਲਾਂ ਸਿਰਜਣਹਾਰ ॥ (ਮ. 1, ਪੰ. 351)

ਕਬੀਰ ਜੀ ਜੈਸੇ ਨਿਰਲੋਭ, ਨਿਰਮਾਨ, ਨਿਰਭੈ, ਸਤਿ ਵਾਦੀ ਅਤੇ 'ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗ ਪਾਨੀ'।

ਰਾਮ ਕਬੀਰਾ ਏਕ ਭਏ ਹੈ, ਕੋਇ ਨ ਸਕੈ ਪਛਾਨੀ ॥ (969)

ਦਾ ਨਾਅਰਾਇ-ਹੱਕ ਮਾਰਨ ਵਾਲੇ ਸ਼ਰੋਮਣੀ ਭਗਤ ਦਾ ਉਹ ਸਾਰ-ਬਚਨ, ਜੋ ਇਸ ਪੁਸਤਕ ਦੇ

ਮੁੱਢ ਵਿਚ ਸਿਰਲੇਖ ਵਜੋਂ ਵਿਦਮਾਨ ਹੈ, ਨੂੰ ਅੰਤ ਵਿਚ ਮੁੜ ਅੰਕਿਤ ਕਰਕੇ, ਇਸ ਲੇਖ ਨੂੰ ਪੂਰਨ ਸ਼ਰਧਾ ਸਹਿਤ ਇਸ ਆਸ ਉਤੇ ਸਮਾਪਤ ਕੀਤਾ ਜਾਂਦਾ ਹੈ ਕਿ ਸ਼ਾਇਦ ਕੋਈ ਮੰਜ਼ਲੋਂ ਘੁੱਥੀ ਆਤਮਾ, ਇਸ ਨੂੰ ਵਾਚ ਵੀਚਾਰ ਕੇ ਆਪਣੇ 'ਜੋਤਿ-ਸਰੂਪ' ਆਪੇ ਨੂੰ ਪਹਿਚਾਣੇ ਤੇ ਗੋਬਿੰਦ-ਰੂਪ ਹੋ ਨਿਬੜੇ।

'ਨਾਨਕ ਕਾ ਪਾਤਿਸ਼ਾਹੁ' ਸਰਬ-ਵਿਆਪਕ ਹੈ, 'ਜਾਹਰ ਜ਼ਹੂਰ ਹੈ ਅਤੇ 'ਪ੍ਰਗਟ ਪਾਹਾਰੇ ਜਾਪਦਾ' ਹੈ, ਪਰ ਜੇ ਕੋਈ ਪੂਰੀ ਪਿਆਸ, ਸ਼ਿੱਦਤ ਨਾਲ ਉਸਨੂੰ ਜਾਣੇ। ਸਤਿਵਾਦੀ ਭਗਤ ਦਾ ਇਹ ਕਥਨ ਤਾਂ ਤਰੈਕਾਲ ਸਤਿ ਹੈ; ਪਰਮ ਸਤਿ ਹੈ—

'ਹੈ ਤਉ ਸਹੀ, ਲਖੈ ਜਉ ਕੋਈ ॥
ਤਬ ਓਹੀ ਉਹੁ, ਏਹੁ ਨ ਹੋਈ ॥ (ਕਬੀਰ ਜੀ, ਪੰ. 352)

ਅੰਤਿਕਾ

ਪ੍ਰਭੂ-ਪ੍ਰਾਪਤੀ ਵਿਚ ਮਨੁੱਖ ਦੀ ਭੁੱਲ ਇਹ ਹੈ ਕਿ ਇਹ ਆਪ ਪ੍ਰਭੂ-ਅਨੁਕੂਲ ਹੋਣ ਦੀ ਥਾਂ, ਪ੍ਰਭੂ ਨੂੰ ਆਪਣੇ ਅਨੁਕੂਲ ਕਰਨ ਦਾ ਜਤਨ ਕਰਦਾ ਹੈ। ਸਮਰਪਣ ਦਾ ਰਾਹ ਛੱਡ ਕੇ, ਸੰਘਰਸ਼ ਦਾ, ਮੈਂ ਦਾ, ਕਰਤਾ-ਭਾਵ ਦਾ ਮਾਰਗ ਅਖ਼ਤਿਆਰ ਕਰਦਾ ਹੈ। ਅੰਸ਼ੀ ਨੂੰ ਅੰਸ਼, ਕੁਲ ਨੂੰ ਜੁਜ਼ ਅਥਵਾ ਸਾਗਰ ਨੂੰ ਬੂੰਦ ਵਿਚ ਸਮਾਉਣ ਲਈ ਜਤਨ-ਸ਼ੀਲ ਰਹਿੰਦਾ ਤੇ ਖੱਪ ਖੱਪ ਮਰਦਾ ਹੈ। ਸੰਤ ਆਗਸਤੀਨ ਨਾਲ ਸੰਬੰਧਤ ਇਹ ਸਾਖੀ ਇਸ ਨੁਕਤੇ ਨੂੰ ਇਉਂ ਸਪਸ਼ਟ ਕਰਦੀ ਹੈ—

ਸੰਤ ਜੀ ਨੇ 22 ਸਾਲ ਵੱਡੀ ਤਪੱਸਿਆ ਕੀਤੀ ਕਿ ਪ੍ਰਮਾਤਮਾ ਉਸ ਅੰਦਰ ਆ ਨਿਵਾਸ ਕਰੇ; ਪ੍ਰੰਤੂ, ਕਦੀ ਆਪਣੇ ਆਪ ਨੂੰ ਪੂਰਨ ਰੂਪ ਵਿਚ ਸਮਰਪਣ ਨ ਕੀਤਾ; ਮੈਂ ਦਾ ਅਭਾਵ ਨ ਹੋਇਆ।

ਆਖ਼ਰ, ਇਕ ਦਿਨ ਉਹ, ਅੱਕ ਕੇ, ਇਹ ਮਨ ਬਣਾ ਕੇ ਸਵੇਰ ਦੀ ਸੈਰ ਲਈ ਘਰੋਂ ਨਿਕਲਿਆ ਕਿ ਜੇ ਉਸ ਦਿਨ ਵੀ ਪ੍ਰਭੂ ਦਾ ਗਿਆਨ ਨਾ ਹੋਇਆ, ਤਾਂ ਉਹ ਸਮੁੰਦਰ ਵਿਚ ਛਾਲ ਮਾਰ ਕੇ ਪ੍ਰਾਣ ਤਿਆਗ ਦੇਵੇਗਾ। ਐਸੀ ਪ੍ਰਤਿੱਗਿਆ ਧਾਰ, ਜਦ ਉਹ ਥੋੜਾ ਫਾਸਲਾ ਹੀ ਅੱਗੇ ਗਿਆ ਤਾਂ ਉਸ ਨੇ ਸਮੁੰਦਰ-ਕੰਢੇ ਇਕ ਬਾਲਕ ਦੇ ਵਿਲਕਣ ਦੀ ਆਵਾਜ਼ ਸੁਣੀ। ਉਸ ਨੂੰ ਲੱਭ ਕੇ, ਜਦ ਰੋਣ ਦਾ ਕਾਰਨ ਪੁਛਿਆ ਤਾਂ ਉਸ ਨੇ ਉਤਰ ਦਿਤਾ ਕਿ ਉਹ ਸਾਗਰ ਨੂੰ ਆਪਣੇ ਪਿਆਲੇ ਵਿਚ ਸਮੇਟਣਾ ਚਾਹੁੰਦਾ ਹੈ, ਪਰ ਸਫਲ ਨਹੀਂ ਹੋ ਰਿਹਾ। ਆਗਸਤਨੀਨ ਨੇ ਨੇਤਰ ਬੰਦ ਕਰਕੇ ਜਦ ਉਸ ਦੀ ਸਮੱਸਿਆ ਨੂੰ ਵੀਚਾਰਿਆ ਅਤੇ ਅੱਖਾਂ ਖੋਲ੍ਹੀਆਂ ਤਾਂ ਬਾਲਕ ਗ਼ਾਇਬ ਸੀ। ਸੰਤ ਜੀ ਨੂੰ ਆਪਣੀ ਭੁਲ ਦੀ ਸਮਝ ਆਈ ਅਤੇ ਤੱਤ-ਛਿਨ ਆਪਣੇ ਆਪ ਨੂੰ ਪ੍ਰਭੂ ਤੋਂ ਵਾਰ ਕੇ, 'ਆਪੇ' ਦਾ ਅਭਾਵ ਕਰ ਕੇ ਤੱਤ ਗਿਆਨ, ਪਰਮ ਬੋਧ ਨੂੰ ਪ੍ਰਾਪਤ ਹੋਇਆ। ਬੂੰਦ ਸਾਗਰ ਵਿਚ ਸਮਾ, ਸਾਗਰ ਹੋ ਨਿਬੜੀ।

ਗੁਰੂ ਗ੍ਰੰਥ ਤੇ ਗੁਰੂ ਪੰਥ

ਭਾਵੇਂ ਸੰਸਾਰ ਦੇ ਕੁਝ ਇਕ ਪ੍ਰਸਿੱਧ ਮੱਤਾਂ ਵਿਚ, ਇਕ ਸੀਮਤ ਹੱਦ ਤਕ, ਆਪਣੇ ਆਪਣੇ ਧਰਮ-ਗ੍ਰੰਥਾਂ ਦੀ ਪਵਿੱਤਰ ਬਾਣੀ, ਸ਼ਬਦ ਅਥਵਾ ਕਲਾਮ ਦਾ ਵਿਸ਼ੇਸ਼ ਰੁਤਬਾ ਤੇ ਸਤਿਕਾਰ ਹੈ; ਪ੍ਰੰਤੂ, ਜੋ ਉੱਚ ਅਸਥਾਨ, ਪਰਮ ਸਤਿਕਾਰ, ਪ੍ਰਭੂ-ਸੱਤਾ ਤੇ ਹਰੀ ਨਾਲ ਅਭੇਦਤਾ, ਗੁਰਮੱਤ ਵਿਚ, ਗੁਰਬਾਣੀ ਅਥਵਾ ਗੁਰ-ਸ਼ਬਦ ਨੂੰ ਪ੍ਰਾਪਤ ਹੈ, ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਇਹ ਇਸ ਲਈ ਕਿ ਪ੍ਰਭੂ-ਇਕ-ਸੁਰਤਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਸਤਿਗੁਰੂਆਂ ਦੇ ਪਾਕ ਪਵਿੱਤਰ ਹਿਰਦਿਆਂ ਉਤੇ 'ਆਮਦ ਤੋਂ' 'ਆਈ' ਬਾਣੀ, ਵਾਹਿਗੁਰੂ ਦੀ ਬਾਣੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਇਸ ਨੂੰ 'ਖਸਮ ਕੀ ਬਾਣੀ' ਆਖਦੇ ਹਨ। ਇਸ ਸੰਬੰਧ ਵਿਚ ਗੁਰੂ-ਮੁੱਖਵਾਕ ਕਿਸੇ ਪ੍ਰਕਾਰ ਦਾ ਸੰਸਾ ਨਹੀਂ ਰਹਿਣ ਦਿੰਦੇ :

(ੳ) ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ, ਵੇ ਲਾਲੋ ॥
(ਮ. 1, ਪੰ. 722)

(ਅ) ਤਾ ਮੈ ਕਹਿਆ ਕਹਣੁ, ਜਾ ਤੁਝੈ ਕਹਾਇਆ ॥ (ਮ. 1, ਪੰ. 566)

(ੲ) ਹਉ ਆਪਹੁ ਬੋਲਿ ਨ ਜਾਣਦਾ, ਮੈ ਕਹਿਆ ਸਭੁ ਹੁਕਮਾਉ ਜੀਉ ॥ (ਮ. 5, ਪੰ. 763)

ਸ੍ਰੀ ਗੁਰੂ ਨਾਨਕ ਦੇਵ ਜੀ, ਲੋਕਾਈ ਨੂੰ, ਇਹ ਵਿਸ਼ਵਾਸ ਦਿਵਾਉਣ ਲਈ ਕਿ ਉਨ੍ਹਾਂ ਵਲੋਂ ਉਚਾਰੀ ਜਾ ਰਹੀ ਬਾਣੀ ਕਿਸੇ ਮਨੁੱਖ ਦੀ ਨਿੱਜ-ਕਿਰਤ ਨਹੀਂ; ਉਨ੍ਹਾਂ ਦੇ ਵਜੂਦ ਰਾਹੀਂ ਉੱਤਰੀ ਇਹ ਬਾਣੀ ਸੱਚੀ ਤੇ ਅਰਸ਼ੀ ਹੈ, ਫੁਰਮਾਉਂਦੇ ਹਨ—

ਸੱਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ ॥

ਤਥਾ—ਇਹ ਬਾਣੀ ਮਹਾਂਪੁਰਖ ਕੀ, ਨਿਜ ਘਰਿ ਵਾਸਾ ਹੋਇ ॥ (ਮ. 1, ਪੰ. 935)

ਗੁਰਬਾਣੀ ਵਿਚ ਆਏ ਪਦ—ਨਾਮ, ਬਾਣੀ ਗੁਰੂ, ਸ਼ਬਦ, ਅੰਮ੍ਰਿਤ, ਹੁਕਮ ਤੇ ਸੱਚ ਨੂੰ, ਵਧੇਰੇ ਕਰਕੇ, ਸਮਾਨ ਅਰਥਾਂ ਵਿਚ ਵਰਤਿਆ ਗਿਆ ਹੈ। ਬਾਣੀ ਵਿਚ ਇਨ੍ਹਾਂ ਦੀ ਵਰਤੋਂ, ਕੇਵਲ ਇਕ ਸੰਗਿਆ ਕਰਕੇ ਹੀ ਨਹੀਂ ਹੋਈ; ਸਗੋਂ, ਇਹ ਸਭ ਪਦ, ਸਰਬ ਸ਼ਕਤੀਮਾਨ ਵਾਹਿਗੁਰੂ ਦੇ ਪ੍ਰਯਾਇਵਾਚੀ ਵੀ ਹਨ; ਜਿਵੇਂ—

(ੳ) ਨਾਮ ਕੇ ਧਾਰੇ ਸਗਲੇ ਜੰਤ ॥

(ਅ) ਸੰਸਾਰੁ ਰੋਗੀ ਨਾਮੁ ਦਾਰੂ, ਮੈਲੁ ਲਾਗੈ ਸਚ ਬਿਨਾ ॥ (ਮ. 1, ਪੰ. 687)

(ੲ) ਚਉਦਿਸਿ ਹੁਕਮੁ ਵਰਤੈ ਪ੍ਰਭ ਤੇਰਾ, ਚਉਦਿਸਿ ਨਾਮ ਪਤਾਲੰ ॥
ਸਭ ਮਹਿ ਸਬਦੁ ਵਰਤੈ ਪ੍ਰਭ ਸਾਚਾ, ਕਰਮਿ ਮਿਲੈ ਬੈਆਲੰ ॥ (ਮ. 1, ਪੰ. 1275)

ਉਪਰਲਿਆਂ ਵਾਕਾਂ ਵਿਚ ਵਾਹਿਗੁਰੂ ਦੇ ਨਾਮ, ਸੱਚ ਹੁਕਮ ਤੇ ਸ਼ਬਦ ਤੋਂ ਭਾਵ ਉਹ ਮੂਲ-ਸਰੋਤ, ਅਥਵਾ ਪ੍ਰਭੂ-ਸੱਤਾ ਹੈ ਜੋ ਦਿਸਦੇ ਤੇ ਅਣਦਿਸਦੇ ਸੰਸਾਰ ਨੂੰ ਹੋਂਦ ਵਿਚ ਲਿਆਉਂਦੀ, ਮਿਟਾਉਂਦੀ ਤੇ ਘੱਟ ਘੱਟ ਨੂੰ ਧਾਰਦੀ ਹੈ, ਹਰ ਥਾਂ ਵਿਆਪਕ ਹੈ, ਪਰੀ ਪੂਰਨ ਹੈ। ਏਥੇ ਵਿਸ਼ੇਸ਼ ਤੌਰ ਉਤੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਭ ਵਿਚ ਵਰਤਣ ਵਾਲਾ ਪ੍ਰਭੂ-ਰੂਪ 'ਸ਼ਬਦ' ਜੋ 'ਬੈਆਲੰ' (ਜਿਸ ਦਾ ਘਰ ਥਿਰ ਹੈ, ਭਾਵ-ਵਾਹਿਗੁਰੂ ਹੈ), ਆਪਣੀ ਮੇਹਰ ਦੁਆਰਾ ਪ੍ਰਾਪਤ ਹੁੰਦਾ ਹੈ। ਇਹ ਸ਼ਬਦ ਜਦ ਕਿਸੇ ਪਰਮ ਵਿਅਕਤੀ ਅਥਵਾ ਗੁਰੂ ਵਿਅਕਤੀ ਵਰਤਿਆ ਤਾਂ ਉਸ ਤੋਂ ਪ੍ਰਭੂ-ਇਕ-ਸੁਰਤਾ ਤੇ ਵਿਸਮਾਦੀ ਦਸ਼ਾ ਵਿਚ, ਜਗਤ ਜੀਵਾਂ ਦੀ ਪਹੁੰਚ ਤੇ ਕਲਿਆਣ ਹਿਤ, ਬੈਖਰੀ ਬਾਣੀ ਦੇ ਰੂਪ ਵਿਚ ਪ੍ਰਗਟ ਹੋਇਆ। ਗੁਰਦੇਵ ਏਸੇ ਨੂੰ 'ਖਸਮ ਕੀ ਬਾਣੀ' ਜਾਂ 'ਧੁਰ ਕੀ ਬਾਣੀ' ਕਰਕੇ ਪੁਕਾਰਦੇ ਤੇ 'ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰਾ' ਕਰਕੇ ਵਖਾਣਦੇ ਹਨ।

ਸਤਿਗੁਰੂ 'ਕਾਮਲ ਮੁਰਸ਼ਦ) ਦੀ ਪਦ ਪਦਵੀ ਇਸ ਲਈ ਮਹਾਨ ਹੈ ਕਿ ਉਸ ਦੇ ਹਿਰਦੇ ਵਿਚ ਵੱਸਿਆ 'ਹਰੀ ਹੀਰਾ', ਸ਼ਬਦ-ਰੂਪ ਵਿਚ ਸਫੁੱਟ ਹੋ ਪ੍ਰਗਟ ਹੁੰਦਾ ਹੈ। ਇਸ ਸੰਬੰਧ ਵਿਚ ਇਹ ਦੋ ਨੁਕਤੇ ਵਿਚਾਰਨ ਯੋਗ ਹਨ—

ਪਹਿਲਾ—ਕੋਈ ਵਿਅਕਤੀ ਇਸ ਲਈ ਮਹਾਨ ਤੇ ਸਰਬ-ਸਰੇਸ਼ਟ ਹੈ ਕਿ ਉਸ ਦੇ ਹਿਰਦੇ ਵਿਚ ਪਰਮਸੱਤ, ਵਾਹਿਗੁਰੂ, ਅਥਵਾ 'ਸ਼ਬਦ' ਦਾ ਨਿਵਾਸ ਹੈ, ਨਾ ਕਿ 'ਸ਼ਬਦ' ਇਸ ਲਈ ਮਹਾਨ ਹੈ ਕਿ ਉਸ ਨੂੰ ਕਿਸੇ ਅਮਕੀ ਹਸਤੀ ਦਾ ਸਪਰਸ਼ ਜਾਂ ਛੁਹ ਪ੍ਰਾਪਤ ਹੋਇਆ ? ਦੂਜਾ—ਹਰ ਸੂਖਮ (ਲਤੀਫ) ਵਸਤੂ, ਕਿਸੇ ਅਸਥੂਲ (ਕਸੀਫ਼) ਵਸਤੂ ਦੁਆਰਾ ਹੀ ਟਿਕਦੀ ਅਥਵਾ ਆਪਣਾ ਜਲਵਾ ਪ੍ਰਗਟਾਉਂਦੀ ਹੈ; ਜਿਵੇਂ—ਕਾਦਰ ਦਾ ਪ੍ਰਗਟਾ ਕੁਦਰਤ ਦੁਆਰਾ ਹੋ ਰਿਹਾ ਹੈ। ਕਾਦਰ ਮੁਖ ਹੈ ਤੇ ਕੁਦਰਤ ਗੌਣ; ਆਤਮਾ ਮੁਖ ਤੇ ਦੇਹੀ ਗੌਣ; ਪ੍ਰੰਤੂ, ਕੁਦਰਤ, ਕਾਦਰ ਦਾ, ਅਤੇ ਦੇਹੀ, ਆਤਮਾ ਦਾ ਨਿਵਾਸ ਅਸਥਾਨ ਹੋਣ ਦੇ ਕਾਰਨ, ਆਪਣੀ ਆਪਣੀ ਥਾਂ ਕਦਰੋ ਕੀਮਤ ਰਖਦੀਆਂ ਹਨ। ਇਸ ਹਕੀਕਤ ਨੂੰ ਇਉਂ ਵੀ ਸਪਸ਼ਟ ਕੀਤਾ ਗਿਆ ਹੈ—

ਲਤਾਫਤ, ਬੇਕਸਾਫ਼ਤ, ਜਲਵਾ ਪੈਦਾ ਕਰ ਨਹੀਂ ਸਕਤੀ,
ਚਮਨ ਜ਼ੰਗਾਰ ਹੈ, ਆਈਨਾਇ ਬਾਦਿ ਬਹਾਰੀ ਕਾ ॥

ਦੇਹਾਂ ਸਭ ਦੀਆਂ ਇਕ ਸਮਾਨ ਪੰਜਾਂ ਤੱਤਾਂ ਦੀਆਂ ਹੋਣ ਕਰ ਕੇ ਬਿਨਸਣਹਾਰ ਹਨ; ਪ੍ਰੰਤੂ, ਵਿਚਾਰ, ਖਿਆਲ 'ਸ਼ਬਦ ਰੂਪ' ਵਿਚ ਸਥਾਈ ਹੈ, ਅਬਦੀ ਹੈ—

ਰਹੇਗੀ ਆਬੋ ਹਵਾ ਮੇਂ ਖਿਆਲ ਕੀ ਸ਼ਕਤੀ,
ਯਿਹ ਮੁਸ਼ਤਿ ਖ਼ਾਕ ਹੈ ਫਾਨੀ ਰਹੇ, ਰਹੇ, ਨ ਰਹੇ।

ਇਹੀ ਕਾਰਨ ਹੈ ਕਿ ਸਤਿਗੁਰਾਂ ਦੇ ਸ਼ਬਦ ਨੂੰ ਗੁਰੂ ਤੇ ਵਾਹਿਗੁਰੂ ਦਾ ਦਰਜਾ ਪ੍ਰਾਪਤ ਹੈ; ਪਰ, ਦੇਹਾਂ ਨੂੰ ਨਹੀਂ। ਦਸੋਂ ਸਤਿਗੁਰੂ ਵੱਖ ਵੱਖ ਸਰੀਰਾਂ, ਵਜੂਦਾਂ ਵਿਚ, ਇਕ ਜੋਤ ਤੇ ਇਕ ਜੁਗਤ ਹੋ ਵਿਚਰੇ ਅਤੇ ਗੁਰੂ-ਬਾਣੀ ਵਿਚ ਕੇਵਲ 'ਨਾਨਕ' ਛਾਪ ਹੀ ਵਰਤੀ। ਪ੍ਰਮਾਣ ਹਨ—

ਜੋਤਿ ਓਹਾ ਜੁਗਤਿ ਸਾਇ, ਸਹ ਕਾਇਆ ਫੇਰ ਪਲਟੀਐ ॥ (ਵਾਰ ਰਾਮਕਲੀ ਪੰ. 966)

ਤਥਾ—ਏਸ਼ਾਂ ਰਾ ਅਕੀਦਾ ਅਸਤ ਕਿ ਹਮਾ ਗੁਰੂ ਨਾਨਕ ਅੰਦ ॥
('ਦਬਿਸਤਾਨਿ ਮਜ਼ਾਹਬ' ਮੁਹਸਿਨ ਫ਼ਾਨੀ ਜੋ ਛੇਵੀਂ ਪਾਤਸ਼ਾਹੀ ਸਮੇਂ ਹੋਇਆ।)

'ਸ਼ਬਦ ਗੁਰੂ' ਅਤੇ 'ਬਾਣੀ ਗੁਰੂ, ਗੁਰੂ ਹੈ ਬਾਣੀ' ਦੇ ਅਮਰ ਸਿਧਾਂਤ ਨੂੰ ਭਾਵੇਂ ਆਦਿ ਸਤਿਗੁਰੂ ਦੇ ਸਮੇਂ ਤੋਂ ਹੀ ਪੂਰੀ ਸਪਸ਼ਟਤਾ ਨਾਲ ਦਰਸਾਇਆ ਤੇ ਪ੍ਰਪੱਕ ਕਰਾਇਆ ਜਾ ਰਿਹਾ ਸੀ; ਪ੍ਰੰਤੂ, ਸੋਚੀ ਸਮਝੀ ਵਿਉਂਤ-ਬੰਦੀ ਅਨੁਸਾਰ, ਆਖ਼ਰ, ਸ੍ਰੀ ਦਸਮੇਸ਼ ਜੀ ਨੇ ਵਿਅਕਤੀ-ਗਤ ਗੁਰੂ ਦਾ ਸਿਲਸਿਲਾ ਸਮਾਪਤ ਕਰਕੇ, ਅਗਵਾਈ ਸ਼ਬਦ ਅਥਵਾ ਗੁਰਬਾਣੀ ਦੇ ਸੰਗ੍ਰਹਿ—ਸ੍ਰੀ ਗੁਰੂ ਗ੍ਰੰਥ ਸਾਹਿਬ—ਅਤੇ ਉਸਦੀ ਤਾਬਿਆ 'ਗੁਰੂ ਖਾਲਸੇ' ਨੂੰ ਬਖਸ਼ ਦਿੱਤੀ। ਇਹ ਅਲੌਕਿਕ ਤੇ ਵਚਿੱਤਰ ਸੰਬੰਧ ਓਸੇ ਤਰ੍ਹਾਂ ਸੀ, ਜਿਵੇਂ ਸਰੀਰ ਤੇ ਆਤਮਾ ਦਾ ਸੰਬੰਧ। ਜੇ ਆਤਮਾ ਨਾ ਹੋਵੇ, ਤਾਂ ਦੇਹ ਸੁੰਞੀ ਤੇ ਨਕਾਰਾ; ਪ੍ਰੰਤੂ, ਜੇ ਦੇਹ ਨਾ ਹੋਊ, ਤਾਂ ਆਤਮਾ ਟਿਕੂ ਕਾਹਦੇ ਆਸਰੇ ? ਇਸ ਤਰ੍ਹਾਂ ਜਿਥੇ ਆਪ ਨੇ ਸ਼ਖ਼ਸੀਅਤ ਪ੍ਰਸਤੀ ਦੇ ਉਭਰਨ ਦੇ ਖ਼ਦਸ਼ੇ ਨੂੰ ਖ਼ਤਮ ਕੀਤਾ, ਓਥੇ ਜੁੱਗ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਲੀਕੇ ਸਿਧਾਂਤਾਂ ਨੂੰ ਅਮਲਾਉਣ ਤੇ ਪ੍ਰਗਟਾਉਣ ਲਈ 230 ਸਾਲ ਦੀ ਕਰੜੀ ਘਾਲਣਾ ਉਪ੍ਰੰਤ, ਖਾਲਸੇ ਦੀ ਸਿਰਜਨਾ ਵੀ ਕਰ ਦਿੱਤੀ, ਤਾਂ ਜੋ ਖਾਲਸਾ ਗੁਰਬਾਣੀ ਦੇ ਅਧਿਆਤਮਕ ਉਪਦੇਸ਼ਾਂ ਦੀ ਸਚਾਈ ਨੂੰ ਜੁਗੋ ਜੁਗ ਆਪਣੇ ਅੰਦਰ ਟਿਕਾਉਂਦਾ ਤੇ ਪ੍ਰਗਟਾਉਂਦਾ ਰਹੇ, ਅਤੇ ਇਸ ਤਰ੍ਹਾਂ ਸੂਖਮ ਤੇ ਅਸਥੂਲ ਪੱਖ, ਆਪਣੇ ਆਪਣੇ ਥਾਂ ਕਰੰਗੜੀ ਪਾਈ, ਸਦਾ ਮਨੁੱਖ ਦੀ ਸੰਪੂਰਨਤਾ ਦੇ ਜ਼ਾਮਨ ਬਣ ਕੇ ਉਸ ਨੂੰ ਸੰਪੂਰਨਤਾ ਦੀ ਮੰਜ਼ਲ ਵਲ ਤੋਰੀ ਰੱਖਣ।

ਗੁਰੂ ਗਰੰਥ :

ਕਈ ਸ਼ੰਕਾਵਾਦੀ, ਅਗਿਆਨੀ ਜਾਂ ਮੋਹ ਮਾਇਆ ਤੇ ਸੁਆਰਥ ਵਿਚ ਫਸੇ ਲੋਕ ਸਦਾ, ਇਹ ਟਪਲਾ ਲਾਉਣ ਦੇ ਆਹਰ ਵਿਚ ਰਹੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਕਦੀ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਾਕਾਇਦਾ ਗੁਰ-ਗੱਦੀ ਨਹੀਂ ਬਖਸ਼ੀ। ਉਨ੍ਹਾਂ ਵਿਚੋਂ, ਹੱਕ ਦੇ ਖੋਜੀਆਂ ਲਈ, ਵੰਨਗੀ ਮਾਤਰ, ਇਹ ਕੁਝ ਕੁ ਹਵਾਲੇ ਪੇਸ਼ ਹਨ; ਪਰ, ਜਾਣ ਬੁਝ ਕੇ ਵਾਦ ਵਿਵਾਦ ਕਰਨ ਵਾਲਿਆਂ ਦੀ ਤਾਂ ਸਾਖ਼ਸ਼ਾਤ ਵਾਹਿਗੁਰੂ ਵੀ ਤਸੱਲੀ ਨਹੀਂ ਕਰਾ ਸਕਦਾ :

(1) ਹਜ਼ੂਰੀ ਸਿੱਖ ਭਾਈ ਪ੍ਰਹਿਲਾਦ ਸਿੰਘ ਜੀ ਰਹਿਤਨਾਮਾ ਵਿਚ ਲਿਖਦੇ ਹਨ—
ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਇਓ ਪੰਥ ॥
ਸਭ ਸਿਖਨ ਕੋ ਬਚਨ ਹੈ, ਗੁਰੂ ਮਾਨਿਓਂ ਗ੍ਰੰਥ ॥

(2) ਹਜ਼ੂਰੀ ਸਿੱਖ ਭਾਈ ਨੰਦ ਲਾਲ ਜੀ—
ਮੇਰਾ ਰੂਪ ਗ੍ਰੰਥ ਜੀ ਜਾਨ। ਇਨ ਮਹਿ ਭੇਦ ਨ ਰੰਚ ਪਛਾਨ।
ਗਰੰਥ ਸਾਹਿਬ ਜੀ ਗੁਰੂ ਕਰ ਜਾਨੇ। ਆਗਿਆ ਸ੍ਰੀ ਗੁਰੂ ਗ੍ਰੰਥ ਕੀ ਮਾਨੇ।

(ਨੋਟ—ਭਾਈ ਨੰਦ ਲਾਲ ਜੀ, ਸ੍ਰੀ ਦਸਮੇਸ਼ ਜੀ ਦੇ ਨਾਂਦੇੜ ਕਿਆਮ ਸਮੇਂ ਬਾਦਸ਼ਾਹ ਬਹਾਦਰ ਸ਼ਾਹ ਦੇ ਨਾਲ, ਇਕ ਸ਼ਾਹੀ ਕਰਮਚਾਰੀ ਦੇ ਤੌਰ ਉਤੇ ਓਥੇ ਮੌਜੂਦ ਸਨ, ਜਿਸ ਦਾ ਜ਼ਿਕਰ ਢਾਡੀ ਨਾਥ ਮੱਲ ਨੇ ਵੀ ਆਪਣੇ ਅਮਰਨਾਮੇ ਵਿਚ ਕੀਤਾ ਹੈ।)

ਤਨਖ਼ਾਹ ਨਾਮਾ ਭਾਈ ਨੰਦ ਲਾਲ ਜੀ—(ਡਾ. ਗੰਡਾ ਸਿੰਘ)

(3) ਗੋਬਿੰਦ ਗੀਤਾ, ਰਚਨ ਕਾਲ ਸੰਮਤ 1755—
ਹੇ ਖਾਲਸਾ ਜੀ, ਇਸ ਤਰ੍ਹਾਂ ਹਮਾਰਾ ਭੀ ਗਿਆਰਵਾਂ ਅਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਨੋ। (ਲਿਖਤ ਪਤ੍ਰੀ, ਗਿਆਨੀ ਗੁਰਦਿਤ ਸਿੰਘ)

(4) 'ਗੁਰਬਿਲਾਸ ਪਾਤਸ਼ਾਹੀ ਦਸਵੀਂ' ਨੂੰ, ਭਾਈ ਮਨੀ ਸਿੰਘ ਜੀ ਪਾਸੋਂ ਸੁਣ ਕੇ, ਕੋਇਰ ਸਿੰਘ ਜੀ ਕਲਾਲ ਨੇ ਸੰਮਤ 1851 ਵਿਚ, ਸ੍ਰੀ ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਕੇਵਲ 43 ਸਾਲ ਬਾਦ, ਸੰਪੂਰਨ ਕੀਤਾ। ਇਹ ਗਵਾਹੀ ਗੁਰੂ ਕਾਲ ਦੇ ਅਤਿ ਸਮੀਪੀ ਹੋਣ ਕਰਕੇ, ਹਥਲੇ ਵਿਸ਼ੇ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦੇਂਦੀ। ਆਪ ਲਿਖਦੇ ਹਨ—

ਦਸ ਅਵਤਾਰ ਗੁਪਤ ਹਵੈ ਜਾਹਿ। ਕੁਲ ਨਹਿ ਪ੍ਰਗਟੈਗੀ ਪੁਨਿ ਤਾਹਿ।
ਗੁਰਿਆਈ ਕਾ ਅਬ ਨਹਿ ਕਾਲ। ਤਿਲਕ ਨ ਦੇਵਹਿਗੇ, ਕਿਸ ਭਾਲ।
ਸਰਬ ਸੁ ਸੰਗਤ ਖਾਲਸਾ ਮਾਨ। ਸ੍ਰੀ ਅਸਕੇਤ ਗੋਦ ਮੈਂ ਜਾਨ।
ਲੜ ਪਕੜਾਇ ਸ਼ਬਦ ਕਾ ਰੂਪ। ਜੋ ਮਾਨੈਂ ਜੋ ਸਿੰਘ ਅਨੂਪ। ੯੭॥
ਦਰਸਨ ਗੁਰ ਕਾ ਹੈ ਸਾਵਧਾਨ। ਸ੍ਰੀ ਗ੍ਰੰਥ ਜੀ ਸਾਹਿਬ ਮਾਨ।
ਤਬ ਪੁਨਿ ਆਪ ਉਠੇ ਸਭ ਸੰਗਾ। ਲੈਸੇ ਪਾਂਚ ਨਲੀਏਰ ਸੁ ਅੰਗਾ। ੯੮॥
ਕਹਾ ਜੋਇ ਬਚ ਕੀਨਾ ਚਾਹੇ। ਪਾਠ ਕਰੇ ਗੁਰ ਕੇ ਸੁਖ ਪਾਏ। 100॥
ਯਾ ਸਮ ਔਰ ਕੋਈ ਗੁਰ ਨਾਹੀ। ਬਿਨਾ ਕਾਨ, ਸਚ ਬਾਕ ਭਨਾਹੀਂ॥

(ਪੰਨਾ 284)

(5) 'ਬੰਸਾਵਲੀ-ਨਾਮਾ ਦਸ ਪਾਤਸ਼ਾਹੀਆਂ ਕਾ' ਭਾਈ ਕੇਸਰ ਸਿੰਘ ਛਿੱਬਰ ਨੇ ਸੰਮਤ 1826 (ਸੰਨ 1769-70) ਵਿਚ ਲਿਖਿਆ ਹੈ। ਗੁਰੂ ਸਾਹਿਬ ਦੇ ਅੰਤਮ ਸਮੇਂ ਦਾ ਜ਼ਿਕਰ ਕਰਦੇ ਹੋਏ ਆਪ ਲਿਖਦੇ ਹਨ :

ਗਰੀਬ ਨਿਵਾਜ, ਸਿਖ ਸੰਗਤਿ ਹੈ ਤੇਰੀ, ਇਸ ਦਾ ਕੀ ਹਵਾਲ।
ਬਚਨ ਕੀਤਾ, ਗਰੰਥ ਹੈ ਗੁਰੂ, ਲੜ ਪਕੜੋ ਅਕਾਲ॥ 679॥ (ਚਰਨ ਦਸਵਾਂ)

ਤਥਾ—ਸੁਣੋ ਵੇ ਭਾਈ ਸਿਖੋ ਐਸਾ ਸੰਤ ਬਾਬਾ ਨਾਨਕੁ ਪਛਾਨੋ।
ਦਸੋ ਮਹਲ ਬਾਬਾ ਨਾਨਕ ਜੀ ਜਾਨੋ। (ਮਹਲ=ਸਰੂਪ, ਸਰੀਰ, ਵਜੂਦ)

ਦਸਵਾਂ ਪਾਤਸਾਹ ਗੱਦੀ ਗੁਰਿਆਈ ਦੀ, ਗ੍ਰੰਥ ਸਾਹਿਬ ਨੂੰ ਦੇ ਗਿਆ।
ਅਜ ਪ੍ਰਤੱਖ ਗੁਰੂ ਅਸਾਡਾ ਗਰੰਥ ਸਾਹਿਬ ਹੈ, ਜੋਈ ਗਿਆ ਜੋ ਗਰੰਥੋਂ ਗਿਆ॥ 220॥

ਤਥਾ—ਆਜ ਕੇ ਸਮੇਂ ਗ੍ਰੰਥ ਸਾਹਿਬ ਹੈ ਗੁਰੂ ਹਮਾਰਾ।
ਆਗੇ ਸਾਹਿਬ ਦਸਵਾਂ ਪਾਤਸਾਹੁ ਲਾਇ ਬੈਠਾ ਦਰਬਾਰਾ।
ਜੋ ਸ਼ੰਕਾ ਹੋਤਾ ਸਭ ਪੂਛ ਲੇਤੇ।
ਅਬ ਤਿਨ ਕੇ ਆਸਨ ਗੁਰੂ ਗਰੰਥ ਜੀ ਉਤਰ ਹੈਂ ਦੇਤੇ॥ 330॥

(6) ਇਨ੍ਹਾਂ ਵਾਕਾਂ ਦੀ ਪੁਸ਼ਟੀ ਭਾਈ ਚੌਪਾ ਸਿੰਘ ਜੀ ਦੇ ਰਹਿਤਨਾਮੇ ਤੋਂ ਭੀ ਹੁੰਦੀ ਹੈ, ਜੋ

ਗੁਰੂ ਸਾਹਿਬ ਜੀ ਦੇ, ਹੋਰ ਭੀ, ਨਿਕਟ-ਵਰਤੀ ਜਾਣੂ ਸਨ, ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਅੱਠ ਸਾਲ ਸਤ ਮਹੀਨੇ ਦੇ ਅੰਦਰ, ਮਈ ਸੰਨ 1717 ਨੂੰ ਕਵੀ ਸੋਹਣ ਨੇ 'ਗੁਰ-ਬਿਲਾਸ ਪਾਤਸ਼ਾਹੀ ਛੇਵੀਂ' ਸ਼ੁਰੂ ਕੀਤਾ ਸੀ ਅਤੇ ਅਗਲੇ ਸਾਲ ਜੁਲਾਈ ਸੰਨ 1718 ਨੂੰ ਸਮਾਪਤ ਕੀਤਾ। ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਚੋਥੇ ਅਧਿਆਇ ਵਿਚ ਕਵੀ ਸੋਹਣ ਲਿਖਦਾ ਹੈ :

ਮਮ ਆਗਿਆ ਸਭ ਹੀ ਸੁਨੋ ਸਤਿ ਬਾਤ ਨਿਰਧਾਰ।
ਗਰੰਥ ਗੁਰੂ ਸਮ ਮਾਨਿਓ ਭੇਦ ਨ ਕੋਊ ਬਿਚਾਰ ॥ 409 ॥

ਗੁਰੂ ਗ੍ਰੰਥ ਕਲਜੁਗ ਭਯੋ ਸ੍ਰੀ ਗੁਰੂ ਰੂਪ ਸਮਾਨ।
ਦਸ ਪਾਤਸ਼ਾਹੀਆਂ ਰੂਪ ਇਹ ਗੁਰੂ ਗਰੰਥ ਜੀ ਜਾਨ ॥ 412 ॥
ਗੁਰੂ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ।
ਬਾਤ ਕਰਨਿ ਗੁਰ ਸੋਂ ਚਹੈ ਪੜ੍ਹੈ ਗ੍ਰੰਥ ਮਨ ਲਾਇ ॥ 413 ॥ (ਡਾ ਗੰਡਾ ਸਿੰਘ)

(7) ਬਾਵਾ ਸਰੂਪ ਦਾਸ ਜੀ ਗੁਰੂ ਅਮਰਦਾਸ ਜੀ ਦੇ ਬੰਸਜ ਸਨ। ਉਨ੍ਹਾ ਨੇ, ਬਾਬਾ ਸੁਮੇਰ ਸਿੰਘ ਜੀ ਦੇ ਕਥਨਾਨੁਸਾਰ, ਆਪਣੀ ਪੁਸਤਕ 'ਮਹਿਮਾ ਪ੍ਰਕਾਸ਼' ਸੰਨ 1774 ਵਿਚ ਰਚੀ ਸੀ ਉਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਸੰਬੰਧੀ ਇਸ ਤਰ੍ਹਾਂ ਆਇਆ ਹੈ : "ਤਬ ਸਿਖਾਂ ਨੇ ਪੂਛਾ ਜੋ ਅਬ ਦਰਸਨ ਕਹਾ ਕਰਹਿ। ਸਤਿਗੁਰ ਦੀਨ ਦਿਆਲ ਬਚਨ ਕੀਤਾ। ਜੋ ਦਸ ਸਰੂਪ ਹਮਾਰੇ ਪੂਰਨ ਭਏ। ਅਬ ਮੇਰੀ ਜਾਹਗਾ ਗੁਰ ਗਿਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗਿਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤਾ ਹੋਵੇਗੀ।" ..

ਇਹ ਤਾਂ ਰਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਦਾ ਪ੍ਰਸੰਗ, ਜਿਸ ਵਿਚ ਕਿਸੇ ਹੱਕ-ਪ੍ਰਸਤ ਤੇ ਹੱਕ-ਗੋ ਨੂੰ ਕਿਸੇ ਪ੍ਰਕਾਰ ਦਾ ਸ਼ੰਕਾ ਨਹੀਂ ਹੋ ਸਕਦਾ। ਇਹ ਹਕੀਕਤ ਇਸ ਲਈ ਵੀ ਝੁਠਲਾਈ ਨਹੀਂ ਜਾ ਸਕਦੀ, ਕਿਉਂਕਿ ਗੁਰਬਾਣੀ ਵਿਚ ਆਦਿ ਗੁਰੂ ਨਾਨਕ ਦੇਵ ਜੀ ਤੋਂ ਹੀ 'ਸ਼ਬਦ ਗੁਰੂ' ਪ੍ਰਥਾ ਦੀ ਗੱਜ ਕੇ ਪ੍ਰੋੜਤਾ ਹੈ।

ਪੰਥ ਗੁਰੂ ਖਾਲਸਾ :

ਹੁਣ ਲਓ, ਪੰਥ ਗੁਰੂ ਖਾਲਸਾ ਦੀ ਗੱਲ :

ਵੈਸੇ ਤਾਂ ਪੁਰਾਣੇ ਸੰਸਕਾਰਾਂ ਵਿਚ ਗ੍ਰਸਤ ਅਤੇ ਦੇਹ, ਸਰੀਰ, ਬੁੱਤ ਜਾਂ ਸਾਕਾਰ ਦੇ ਉਪਾਸ਼ਕਾਂ ਲਈ 'ਸ਼ਬਦ ਗੁਰੂ' ਦਾ ਸਿਧਾਂਤ ਹੀ ਬੜਾ ਅਨੋਖਾ ਤੇ ਵਚਿੱਤਰ ਹੈ; ਪਰੰਤੂ ਇਸ ਤੋਂ ਵੀ ਕਿਤੇ ਵਧੇਰੇ ਹੈਰਾਨ-ਕੁਨ ਤੇ ਸੀਮਤ ਸੋਚ ਤੋਂ ਉਚੇਰੀ ਸਮੱਸਿਆ ਹੈ ਉਨ੍ਹਾਂ ਲਈ, ਪੰਥ ਗੁਰੂ ਖਾਲਸਾ ਦੀ ਗੱਲ। ਇਸ ਸਚਾਈ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੰਜਾਂ ਪਿਆਰਿਆਂ ਨੂੰ ਪਹਿਲਾਂ ਆਪ ਅੰਮ੍ਰਿਤ ਛਕਾਉਣ ਤੇ ਫੇਰ ਉਨ੍ਹਾਂ ਤੋਂ ਛੱਕਣਾ, 'ਆਪੇ ਗੁਰ ਚੇਲਾ' ਦੀ ਇਕ ਐਸੀ ਰੀਤ ਸੀ ਜੋ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਪਹਿਲੀ ਵੇਰ ਵਾਪਰੀ। ਇਸਲਾਮ ਵਿਚ ਭਾਵੇਂ ਉਮੱਤ ਤੇ ਬੁੱਧ ਮੱਤ ਵਿਚ 'ਸੰਘ' ਦੀ ਪਰੰਪਰਾ ਤੁਰੀ;

ਪ੍ਰਭੂ, 'ਪੰਥ ਖਾਲਸਾ ਗੁਰੂ' ਦਾ ਤਖ਼ੱਯਲ ਹਕੀਕਤ ਤੇ ਹੋਂਦ ਉਨ੍ਹਾਂ ਤੋਂ ਬਹੁਤ ਉਚੇਰੀ, ਭਾਵ-ਪੂਰਤ ਤੇ ਸ਼ਕਤੀ-ਸ਼ਾਲੀ ਹੈ।

ਜਦ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਉਨ੍ਹਾਂ ਵਲੋਂ ਨਵੇਂ ਚਲਾਏ ਮੱਤ ਦੀ ਰੂਪ ਰੇਖਾ ਪੁੱਛੀ, ਤਾਂ ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ ਉੱਤਰ ਸੀ—

ਗੁਰਬਾਣੀ ਸੰਗਤ ਬਿਨਾ, ਦੂਜੀ ਓਟ ਨਹੀਂ ਹੈ ਰਾਈ ॥ (ਵਾਰ 1)

ਸੰਗਤਿ ਕੀ ਹੈ ?

ਗੁਰਬਾਣੀ ਵਿਚ ਥਾਂ ਥਾਂ ਸੰਕੇਤ ਹੈ ਕਿ 'ਸੰਗਤਿ' ਉਹ ਹੈ ਜਿਥੇ ਕੇਵਲ ਹਰੀ ਦਾ ਨਾਮ, ਉਸਦਾ ਹੁਕਮ ਜਾਂ ਗੁਰੂ ਦਾ ਵਾਸਾ ਹੋਵੇ। ਗੁਰਬਾਣੀ ਦੀ ਇੰਨੀ ਕੁ ਗਵਾਹੀ ਹੀ ਇਸ ਨੁਕਤੇ ਦੀ ਪੁਸ਼ਟੀ ਲਈ ਕਾਫੀ ਹੈ :—

(ੳ) ਸਤਿ ਸੰਗਤਿ ਕੈਸੀ ਜਾਣੀਐ, ਜਿਥੈ ਏਕੋ ਨਾਮੁ ਵਖਾਣੀਐ ॥ (ਮ. 1)
(ਅ) ਜਹ ਸਤਿਗੁਰ ਤਹ ਸਤਿਸੰਗਤਿ ਬਣਾਈ ॥ (ਮ. 4)
(ੲ) ਸਤਿਗੁਰ ਬਾਝਹੁ ਸੰਗਤਿ ਨ ਹੋਈ, ਬਿਨੁ ਸਬਦੇ ਪਾਰ ਨ ਪਾਵੈ ਕੋਈ ॥ (ਮ. 3)
(ਸ) ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ (ਮ. 4)

ਜਿਵੇਂ ਸਣੇ ਸਣੇ ਬਾਣੀ ਨੂੰ ਗ੍ਰੰਥ ਤੇ ਫੇਰ ਗ੍ਰੰਥ ਨੂੰ 'ਗੁਰੂ ਗ੍ਰੰਥ' ਦਾ ਰੂਪ ਦਿੱਤਾ ਗਿਆ, ਤਿਵੇਂ 'ਸੰਗਤ' ਵੀ ਸਮੇਂ ਦੇ ਨਾਲ ਨਾਲ ਪੰਥ ਖਾਲਸਾ ਦੇ ਰੂਪ ਵਿਚ ਢਲਦੀ ਤੇ ਗੁਰੂ ਜੀ ਨਾਲ ਸਿੱਧੀ ਜੁੜਦੀ ਗਈ। ਦੂਜੇ ਭਾਈ ਗੁਰਦਾਸ ਜੀ ਦਾ ਇਹ ਕਥਨ ਬੜਾ ਭਾਵ-ਪੂਰਤ ਹੈ ਕਿ ਸਤਿਗੁਰਾਂ ਨੇ ਸੰਗਤ ਨੂੰ ਖਾਲਸੇ ਵਿਚ ਤਬਦੀਲ ਕਰ ਦਿਤਾ—

ਗੁਰ ਸੰਗਤਿ ਕੀਨੀ ਖਾਲਸਾ, ਮਨਮੁਖੀ ਦੁਹੇਲਾ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟ ਕੀਰਤ ਦਾ ਗੁਰ-ਸੰਗਤ ਨੂੰ ਉੱਤਮ ਪੰਥ ਵਿਚ ਤਬਦੀਲ ਕਰਨ ਬਾਰੇ ਉਲੇਖ ਹੈ—

ਇਕ ਉਤਮ ਪੰਥੁ ਸੁਨਿਓ ਗੁਰ ਸੰਗਤਿ, ਤਹ ਮਿਲੰਤ ਜਮ ਤ੍ਰਾਸ ਮਿਟਾਈ ॥ (ਪੰ. 1406)

ਪੰਥ ਸ਼ਬਦ ਦੇ ਇਕ ਅਰਥ ਹਨ—ਰਸਤਾ, ਤੇ ਦੂਜੇ, ਉਸ ਰਸਤੇ ਚਲਣ ਵਾਲੇ ਲੋਕਾਂ ਦਾ ਕਾਫਲਾ। ਜਦ ਸਿੱਖ ਅੰਦਰਲੀ (ਮਨ ਦੀ) ਤੇ ਬਾਹਰਲੀ (ਤਨ ਦੀ) ਰਹਿਤ ਬਹਿਤ ਦੇ ਧਾਰਨੀ ਹੋ ਕੇ ਆਦਰਸ਼ਕ ਧਰਮ-ਰਾਹ ਦੇ ਧਾਰਨੀ ਹੋ, ਜੁੜ ਬੈਠਦੇ ਹਨ, ਤਾਂ ਉਹ ਸਾਰੇ ਉਸ ਪੰਥ ਦੇ ਪੰਥੀ (ਪਾਂਧੀ) ਜਾਂ ਖਾਲਸਾ ਹੋ ਨਿਬੜਦੇ ਹਨ।

ਇਕ ਸਮਾਨ ਗੁਣਾਂ ਤੇ ਉੱਦੇਸ਼ ਦੇ ਵਾਰਿਸ ਹੋਣ ਦੇ ਨਾਤੇ, ਗੁਰ ਸੰਗਤ ਹੀ ਪੰਥ ਹੈ, ਪੰਥ ਖਾਲਸਾ ਹੈ, ਤੇ ਖਾਲਸਾ ਪੰਥ ਹੈ। ਇਹ ਤਿੰਨੇ ਸ਼ਬਦ ਓਤ ਪੋਤ ਹਨ—

ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜੇਹੜੀ ਕਰੇਗਾ 'ਖਾਲਸਾ' ਪੰਥ ਮੀਆਂ ॥

ਸ੍ਰੀ ਦਸਮੇਸ਼ ਜੀ ਆਪਣੇ ਆਉਣ ਦਾ ਪ੍ਰਯੋਜਨ ਜਿਥੇ ਕੇਵਲ 'ਧਰਮ ਚਲਾਵਨ' ਅਤੇ 'ਦੁਸ਼ਟਾਂ ਦਾ ਪੂਰਨ ਵਿਨਾਸ਼' ਕਰਨਾ ਦਸਦੇ ਹਨ, ਓਥੇ ਇਸ ਕਾਰਜ ਦੀ ਪੂਰਤੀ ਲਈ ਇਕ

ਐਸਾ 'ਪੰਥ' ਅਥਵਾ 'ਪੰਥ ਖਾਲਸੇ' ਦੀ ਸਾਜਨਾ ਕਰਨਾ ਵੀ ਬਿਆਨਦੇ ਹਨ—

'ਪੰਥ ਪ੍ਰਚੁਰ ਕਰਬੇ ਕਉ ਸਾਜਾ।' (ਬਚਿਤ੍ਰ ਨਾਟਕ)

ਗੁਰੂ ਖਾਲਸੇ ਦੀ ਪਦਵੀ :

ਪੰਥ ਖਾਲਸੇ ਨੂੰ, ਗੁਰੂ ਕਰਕੇ ਅਸਥਾਪਨ ਬਾਰੇ ਕੁਝ ਕੁ ਵਿਸ਼ੇਸ਼ ਪ੍ਰਮਾਣ—

(1) ਗੁਰੂ ਖਾਲਸਾ ਮਾਨੀਅਹਿ, ਪ੍ਰਗਟ ਗੁਰਾਂ ਕੀ ਦੇਹ ॥
ਜੋ ਸਿਖ ਮੋ ਮਿਲਬੋ ਚਹੈ, ਖੋਜ ਇਨਹੁ ਮੇਂ ਲੇਹੁ ॥ (ਰਹਿਤਨਾਮਾ ਭਾ. ਪ੍ਰਹਿਲਾਦ ਸਿੰਘ)

(2) ਗੁਰੂ ਖਾਲਸਾ, ਖਾਲਸਾ ਹੈ ਗੁਰੂ।
ਗੱਦੀ ਸ੍ਰੀ ਸਾਹਿਬ ਦੇਵਾਂ ਮਾਤਾ ਦੀ ਪਾਏ ਭਜਨ ਕਰਨਾ ਸ਼ੁਰੂ ॥
ਆਪਸ ਵਿਚ ਪਿਆਰ ਕਰਨਾ, ਪੰਥ ਦੇ ਵਾਧੇ ਨੂੰ ਲੋਚਣਾ ॥
ਆਗਿਆ ਗਰੰਥ ਸਾਹਿਬ, ਕਰਨੀ ਸ਼ਬਦ ਦੀ ਖੋਜਣਾ ॥
(ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ, ਚਰਨ ਦਸਵਾਂ)

(3) ਤਾਹਿ ਸਮੇਂ ਗੁਰ ਬੈਨ ਸੁਨਾਯੋ। ਖਾਲਸਾ ਅਪਨਾ ਰੂਪ ਬਤਾਯੋ।
ਖਾਲਸਾ ਹੀ ਸੋ ਹੈ ਮਮ ਕਾਮਾ। ਬਖਸ਼ ਕੀਓ ਖਾਲਸੇ ਕੋ ਜਾਮਾ।
(ਹਜ਼ੂਰੀ ਕਵਿ ਸੈਨਾਪਤਿ—ਸ੍ਰੀ ਗੁਰ ਸੋਭਾ)

(4) ਦਸਵੇਂ ਪਾਤਸ਼ਾਹ ਗੁਰਿਆਈ ਖਾਲਸੇ ਨੂੰ ਬਖਸ਼ੀ। (ਭਗਤ ਰਤਨਾਵਲੀ ਸਾਖੀ 138)

(5) ਖਾਲਸਾ ਮੇਰਾ ਰੂਪ ਹੈ ਖਾਸ ॥ ਖਾਲਸੇ ਮੇਂ ਹਉ ਕਰਉਂ ਨਿਵਾਸ ॥ (ਸਰਬ ਲੋਹ)

(6) ਪਾਵਨ ਪੰਥ ਖਾਲਸਾ ਪ੍ਰਗਟਿਓ, ਚਾਰ ਵਰਣ ਆਸ਼੍ਰਮ ਸੁਭ ਪੰਥਾ ॥
ਇਨ ਕੋ ਦਰਸ਼ਨ ਗੁਰੂ ਕੋ ਦਰਸ਼ਨ, ਬੋਲਨ ਗੁਰੂ ਸ਼ਬਦ ਗੁਰੂ ਗ੍ਰੰਥਾਂ ॥
ਦ੍ਵਾਦਸ ਰੂਪ ਸਤਿਗੁਰਏ ਕਹੀਅਤ ਦ੍ਵਾਦਸ ਭਾਨ ਪ੍ਰਗਟ ਹਰਿ ਸੰਤਾ ॥
ਪ੍ਰਤੱਖ ਕਲਾ ਪਾਰਬ੍ਰਹਮ ਧਣੀਛੇ, ਗ੍ਰੰਥ ਪੰਥ ਖਾਲਿਸ ਵਰਤੰਤਾ ॥ (ਓਹੀ)

(7) ਦਯਾ ਸਿੰਘ ਅਰ ਧਰਮ ਸਿੰਘ ਜੀ, ਮਾਨ ਸਿੰਘ ਤੀਜੇ ਬਰਬੀਰ।
ਸੰਗਤ ਸਿੰਘ ਸੰਤ ਸਿੰਘ ਪੰਚਮ, ਤਿਨਹੂੰ ਬਿਠਾਯੋ ਦੇ ਕਰ ਧੀਰ ॥
ਗੁਰੂਤਾ ਅਰਪਨ ਲਗੇ ਖਾਲਸੇ, ਪੰਚ ਸਿੰਘ ਤਹਿ ਸੋਹਿ ਸਰੀਰ ॥
(ਚਮਕੌਰ ਵਿਚ ਗੁਰਤਾ ਦੇਣ ਦਾ ਪ੍ਰਸੰਗ—ਸੂਰਜ ਪ੍ਰਕਾਸ਼ ਰੁਤ 6, ਅਧਿ. 41)

ਪੰਥ ਗੁਰੂ ਖਾਲਸੇ ਦੇ ਗੁਣ :

ਜਿਸ ਪੰਥ ਖਾਲਸੇ ਨੂੰ ਸ੍ਰੀ ਦਸਮੇਸ਼ ਜੀ ਦੀਆਂ ਨਜ਼ਰਾਂ ਵਿਚ ਏਡਾ ਵੱਡਾ ਰੁਤਬਾ ਪ੍ਰਾਪਤ ਹੈ, ਉਸ ਦੀ ਸਿਰਜਨਾ ਕਦ ਤੋਂ ਆਰੰਭ ਹੋਈ ? ਉਸ ਦੇ ਲੱਛਣ ਕੈਸੇ ਹਨ ? ਉਹ ਕਿਨ੍ਹਾਂ ਕਿਨ੍ਹਾਂ ਗੁਣਾਂ ਦਾ ਧਾਰਨੀ ਹੈ ? ਉਹ ਕਿਵੇਂ ਗੁਰਬਾਣੀ ਦੀ ਤਾਬਿਆ ਵਰਤੇ (ਭਾਵ—ਗੁਰਬਾਣੀ ਵਿਚ ਗੁਰਮੁਖ ਦੇ ਦੱਸੇ ਚਲਣ ਦਾ ਧਾਰਨੀ ਹੋਵੇ, ਸੱਚ-ਆਚਾਰੀ ਹੋਵੇ ?) ਇਸ ਦਾ ਸੰਖੇਪ ਜਿਹਾ

ਵਰਨਣ ਤੇ ਗਵਾਹੀ ਇਸ ਪ੍ਰਕਾਰ ਹੈ—

(ਨੋਟ—ਪੰਥ ਅਥਵਾ ਖਾਲਸਾ ਕਿਸੇ ਫੌਰੀ ਜਾਂ ਵਕਤੀ ਖਿਆਲ ਦੀ ਉਪਜ ਨਹੀਂ; ਸਗੋਂ, ਇਸ ਦੀ ਸਿਰਜਨਾ ਤੇ ਵਿਕਾਸ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਆਰੰਭ ਹੋਇਆ, ਤੇ ਉਨ੍ਹਾਂ ਦੇ ਦਸਵੇਂ ਜਾਮੇ ਵਿਚ ਇਹ ਸੰਪੂਰਣਤਾ ਤਕ ਪੁਜਿਆ।

ਹੋਰ ਗਵਾਹੀ :

(1) ਲਹਣੇ ਪੰਥ ਧਰਮ ਕਾ ਕੀਆ। ਅਮਰਦਾਸ ਭਲੇ ਕਉ ਦੀਆ। (ਭੱਟ ਬਾਣੀ)

(2) ਮਹਿਮਾ ਪ੍ਰਕਾਸ਼ ਅਨੁਸਾਰ—ਗੁਰੂ ਨਾਨਕ ਦੇਵ ਜੀ ਦਾ, ਗੁਰੂ ਅੰਗਦ ਦੇਵ ਜੀ ਨੂੰ ਆਦੇਸ਼
ਅਬ ਜਗ ਉਪਦੇਸ਼ ਹਰਿ ਕਰੋ। ਗੁਰਮੁਖ ਪੰਥ ਜਗਤ ਮੈ ਧਰੋ।
ਅਬ ਮਰਿਆਦ ਪੰਥ ਕੀ ਕਰੋ। ਯਹ ਆਗਿਆ ਮੇਰੀ ਮਨ ਧਰੋ। (ਪੰ. 32)
ਹਰਿ ਕਾ ਪੰਥ ਗੁਰਮੁਖ ਜਗ ਕਰਨਾ। ਦੇ ਨਾਮ ਮੰਤ੍ਰ ਤੁਮ ਜਗਤ ਉਧਰਨਾ। (ਪੰ. 341)

(3) ਗੁਰੂ ਖਾਲਸਾ ਕੇਵਲ ਇਕ ਜੋਤ ਦਾ ਪੁਜਾਰੀ ਤੇ ਵਹਿਮਾਂ ਭਰਮਾਂ, ਬਹੁ ਧ੍ਰੂਜਾ ਤੋਂ ਮੁਕਤ ਹੈ :
ਜਾਗਤ ਜੋਤਿ ਜਪੈ ਨਿਸ ਬਾਸਰ, ਏਕ ਬਿਨਾ ਮਨ ਨੈਕ ਨ ਆਨੈ॥
ਪੂਰਨ ਪ੍ਰੇਮ ਪ੍ਰਤੀਤਿ ਸਜੈ, ਬ੍ਰਤ, ਗੋਰ, ਮੜ੍ਹੀ, ਮਠ ਭੂਲਿ ਨ ਮਾਨੈ॥
ਤੀਰਥ ਦਾਨ ਦਇਆ ਤਪ ਸੰਜਮ, ਏਕ ਬਿਨਾ ਨਹਿ ਏਕ ਪਛਾਨੈ॥
ਪੂਰਨ ਜੋਤ ਜਗੈ ਘਟ ਮਹਿ, ਤਬ ਖਾਲਸਾ ਤਾਹਿ ਨਖਾਲਸ ਜਾਨੈ॥ (ਸ੍ਰੀ ਦਸਮੇਸ਼)
ਖਾਲਸਾ ਖਾਸ ਕਹਾਵੈ ਸੋਈ। ਜਾ ਕੈ ਹਿਰਦੈ ਭਰਮ ਨ ਹੋਈ॥
ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸਾ ਸਤਿਗੁਰੂ ਹਮਾਰਾ॥ (ਸਰਬਲੋਹ ਗ੍ਰੰਥ)

ਏਥੇ ਇਹ ਸ਼ੰਕਾ ਉਤਪੰਨ ਹੋ ਸਕਦਾ ਹੈ ਕਿ ਜੇ ਖਾਲਸੇ ਅਥਵਾ ਪੰਥ ਨੂੰ ਗੁਰੂ ਪਦਵੀ ਪ੍ਰਾਪਤ ਹੈ ਤਾਂ 'ਬਾਣੀ ਗੁਰੂ, ਗੁਰੂ ਹੈ ਬਾਣੀ'' ਦਾ ਗੁਰ ਵਾਕ ਕਿਵੇਂ ਸਤਿ ਹੋ ਸਕਦਾ ਹੈ ? ਇਸ ਸ਼ੰਕੇ ਦਾ ਉੱਤਰ ਹੈ ਕਿ ਖਾਲਸਾ, ਗੁਰੂ ਕੀ ਦੇਹ ਹੈ ਅਤੇ ਬਾਣੀ (ਗੁਰੂ ਗ੍ਰੰਥ ਸਾਹਿਬ) ਆਤਮਾ ਹੈ। ਬਾਣੀ ਦੇ ਆਚਾਰ, ਵਿਹਾਰ, ਪਰਮਾਰਥ ਸਿੱਧ ਕਰਨ ਵਾਲਾ ਪੰਥ ਪੂਰਣ ਗੁਰੂ ਰੂਪ ਹੈ। ਹਾਂ, ਬਾਣੀ ਤੋਂ ਸੁਤੰਤਰ (ਵਖਰਾ) ਹੋ ਕੇ ਖਾਲਸਾ ਗੁਰੂ ਪਦਵੀ ਦਾ ਅਧਿਕਾਰੀ ਨਹੀਂ।

(ਫੁਟ-ਨੋਟ—ਗੁਰਮਤਿ ਮਾਰਤੰਡ, ਪੰਨਾ 366)

ਉਪ੍ਰੋਕਤ ਵਿਚਾਰ ਦਾ ਸਾਰੰਸ਼ ਇਹ ਹੈ ਕਿ ਕੇਵਲ ਗੁਰਬਾਣੀ ਵਿਚ ਦੱਸੀ ਜੀਵਨ-ਜਾਚ, ਰਹੁ-ਰੀਤ ਤੇ ਗੁਰਮੁਖੀ ਗੁਣਾਂ ਦਾ ਧਾਰਨੀ ਜੱਥਾ ਜਾਂ ਜਮਾਤ ਹੀ 'ਗੁਰੂ ਪੰਥ ਖਾਲਸਾ' ਅਖਵਾ ਸਕਦਾ ਹੈ। ਸਤਿਗੁਰਾਂ ਅੰਦਰ ਅਕਾਲ ਪੁਰਖ ਦੀ ਜੋਤ ਵਰਤਦੀ ਸੀ। ਉਹੀ ਜੋਤ ਸ਼ਬਦ, ਗੁਰਬਾਣੀ ਅਥਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਗਟ ਪ੍ਰਕਾਸ਼ ਰਹੀ ਹੈ। ਖਾਲਸਾ ਜਾਂ ਪੰਥ ਦਾ ਸਾਕਾਰ ਰੂਪ, ਇਕ ਤਰ੍ਹਾਂ ਨਾਲ, ਸਤਿਗੁਰਾਂ ਦੀ ਦੇਹ ਹੈ। ਜਿਵੇਂ ਆਤਮਾ ਦੇ ਨਿਵਾਸ ਕਰਕੇ ਦੇਹ ਵੀ ਪੂਜਣ ਯੋਗ, ਤੇ ਆਤਮਾ ਦੇ ਜਲਵੇ ਲਈ ਜ਼ਰੂਰੀ ਹੈ, ਏਸੇ ਤਰ੍ਹਾਂ ਖਾਲਸਾ ਪੰਥ ਵੀ, ਗੁਰਬਾਣੀ ਵਿਚ ਦੱਸੀ ਰਹਿਤ ਦੇ ਪ੍ਰਗਟਾ ਦਾ ਸਾਧਨੀ ਹੋਣ ਦੇ ਨਾਤੇ ਪੂਜਣ ਯੋਗ ਹੈ, ਗੁਰੂ ਦੇ ਅਧਿਕਾਰਾਂ ਵਾਲਾ ਹੈ।

ਨੋਟ : ਫੇਰ ਚੇਤਾਵਨੀ ਹੈ ਕਿ ਇਹ ਗੱਲ ਕਦਾਚਿਤ ਨਹੀਂ ਭੁਲਣੀ ਕਿ ਗੁਰਬਾਣੀ ਦੀ ਤਾਬਿਆ, ਰੋਸ਼ਨੀ ਤੇ ਅਨੁਸਾਰਤਾ ਵਿਚ, 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰ' ਦੇ ਉਪਦੇਸ਼ ਅਨਕੂਲ ਇਕੱਠੇ ਵਿਚਰਣ ਵਾਲਿਆਂ ਦਾ ਸੰਗਠਨ ਹੀ 'ਪੰਥ ਗੁਰੂ' ਹੈ। ਦੂਜੇ ਅੱਖਰਾਂ ਵਿਚ ਸਿੱਖਾਂ ਨੂੰ ਗੁਰਬਾਣੀ ਅਨੁਸਾਰ ਘੜਿਆ ਸੱਚਾ ਆਚਾਰ ਤੇ ਸਿਖੀ ਪਿਆਰ ਤੇ ਖਾਲਸਈ ਗੁਣ ਹੀ ਗੁਰੂ ਪੰਥ ਦੇ ਰੂਪ ਵਿਚ ਸੰਗਠਿਤ ਰੱਖ ਸਕਦੇ ਹਨ। ਜੇ ਕੋਈ ਕੇਵਲ ਰਾਜਸੀ, ਆਰਥਕ ਜਾਂ ਸਮਾਜਕ ਪ੍ਰੋਗਰਾਮਾਂ ਦੁਆਰਾ ਸਮੂਹ ਸਿਖਾਂ ਨੂੰ ਬਤੌਰ ਪੰਥ ਸੰਗਠਿਤ ਕਰਨਾ ਚਾਹਵੇਂ ਤਾਂ ਇਹ ਇਕ ਖਾਮ ਖਿਆਲ ਤੇ ਨਿਰਾਰਥ ਜਤਨ ਹੋਵੇਗਾ। ਪੰਥ ਦੇ ਬੋਲ ਬਾਲੇ ਦਾ ਰਾਜ਼ ਇਸ ਦੇ ਗੁਰਬਾਣੀ ਦੀ ਤਾਬਿਆ ਅਥਵਾ ਸਿੱਖੀ ਆਦਰਸ਼ਾਂ ਉੱਤੇ ਦ੍ਰਿੜ੍ਹ ਰਹਿਣ ਵਿਚ ਹੈ, ਵਕਤੀ ਰਾਜਸੀ, ਸਮਾਜਕ ਜਾਂ ਆਰਥਕ ਲਾਭਾਂ ਵਿਚ ਨਹੀਂ।

ਚੇਤੇ ਰੱਖੋ, ਸਿੱਖੀ ਆਚਰਣ ਤੇ ਆਦਰਸ਼ਾਂ ਦੀ ਪਕੜ ਢਿੱਲੀ ਹੋ ਜਾਣ ਨਾਲ ਇਹ ਸੰਮਾਰਕ ਪ੍ਰਾਪਤੀਆਂ ਸਿੱਖਾਂ ਨੂੰ ਸੁਆਰਥ ਦੀ ਖੱਡ ਵਿਚ ਸੁੱਟ ਕੇ, ਤਬਾਹ, ਬਰਬਾਦ ਤੇ ਖੇਰੂੰ ਖੇਰੂੰ ਕਰਨ ਦਾ ਕਾਰਨ ਵੀ ਬਣ ਸਕਦੀਆ ਹਨ। ਫੇਰ ਇਹ ਉਹ ਸੋਨਾ ਹੈ, ਜੋ ਕੰਨਾਂ ਨੂੰ ਪਾੜੇ। ਸੋ, ਪੰਥ ਨੇ ਸਦਾ ਮੁਹਤਾਤ ਰਹਿਣਾ ਹੈ ਅਤੇ ਜੀਵਨ ਦੇ ਹਰ ਖੇਤਰ ਵਿਚ ਹੋਰ ਪ੍ਰਾਪਤੀਆਂ ਕਰਨ ਦੀ ਜਦੋ ਜਹਿਦ ਦੇ ਨਾਲ ਨਾਲ, 'ਗੁਰ ਸਿਖ ਮੀਤ ਚਲਹੁ ਗੁਰ ਚਾਲੀ' ਦੇ ਗੁਰ ਉਪਦੇਸ਼ ਨੂੰ ਕੰਠ ਪਰੋਈ ਰਖਣਾ ਹੈ। ਜਦ ਕਦੀ ਵੀ ਪੰਥ ਸੰਕਟ ਤੇ ਇੰਤਸ਼ਾਰ ਮਹਿਸੂਸ ਕਰੇਗਾ, ਤਾਂ ਸਮਝ ਲਵੇ ਕਿ ਇਹ ਗੁਰੂ ਸਾਹਿਬਾਨ ਵਲੋਂ ਦਸੇ ਆਦਰਸ਼ਾਂ ਨੂੰ ਵਿਸਾਰ ਬੈਠਾ ਹੈ ਅਤੇ ਨਾਲ ਹੀ ਗਵਾ ਬੈਠਾ ਹੈ, ਸਹੀ ਅਰਥਾਂ ਵਿਚ 'ਪੰਥ ਗੁਰੂ' ਹੋਣ ਦਾ ਦਾਅਵਾ ਤੇ ਹੱਕ।

ਇਸ ਸਬੰਧ ਵਿਚ ਕਵਿ ਸੈਨਾਪਤਿ ਦੀ ਚਿਤਾਵਨੀ ਨੋਟ ਕਰਨ ਯੋਗ ਹੈ ਕਿ 'ਗੁਰੂ ਖਾਲਸਾ ਤਾਂ ਕੀ; ਕਾਮੀ ਕਪਟੀ, ਲੋਭੀ, ਪਾਖੰਡੀ ਤੇ ਮਿਥਿਆ ਕਹਿਣ ਵਾਲਾ, ਤਾਂ 'ਖਾਲਸਾ' ਅਖਵਾਉਣ ਦਾ ਵੀ ਅਧਿਕਾਰੀ ਨਹੀਂ ਹੋ ਸਕਦਾ। 'ਗੁਰੂ ਖਾਲਸਾ ਪੰਥ' ਤੇ ਰੋਲੇ ਦੇ ਪੰਥ ਵਿਚ ਅੰਤਰ ਹੈ, ਮਹਾਨ ਅੰਤਰ :

"ਸਤਿ ਸੰਗਤ ਮੂਲ ਨ ਜਾਇਨੀ, ਗਿਆਨ ਹੋਰ ਕਮਾਇਆ ॥
ਓਇ ਸਤਿ ਸੰਗਤਿ ਸੋ ਨ ਡਰਹਿ, ਉਨ ਮਨ ਗਰਬਾਇਆ ॥
ਹੁਕਮ ਨ ਮਾਨੈ ਖਸਮ ਕਾ, ਜਿਨਿ ਰਾਹ ਬਤਾਇਆ ॥
ਜੀ ! ਓਏ ਕਪਟੀ ਹੋਏ ਨ 'ਖਾਲਸਾ' ਕੇਤਾ ਸਮਝਾਇਆ ॥"

ਅੰਤ ਵਿਚ, 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

(Lord's the Khalsa, Lord's the victory)

'ਗੁਰੂ ਖਾਲਸਾ' ਸਦਾ ਫਤਹਯਾਬ ਹੈ।



ਸਨਮਾਨ ਪੱਤਰ

ਧਰਮ ਪ੍ਰਚਾਰ ਕਮੇਟੀ

• ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ •

ਸ੍ਰੀ ਅੰਮ੍ਰਿਤਸਰ

ਪ੍ਰਿੰਸੀਪਲ ਹਰਿਭਜਨ ਸਿੰਘ ਜੀ ਨੂੰ

ਉਨ੍ਹਾਂ ਵਲੋਂ ਐਡੀਸ਼ਨਲ ਸਕੱਤਰ ਸ੍ਰੋਮਣੀ ਗੁ. ਪ੍ਰ. ਕਮੇਟੀ ;
ਪ੍ਰਿੰਸੀਪਲ, ਸ਼ਹੀਦ ਸਿੱਖ ਮਿਸ਼ਨਰੀ ਕਾਲਜ; ਸੰਪਾਦਕ : ਗੁਰਮਤਿ ਪ੍ਰਕਾਸ਼;
ਖੋਜੀ-ਵਿਦਵਾਨ, ਲਿਖਾਰੀ ਅਤੇ ਸਫਲ ਵਕਤਾ ਵਜੋਂ ਨਿਭਾਈਆਂ,
ਪ੍ਰਬੰਧਕੀ ਤੇ ਪੰਥਕ ਸੇਵਾਵਾਂ ਦੀ ਸ਼ਲਾਘਾ ਕਰਦਿਆਂ

ਮਿਤੀ 16 ਸਤੰਬਰ, 1993 ਦਿਨ ਵੀਰਵਾਰ ਨੂੰ
ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਵਸ
'ਤੇ ਸਨਮਾਨਿਤ ਕਰਨ ਦੀ ਪ੍ਰਸੰਨਤਾ ਲੈ ਰਹੀ ਹੈ ।

ਗੁਰੂ ਪੰਥ ਦਾ ਦਾਸ :
(ਗੁਰਚਰਨ ਸਿੰਘ ਟੌਹੜਾ)
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ
ਸ੍ਰੀ ਅੰਮ੍ਰਿਤਸਰ

੧ ਅੱਸੂ ਸੰਮਤ ਨਾਨਕਸ਼ਾਹੀ ੫੨੪
ਸੰਮਤ ਬਿਕ੍ਰਮੀ ੨੦੫੦